ISSN-0971-8397

# ਯੋਜਨਾ

ਅਗਸਤ 2014 ਇਕ ਵਿਕਾਸ ਮਾਸਿਕ ₹20

ਵਿਸ਼ੇਸ਼ ਅੰਕ

**ਰਣਨੀਤੀ ਲਈ ਜੁਗਤਾਂ 'ਚ ਮਾਮੂਲੀ ਬਦਲ**
ਆਸ਼ਿਮਾ ਗੋਇਲ

**ਵਿੱਤੀ ਮਜ਼ਬੂਤੀ ਲਈ ਵਿਹਾਰਕ ਪਹੁੰਚ**
ਚਰਨ ਸਿੰਘ ਅਤੇ ਸ਼ਰਾਧਾ ਸ਼ਿਪੀ

**ਬਦਲਦੇ ਆਰਥਿਕ ਮਾਹੌਲ ਵਿਚ ਟੀਚਿਆਂ ਤੇ ਪਹਿਲਾਂ ਨੂੰ ਨਜਿੱਠਣਾ**
ਰਵਿੰਦਰ ਢੋਲਕੀਆ

**ਰੇਲਵੇ ਬਜਟ 2014-15 ਥੋੜ੍ਹਾ ਕੁ ਯਥਾਰਥਵਾਦ ਦੇ ਆਸ-ਪਾਸ**
ਐੱਸ ਸ੍ਰੀਰਮਨ

## ਕੇਂਦਰੀ ਬਜਟ 2014-15

**ਵਿਸ਼ੇਸ਼ ਲੇਖ**
**ਯਮੁਨਾ ਦਰਿਆ ਦੀ ਸਫ਼ਾਈ**
ਪ੍ਰਚਲਿਤ ਮੁੱਦੇ ਤੇ ਹੱਲ ਵਾਸਤੇ ਉਪਰਾਲੇ
ਦੀਪਸ਼ਿਖਾ ਸ਼ਰਮਾ



## ਸੰਪਾਦਕੀ

# ਨਿਰੰਤਰਤਾ ਅਤੇ ਪਰਿਵਰਤਨ

ਕਿਸੇ ਵੀ ਦੇਸ਼ ਦੇ ਆਰਥਿਕ ਪ੍ਰਬੰਧਨ ਨੂੰ ਸਮੇਂ ਦੀਆਂ ਰਾਜਨੀਤਕ ਸਚਾਈਆਂ ਤੋਂ ਵਖਰਿਆ ਕੇ ਨਹੀਂ ਵੇਖਿਆ ਜਾ ਸਕਦਾ। ਇਸੇ ਸੰਦਰਭ ਵਿਚ ਹੀ ਸਰਕਾਰ ਦੇ ਮਈ 2014 ਵਿਚ ਸੱਤਾ ਸੰਭਾਲਣ ਤੋਂ ਲੈ ਕੇ, ਇਸ ਦੇ ਨੀਤੀਗਤ ਐਲਾਨਾਂ ਨੂੰ ਵੇਖਣ ਦੀ ਲੋੜ ਹੈ। 2014-15 ਦਾ ਕੇਂਦਰੀ ਬਜਟ ਨਵੀ ਸਰਕਾਰ ਦਾ ਪਹਿਲੀ ਵੱਡੀ ਨੀਤੀ ਸੰਬੰਧੀ ਐਲਾਨ ਹੈ। ਭਾਰਤ ਭਰ ਵਿਚ ਮਿਲੇ ਅਪਾਰ ਸਮਰਥਨ ਦੇ ਚਲਦਿਆਂ ਸਰਕਾਰ ਨੇ ਪਦ ਗ੍ਰਹਿਣ ਕਰਨ ਦੇ 45 ਦਿਨਾਂ ਅੰਦਰ ਬਜਟ ਪੇਸ਼ ਕਰਨਾ ਸੀ। ਜ਼ਾਹਰਾ ਤੌਰ ਤੇ ਇਹ ਇਕ ਕਠਿਨ ਅਤੇ ਵਿਸ਼ਾਲ ਕਾਰਜ ਸੀ, ਖ਼ਾਸ ਕਰਕੇ ਦੇਸ਼ ਵਿਚ ਜਗੀਆਂ ਉਮੀਦਾਂ ਤੋਂ ਜੋ ਕੇਂਦਰ ਵਿਚ ਨਵੀਂ ਸਰਕਾਰ ਬਣਨ ਨਾਲ ਹੋਰ ਪ੍ਰਬਲ ਹੋ ਗਈਆਂ ਸਨ। ਪਿਛਲੇ ਤਿੰਨ ਦਹਾਕਿਆਂ ਵਿਚ ਇਹ ਪਹਿਲੀ ਵਾਰ ਹੋਇਆ ਕਿ ਕਿਸੇ ਰਾਜਨੀਤਕ ਪਾਰਟੀ ਨੇ ਆਪਣੇ ਬਲਬੂਤੇ ਪੂਰਨ ਬਹੁਮਤ ਪ੍ਰਾਪਤ ਕੀਤਾ ਹੋਵੇ। ਸਾਂਝੀ ਸਰਕਾਰ ਦੀਆਂ ਮਜਬੂਰੀਆਂ ਦੂਰ ਹੋ ਗਈਆਂ ਅਤੇ ਸਰਕਾਰ ਨੂੰ ਦੇਸ਼ ਵਿਚ ਵਿਸ਼ਾਲ ਸਮਰਥਨ ਪ੍ਰਾਪਤ ਹੋਇਆ ਜਿਸ ਸਦਕਾ ਇਹ ਆਪਣੀ ਆਰਥਿਕ ਦ੍ਰਿਸ਼ਟੀ ਦੇ ਅਨੁਸਾਰ ਦੇਸ਼ ਲਈ ਵੱਡੇ ਨੀਤੀਗਤ ਬਦਲਾਅ ਕਰ ਸਕਦੀ ਸੀ। ਪਰ, ਭਾਰਤ ਜਿਹੇ ਵੱਡ-ਆਕਾਰੇ ਅਤੇ ਜਟਿਲ ਪ੍ਰਸਥਿਤੀਆਂ ਵਾਲੇ ਦੇਸ਼ ਵਿਚ ਕਾਹਲੀ ਵਿਚ ਬਦਲਾਅ ਕਰਨਾ ਨਾ ਤਾਂ ਸੁਖਾਲਾ ਅਤੇ ਨਾ ਹੀ ਸਮਝਦਾਰੀ ਹੈ, ਕਿਉਂਕਿ ਬਿਨਾਂ ਸਾਰੇ ਵਿਕਲਪਾਂ ਨੂੰ ਧਿਆਨ ਵਿਚ ਰੱਖਿਆਂ ਜੇ ਇਹ ਕਾਹਲੀ ਵਿਚ ਅਮਲ ਵਿਚ ਲਿਆਂਦੇ ਗਏ ਤਾਂ ਇਸ ਨਾਲ ਦੇਸ਼ ਦੇ ਕਰੋੜਾਂ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਕਿਸਮਤ 'ਤੇ ਅਸਰ ਹੋਣਗੇ। ਬਿਲਕੁਲ ਇਸੇ ਤਰ੍ਹਾਂ ਹੀ 2014-15 ਦੇ ਕੇਂਦਰੀ ਬਜਟ ਵਿਚ ਕਰਨ ਦਾ ਯਤਨ ਕੀਤਾ ਗਿਆ ਹੈ। ਬਦਲਾਅ ਦੀ ਇਕ ਸਪੱਸ਼ਟ ਇੱਛਾ ਹੈ ਪਰ ਨਾਲ ਦੀ ਨਾਲ ਸੰਤੁਲਨ ਅਤੇ ਭੂਤਕਾਲ ਨਾਲ ਨਿਰੰਤਰਤਾ ਬਣਾਏ ਰੱਖਣ ਵੱਲ ਵੀ ਖ਼ਾਸ ਧਿਆਨ ਰਖਿਆ ਗਿਆ ਹੈ।

ਸਰਕਾਰ ਸਾਹਮਣੇ ਸਭ ਤੋਂ ਵੱਡੀ ਚੁਨੌਤੀ ਆਰਥਿਕ ਵਿਕਾਸ ਨੂੰ ਤੇਜ਼ ਕਰਨਾ ਅਤੇ ਵਿੱਤੀ ਸਥਿਰਤਾ ਯਕੀਨੀ ਬਣਾਉਣਾ ਸੀ। ਭਾਰਤ ਵਿਚ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ ਪਿਛਲੇ ਦੋ ਸਾਲਾਂ ਦੌਰਾਨ 4.5 ਅਤੇ 4.7 ਪ੍ਰਤਿਸ਼ਤ ਤਕ ਡਿਗ ਪਈ ਸੀ। ਆਰਥਿਕਤਾ ਵਿਚ ਮੰਦੀ ਨਿਰਮਾਣ, ਉਸਾਰੀ, ਖਦਾਨ ਅਤੇ ਆਵਾਜਾਈ ਖੇਤਰਾਂ ਵਿਚ ਜ਼ਿਆਦਾ ਨਜ਼ਰ ਆ ਰਹੀ ਸੀ। ਵਿਕਾਸ ਦਰ ਵਿਚ ਗਿਰਾਵਟ ਦਾ ਅਸਰ ਵਧੀ ਹੋਈ ਇੰਕਰੀਮੈਂਟਲ ਕੈਪੀਟਲ ਆਊਟਪੁਟ ਰੇਸ਼ੋ ਨਾਲ ਦੇਖਣ ਨੂੰ ਮਿਲਿਆ। 2009-11 ਦੇ 4.1 ਦੇ ਮੁਕਾਬਲੇ ਪਿਛਲੇ ਦੋ ਸਾਲਾਂ ਵਿਚ ਆਈ ਸੀ ਓ ਆਰ, ਵਿਕਾਸ ਦਰ ਵਿਚ ਕਮੀ ਅਤੇ ਸਮਰਥਾ ਦਾ ਪੂਰਾ ਇਸਤੇਮਾਲ ਨਾ ਹੋਣ ਕਾਰਨ ਇਸ ਵਿਚ ਕਾਫ਼ੀ ਵਾਧਾ ਹੋਇਆ। ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਅਤੇ ਉਤਪਾਦਕ ਸਮਰੱਥਾ ਨੂੰ ਵਧਾਉਣਾ ਨਵੇਂ ਬਜਟ ਲਈ ਇਕ ਵੱਡਾ ਨੀਤੀਗਤ ਤੌਖ਼ਲਾ ਸੀ। ਭਾਵੇਂ ਕਿ ਜਨਤਕ ਖਰਚੇ ਨੂੰ ਘੱਟ ਜਾਂ ਵੱਧ ਕਰਨ ਦੀ ਬਹਿਸ ਚੱਲ ਰਹੀ ਹੈ, ਸਰਕਾਰ ਨੇ ਜਨਤਕ ਨਿੱਜੀ ਸਾਂਝੇਦਾਰੀ, ਸਿੱਧੇ ਵਿਦੇਸ਼ੀ ਨਿਵੇਸ਼ ਅਤੇ ਦੂਜੇ ਸੰਸਥਾਗਤ ਉਪਾਵਾਂ ਨਾਲ ਨਿੱਜੀ ਨਿਵੇਸ਼ ਨੂੰ ਹੁਲਾਰਾ ਦੇਣ ਲਈ ਕਦਮ ਚੁੱਕੇ ਹਨ। ਨਵੇਂ ਬਜਟ ਵਿਚ ਸਾਫ਼ ਤੌਰ ਤੇ ਨਿਵੇਸ਼ ਪੱਖੀ ਨੀਤੀ ਬਣਾਉਣ ਅਤੇ ਇਸ ਦੇ ਕੁਸ਼ਲਤਾ ਨਾਲ ਲਾਗੂ ਕਰਨ ਲਈ ਸੰਸਥਾਗਤ ਵਾਤਾਵਰਨ ਬਣਾਉਣ 'ਤੇ ਜ਼ੋਰ ਦਿਤਾ ਗਿਆ ਹੈ। ਅਸਥਾਈ ਟੈਕਸ ਕ੍ਰੈਡਿਟ ਦੀ ਸੀਮਾ 100 ਕਰੋੜ ਰੁਪਏ ਤੋਂ ਘਟਾ ਕੇ 25 ਕਰੋੜ ਰੁਪਏ ਕਰਨ, ਜ਼ਿਆਦਾ ਤੇਜ਼ੀ ਨਾਲ ਫ਼ੈਸਲੇ ਲੈਣ, ਬੀਮਾ ਤੇ ਰੱਖਿਆ ਖੇਤਰ 'ਚ ਸਿੱਧਾ ਵਿਦੇਸ਼ੀ ਨਿਵੇਸ਼, ਪੂਰਵ ਵਿਆਪੀ ਕਰ ਪ੍ਰਦਾਨ ਕਰਨ ਜਿਹੇ ਕਦਮ ਇਸ ਦਿਸ਼ਾ ਵੱਲ ਉਠਾਏ ਗਏ ਹਨ।

ਵਿਕਾਸ ਨੂੰ ਤੇਜ਼ ਕਰਨ ਅਤੇ ਵਿੱਤੀ ਸਥਿਰਤਾ ਬਣਾਏ ਰੱਖਣ ਦੇ ਟੀਚਿਆਂ ਵਿਚਾਲੇ ਇਕ ਸੰਭਾਵਿਤ ਤਕਰਾਰ ਨਜ਼ਰ ਆਉਂਦਾ ਹੈ। ਇਸ ਦਾ ਹੱਲ ਦੋਨਾਂ ਵਿਚਾਲੇ ਸੰਤੁਲਨ ਬਣਾਏ ਰੱਖਣ ਵਿਚ ਹੈ। ਕਰ ਤੋਂ ਮਾਲੀਆ ਉਗਰਾਹੀ ਵਧਾ ਕੇ ਅਤੇ ਸਬਸਿਡੀਆਂ ਘੱਟ ਕਰ ਕੇ ਬਜਟ ਵਿਚ ਵਿੱਤੀ ਘਾਟੇ ਨੂੰ ਕਾਬੂ ਵਿਚ ਰੱਖਣ ਦੀ ਲੋੜ ਹੈ। ਜਦ ਕਿ ਮੌਜੂਦਾ ਸਾਲ ਲਈ ਵਿੱਤੀ ਘਾਟੇ ਦਾ ਟੀਚਾ ਕੁੱਲ ਘਰੇਲੂ ਉਤਪਾਦ ਦਾ 4.1 ਪ੍ਰਤਿਸ਼ਤ ਹੈ, 2015-16 ਲਈ ਇਹ ਟੀਚਾ ਕੁੱਲ ਘਰੇਲੂ ਉਤਪਾਦ ਦਾ 3.6 ਪ੍ਰਤਿਸ਼ਤ ਰੱਖਿਆ ਗਿਆ ਹੈ ਜਿਸ ਨੂੰ 2016-17 ਵਿਚ ਹੋਰ ਘੱਟ ਕਰਕੇ 3 ਪ੍ਰਤਿਸ਼ਤ 'ਤੇ ਲਿਆਂਦਾ ਜਾਵੇਗਾ। ਵੱਡੇ ਪੱਧਰ 'ਤੇ ਕਰ ਇਕੱਠਾ ਕਰਨ ਦੀ ਯੋਜਨਾ ਨੂੰ ਕਰਾਂ ਦਾ ਘੇਰਾ ਵਧਾ ਕੇ, ਖ਼ਾਸ ਕਰਕੇ ਸੇਵਾ ਕਰ, ਅਤੇ ਕਰ ਇਕੱਠਾ ਕਰਨ ਦੀ ਪ੍ਰਣਾਲੀ ਵਿਚ ਸੂਚਨਾ ਤਕਨਾਲੋਜੀ ਦਾ ਇਸਤੇਮਾਲ ਕਰਕੇ ਕੁਸ਼ਲਤਾ ਵਿਚ ਵਾਧਾ ਕਰਕੇ ਹਾਸਲ ਕੀਤਾ ਜਾਵੇਗਾ। ਇਨ੍ਹਾਂ ਦੇ ਨਾਲ ਹੀ, ਬੇਹਤਰ ਟੀਚੇ ਨਿਰਧਾਰਤ ਕਰਕੇ ਤੇ ਨੁਕਸਾਨ 'ਚ ਕਮੀ ਕਰਕੇ ਸਬਸਿਡੀਆਂ ਕੁੱਲ ਘਰੇਲੂ ਉਤਪਾਦ ਦੇ 2 ਪ੍ਰਤਿਸ਼ਤ ਦੇ ਅੰਦਰ ਰੱਖਣ ਦਾ ਵੀ ਇਰਾਦਾ ਹੈ।

ਪਰ, ਸਾਰਾ ਡੇਟਾ ਤੇ ਅੰਕੜੇ ਜੋ ਅਜਿਹੀਆਂ ਚਰਚਾਵਾਂ 'ਤੇ ਭਾਰੂ ਰਹਿੰਦੇ ਹਨ, ਵਧਦੀਆਂ ਕੀਮਤਾਂ, ਰੁਜ਼ਗਾਰ, ਸਿਹਤ, ਸਿੱਖਿਆ, ਸੜਕਾਂ, ਬਿਜਲੀ, ਸਦਭਾਵਪੂਰਨ ਸਮਾਜਿਕ ਤੇ ਰਾਜਨੀਤਕ ਵਾਤਾਵਰਨ, ਸਮਾਜ ਦੇ ਵੱਖ-ਵੱਖ ਵਰਗਾਂ ਵਿਚਾਲੇ ਬਰਾਬਰ ਆਰਥਿਕ ਰੁਤਬੇਆਦਿ ਮੁੱਦੇ ਆਮ ਆਦਮੀ ਦੇ ਸੰਦਰਭ ਤੋਂ ਜ਼ਿਆਦਾ ਬੁਨਿਆਦੀ ਸਵਾਲ ਹਨ।ਕਿਸੇ ਵੀ ਜਨਤਕ ਨੀਤੀ ਦੀ ਸਫਲਤਾ ਲੋਕਾਂ ਵਾਸਤੇ ਇਨ੍ਹਾਂ ਉਦੇਸ਼ਾਂ ਨੂੰ ਨਿਸ਼ਚਤ ਕਰਨ ਤੋਂ ਆਂਕੀ ਜਾ ਸਕਦੀ ਹੈ। ਸ਼ਾਇਦ ਉਤਪਾਦਕਤਾ, ਨੌਕਰੀਆਂ ਅਤੇ ਮਨੁੱਖੀ ਸਮਰਥਾ ਵਿਚ ਵਾਧਾ ਕਰਕੇ 'ਸਰਗਰਮ ਸ਼ਮੂਲੀਅਤ' ਦਾ ਰਸਤਾ ਅਪਣਾਉਣ ਨਾਲ ਉਹ ਕੁਝ ਹਾਸਲ ਕੀਤਾ ਜਾ ਸਕਦਾ ਹੈ ਜੋ 'ਸਮੁੱਚਿਤ ਵਿਕਾਸ' ਰਾਹੀ ਅਧੂਰਾ ਰਹਿ ਗਿਆ ਸੀ।

- ਮੁੱਖ ਸੰਪਾਦਕ

# ਯੋਜਨਾ

ਸਾਲ 30 • ਅੰਕ 1 • ਅਗਸਤ 2014 • ਕੁੱਲ ਪੰਨੇ 76



ਮੁੱਖ ਸੰਪਾਦਕ
**ਰਾਜੇਸ਼ ਕੇ. ਝਾ**

ਸੰਪਾਦਕ
**ਬਲਬੀਰ ਮਾਧੋਪੁਰੀ**



**ਸੰਪਾਦਕੀ ਦਫ਼ਤਰ**
ਈਸਟ ਬਲਾਕ-4, ਲੈਵਲ-7
ਆਰ. ਕੇ. ਪੁਰਮ, ਨਵੀਂ ਦਿੱਲੀ-110066
ਫ਼ੋਨ ਤੇ ਫ਼ੈਕਸ : 011-26177591
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal



ਸੰਯੁਕਤ ਨਿਰਦੇਸ਼ਕ (ਉਤਪਾਦਨ)
**ਵੀ.ਕੇ. ਮੀਣਾ**

ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ)
**ਸੂਰੀਆਕਾਂਤ ਸ਼ਰਮਾ**
ਫ਼ੋਨ: 26100207
ਫ਼ੈਕਸ : 26175516
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


| | | |
|---|---|---|
| • ਕੇਂਦਰੀ ਬਜਟ 2014-15 : ਰਣਨੀਤੀ ਲਈ ਜੁਗਤਾਂ 'ਚ ਮਾਮੂਲੀ ਬਦਲ | – ਆਸ਼ਿਮਾ ਗੋਇਲ | 2 |
| • ਵਿੱਤੀ ਮਜ਼ਬੂਤੀ ਲਈ ਵਿਹਾਰਕ ਪਹੁੰਚ | – ਚਰਨ ਸਿੰਘ ਤੇ ਸ਼ਰਾਧਾ ਸ਼ਿੰਪੀ | 7 |
| • ਬਦਲਦੇ ਆਰਥਿਕ ਮਾਹੌਲ ਵਿਚ ਟੀਚਿਆਂ ਤੇ ਪਹਿਲਾਂ ਨੂੰ ਨਜਿੱਠਣਾ | – ਰਵਿੰਦਰ ਢੋਲਕੀਆ | 11 |
| • ਗਰੀਬੀ ਤੇ ਕੁਪੋਸ਼ਣ ਨਾਲ ਸਿੱਝਣਾ | – ਆਸ਼ਾ ਕੂਪਰ ਮਹਿਤਾ, ਸੰਜੇ ਪ੍ਰਤਾਪ | 15 |
| • ਕੇਂਦਰੀ ਬਜਟ 2014-15 ਅਤੇ ਖੇਤੀਬਾੜੀ | – ਰਤਨ ਸਲਦੀ | 20 |
| • ਆਰਥਿਕ ਸਰਵੇਖਣ 2013-14 | – | 24 |
| • ਕੇਂਦਰੀ ਬਜਟ 2014-15 ਦਾ ਸੰਖੇਪ | – | 28 |
| • ਰੇਲਵੇ ਬਜਟ 2014-15 – ਥੋੜ੍ਹਾ ਕੁ ਯਥਾਰਥਵਾਦ ਵੱਲ | – ਐੱਸ ਸ੍ਰੀਰਮਨ | 33 |
| • ਰੇਲਵੇ ਬਜਟ 2014-15 ਦਾ ਸੰਖੇਪ | – | 37 |
| • ਪੰਜਾਬ ਬਜਟ 2014-15 : ਇਕ ਝਾਤ | – | 40 |
| • ਯਮੁਨਾ ਦਰਿਆ ਦੀ ਸਫ਼ਾਈ : ਪ੍ਰਚਲਿਤ ਮੁੱਦੇ ਤੇ ਹੱਲ ਵਾਸਤੇ ਉਪਰਾਲੇ | – ਦੀਪਸ਼ਿਖਾ ਸ਼ਰਮਾ | 41 |
| • ਨਾਗਾਲੈਂਡ ਦੀ ਆਰਥਿਕ ਸਥਿਰਤਾ | – ਬੀ.ਕੇ. ਕੌਂਵਰ | 46 |
| • ਮੌਨਸੂਨ ਅਤੇ ਖੇਤੀਬਾੜੀ | – ਲਖਵੀਰ ਕੌਰ ਧਾਲੀਵਾਲ | 51 |
| • ਭਾਰਤ ਵਿਚ ਜੈਵਿਕ ਖੇਤੀ ਦੀ ਮਹੱਤਤਾ | – ਸਰਤਾਜ ਸਿੰਘ | 53 |
| • ਖ਼ੁਸ਼ਹਾਲੀ ਦਾ ਆਧਾਰ ਸੁਖੀ ਪਰਿਵਾਰ | – ਰਣਜੀਤ ਸਿੰਘ | 55 |
| • ਅਜਿੱਤ ਦੁਰਗਾ 'ਭਾਬੀ' | – ਮਲਵਿੰਦਰ ਜੀਤ ਸਿੰਘ ਵੜੈਚ | 57 |
| • ਕਪਾਹ ਦੇ ਟੀਂਡੇ ਤੋੜਣ ਵਾਲੀ ਮਸ਼ੀਨ | – ਨਾਤੂਭਾਈ ਆਰ ਵਡੇਰ | 60 |
| • ਹਾਜ਼ੀਆ ਮਰਜ਼ੀਆ – ਕਾਰਗਿਲ ਤੋਂ ਰਾਜਨੀਤਕ ਪ੍ਰੇਰਨਾ | – ਅਜ਼ਰਾ ਖ਼ਾਤੂਨ | 64 |
| • ਕੀ ਤੁਸੀਂ ਜਾਣਦੇ ਹੋ? | – ਵਜ਼ੀਰ ਹਯਾਤ | 66 |
| • ਦਿਲ ਦਾ ਦੌਰਾ ਤੇ ਸਾਵਧਾਨੀਆਂ | – ਮਨਜੀਤ ਸਿੰਘ ਬੱਲ | 67 |
| • ਖ਼ਬਰਾਂ ਵਿਚੋਂ ਖ਼ਬਰਾਂ | – | 69 |
| • ਪੁਸਤਕ ਪੜਚੋਲ | – ਬਚਿੰਤ ਕੌਰ, ਜਸਵਿੰਦਰ ਕੌਰ ਬਿੰਦਰਾ, ਜਗੀਰ ਸਿੰਘ ਨੂਰ | 70 |



**ਯੋਜਨਾ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਈਸਟ ਬਲਾਕ-4, ਲੈਵਲ-7, ਆਰ.ਕੇ. ਪੁਰਮ, ਨਵੀਂ ਦਿੱਲੀ-110066, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ – 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੋਰ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ `100, 2 ਸਾਲ `180, 3 ਸਾਲ `250 – ਸਾਰਕ ਦੇਸ਼ਾਂ ਲਈ `530 ; ਯੂਰਪੀ ਤੇ ਹੋਰ ਦੇਸ਼ਾਂ ਲਈ `730. ਯੋਜਨਾ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਰਣਨੀਤੀ ਲਈ ਜੁਗਤਾਂ 'ਚ ਮਾਮੂਲੀ ਬਦਲ

ਆਸ਼ਿਮਾ ਗੋਇਲ

ਨਵੀਂ ਸਰਕਾਰ ਦੇ ਪਹਿਲੇ ਬਜਟ ਤੋਂ ਆਸ ਬਣਦੀ ਹੈ ਕਿ ਇਹ ਸਰਕਾਰ ਦੀ ਦ੍ਰਿਸ਼ਟੀ ਅਤੇ ਇਸ ਨੂੰ ਲਾਗੂ ਕਰਨ ਵਾਲੀਆਂ ਯੋਜਨਾਵਾਂ ਵੱਲ ਸਪੱਸ਼ਟ ਇਸ਼ਾਰਾ ਕਰੇਗਾ। ਉੱਚ ਵਿਕਾਸ, ਰੁਜ਼ਗਾਰ, ਵਧੀਆ ਸਹੂਲਤਾਂ, ਬੁਨਿਆਦੀ ਢਾਂਚਾ ਅਤੇ ਸੁਸ਼ਾਸ਼ਨ ਦੁਆਰਾ ਆਸ਼ਾਵਾਂ ਦੀ ਪੂਰਤੀ ਸਪੱਸ਼ਟ ਕੀਤੀ ਗਈ ਹੈ ਪਰ ਬਜਟ ਵਿਚਲੇ ਉਠਾਏ ਗਏ ਕਦਮ ਇਸ ਦੀ ਪੂਰਤੀ ਲਈ ਕਿਵੇਂ ਸਹਾਈ ਹੋਣਗੇ, ਇਹ ਸਪੱਸ਼ਟ ਨਹੀਂ ਕੀਤਾ ਗਿਆ।

ਇਹ ਬਦਕਿਸਮਤੀ ਵਾਲੀ ਗੱਲ ਹੈ, ਕਿਉਂਕਿ ਅਜਿਹੇ ਬਹੁਤ ਸਾਰੇ ਤਰੀਕੇ ਹਨ, ਜਿਨ੍ਹਾਂ ਵਿਚ, ਕੁੱਲ ਨਿਰੰਤਰਤਾ ਹੋਣ ਦੇ ਬਾਵਜੂਦ, ਇਹ ਬਜਟ ਬਦਲਾਅ ਵੱਲ ਹਲਕਾ ਜਿਹਾ ਜਾਂਦਾ ਹੀ ਦਿਖਾਈ ਦੇ ਰਿਹਾ ਹੈ। ਆਪਸੀ ਵਾਰਤਾਲਾਪ ਦੇ ਪੱਖ ਨਤੀਜੇ ਸੁਧਾਰਨ ਲਈ ਲਗਾਤਾਰ ਯਤਨਸ਼ੀਲ ਰਹਿੰਦੇ ਹਨ, ਜਿਵੇਂ ਕਿ ਹੇਠਲੇ ਹਿੱਸੇ ਵਿਚ ਦਿਖਾਇਆ ਗਿਆ ਹੈ।

## ਵਿਕਾਸ ਦੇ ਵਿਆਪਕ ਆਰਥਿਕ ਨਿਰਧਾਰਕ ਤੱਤ

ਵਿਆਪਕ ਆਰਥਿਕ ਪੱਧਰ 'ਤੇ ਵੱਖ-ਵੱਖ ਤਰ੍ਹਾਂ ਦੀ ਘਰੇਲੂ ਬਚਤ ਲਈ ਨਿਵੇਸ਼ ਵਾਸਤੇ ਪ੍ਰੋਤਸਾਹਨ ਹੁੰਦਾ ਹੈ ਜਿਸ ਨਾਲ ਵਿਕਾਸ ਨੂੰ ਉਤਸ਼ਾਹ ਮਿਲਦਾ ਹੈ। ਤਾਲਿਕਾ-1 ਵਿਚ ਕਾਲਮ 1 ਵਰਤਮਾਨ ਬਜਟ ਅਤੇ ਅੰਤਰਿਮ ਬਜਟ ਦੇ ਬਜਟ ਅਨੁਮਾਨ ਵਿਚਲੇ ਪ੍ਰਤਿਸ਼ਤ ਫ਼ਰਕ ਨੂੰ ਦਰਸਾਉਂਦਾ ਹੈ ਜਿਸ ਵਿਚ ਪਿਛਲੀ ਸਰਕਾਰ ਦੇ ਬਜਟ ਵਲੋਂ ਪੇਸ਼ ਕੀਤੇ ਬਜਟ ਤੋਂ ਪਰ੍ਹਾਂ ਹਟਵਾਂ ਮੁੜ ਗਠਨ ਦਿਖਾਈ ਦਿੰਦਾ ਹੈ। ਕਾਲਮ 2, 2013-14 ਦੇ ਸੋਧੇ ਅਨੁਮਾਨ ਦੇ ਮੁਕਾਬਲੇ 2014-15 ਦੇ ਬਜਟ ਅਨੁਮਾਨ ਵਿਚ ਵਾਧੇ ਨੂੰ ਦਰਸਾਉਂਦਾ ਹੈ, ਜਿਸ ਨਾਲ ਖਰਚੇ ਵਿਚ ਹੋਣ ਵਾਲੇ ਅਨੁਮਾਨਤ ਵਾਧੇ ਨੂੰ ਵਿਖਾਇਆ ਗਿਆ ਹੈ ਜੋ ਆਰਥਿਕਤਾ ਨੂੰ ਪ੍ਰਭਾਵਿਤ ਕਰੇਗਾ। ਕਾਲਮ 3 ਵਿਚ ਵੀ ਅੰਤਰਿਮ ਬਜਟ ਵਾਲੇ ਵਾਅਦੇ ਹੀ ਹਨ। ਕਾਲਮ 4 ਵਾਅਦਿਆਂ ਦੀਆਂ ਸੰਭਾਵਨਾਵਾਂ ਦਾ ਸੂਚਕ ਹੈ ਕਿਉਂਕਿ ਇਹ 2012-13 ਦੇ ਮੁਕਾਬਲੇ 2013-14 'ਚ ਸੋਧੇ ਖਰਚਿਆਂ ਦੀ ਬੀਤੇ ਵਿਚ ਅਸਲ ਕਾਰਗੁਜ਼ਾਰੀ ਨੂੰ ਦਿਖਾਉਂਦਾ ਹੈ।

ਕਾਲਮ-1 ਇਕ ਨਿਰੰਤਰ ਕੋਸ਼ਿਸ਼ ਦਰਸਾਉਂਦਾ ਹੈ ਕਿ ਵਰਤਮਾਨ ਬਜਟ ਵਿਚ, ਜਿਸ ਤਹਿਤ ਅੰਤਰਿਮ ਬਜਟ ਵਿਚ ਜੋ ਵਾਅਦੇ ਕੀਤੇ ਗਏ ਸਨ, ਉਸ ਦੇ ਮੁਕਾਬਲੇ ਵੱਖ-ਵੱਖ ਲਾਭਦਾਇਕ ਖਰਚਿਆਂ ਨੂੰ ਕਿਵੇਂ ਵਧਾਇਆ ਜਾਵੇ। ਪਿਛਲੇ ਵਾਧੇ (ਕਾਲਮ-4) ਦੇ ਮੁਕਾਬਲੇ ਯੋਜਨਾ ਮਾਲੀ ਖਰਚੇ ਅਤੇ ਯੋਜਨਾਵਾਂ ਤੋਂ ਬਾਹਰ ਪੂੰਜੀਗਤ ਖਰਚਿਆਂ ਨੂੰ ਬਣਾਉਣ, ਗ਼ੈਰ-ਯੋਜਨਾ ਖਰਚੇ ਅਤੇ

ਤਾਲਿਕਾ-1 : ਬਜਟ ਦੇ ਪ੍ਰਮੁੱਖ ਅੰਕੜੇ (ਪ੍ਰਤਿਸ਼ਤ ਵਾਧਾ)

| | ਮੁੜ-ਗਠਨ | ਪੈਣ ਵਾਲੇ ਸੰਭਾਵੀ ਪ੍ਰਭਾਵ : ਵਰਤਮਾਨ ਬਜਟ ਅਨੁਮਾਨ | ਸੰਭਾਵੀ ਪ੍ਰਭਾਵ ਅੰਤਰਿਮ ਬਜਟ ਅਨੁਮਾਨ | ਸੰਭਵਤਾ |
|---|---|---|---|---|
| | ਅਨੁਮਾਨ ਅੰਤਰਿਮ ਬਜਟ ਦੇ ਮੁਕਾਬਲੇ ਬਜਟ ਅਨੁਮਾਨ | ਪਿਛਲੇ ਸੋਧੇ ਅਨੁਮਾਨ ਤੋਂ ਬਜਟ ਅਨੁਮਾਨ ਵਿਚ ਵਾਧਾ | | 2012-13 ਦੇ ਪਿਛਲੇ ਅਸਲ ਅੰਕੜਿਆਂ ਦੇ ਮੁਕਾਬਲੇ ਸੋਧੇ ਅਨੁਮਾਨ ਵਿਚ ਵਾਧਾ |
| | 1 | 2 | 3 | 4 |
| ਮਾਲੀ ਘਾਟੇ ਦਾ ਅਨੁਪਾਤ | -3.33 | -12.12 | -9.09 | -8.33 |
| ਵਿੱਤੀ ਘਾਟੇ ਦਾ ਅਨੁਪਾਤ | 0.00 | -10.87 | -10.87 | -4.17 |
| ਮੁਢਲਾ ਘਾਟੇ ਦਾ ਅਨੁਪਾਤ | 0.00 | -38.46 | -38.46 | -27.78 |
| ਗ਼ੈਰ ਯੋਜਨਾ ਪੂੰਜੀਗਤ ਖਰਚਾ | 5.17 | 20.72 | 14.79 | 5.79 |
| ਕੁੱਲ ਯੋਜਨਾ ਖਰਚਾ | 4.00 | 20.90 | 16.80 | 14.97 |
| ਯੋਜਨਾ ਪੂੰਜੀ ਖਰਚਾ | 2.54 | 21.96 | 18.94 | 12.95 |
| ਕੁੱਲ ਮਾਲੀ ਖਰਚਾ | 7.47 | 17.18 | 9.04 | 22.82 |
| ਪੂੰਜੀਗਤ ਅਸਾਸਿਆਂ ਲਈ ਅਨੁਦਾਨ | 15.80 | 12.86 | -2.54 | 12.77 |
| ਕੁੱਲ ਆਮਦਨ ਖਰਚਾ | 14.68 | 21.61 | 6.04 | 19.46 |
| ਗ਼ੈਰ ਯੋਜਨਾ ਮਾਲੀ ਖਰਚਾ | 0.62 | 8.46 | 7.79 | 12.40 |
| ਸਬਸਿਡੀ | 1.94 | 2.01 | 0.08 | -0.61 |
| ਸਮਾਜਿਕ ਸੇਵਾਵਾਂ (ਸਿਹਤ, ਸਿੱਖਿਆ ਆਦਿ) | 2.03 | -0.40 | -2.40 | 20.17 |
| ਕੁੱਲ ਪੂੰਜੀਗਤ ਖਰਚਾ | 6.39 | 18.80 | 11.66 | 14.41 |
| ਮਾਲੀਆ ਆਮਦਨ | 1.94 | 15.59 | 13.40 | 17.06 |
| ਪੂੰਜੀਗਤ ਆਮਦਨ | 1.52 | 7.83 | 6.22 | 5.66 |

*ਸਰੋਤ: indiabudget.nic.in 'ਤੇ ਉਪਲਬਧ ਅੰਕੜਿਆਂ ਨਾਲ ਗਣਨਾ ਕੀਤੀ ਗਈ।*

ਪੂੰਜੀਗਤ ਅਸਾਸਿਆਂ ਦੇ ਨਿਰਮਾਣ ਲਈ ਕਾਲਮ-2 ਵਿਚ ਭਾਰੀ ਵਾਧੇ ਦਾ ਵਾਅਦਾ ਕੀਤਾ ਗਿਆ ਹੈ।

ਜਨਤਕ ਨਿਵੇਸ਼ ਵਿਚ ਮਾਮੂਲੀ ਬਦਲਾਅ ਤੋਂ ਇਲਾਵਾ, ਨਿੱਜੀ ਨਿਵੇਸ਼ ਵਿਚ ਕਮੀ ਨੂੰ ਰੋਕਣ ਅਤੇ ਇਸ ਦੀ ਉਤਪਾਦਕਤਾ ਵਧਾਉਣ ਲਈ ਬਹੁਤ ਸਾਰੇ ਕਦਮ ਉਠਾਏ ਜਾ ਸਕਦੇ ਹਨ। ਇਹ ਨਿਰਮਾਣ ਖੇਤਰ ਵਿਚ ਆਏ ਮੰਦਵਾੜੇ ਨੂੰ ਪੁੱਠਾ ਗੇੜਾ ਦੇਣ ਲਈ ਜ਼ਰੂਰੀ ਹੈ। ਇਨ੍ਹਾਂ ਵਿਚ ਨਿਵੇਸ਼ ਲਈ ਅਸਥਾਈ ਕਰ ਸਾਖ ਸ਼ਾਮਿਲ ਹੈ ਜਿਸ ਤਹਿਤ ਨਿਵੇਸ਼ ਭੱਤਾ ਪਹਿਲੇ ਦੀ ਸੀਮਾ ਜੋ 100 ਕਰੋੜ ਰੁਪਏ ਸੀ, ਨੂੰ ਹੁਣ ਘਟਾ ਕੇ 25 ਕਰੋੜ ਰੁਪਏ ਕਰ ਦਿਤਾ ਜਾਵੇਗਾ ਤੇ ਇਸ ਨਾਲ ਬਹੁਤ ਸਾਰੇ ਛੋਟੇ ਅਤੇ ਲਘੂ ਨਿਰਮਾਣ ਦੇ ਉਦਯੋਗ ਇਸ ਵਿਵਸਥਾ ਦੇ ਹੱਕਦਾਰ ਹੋ ਜਾਣਗੇ। ਜਨਤਕ-ਨਿੱਜੀ ਸਾਂਝੇਦਾਰੀ 'ਤੇ ਜ਼ੋਰ ਦਿਤਾ ਗਿਆ ਹੈ ਅਤੇ ਸਥਾਨਕ ਪੱਧਰ 'ਤੇ ਵੀ ਤੇਜ਼ੀ ਨਾਲ ਫ਼ੈਸਲੇ ਲਏ ਜਾਣ ਦਾ ਵਾਅਦਾ ਹੈ। ਇਸ ਵਾਸਤੇ ਰਾਜਾਂ ਨਾਲ ਲਗਾਤਾਰ ਰਾਬਤਾ ਬਣਾਈ ਰੱਖਣਾ ਹੋਵੇਗਾ। ਇਕ ਆਈ ਟੀ ਈ-ਬਿਜ਼ ਦੀ ਇਕਹਿਰੀ ਖਿੜਕੀ ਉਦਯੋਗ ਵਾਸਤੇ ਸਾਰੀਆਂ ਸਰਕਾਰੀ ਸੇਵਾਵਾਂ ਦਾ ਤਾਲਮੇਲ ਕਰੇਗਾ, ਬਹੁਤ ਸਾਰੇ ਉਦਯੋਗਿਕ ਲਾਂਘੇ ਅਤੇ ਸਮੂਹ ਵਿਕਸਤ ਕੀਤੇ ਜਾਣਗੇ।

***ਪ੍ਰਮੁੱਖ ਰਣਨੀਤਕ ਖੇਤਰਾਂ, ਜਿਵੇਂ ਰੱਖਿਆ ਉਤਪਾਦਨ ਅਤੇ ਬੀਮਾ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਨਾਲ ਨਿਵੇਸ਼, ਘਰੇਲੂ ਨੌਕਰੀਆਂ, ਤਕਨੀਕ ਅਤੇ ਵਿੱਤ ਆਦਿ ਵਿਚ ਵੀ ਸਿੱਧਾ ਵਾਧਾ ਹੋਵੇਗਾ। ਸਿੱਧੇ ਵਿਦੇਸ਼ੀ ਨਿਵੇਸ਼ ਦੀ ਸੀਮਾ 26 ਪ੍ਰਤਿਸ਼ਤ ਤੋਂ ਵਧਾ ਕੇ 49 ਪ੍ਰਤਿਸ਼ਤ ਕਰ ਦਿਤੀ ਗਈ ਹੈ ਤਾਂ ਜੋ ਪ੍ਰਬੰਧਨ ਅਤੇ ਨਿਯੰਤ੍ਰਣ ਭਾਰਤ ਕੋਲ ਹੀ ਰਹੇ। ਘੱਟ ਕੀਮਤ ਵਾਲੇ ਮਕਾਨਾਂ ਅਤੇ ਸਮਾਰਟ ਸ਼ਹਿਰਾਂ ਲਈ ਉਸਾਰੇ ਗਏ ਖੇਤਰ ਅਤੇ ਪੂੰਜੀਗਤ ਸ਼ਰਤਾਂ ਦੇ ਮਾਮਲੇ ਵਿਚ ਦੂਜੀਆਂ ਰਿਆਇਤਾਂ ਦਿਤੀਆਂ ਗਈਆਂ ਹਨ।***

ਨਿਵੇਸ਼ ਵਾਸਤੇ ਵਾਧੂ ਪੈਸਾ ਘਰੇਲੂ ਬਚਤ ਨੂੰ ਉਤਸ਼ਾਹ ਦੇਣ ਵਾਲਾ ਪ੍ਰਾਪਤ ਹੋਵੇਗਾ। ਜਨਤਕ ਨਿੱਜੀ ਫ਼ੰਡ ਸੀਮਾ ਵਿਚ ਕਰ ਛੋਟ ਲਈ ਵਾਧਾ, ਆਪਣੇ *ਗਾਹਕ ਨੂੰ ਜਾਣੋ* ਦੇ ਸੌਖੇ ਨੇਮ ਅਤੇ ਇਕੋ ਡੀਮੈਟ ਖਾਤੇ ਨਾਲ ਵਿੱਤ ਬਚਤ ਨੂੰ ਉਤਸ਼ਾਹ ਮਿਲੇਗਾ। ਅਚੱਲ ਸੰਪਤੀ ਨਿਵੇਸ਼ ਟ੍ਰਸਟ, ਜਿਸ ਨੂੰ ਕਰ ਦੇ ਮਾਧਿਅਮ ਨਾਲ ਪਾਸ ਕੀਤਾ ਰੁਤਬਾ ਦਿਤਾ ਜਾਵੇਗਾ ਅਤੇ ਜਨਤਕ ਖੇਤਰ ਬੈਂਕਾਂ ਦਾ ਅਨਿਵੇਸ਼ ਘਰੇਲੂ ਪ੍ਰਚੂਨ ਨੂੰ ਨਿਆਂਸੰਗਤ ਬਾਜ਼ਾਰ ਤਕ ਲੈ ਕੇ ਆਵੇਗਾ। ਬੈਂਕਾਂ ਲੰਮੇ ਸਮੇਂ ਲਈ ਫ਼ੰਡ ਜੁਟਾਉਣ ਦੀ ਇਜਾਜ਼ਤ ਅਤੇ ਘਟੀ ਹੋਈ ਵਿਧਾਨਿਕ ਨਗਦੀ ਅਨੁਪਾਤ, ਕੈਸ਼ ਰਿਜ਼ਰਵ ਰੇਸ਼ੋ ਲੋੜਾਂ ਦੇ ਚੱਲਦਿਆਂ ਲੰਮੇ ਸਮੇਂ ਦੇ ਬੁਨਿਆਦੀ ਢਾਂਚੇ ਨੂੰ ਵਿੱਤੀ ਸਹਾਇਤੀ ਮੁਹੱਈਆ ਕਰਵਾਉਣ ਵਿਚ ਸੌਖ ਮਹਿਸੂਸ ਕਰਨਗੀਆਂ।

ਤਨਖ਼ਾਹਦਾਰ ਸ਼੍ਰੇਣੀ, ਜਿਨ੍ਹਾਂ 'ਤੇ ਕਰ ਦਾ ਸਭ ਤੋਂ ਵੱਧ ਬੋਝ ਪੈਂਦਾ ਹੈ, ਨੂੰ ਕੁਝ ਰਿਆਇਤਾਂ ਦਿਤੀਆਂ ਗਈਆਂ ਹਨ, ਭਾਵੇਂ ਕਿ ਚੋਣਵੇਂ ਉਦਯੋਗਾਂ ਨੂੰ ਐਕਸਾਈਜ਼ ਵਿਚ ਰਿਆਇਤਾਂ ਦਿਤੀਆਂ ਗਈਆਂ ਹਨ। ਇਹ, ਮਹਿੰਗਾਈ ਦੀ ਮਾਰ ਤੋਂ ਕਰ ਦੇਣ ਵਾਲਿਆਂ ਨੂੰ ਸਹਾਇਕ ਹੋਣ ਤੋਂ ਇਲਾਵਾ, ਉਦਯੋਗਾਂ ਲਈ ਮੰਗ ਵਿਚ ਵੀ ਵਾਧਾ ਕਰਨਗੇ। ਨਿਵੇਸ਼ ਅਤੇ ਬਚਤ ਤੇ ਕਰ ਉਗਰਾਹੀ ਨਾਲ ਜ਼ਿਆਦਾ ਕਰ ਪ੍ਰਾਪਤ ਹੋਵੇਗਾ ਕਿਉਂਕਿ ਇਹ ਹੋਰ ਵਿਕਾਸ ਨੂੰ ਉਤਸ਼ਾਹ ਦਿੰਦੇ ਹਨ।

ਖਾਣ-ਪੀਣ ਦੀਆਂ ਵਸਤਾਂ ਦੀ ਮਹਿੰਗਾਈ ਘੱਟ ਕਰਨ ਲਈ ਠੋਸ ਯੋਜਨਾ ਖਾਣ ਦੇ ਭੰਡਾਰ ਦੀ ਵੇਚ ਦੀ ਯੋਜਨਾ ਤਕ ਹੀ ਸੀਮਤ ਹੈ। ਪਰ ਰਾਜ ਸਰਕਾਰਾਂ ਨਾਲ ਮਿਲ ਕੇ ਏ ਪੀ ਐੱਮ ਸੀ ਐਕਟ ਵਿਚ ਸੋਧ ਕਰਨ ਲਈ ਬਜਟ ਵਿਚ ਮਹੱਤਤਾ ਨਜ਼ਰ ਆਉਂਦੀ ਹੈ ਅਤੇ ਖੇਤੀਬਾੜੀ ਮੰਡੀਕਰਨ ਵਿਚ ਸੁਧਾਰ ਲਿਆਉਣ ਲਈ ਦੂਸਰੇ ਕਦਮਾਂ, ਜਿਵੇਂ ਗੁਦਾਮਾਂ ਦੀ ਹਾਲਤ ਵਿਚ ਸੁਧਾਰ ਅਤੇ ਭਾਰਤੀ ਖੁਰਾਕ ਨਿਗਮ ਦੇ ਮੁੜ-ਗਠਨ ਦੇ ਵੀ ਵਾਅਦੇ ਕੀਤੇ ਗਏ ਹਨ। ਖੇਤੀਬਾੜੀ ਵਿਚ ਦਖ਼ਲ ਠੀਕ ਹੀ ਬੁਨਿਆਦੀ ਢਾਂਚੇ – ਸਿੰਜਾਈ, ਜਲ ਵਿਭਾਜਨ ਦਾ ਵਿਕਾਸ, ਬਿਜਲੀ ਵਿਚ ਫੀਡਰ ਨੂੰ ਅਲੱਗ-ਅਲੱਗ ਕਰਨਾ, ਸੜਕ ਅਤੇ ਮਕਾਨ 'ਤੇ ਕੇਂਦਰਿਤ ਹਨ। ਨਰੇਗਾ ਲਈ ਰਕਮ ਵੰਡ ਬਣਾਏ ਰੱਖਣ ਦੇ ਨਾਲ-ਨਾਲ ਅਸਾਸਿਆਂ ਦੇ ਬਣਾਉਣ ਵੱਲ ਵੀ ਸੇਧਿਤ ਹੋਣਾ ਚਾਹੀਦਾ ਹੈ। ਖੇਤੀਬਾੜੀ ਲਈ ਕਰਜ਼ੇ ਦੀ ਸੁਲਭਤਾ ਜਾਰੀ ਰਹੇਗੀ। ਪਿੰਡ ਵਿਚ ਉੱਦਮ ਸਥਾਪਤ ਕਰਨ ਨਾਲ ਅਨਾਜ ਭੰਡਾਰਨ ਅਤੇ ਡੱਬਾਬੰਦੀ ਵਿਚ ਵੀ ਸਹਾਇਤਾ ਮਿਲੇਗੀ।

ਪਿਛਲੇ ਸਾਲ ਉਠਾਏ ਹੰਗਾਮੀ ਕਦਮਾਂ ਸਦਕਾ ਚਾਲੂ ਖਾਤਾ ਘੱਟ ਹੋਇਆ ਅਤੇ ਰੁਪਏ ਵਿਚ ਮਜ਼ਬੂਤੀ ਆਈ, ਪਰ ਘਰੇਲੂ ਵਿੱਤੀ ਬਚਤ ਵਧਾਉਣ ਅਤੇ ਘਰੇਲੂ ਬਾਜ਼ਾਰ ਨੂੰ ਸੁਦ੍ਰਿੜ ਕਰਨਾ ਲੰਮੇ ਸਮੇਂ ਦੇ ਮਹੱਤਵਪੂਰਨ ਕਦਮ ਹਨ ਤਾਂ ਜੋ ਭੁਗਤਾਨ ਦੇ ਸੰਤੁਲਨ ਦੀ ਨਿਰੰਤਰਤਾ ਨੂੰ ਬਣਾ ਕੇ ਰੱਖਿਆ ਜਾ ਸਕੇ। ਘਰੇਲੂ ਵਿੱਤੀ ਬਾਜ਼ਾਰ ਨੂੰ ਮਜ਼ਬੂਤ ਕਰਨ ਦੇ ਨਾਲ ਹੀ, ਇਹ ਬਹੁਤ ਹੀ ਵਧੀਆ ਹੈ ਕਿ ਵਿੱਤ ਮੰਤਰੀ ਨੇ ਵਿਦੇਸ਼ੀ ਕਰਜ਼ੇ ਦੀ ਆਮਦ ਨੂੰ ਹੋਰ ਉਦਾਰ ਨਹੀਂ ਕੀਤਾ। ਇਹ ਉਦੋਂ ਹੀ ਕੀਤਾ ਜਾਣਾ ਚਾਹੀਦਾ ਹੈ ਜਦੋਂ ਘਰੇਲੂ ਪੂਰਤੀ ਦੇ ਦਬਾਅ ਖਤਮ ਹੋ ਜਾਣ। ਘਰੇਲੂ ਵਪਾਰ ਦੇ ਵਾਤਾਵਰਨ ਨੂੰ ਉਤਸ਼ਾਹਿਤ ਕਰਨ ਨਾਲ ਨਿਰਯਾਤ ਨੂੰ ਵੀ ਹੁਲਾਰਾ ਮਿਲੇਗਾ। ਇਕ ਨਿਰਯਾਤ ਨੂੰ ਉਤਸ਼ਾਹ ਦੇਣ ਵਾਲਾ ਮਿਸ਼ਨ ਬਣਾਇਆ ਜਾਣਾ ਚਾਹੀਦਾ ਹੇ ਅਤੇ ਵਿਸ਼ੇਸ਼ ਆਰਥਿਕ ਖਿੱਤਿਆਂ ਨੂੰ ਵੀ ਉਤਸ਼ਾਹ ਦੇਣਾ ਬਣਦਾ ਹੈ।

### ਅੜਚਣਾਂ ਦੂਰ ਕਰਨੀਆਂ

ਪਹਿਲਾਂ ਪੇਸ਼ ਕੀਤੇ ਗਏ ਬਜਟਾਂ ਵਿਚ ਵਿੱਤੀ ਖਰਚ ਦੀ ਬਣਤਰ ਨੇ ਖਾਣੇ ਦੀਆਂ ਵੱਖ-ਵੱਖ ਮੱਦਾਂ ਦੀ ਮੰਗ ਵਧਾ ਦਿਤੀ, ਜਦ ਕਿ ਖੇਤੀ ਖੇਤਰ ਵਿਚ ਪਾਬੰਦੀਆਂ ਆਇਦ ਕਰਨ ਨਾਲ ਬਰਾਬਰ ਦੀ ਪੂਰਤੀ ਪ੍ਰਭਾਵਤ ਹੋਈ। ਖਪਤ ਵਾਸਤੇ ਸਰਕਾਰ ਵਲੋਂ ਵੱਡੀਆਂ ਰਕਮਾਂ ਦੇ ਭੁਗਤਾਨ ਨਾਲ ਮਹਿੰਗਾਈ ਵਿਚ ਵਾਧਾ ਹੋਇਆ। ਇਸ ਤੋਂ ਇਹ ਸਬਕ ਮਿਲਦਾ ਹੈ ਕਿ ਆਰਥਿਕਤਾ ਵਿਚੋਂ ਅੜਚਣਾਂ ਦੂਰ ਕਰਨ ਲਈ ਸਰਕਾਰ ਵਲੋਂ ਕੀਤਾ ਖਰਚ ਅਤੇ ਪੂਰਤੀ ਉਤੇ ਪਾਬੰਦੀਆਂ ਹਟਾਉਣਾ ਬਹੁਤ ਪ੍ਰਭਾਵੀ ਹੋ ਸਕਦਾ ਹੈ। ਵਿੱਤੀ ਸੁਦ੍ਰਿੜੀਕਰਨ ਦੀ ਗੁਣਵੱਤਾ, ਖਰਚੇ ਘਟਾਉਣ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ। ਦੂਸਰਾ ਵਿੱਤੀ ਬਦਲੀਆਂ ਸਮਰਥਾ ਵਿਚ ਵਾਧੇ ਦੇ ਅਨੁਕੂਲ ਹੋਣੀਆਂ ਚਾਹੀਦੀਆਂ ਹਨ।

ਦੋ ਤੱਥ ਜਨਤਕ ਨਿਵੇਸ਼ ਵਿਚ ਵਾਧੇ ਨੂੰ ਸੀਮਤ ਕਰਦੇ ਹਨ। ਪਹਿਲਾ, ਪ੍ਰਭਾਵੀ ਖਰਚੇ ਲਈ ਪ੍ਰਣਾਲੀ ਨੂੰ ਚੁਸਤ-ਦਰੁਸਤ ਕਰਨ ਲਈ

ਸਮਾਂ ਲਗਦਾ ਹੈ, ਖ਼ਾਸ ਕਰਕੇ ਜੇ ਖਰਚ ਦੀ ਦਿਸ਼ਾ ਬਦਲਣੀ ਹੋਵੇ। ਦੂਜਾ – ਫ਼ੰਡ ਦਾ ਦਬਾਅ ਜਨਤਕ ਨਿਵੇਸ਼ ਨੂੰ ਰੋਕਦਾ ਹੈ ਜਦ ਤਕ ਦੂਸਰੇ ਸਰਕਾਰੀ ਖਰਚਿਆਂ ਵਿਚ ਗਿਰਾਵਟ ਨਾ ਆਵੇ। ਨਿਵੇਸ਼ ਲਈ ਸਰਕਾਰੀ ਖਰਚੇ ਦੀ ਬਣਤਰ ਵਿਚ ਬਜਟ ਦੀਆਂ ਕੋਸ਼ਿਸ਼ਾਂ ਹਲਕੀਆਂ ਫੁਲਕੀਆਂ ਹਨ ਕਿਉਂਕਿ ਮਾਲੀ ਖਰਚੇ ਦੀ ਜ਼ਿਆਦਾ ਬਚਤ ਨਹੀਂ ਹੈ, ਕੁਝ ਕਰਾਂ ਵਿਚ ਛੋਟ ਹੈ ਅਤੇ ਵਿੱਤੀ ਘਾਟੇ ਦੇ ਟੀਚੇ ਨੂੰ ਬਣਾ ਕੇ ਰੱਖਿਆ ਗਿਆ ਹੈ (ਤਾਲਿਕਾ–1)।

ਸਬਸਿਡੀਆਂ ਦੇ ਤਰਕਸੰਗਤ ਲਈ ਬਣੇ ਖਰਚ ਪ੍ਰਬੰਧਨ ਆਯੋਗ ਦੀ ਰਿਪੋਰਟ ਹਾਲੇ ਨਹੀਂ ਆਈ। ਅਸਲ ਵਿਚ, ਖਾਦਾਂ ਦੀਆਂ ਕੀਮਤਾਂ ਵਿਚ ਵਾਧੇ ਕਰਕੇ ਸਬਸਿਡੀਆਂ ਵਧ ਗਈਆਂ ਹਨ। ਇਹ ਕੁੱਲ ਘਰੇਲੂ ਉਤਪਾਦ ਦਾ 2 ਪ੍ਰਤਿਸ਼ਤ ਹੋਣੀਆਂ ਚਾਹੀਦੀਆਂ ਹਨ ਪਰ ਇਹ ਹਾਲੇ ਵੀ ਘੱਟ ਹੀ ਹਨ। ਬਜਟ ਅਨੁਮਾਨ ਦੇ ਘਾਟੇ ਦੇ ਟੀਚੇ ਦੀ ਅਧਿਕ ਪ੍ਰਾਪਤੀ ਲਈ ਅੰਤਰਿਮ ਬਜਟ ਵਿਚ ਕੁੱਝ ਖਰਚਿਆਂ ਨੂੰ ਲਮਕਾ ਦਿਤਾ ਗਿਆ, ਜਿਸ ਨਾਲ ਜਨਤਕ ਖੇਤਰ ਦੇ ਅਦਾਰਿਆਂ ਨੂੰ ਵੱਡੇ ਲਾਭ ਦੇਣ ਲਈ ਮਜਬੂਰ ਹੋਣਾ ਪਿਆ ਅਤੇ ਪੂੰਜੀਗਤ ਖਰਚਿਆਂ ਵਿਚ ਵੱਡੀ ਕਟੌਤੀ ਕਰਨੀ ਪਈ। ਇਥੋਂ ਤਕ ਕਿ ਬਾਜ਼ਾਰ ਵੀ ਖ਼ੁਸ਼ੀ ਮਹਿਸੂਸ ਕਰੇਗਾ ਜਿਸ ਦਾ ਘੱਟ ਮਹੱਤਵਕਾਂਸ਼ੀ ਟੀਚਾ ਹੋਵੇ ਜੋ ਅਜਿਹੇ ਛਲਬਲ ਦੀ ਜ਼ਰੂਰਤ ਨੂੰ ਖਤਮ ਕਰਨ ਵਾਲਾ ਹੋਵੇ।

ਲੰਮੇ ਸਮੇਂ ਦੀ ਵਿੱਤੀ ਸੁਦ੍ਰਿੜੀਕਰਨ ਪ੍ਰਤਿ ਪ੍ਰਤਿਬੱਧਤਾ ਇਕ ਹਾਂ ਪੱਖੀ ਕਦਮ ਹੈ, ਖ਼ਾਸ ਕਰਕੇ ਭਾਰਤ ਦੇ ਸੰਦਰਭ ਵਿਚ ਜਿਥੇ ਅਸੀਂ ਹਾਲੇ ਸਰਕਾਰ ਦੁਆਰਾ ਪੈਦਾ ਕੀਤੇ ਗਏ ਵਾਧੂ ਖਰਚ ਦੀ ਨਾਜ਼ੁਕਤਾ ਤੋਂ ਬਾਹਰ ਆਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਪਰ ਥੋੜ੍ਹ-ਚਿਰੀ ਨੀਤੀ ਨੂੰ ਚੁੰਬੜੇ ਰਹਿਣ ਨਾਲ ਅਸੀਂ ਬਣਤਰ ਨੂੰ ਸੁਧਾਰਨ ਦਾ ਮੌਕਾ ਗਵਾ ਲਗਾਂਗੇ। ਵਿੱਤੀ ਸੁਦ੍ਰਿੜੀਕਰਨ ਦੀ ਗੁਣਵੱਤਾ ਅਤੇ ਈਮਾਨਦਾਰੀ ਜ਼ਿਆਦਾ ਮਾਅਨੇ ਰੱਖਦੇ ਹਨ। ਪੂਰਤੀ ਪੱਖ ਦੇ ਕਾਰਨ ਮਹਿੰਗਾਈ ਨੂੰ ਜ਼ਿਆਦਾ ਹਵਾ ਦਿੰਦੇ ਹਨ ਪਰ ਸਾਡੇ ਦੇਸ਼ ਵਿਚ ਨੌਜਵਾਨਾਂ ਦੀ ਬੇਰੁਜ਼ਗਾਰੀ ਦੁਨੀਆਂ ਦੇ ਕੁੱਝ ਉੱਚੀ ਦਰ ਵਾਲੇ ਦੇਸ਼ਾਂ ਵਿਚੋਂ ਇਕ ਹੈ ਅਤੇ ਸਾਨੂੰ ਇਕਦਮ ਹਰਕਤ ਵਿਚ ਆਉਣਾ ਹੋਵੇਗਾ, ਜਿਵੇਂ ਕਿ ਬਹੁਤ ਸਾਰੇ ਪੱਛਮੀ ਦੇਸ਼ ਕਰ ਰਹੇ ਹਨ, ਤਾਂ ਜੋ ਵਿਕਾਸ ਨੂੰ ਹੁਲਾਰਾ ਦਿਤਾ ਜਾ ਸਕੇ।

ਅਸਲ ਵਿਚ, ਇਹ ਵਿਕਾਸ 'ਤੇ ਇਕ ਜੂਆ ਹੈ। ਪਰ ਘਰੇਲੂ ਆਸ਼ਾਵਾਦ ਅਤੇ ਅੰਤਰ-ਰਾਸ਼ਟਰੀ ਵਿਕਾਸ ਦੇ ਮੁੜ ਜੀਵਤ ਹੋਣ ਨਾਲ ਇਹ ਜ਼ਿਆਦਾ ਪ੍ਰਸੰਗਿਕ ਹੋ ਗਿਆ ਹੈ। ਤੇਲ ਦੀਆਂ ਕੀਮਤਾਂ ਘਟੀਆਂ ਹਨ ਅਤੇ ਮਜ਼ਬੂਤ ਰੁਪਿਆ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਆਪਣੇ ਆਪ ਵਾਧਾ ਹੋਣ ਨਾਲ ਸਬਸਿਡੀਆਂ ਘੱਟ ਹੋਣਗੀਆਂ। ਪ੍ਰਫੁੱਲਿਤ ਹੋ ਰਹੇ ਘਰੇਲੂ ਸ਼ੇਅਰ ਬਾਜ਼ਾਰ ਕਰਕੇ ਨਿਵੇਸ਼ ਤੋਂ ਜ਼ਿਆਦਾ ਸਰੋਤ ਜੁਟਾਏ ਜਾ ਸਕਦੇ ਹਨ। ਅੰਤਰਿਮ ਬਜਟ ਦੀਆਂ ਆਸ਼ਾਵਾਦੀ ਮਾਲੀ ਪ੍ਰਾਪਤੀਆਂ ਨੂੰ ਜਿਉਂ ਦਾ ਤਿਉਂ ਰੱਖਿਆ ਗਿਆ ਹੈ, ਪਰ ਇਹ ਸੰਭਵ ਹਨ ਕਿਉਂਕਿ ਇਹ 17.1.2013-14 ਦੇ ਸੋਧੇ ਅਨੁਮਾਨ, ਜੋ 2012-13 (ਤਾਲਿਕਾ-1) ਦੀਆਂ ਕੀਮਤਾਂ ਤੋਂ ਵਾਧੇ ਵਿਚ ਹਨ, ਹੁਣ 15.6 ਨਾਲ ਕੁੱਝ ਘੱਟ ਹਨ। ਅਜਿਹੇ ਜੂਏ ਲਈ ਪ੍ਰਸਥਿਤੀਆਂ ਜ਼ਿਆਦਾ ਅਨੁਕੂਲ ਹਨ, ਪਰ ਨਿਵੇਸ਼ ਵਿਚ ਕਟੌਤੀ, ਤਾਂ ਜੋ ਵਿਕਾਸ ਅਤੇ ਵਧਦੀ ਮਹਿੰਗਾਈ ਦੇ ਟੀਚਿਆਂ ਨੂੰ ਹਾਸਲ ਕੀਤਾ ਜਾ ਸਕੇ, ਵਰਗੀਆਂ ਅਲਾਭਕਾਰੀ, ਪੁਰਾਣੀਆਂ ਰਣਨੀਤੀਆਂ ਦਾ ਜੋਖ਼ਮ ਵੀ ਹੈ।

ਦੂਜਾ ਮੁੱਦਾ ਸਮਰਥਾ ਲਈ ਤਬਦੀਲੀਆਂ ਨੂੰ ਸੀਮਤ ਕਰਨਾ ਹੈ ਤਬਦੀਲੀਆਂ ਦਾ ਮੁੜ ਗਠਨ, ਤਾਂ ਜੋ ਉਹ ਸਮਰਥਾ ਦਾ ਵਿਕਾਸ ਕਰ ਸਕਣ, ਨਾਲ ਇਸ ਦੀ ਪ੍ਰਾਪਤੀ ਹੋ ਸਕਦੀ ਹੈ, ਭਾਵੇਂ ਕਿ ਇਸ ਨਾਲ ਮੌਕਿਆਂ ਦੀ ਬਰਾਬਰਤਾ ਦਾ ਵਾਧਾ ਹੋ ਜਾਵੇ। ਇਕ ਸਥਿਰ ਸਰਕਾਰ ਕੋਲ ਆਪਣੀ ਮਿਆਦ ਦੇ ਸ਼ੁਰੂ ਵਿਚ, ਸ਼ੋਹਰਤਬਾਜ਼ੀ ਤੋਂ ਹਟ ਕੇ ਉਤਪਾਦਕਤਾ ਵੱਲ ਤੇਜ਼ੀ ਨਾਲ ਜਾਣ ਦੀ ਆਜ਼ਾਦੀ ਹੁੰਦੀ ਹੈ। ਯਥਾ ਸਥਿਤੀ ਤੋਂ ਹਟਣ ਦੀ ਝਿਜਕ ਚੋਣ ਲੋਕ-ਰਾਇ ਨੂੰ ਗਲਤ ਸਮਝਣ ਦਾ ਖ਼ਤਰਾ ਹੋਵੇਗੀ।

## ਸਰਗਰਮ ਸਮਾਵੇਸ਼

ਵੋਟਰ ਚੰਗੀਆਂ ਜਨਤਕ ਸੇਵਾਵਾਂ, ਜਿਵੇਂ ਬੁਨਿਆਦੀ ਢਾਂਚਾ, ਪਾਣੀ, ਸਫ਼ਾਈ, ਸਿਹਤ ਅਤੇ ਸਿੱਖਿਆ ਚਾਹੁੰਦੇ ਹਨ ਜਿਸ ਨਾਲ ਕੰਮ ਸੁਲਭ ਹੋ ਸਕੇਗਾ। ਰਾਜਨੀਤਕ ਪ੍ਰਣਾਲੀ ਦੇ ਵਿਦਵਾਨਾਂ ਅਨੁਸਾਰ (ਅਸੀਮੋਗਲੂ ਅਤੇ ਰਾਬਿਨਸਨ, 2012) ਅਜਿਹੀਆਂ ਸੇਵਾਵਾਂ ਦੀ ਵੱਡੀ ਪੱਧਰ 'ਤੇ ਉਪਲਬਧਤਾ ਨਾਲ ਲੋਕਤੰਤਰ ਖ਼ੁਸ਼ਹਾਲੀ ਨੂੰ ਜਨਮ ਦਿੰਦਾ ਹੈ। ਭਾਰਤ ਦੀ ਬਿਖ਼ਮ ਜਤੀਅਤਾ ਅਤੇ ਵੋਟ ਬੈਂਕ ਨੇ ਇਕ ਚੱਕਰ ਚਲਾਇਆ ਹੋਇਆ ਸੀ ਜੋ ਹੁਣ ਪੂਰਾ ਘੁੰਮ ਚੁੱਕਾ ਹੈ।

***ਸੋਸ਼ਲ ਮੀਡੀਆ ਵਲੋਂ ਫੈਲਾਈ ਜਾਗਰੂਕਤਾ ਕਾਰਨ ਮੱਧ ਵਰਗ ਵਿਚ ਵੱਡਾ ਵਾਧਾ ਹੋਇਆ ਹੈ। ਪਿੰਡਾਂ ਤੋਂ ਸ਼ਹਿਰਾਂ ਵੱਲ ਪਰਵਾਸ ਨੇ ਇਕ ਨਵੇਂ ਮੱਧ ਵਰਗ ਨੂੰ ਜਨਮ ਦਿਤਾ ਹੈ ਅਤੇ ਦੇਸ਼ ਦੇ ਜਨਸੰਖਿਆ ਸੰਬੰਧੀ ਮੁਹਾਂਦਰੇ ਵਿਚ ਨੌਜਵਾਨਾਂ ਦਾ ਹਿੱਸਾ ਵਧਿਆ ਹੈ। ਇਹ ਸਾਰੇ ਵਰਗ ਖ਼ੈਰਾਤ ਦੀ ਬਜਾਇ ਇਕ ਚੰਗੇ ਕੰਮ ਕਰਨ ਦੇ ਵਾਤਾਵਰਨ ਤੋਂ ਜ਼ਿਆਦਾ ਲਾਭ ਪ੍ਰਾਪਤ ਕਰ ਰਹੇ ਹਨ। ਇਥੋਂ ਤਕ ਕਿ ਨਿਮਨ ਆਮਦਨ ਸ਼੍ਰੇਣੀ ਵੀ ਲਾਭ ਵਾਲੀਆਂ ਨੌਕਰੀਆਂ ਨਾਲ ਆਪਣੇ ਹਾਲਾਤ ਹੋਰ ਵਧੀਆ ਬਣਾ ਸਕਦੀ ਹੈ।***

ਸਮਾਵੇਸ਼ੀ ਵਿਕਾਸ ਦੇ ਪਹਿਲੇ ਮੰਤਰ ਦੇ ਮੁਕਾਬਲੇ ਨਵਾਂ ਮੰਤਰ 'ਸਰਗਰਮ ਸਮਾਵੇਸ਼' ਹੋਣਾ ਚਾਹੀਦਾ ਹੈ ਜੋ ਉਤਪਾਦਕਤਾ ਅਤੇ ਨੌਕਰੀਆਂ ਵਧਾ ਕੇ ਹਾਸਲ ਕੀਤਾ ਜਾ ਸਕਦਾ ਹੈ (ਗੋਇਲ, 2014) ਜਿਸ ਤਹਿਤ ਪੋਸ਼ਣ ਅਤੇ ਸਿੱਖਿਆ (ਜਾਂ ਪ੍ਰਭਾਵੀ ਸਕੀਮਾਂ) ਲਈ ਸਿੱਧੀ ਅਦਾਇਗੀ ਸਿਰਫ਼ ਅਤਿ-ਗਰੀਬ ਲੋਕਾਂ ਲਈ ਹੀ ਹੋਣੀ ਚਾਹੀਦੀ ਹੈ। ਨਾਲ ਹੀ, ਚੰਗੀ ਸਾਫ਼-ਸਫ਼ਾਈ ਅਤੇ ਪਾਣੀ ਨਾਲ ਉਤਪਾਦਕਤਾ ਵਧਦੀ ਹੈ ਜੋ ਗਰੀਬੀ ਖ਼ਿਲਾਫ਼ ਅਤੇ ਪੋਸ਼ਣ ਪੱਖੀ ਯੋਜਨਾਵਾਂ ਦੇ ਸਭ ਤੋਂ ਕਾਰਗਰ ਹਥਿਆਰ ਹਨ।

ਬੁਨਿਆਦੀ ਢਾਂਚੇ, ਮਕਾਨ, ਪਾਣੀ – ਜੋ ਮੁੱਖ ਮਜਬੂਰੀਆਂ ਹਨ – ਵੱਲ ਵਿਸ਼ੇਸ਼ ਧਿਆਨ ਦਿਤਾ ਗਿਆ ਹੈ, ਜਿਸ ਨੂੰ ਸੁਲਝਾਉਣ ਨਾਲ ਔਸਤ ਨਾਗਰਿਕ ਦੀ ਜ਼ਿੰਦਗੀ ਕਾਫ਼ੀ ਸੌਖੀ ਹੋ ਜਾਵੇਗੀ। ਤਾਲਿਕਾ-2 ਦੇ ਕਾਲਮ 1 ਅਤੇ 2 ਵਿਚ ਮਕਾਨ ਉਸਾਰੀ ਅਤੇ ਸਿੰਜਾਈ ਲਈ ਖਰਚ ਵਿਚ ਵੱਡੇ ਵਾਧੇ ਨੂੰ ਦਿਖਾਇਆ ਗਿਆ ਹੈ।

**ਖੇਤਰ** – ਗੋਇਲ (2012) ਨੇ ਦਲੀਲ ਦਿਤੀ ਕਿ ਖਰਚੇ ਨੂੰ ਸੰਕੋਚ ਕੇ, ਪਰ ਵਿਕਾਸ ਨੂੰ ਵਧਾਉਣ ਲਈ ਲਾਭਕਾਰੀ ਸਕੀਮਾਂ ਦਾ ਮੁੜ ਗਠਨ ਕਰਨਾ ਹੋਵੇਗਾ ਤਾਂ ਜੋ ਉਸ ਵਿਚ

| ਤਾਲਿਕਾ-2 : ਕੇਂਦਰੀ ਯੋਜਨਾ ਅਤੇ ਖੇਤਰਵਾਰ ਵੰਡਾਈ (ਪ੍ਰਤਿਸ਼ਤ ਵਾਧਾ) | | | | |
|---|---|---|---|---|
| | ਮੁੜ-ਗਠਨ | ਸੰਭਾਵੀ ਪ੍ਰਭਾਵ : ਬਜਟ ਅਨੁਮਾਨ | ਸੰਭਾਵੀ ਪ੍ਰਭਾਵ ਅੰਤਰਮਿ ਬਜਟ ਅਨੁਮਾਨ | ਸੰਭਵਤਾ |
| | ਅੰਤਰਿਮ ਤੇ ਬਜਟ ਅਨੁਮਾਨ | ਪਿਛਲੇ ਸੋਧੇ ਅਨੁਮਾਨ ਤੋਂ ਬਜਟ ਅਨੁਮਾਨ ਵਿਚ ਵਾਧਾ | | 2012-13 ਦੇ ਪਿਛਲੇ ਅਸਲ ਅੰਕੜਿਆਂ ਦੇ ਮੁਕਾਬਲੇ ਸੋਧੇ ਅਨੁਮਾਨ ਵਿਚ ਵਾਧਾ |
| | 1 | 2 | 3 | 4 |
| ਕੇਂਦਰੀ ਯੋਜਨਾ ਖ਼ਾਕਾ | 4.22 | -21.10 | -24.29 | 23.20 |
| ਬਾਹਰੀ ਬਜਟ | -0.09 | -3.76 | -3.67 | 32.98 |
| ਬਜਟ ਸਹਾਇਤਾ | 9.15 | -33.63 | -39.20 | 16.98 |
| ***ਖੇਤਰ*** | | | | |
| ਖੇਤੀਬਾੜੀ | 15.46 | -34.32 | -43.12 | 3.09 |
| ਪੇਂਡੂ ਵਿਕਾਸ | 6.20 | -93.91 | -94.27 | 13.94 |
| ਸਿੰਜਾਈ | 24.45 | 287.28 | 211.21 | 5.69 |
| ਊਰਜਾ/ਬਿਜਲੀ | 1.74 | -6.99 | -8.58 | 35.29 |
| ਉਦਯੋਗ ਅਤੇ ਖਣਿਜ | 4.16 | 11.18 | 6.74 | 8.93 |
| ਆਵਾਜਾਈ | 4.66 | 6.58 | 1.84 | 20.45 |
| ਸੰਚਾਰ | -0.08 | 39.39 | 39.50 | 48.40 |
| ਵਿਗਿਆਨ ਤਕਨਾਲੋਜੀ ਅਤੇ ਵਾਤਾਵਰਨ | 7.88 | 38.43 | 28.32 | 12.67 |
| ***ਮੰਤਰਾਲੇ*** | | | | |
| ਸਮਾਜਿਕ ਸੇਵਾਵਾਂ | 5.73 | -51.69 | -54.31 | 20.49 |
| ਮਨੁੱਖੀ ਸਰੋਤ ਵਿਕਾਸ | 5.33 | -71.43 | -72.88 | 11.40 |
| ਸਿਹਤ | 9.06 | -67.58 | -70.27 | 11.71 |
| ਪੀਣ ਵਾਲਾ ਪਾਣੀ ਤੇ ਸਫ਼ਾਈ | 0.00 | -98.08 | -98.08 | -7.43 |
| ਸਿਹਤ ਤੇ ਪਰਿਵਾਰ ਕਲਿਆਣ | 9.06 | -67.58 | -70.27 | 11.71 |
| ਮਕਾਨ ਤੇ ਸ਼ਹਿਰੀ ਗਰੀਬੀ ਹਟਾਉਣਾ | 0.00 | 77.63 | 77.63 | 33.29 |
| ਮਨੁੱਖੀ ਸਰੋਤ ਵਿਕਾਸ | 5.33 | -71.43 | -72.88 | 11.40 |
| ਸਕੂਲੀ ਸਿੱਖਿਆ ਤੇ ਸਾਖਰਤਾ | 7.02 | -93.70 | -94.11 | 10.13 |
| ਉੱਚ ਸਿੱਖਿਆ ਵਿਭਾਗ | 5.00 | -0.02 | -4.78 | 15.67 |
| ਕਿਰਤ ਅਤੇ ਰੁਜ਼ਗਾਰ | 22.87 | -53.22 | -61.93 | -0.23 |
| ਪਾਣੀ ਦੇ ਸਰੋਤ | 85.43 | 363.57 | 150.00 | 36.45 |
| ਔਰਤਾਂ ਤੇ ਬੱਚਿਆਂ ਦਾ ਵਿਕਾਸ | 11.25 | -94.57 | -95.12 | 7.36 |

*ਸਰੋਤ: indiabudget.nic.in 'ਤੇ ਉਪਲਬਧ ਅੰਕੜਿਆਂ ਨਾਲ ਗਣਨਾ ਕੀਤੀ ਗਈ।*

ਸਮਰੱਥਾ ਦੀ ਵੱਡੀ ਪਰਿਭਾਸ਼ਾ, ਜਿਸ ਵਿਚ ਮਨੁੱਖੀ ਸਮਰਥਾ ਵੀ ਸ਼ਾਮਿਲ ਹੈ, ਨੂੰ ਸੰਮਿਲਤ ਕੀਤਾ ਜਾ ਸਕੇ। ਦੂਜਾ ਹੈ ਖਰਚੇ ਦਾ ਧਿਆਨ ਪੂਰਵਕ ਮੁੱਲੰਕਣ ਤਾਂ ਜੋ ਵਿਕਾਸ ਅਤੇ ਰੁਜ਼ਗਾਰ ਦੇ ਰਸਤੇ ਦੀਆਂ ਰੁਕਾਵਟਾਂ ਨੂੰ ਦੂਰ ਕੀਤਾ ਜਾ ਸਕੇ, ਇਸ ਨਾਲ ਖਰਚੇ ਗਏ ਹਰ ਇਕ ਰੁਪਏ ਦਾ ਵੱਡਾ ਪ੍ਰਭਾਵ ਪਵੇਗਾ। ਇਸ ਦੇ ਲਈ ਖੇਤਰ ਆਧਾਰਤ ਖਰਚੇ ਦੇ ਮੁੜ ਵੰਡਣ ਦੀ ਲੋੜ ਹੈ।

ਬੁਨਿਆਦੀ ਢਾਂਚੇ ਦੇ ਖੇਤਰ ਵਿਚ ਰਕਮ-ਵੰਡ ਵਧਣ ਦੇ ਸੰਕੇਤ ਹਨ ਅਤੇ ਸਮਾਜਿਕ ਖੇਤਰ ਅਤੇ ਮੰਤਰਾਲਿਆਂ ਵਿਚ ਘਟਣ ਦੇ (ਤਾਲਿਕਾ-2)। ਪਰ ਇਹ ਆਮ ਤੌਰ ਤੇ ਅੰਤਰਿਮ ਬਜਟ ਵਿਚ ਪਹਿਲਾਂ ਹੀ ਕੀਤੇ ਜਾ ਚੁੱਕੇ ਸਨ ਅਤੇ ਵਰਤਮਾਨ ਬਜਟ ਉਨ੍ਹਾਂ ਬਦਲਾਵਾਂ ਨੂੰ ਅੱਗੇ ਲਿਜਾ ਰਿਹਾ ਹੈ। ਸ਼ਾਇਦ ਪਿਛਲੀ ਸਰਕਾਰ ਨੂੰ ਇਹ ਮਹਿਸੂਸ ਹੋ ਗਿਆ ਸੀ ਕਿ ਉਸ ਵਲੋਂ ਕੀਤੀ ਰਕਮ-ਵੰਡ ਨੇ ਦੇਸ਼ ਦੀ ਆਰਥਿਕਤਾ ਵਿਚ ਖੜੋਤ ਲਿਆਂਦੀ ਹੈ, ਜਾਂ ਇਹ ਬਾਹਰ ਨਿਕਲਣ ਦਾ ਸਭ ਤੋਂ ਸੌਖਾ ਰਸਤਾ ਸਨ ਜਾਂ ਉਨ੍ਹਾਂ ਮੰਤਰਾਲਿਆਂ ਵਿਚ ਖਰਚ ਕਰਨ ਦੀ ਸਮਰਥਾ ਦੀ ਕਮੀ ਸੀ। ਪਰ ਕਾਲਮ 4 ਦੱਸਦਾ ਹੈ ਕਿ ਮੰਤਰਾਲਿਆਂ ਵਲੋਂ ਪਹਿਲਾਂ ਵੱਡੀਆਂ ਰਕਮਾਂ ਖਰਚੀਆਂ ਗਈਆਂ ਸਨ। ਨੌਕਰਸ਼ਾਹੀ ਵਿਰਾਸਤ ਵਰਣਿਤ ਬਦਲਾਵਾਂ ਨੂੰ ਲਾਗੂ ਕਰਨਾ ਮੁਸ਼ਕਿਲ ਕਰ ਦਿੰਦੀ ਹੈ। ਪਰ ਵਰਤਮਾਨ ਸਰਕਾਰ ਸਮਾਜਿਕ ਖੇਤਰ ਵਿਚ ਉੱਚੀ ਵਿਕਾਸ ਦਰ ਹਾਸਲ ਕਰਨ ਲਈ ਪੂੰਜੀਗਤ ਨਿਰਮਾਣ ਦੁਆਰਾ ਰਕਮ-ਵੰਡ ਨੂੰ ਵਧਾ ਰਹੀ ਹੈ ਜੋ ਮਾਲੀ ਖਰਚ ਦੇ ਤਹਿਤ ਆਉਂਦਾ ਹੈ (ਤਾਲਿਕਾ-1) ਅਤੇ ਕਿਰਤ ਮੁਖੀ ਖੇਤਰ ਜਿਵੇਂ ਕੱਪੜਾ, ਸੈਰਸਪਾਟਾ ਅਤੇ ਨਿਰਮਾਣ ਆਦਿ ਵਿਚ ਰਕਮ-ਵੰਡ ਵਧਾ ਰਹੀ ਹੈ।

ਲਾਗੂ ਕਰਨਾ ਇਕ ਵਿਸ਼ੇਸ਼ ਪੱਖ ਰਹੇਗਾ ਅਤੇ ਇਹ ਆਸ ਕੀਤੀ ਜਾਂਦੀ ਹੈ ਕਿ ਇਹ ਵਰਤਮਾਨ ਸਰਕਾਰ ਦਾ ਮੁੱਖ ਗੁਣ ਹੋਵੇਗਾ। ਪਰ ਇਸ ਨੂੰ ਹਲਕੇ ਵਿਚ ਨਹੀਂ ਲਿਆ ਜਾ ਸਕਦਾ। ਇਕ ਸੂਚੀ (ਗੋਇਲ 2010 ਤੋਂ ਨਵਿਆਈ ਗਈ) ਜੋ ਯੋਜਨਾਬਧ ਕੇਂਦਰੀ ਯੋਜਨਾ ਰਕਮ-ਵੰਡ ਨੂੰ ਪੂਰਾ ਕਰਨ ਲਈ ਬਦਲਾਅ ਦੇ ਗੁਣਾਂਕ 'ਤੇ ਆਧਾਰਿਤ ਹੈ, ਜੋ ਸੁਧਾਰਾਂ ਤੋਂ ਬਾਅਦ ਦੀਆਂ ਸਰਕਾਰਾਂ ਦੀ ਦਰਜਾਬੰਦੀ ਲਈ ਵਰਤਿਆ ਜਾਂਦਾ ਹੈ, ਦਰਸਾਉਂਦਾ ਹੈ ਕਿ ਕਾਂਗਰਸ (-0.6) ਨੇ ਸਭ ਤੋਂ ਵਧੀਆ ਕੀਤਾ, ਜਿਸ ਤੋਂ ਬਾਅਦ ਯੂ.ਪੀ.ਏ.-1 (-3) ਅਤੇ ਐੱਨ ਡੀ ਏ )-7.1) ਤੀਜੇ ਸਥਾਨ 'ਤੇ ਹੈ। ਭਾਵੇਂ ਕਿ ਯੂ ਪੀ ਏ-2 ਨੇ ਸਭ ਤੋਂ ਭੈੜਾ (-9.97) ਕੀਤਾ। ਪਿਛੋਕੜ ਤੋਂ ਖਹਿੜਾ ਛੁਡਾਉਣ ਦੀਆਂ ਕੋਸ਼ਿਸ਼ਾਂ ਕਰਨੀਆਂ ਹੋਣਗੀਆਂ ਅਤੇ ਕੀਤੇ ਵਾਅਦੇ ਪੂਰੇ ਕਰਨੇ ਹੋਣਗੇ।

## ਪ੍ਰਣਾਲੀਗਤ ਪ੍ਰੋਤਸਾਹਨ ਵਿਚ ਸੁਧਾਰ ਕਰਨਾ

ਤੇਜ਼ੀ ਨਾਲ ਫ਼ੈਸਲੇ ਲੈਣ ਲਈ ਇਸ ਦੀਆਂ ਸਹਾਇਕ ਪ੍ਰਣਾਲੀਆਂ ਦੀ ਲੋੜ ਹੁੰਦੀ ਹੈ। ਅਪ੍ਰਚਲਿਤ ਪ੍ਰਬੰਧਕੀ ਢਾਂਚੇ ਦੇਰੀ ਦਾ ਕਾਰਨ ਬਣਦੇ ਹਨ। ਇਹ 2009 ਵਿਚ ਸਪੱਸ਼ਟ ਹੋ ਗਿਆ, ਜਦੋਂ ਗ਼ੈਰ-ਕਾਰਗੁਜ਼ਾਰੀ ਵਾਲੀਆਂ ਦਾ ਕਰਜ਼ੇ ਦਾ ਹਿੱਸਾ ਵਧ ਗਿਆ ਅਤੇ ਬੁਨਿਆਦੀ ਢਾਂਚੇ ਦੀਆਂ ਪਰਿਯੋਜਨਾਵਾਂ ਵਿਚ ਦੇਰੀ ਹੋ ਗਈ। ਇਸ ਸਮੇਂ ਭ੍ਰਿਸ਼ਟਾਚਾਰ ਦੇ ਵੱਡੇ ਘਪਲੇ ਸਾਹਮਣੇ ਆਏ ਜਿਨ੍ਹਾਂ ਦੀ ਸ਼ੁਰੂਆਤ ਕੈਗ ਰਿਪੋਰਟ

ਅਤੇ ਰਾਸ਼ਟਰਮੰਡਲ ਖੇਡਾਂ ਦੇ ਘੁਟਾਲਿਆਂ ਨਾਲ 2010 ਵਿਚ ਹੋਈ। ਸੋ, ਜਦ ਕਿ ਭ੍ਰਿਸ਼ਟਾਚਾਰ ਅਤੇ ਸੀ ਬੀ ਆਈ ਪੁੱਛਗਿੱਛ ਦਾ ਡਰ ਦੇਰੀ ਪੈਦਾ ਕਰਨਾ ਹੈ। ਉਹ ਸਰਕਾਰ ਨੂੰ ਲਕਵਾ ਮਾਰ ਜਾਣ ਦਾ ਵੱਡਾ ਕਾਰਨ ਨਹੀਂ ਹੁੰਦੇ। ਪਰ ਬਜਟ ਵਿਚ ਇਸ ਮੁੱਦੇ ਵੱਲ ਧਿਆਨ ਨਹੀਂ ਦਿਤਾ ਗਿਆ।

ਭਾਵੇਂ ਕਿ ਪਿਛਲੀ ਸਰਕਾਰ ਦੇ ਮੁਕਾਬਲੇ ਵਰਤਮਾਨ ਸਰਕਾਰ ਵਿਚ ਮੰਤਰੀਆਂ ਦੀ ਗਿਣਤੀ ਘੱਟ ਰੱਖੀ ਗਈ ਹੈ ਪਰ ਬਜਟ ਵੰਡ ਹਾਲੇ ਵੀ ਯੂ ਪੀ ਏ ਦੇ 50 ਦੇ ਮੁਕਾਬਲੇ 49 ਮੰਤਰਾਲਿਆਂ ਨੂੰ ਕੀਤਾ ਗਿਆ ਹੈ। ਸਕੀਮਾਂ ਦੇ ਆਪਸੀ ਤਾਲਮੇਲ ਵੱਲ ਅਤੇ ਮੰਤਰਾਲਿਆਂ ਵਲੋਂ ਲਾਗਤ ਦੀ ਬਚਤ ਕਰਨ ਪਾਸੇ ਗੰਭੀਰ ਕੋਸ਼ਿਸ਼ਾਂ ਨਹੀਂ ਕੀਤੀਆਂ ਗਈਆਂ। ਇਸ ਦੀ ਥਾਂ 'ਤੇ, ਸ਼ੁਰੂਆਤੀ ਥੋੜ੍ਹੇ ਧਨ ਨਾਲ, ਕਈ ਨਵੀਆਂ ਸਕੀਮਾਂ ਦਾ ਐਲਾਨ ਕੀਤਾ ਗਿਆ ਹੈ। ਪਰ ਵਿੱਤ ਮੰਤਰੀ, ਸਰਕਾਰ ਦੀ ਪ੍ਰਭਾਵੀ ਖਰਚ ਕਰਨ ਦੀ ਅਸਮਰਥਤਾ ਨੂੰ ਪਹਿਲੀਆਂ ਰਕਮ-ਵੰਡਾਂ ਨੂੰ ਤਰਕਸੰਗਤ ਕਰਨ ਲਈ ਵਰਤ ਰਹੇ ਹਨ। ਪਰ ਪ੍ਰਭਾਵੀ ਤਰੀਕੇ ਨਾਲ ਅਮਲ ਲਈ ਸੰਸਥਾਗਤ ਬਦਲਾਵਾਂ ਦੀ ਹਮਾਇਤ ਜ਼ਰੂਰੀ ਹੈ ਤਾਂ ਜੋ ਅਮਲ ਯਕੀਨੀ ਹੋ ਸਕੇ। ਸੁਸ਼ਾਸਨ ਵਿਚ ਸੁਧਾਰ ਲਈ ਨਵੀਆਂ ਤਕਨੀਕਾਂ ਖੁੱਲ੍ਹਦਿਲੀ ਨਾਲ ਅਪਣਾਉਣੀਆਂ ਹੋਣਗੀਆਂ।

ਅਨੁਚਿਤ ਪ੍ਰੋਤਸਾਹਨ ਭਾਰਤੀ ਜਨਤਕ ਸੇਵਾਵਾਂ ਨੂੰ ਬੁਰੀ ਤਰ੍ਹਾਂ ਸੱਟ ਮਾਰਦੇ ਹਨ। ਉਦਾਹਰਣ ਵਜੋਂ, ਸਬਸਿਡੀਆਂ ਦੀ ਰਕਮ ਤੋਂ ਜ਼ਿਆਦਾ ਇਨ੍ਹਾਂ ਨੂੰ ਦਿਤਾ ਜਾਣ ਵਾਲਾ ਤਰੀਕਾ ਜ਼ਿਆਦਾ ਮੁਸ਼ਕਿਲਾਂ ਖੜ੍ਹੀਆਂ ਕਰਦਾ ਹੈ - ਸਬਸਿਡੀਆਂ ਕੀਮਤ ਅਤੇ ਰਕਮ-ਵੰਡ ਨੂੰ ਤਹਿਸ ਨਹਿਸ ਕਰ ਦਿੰਦੀਆਂ ਹਨ। ਅਨਾਜ ਦੀ ਘੱਟੋ-ਘੱਟ ਕੀਮਤ ਅਤੇ ਸਬਸਿਡੀਆਂ ਉਤਪਾਦਨ ਨੂੰ ਮੰਗ ਦੇ ਹਿਸਾਬ ਨਾਲ ਸੰਤੁਲਨ ਨਹੀਂ ਬਣਾਉਣ ਦਿੰਦੀਆਂ ਜੋ ਸਬਜ਼ੀਆਂ ਅਤੇ ਪ੍ਰੋਟੀਨ ਵੱਲ ਜਾ ਰਹੇ ਹਨ। ਤੇਲ ਦੀਆਂ ਕੀਮਤਾਂ 'ਤੇ ਸਬਸਿਡੀ ਊਰਜਾ ਦੀ ਬਚਤ ਦੇ ਵਿਕਲਪ ਨੂੰ ਰੋਕਦੀ ਹੈ, ਡੀਜ਼ਲ ਅਤੇ ਮਿੱਟੀ ਦੇ ਤੇਲ 'ਤੇ ਦਿਤੀ ਜਾਣ ਵਾਲੀ ਕਰਾਸ ਸਬਸਿਡੀ ਪ੍ਰਦੂਸ਼ਨ ਅਤੇ ਭ੍ਰਿਸ਼ਟਾਚਾਰ ਨੂੰ ਜਨਮ ਦਿੰਦੀ ਹੈ, ਜਿਸ ਨਾਲ ਲੰਮੇ ਸਮੇਂ ਦੀਆਂ ਗੰਭੀਰ ਸਮਾਜਿਕ ਲਾਗਤਾਂ ਥੋਪ ਦਿਤੀਆਂ ਜਾਂਦੀਆਂ ਹਨ, ਜਿਵੇਂ ਕਿ ਪੰਜਾਬ ਵਿਚ ਕੈਂਸਰ ਦੀਆਂ ਵਧਦੀਆਂ ਘਟਨਾਵਾਂ। ਸਬਸਿਡੀਆਂ ਦੇ ਤਰਕਸੰਗਤ ਕਰਨ ਲਈ ਸਿੱਧੀ ਅਦਾਇਗੀ ਕਰਨ ਦੀ ਲੋੜ ਹੈ।

***ਉੱਚ ਲਾਗਤ ਖਰਚਾ ਘੱਟ ਕਰਨ ਅਤੇ ਗ਼ੈਰ ਉਤਪਾਦਕ ਸਾਲਸੀ ਨੂੰ ਘੱਟ ਕਰਨ ਲਈ ਕਦਮ ਮੌਜੂਦ ਹਨ, ਖ਼ਾਸ ਕਰਕੇ ਕਰ ਢਾਂਚੇ ਅਤੇ ਪ੍ਰਬੰਧਨ ਵਿਚ। ਪਾਰਦਰਸ਼ਤਾ ਲਈ ਪ੍ਰਤਿਬੱਧਤਾ ਹੈ, ਸਾਦਾ ਅਤੇ ਸਰਲੀਕਰਨ, ਸ਼ਿਕਾਇਤਾਂ ਸੁਣਨਾ ਅਤੇ ਉਨ੍ਹਾਂ ਦਾ ਹੱਲ ਕਰਨਾ। ਕਰ ਦੇ ਝਗੜਿਆਂ, ਸਵੈ-ਇੱਛਾ ਅਤੇ ਸਰਲ ਪਹੁੰਚ, ਕਰ ਦੇਣ ਵਾਲੇ ਇਕ ਪੇਸ਼ਗੀ ਕਰ ਦੀ ਰੂਲਿੰਗ ਵੀ ਪ੍ਰਾਪਤ ਕਰ ਸਕਦੇ ਹਨ। ਉਦਯੋਗਾਂ ਨਾਲ ਸੰਵਾਦ ਰਚਾਉਣ ਅਤੇ ਉਨ੍ਹਾਂ ਦੁਆਰਾ ਉਠਾਏ ਮੁੱਦਿਆਂ 'ਤੇ ਗੌਰ ਕਰਨ ਲਈ ਇਕ ਉੱਚ ਪੱਧਰੀ ਕਮੇਟੀ ਬਣਾਈ ਜਾਵੇਗੀ, ਮਿਊਚਲ ਫ਼ੰਡ ਤੋਂ ਹੋਣ ਵਾਲੀ ਆਮਦਨ 'ਤੇ ਆਮਦਨ ਕਰ ਨਹੀਂ ਸਗੋਂ ਪੂੰਜੀ ਪ੍ਰਾਪਤੀ ਕਰ ਲੱਗੇਗਾ। ਫ਼ੰਡ ਪ੍ਰਾਪਤ ਕਰਨ ਵਿਚ ਸਾਲਸੀ ਲਈ ਪ੍ਰੋਤਸਾਹਨ ਖਤਮ ਕਰਨੇ ਆਦਿ।***

ਕਰਾਂ ਤੋਂ ਆਉਣ ਵਾਲੀ ਆਮਦਨ ਦਾ ਵੱਡਾ ਹਿੱਸਾ ਸੇਵਾਵਾਂ 'ਤੇ ਕਰ ਲਾਉਣ ਤੋਂ ਆਇਆ ਹੈ ਜੋ ਕਿ ਜੀ ਐੱਸ ਟੀ ਵਿਚ ਕੀਤੇ ਜਾਣ ਵਾਲੇ ਸੰਭਾਵਿਤ ਬਦਲਾਵਾਂ ਅਨੁਸਾਰ ਹੀ ਹੈ। ਘੱਟ ਕੀਮਤ ਅਤੇ ਵਿਸ਼ਾਲ ਆਧਾਰ ਵਾਲੀ ਸੋਚ ਭਾਰਤ ਦੀ ਵੱਡੀ ਵਸੋਂ ਦੇ ਮੁਆਫ਼ਕ ਬੈਠਦੀ ਹੈ ਅਤੇ ਇਹ ਨਿਰਪੱਖਤਾ ਦੇ ਮਾਪਦੰਡ ਵੀ ਪੂਰੇ ਕਰਦੀ ਹੈ, ਭਾਵੇਂ ਕਿ ਭਾਰਤ ਦੀ ਲਗਾਤਾਰ ਵਧ ਰਹੀ ਅਰਬਪਤੀ ਜਮਾਤ ਦੇਸ਼ ਦੇ ਵਿਕਾਸ ਲਈ ਜ਼ਿਆਦਾ ਯੋਗਦਾਨ ਪਾ ਸਕਦੀ ਹੈ। ਅਮੀਰਾਂ 'ਤੇ ਲਗਾਤਾਰ ਲਗਾਏ ਜਾ ਰਹੇ ਅਸਥਾਈ ਸਰਚਾਰਜ ਨੂੰ ਵਧਾ ਕੇ ਸਥਾਈ ਕੀਤਾ ਜਾ ਸਕਦਾ ਹੈ। ਤਕਨੀਕ, ਟੀ ਆਈ ਐੱਨ ਅੰਕੜਿਆਂ ਵਿਚਲੀ ਜਾਣਕਾਰੀ ਅਤੇ ਜੀ ਐੱਸ ਟੀ ਰਾਹੀਂ ਤਰਕਸੰਗਤ ਖਪਤ ਕਰ ਲਾਉਣ ਨਾਲ ਭਾਰਤ ਦਾ ਘੱਟ ਕਰ ਦਾਇਰਾ ਫੈਲ ਸਕਦਾ ਹੈ। ਚੀਨ ਦੇ 20 ਪ੍ਰਤਿਸ਼ਤ ਦੇ ਮੁਕਾਬਲੇ ਸਿਰਫ਼ 3 ਪ੍ਰਤਿਸ਼ਤ ਭਾਰਤੀ ਕਰ ਦਿੰਦੇ ਹਨ। ਸੋ, ਫੈਲਾਅ ਦੀ ਸੰਭਾਵਨਾ ਬੇਅੰਤ ਹੈ। ਬਜਟ ਇਸ ਪਾਸੇ ਵੱਲ ਬਹੁਤ ਛੋਟਾ ਜਿਹਾ ਕਦਮ ਉਠਾ ਰਿਹਾ ਹੈ।

## ਨਿਚੋੜ

ਭਾਵੇਂ ਕੁੱਲ ਜੁਗਤਾਂ ਰਣਨੀਤੀ ਦੇ ਅਨੁਕੂਲ ਹਨ ਤਾਂ ਵੀ ਇਹ ਅਨੁਕੂਲਣ ਅਜੇ ਬਹੁਤ ਹੀ ਘੱਟ ਹੈ, ਕਿਉਂਕਿ ਵੱਖ-ਵੱਖ ਕੜੀਆਂ ਹਾਲੇ ਇਕ ਦੂਜੇ ਨਾਲ ਚੰਗੀ ਤਰ੍ਹਾਂ ਤਾਲਮੇਲ ਵਿਚ ਨਹੀਂ ਹਨ ਜੋ ਉਨ੍ਹਾਂ ਦੇ ਕੰਮ ਕਰਨ ਦੀ ਇਕ ਤਰਕਸੰਗਤ ਕਹਾਣੀ ਬਿਆਨ ਕਰਦੀ ਹੋਵੇ। ਇਹ ਬਦਕਿਸਮਤੀ ਹੈ ਕਿ ਵੱਖ-ਵੱਖ ਤਰ੍ਹਾਂ ਦੇ ਨਿਵੇਸ਼ ਦੇ ਸਾਧਨ ਜੁਟਾਉਣ ਦੇ ਤਰੀਕੇ ਅਤੇ ਉਨ੍ਹਾਂ ਦੇ ਵਿੱਤ ਵਿਚ ਸੁਧਾਰ ਨਾਲ, ਵਿਕਾਸ ਅਤੇ ਨੌਕਰੀਆਂ ਵਧਾਉਣ ਲਈ, ਉਹ ਇਕ ਦੂਜੇ ਨੂੰ ਬਲ ਪ੍ਰਦਾਨ ਕਰਨਗੇ। ਜਿਵੇਂ ਕਿ ਧਿਆਨ ਦੇ ਕੇਂਦਰ ਰੁਜ਼ਗਾਰ ਮੁਖੀ ਨਿਵੇਸ਼ ਵਾਲੇ ਖੇਤਰਾਂ, ਬੁਨਿਆਦੀ ਢਾਂਚਾ, ਮਕਾਨ, ਖੇਤੀਬਾੜੀ, ਬਾਜ਼ਾਰ ਅਤੇ ਫ਼ਸਲਾਂ ਦੀ ਆਵਾਜਾਈ ਹੋਵੇਗਾ। ਚੰਗੀਆਂ ਪ੍ਰਣਾਲੀਆਂ, ਪ੍ਰੋਤਸਾਹਨ, ਜਨਤਕ ਖਰਚੇ ਦੀ ਬਣਤਰ ਅਤੇ ਜਨਤਕ ਸੇਵਾਵਾਂ ਦੇ ਖੇਤਰ ਵਿਚ ਚੰਗੀ ਸ਼ੁਰੂਆਤ ਹੋਈ ਹੈ। ਵਿਕਾਸ ਵਿਚ ਯੋਗਦਾਨ ਤੋਂ ਇਲਾਵਾ, ਇਨ੍ਹਾਂ ਵਲੋਂ ਸਮਰਥਾ ਨਿਰਮਾਣ ਨਾਲ ਬਰਾਬਰੀ ਵਿਚ ਵੀ ਸੁਧਾਰ ਹੋਇਆ ਹੈ ਤਾਂ ਕਿ ਆਰਥਿਕਤਾ ਵਿਚ ਖੜ੍ਹੋਤ ਨਾ ਆਵੇ। ਪਹਿਲਾਂ ਖਪਤ ਮੁਖੀ ਸਰਕਾਰੀ ਖਰਚੇ ਦੀ ਬਣਤਰ ਨਾਲ ਮਹਿੰਗਾਈ ਵਿਚ ਵਾਧਾ ਹੋਇਆ ਸੀ।

ਪਰ ਬਜਟ ਭਾਸ਼ਨ ਅਜਿਹੀ ਕਹਾਣੀ ਬਿਆਨ ਨਹੀਂ ਕਰਦਾ, ਜੋ ਆਪਣੇ ਦਾਅ-ਪੇਚ ਪੁਰਾਣੀ ਨਿਰੰਤਰਤਾ ਨੂੰ ਬਰਕਰਾਰ ਰੱਖ ਕੇ ਵਾੜ ਅੰਦਰ ਰੱਖਣ ਨੂੰ ਪਹਿਲ ਦਿੰਦਾ ਹੈ, ਸਾਰਿਆਂ ਲਈ ਕੁੱਝ ਨਾ ਕੁੱਝ ਦੇ ਕੇ। ਸੰਮਿਲਤ ਕਰਨ ਦੀ ਅਸਫਲਤਾ, ਇਸ ਨੂੰ ਸਮਝ ਤੋਂ ਪਰੇ ਕਰ ਦੇਵੇਗੀ। ਇਹ ਬਹੁਤ ਖ਼ਤਰਨਾਕ ਹੈ ਕਿਉਂਕਿ ਹਮੇਸ਼ਾ ਵਾਂਗ ਸਿਆਸਤ ਬਦਲਾਅ ਦੇ ਮੌਕੇ ਗਵਾ ਲਵੇਗੀ। ਇਕ ਜਾਗਰੂਕ ਪ੍ਰਕਿਰਿਆ ਹਮੇਸ਼ਾ ਹੀ ਚੰਗੀ ਤਰ੍ਹਾਂ ਲਾਗੂ ਕੀਤੀ ਜਾਂਦੀ ਹੈ।

*(ਲੇਖਿਕਾ ਮੁੰਬਈ ਵਿਖੇ ਆਈ ਜੀ ਆਈ ਡੀ ਆਰ ਵਿਖੇ ਪ੍ਰੋਫ਼ੈਸਰ ਹੈ।)*

*e-mail :ashima@igidr.ac.in*

# ਵਿੱਤੀ ਮਜ਼ਬੂਤੀ ਲਈ ਵਿਹਾਰਕ ਪਹੁੰਚ

ਚਰਨ ਸਿੰਘ ਅਤੇ ਸ਼ਰਾਧਾ ਸ਼ਿੰਪੀ

## ਪਿਛੋਕੜ

2014 ਦਾ ਕੇਂਦਰੀ ਬਜਟ ਇਕ ਕਠਿਨ ਆਰਥਿਕ ਪ੍ਰਸਥਿਤੀ ਵਿਚ ਤਿਆਰ ਕੀਤਾ ਗਿਆ ਸੀ। ਵਿਸ਼ਵ ਪੱਧਰ 'ਤੇ ਆਰਥਿਕਤਾ ਦੀ ਮੁੜ-ਸੁਰਜੀਤੀ ਨਿਰੰਤਰ ਨਹੀਂ ਰਹੀ ਅਤੇ ਵਿੱਤੀ ਬਾਜ਼ਾਰ ਸਥਿਰ ਨਹੀਂ ਹਨ। ਅਰਥਸ਼ਾਸਤਰੀ ਸੈਂਟਰਲ ਬੈਂਕ (ਈ ਸੀ ਬੀ) ਨੇ ਹਾਲ ਹੀ ਵਿਚ ਨਾਂਹ ਵਾਚਕ ਵਿਆਜ ਦਰਾਂ ਐਲਾਨ ਕੀਤੀਆਂ ਹਨ ਜਦ ਕਿ ਅਮਰੀਕਾ ਨੇ ਹਾਲੇ ਆਪਣੀ ਘਟਦੀ ਹੋਈ ਯੋਜਨਾ ਨੂੰ ਅੰਤਿਮ ਰੂਪ ਨਹੀਂ ਦਿਤਾ ਹੈ। ਵਿਕਾਸਸ਼ੀਲ ਦੇਸ਼ਾਂ ਵਿਚ ਵਾਤਾਵਰਨ ਨਿਰਾਸ਼ਾਜਨਕ ਹੈ। ਬੀ ਆਰ ਆਈ ਸੀ ਐੱਸ (ਬ੍ਰਿਕਸ) ਦੇਸ਼ਾਂ ਵਿਚ ਵਿਕਾਸ ਵਿਚ ਸਥਿਰਤਾ ਨਹੀਂ ਹੈ। ਭਾਰਤ ਉਨ੍ਹਾਂ ਦੇਸ਼ਾਂ ਵਿਚੋਂ ਇਕ ਹੈ ਜਿਥੇ ਪਹਿਲੇ ਕੁਝ ਸਾਲ ਵਿਸ਼ਵ ਆਰਥਿਕ ਸੰਕਟ ਤੋਂ ਬਚਾਅ ਰਿਹਾ, ਪਰ ਆਰਥਿਕਤਾ ਦੀ ਵਿਕਾਸ ਦਰ 2012-13 ਅਤੇ 2013-14 ਵਿਚ ਘਟ ਕੇ 5 ਪ੍ਰਤਿਸ਼ਤ ਤੋਂ ਹੇਠਾਂ ਆ ਗਈ। ਆਰਥਿਕ ਦਰ ਵਿਚ ਗਿਰਾਵਟ ਦਾ ਝੁਕਾਅ ਖੇਤੀਬਾੜੀ, ਉਦਯੋਗ ਅਤੇ ਸੇਵਾਵਾਂ ਸਾਰੇ ਖੇਤਰਾਂ ਵਿਚ ਦਰਜ ਕੀਤਾ ਗਿਆ। ਨਿਰਾਸ਼ਾਜਨਕ ਵਿਕਾਸ ਦੇ ਨਾਲ-ਨਾਲ, ਮਹਿੰਗਾਈ ਦਰ ਵੀ ਬਹੁਤ ਜ਼ਿਆਦਾ ਰਹੀ ਹੈ। ਹਾਲਾਂ ਕਿ ਥੋਕ ਕੀਮਤ ਸੂਚਕ ਅੰਕ ਅਨੁਸਾਰ 2013-14 ਵਿਚ ਔਸਤ ਮਹਿੰਗਾਈ ਦਰ ਘਟ ਕੇ 6 ਪ੍ਰਤਿਸ਼ਤ 'ਤੇ ਆ ਗਈ। ਪਰ ਇਹ ਹਾਲੇ ਵੀ ਸੁਖਾਵੇਂ ਪੱਧਰ ਤੋਂ ਉੱਤੇ ਹੀ ਸੀ। ਜਦ ਕਿ ਨੀਤੀਗਤ ਫ਼ੈਸਲਿਆਂ ਨੂੰ ਲਾਗੂ ਕਰਨ ਨਾਲ ਸੋਨੇ ਦੇ ਆਯਾਤ ਨੂੰ ਠੱਲ੍ਹ ਪਈ। ਰੁਪਏ ਦੇ ਘਟਦੇ ਮੁੱਲ ਨੇ 2013-14 ਦੌਰਾਨ ਭਾਰਤ ਦੇ ਨਿਰਯਾਤ ਨੂੰ ਬਲ ਦੇਣ ਵਿਚ ਮਦਦ ਕੀਤੀ। ਸਿੱਟੇ ਵਜੋਂ, 2013-14 ਦੇ 4.7 ਪ੍ਰਤਿਸ਼ਤ ਦੇ ਮੁਕਾਬਲੇ 2013-14 ਵਿਚ ਚਾਲੂ ਖਾਤਾ ਘਾਟਾ 1.7 ਪ੍ਰਤਿਸ਼ਤ 'ਤੇ ਆ ਗਿਆ (ਚਿੱਤਰ-1)।

## ਵਿੱਤੀ ਸੰਕੇਤ


ਐੱਨ ਡੀ ਏ ਸਰਕਾਰ ਦੇ ਨੀਤੀਗਤ ਰੁਖ਼ ਦਾ ਬੁਨਿਆਦੀ ਉਦੇਸ਼, ਜੋ 2014-15 ਦੇ ਕੇਂਦਰੀ ਬਜਟ ਵਿਚ ਵੀ ਨਜ਼ਰ ਆ ਰਿਹਾ ਹੈ, ਉਹ ਹੈ ਘੱਟ ਸਰਕਾਰ ਅਤੇ ਵੱਧ ਸ਼ਾਸਨ। ਉਪਰੋਕਤ ਪਿਛੋਕੜ ਦੇ ਮੱਦੇ ਨਜ਼ਰ, 2014 ਦੇ ਬਜਟ ਵਿਚ ਜੋ ਘਾਟੇ ਨੂੰ ਕਾਬੂ ਕਰਨ, ਜ਼ਿਆਦਾ ਕਰਜ਼ਾ ਨਾ ਲੈਣ ਦੀ ਜੋ ਕੋਸ਼ਿਸ਼ ਕੀਤੀ ਗਈ ਹੈ, ਸਹੀ ਮਾਅਨਿਆਂ ਵਿਚ ਪ੍ਰਸ਼ੰਸਾਯੋਗ ਹੈ (ਤਾਲਿਕਾ-1)। ਇਹ ਬਜਟ ਆਉਣ ਵਾਲੇ 3-4 ਸਾਲਾਂ ਦੌਰਾਨ 7-8 ਪ੍ਰਤਿਸ਼ਤ ਨਿਰੰਤਰ ਵਿਕਾਸ ਦਰ ਦੀ ਪ੍ਰਾਪਤੀ ਦਾ ਟੀਚਾ ਲਈ ਬੈਠਾ ਹੈ, ਜਿਸ ਦੇ ਨਾਲ ਹੀ ਵਾਜਬ ਚਾਲੂ ਖਾਤਾ ਘਾਟਾ, ਘਟਿਆ ਹੋਇਆ ਵਿੱਤੀ ਘਾਟਾ ਅਤੇ ਮਹਿੰਗਾਈ ਦੇ ਨੀਵੇਂ ਪੱਧਰ ਦਾ ਟੀਚਾ ਵੀ ਮਿਥਿਆ ਗਿਆ ਹੈ। ਵਿੱਤੀ ਸਦ੍ਰਿੜ੍ਹੀਕਰਨ ਲਈ ਤਿਆਰ ਕੀਤੀ ਯੋਜਨਾ ਵਿਚ 2015-16 ਤਕ ਵਿੱਤੀ ਘਾਟੇ ਨੂੰ 3.6 ਪ੍ਰਤਿਸ਼ਤ ਅਤੇ 2016-17 ਤਕ 3 ਪ੍ਰਤਿਸ਼ਤ ਲਿਆਉਣ ਦੀ ਯੋਜਨਾ ਹੈ।

ਆਰਥਿਕਤਾ ਵਿਚ ਮੰਦੀ ਆਉਣ ਨਾਲ 2013-14 ਵਿਚ ਕਰਾਂ ਤੋਂ ਮਾਲੀਆ ਪ੍ਰਾਪਤੀ 'ਤੇ ਅਸਰ ਪਿਆ ਪਰ ਵਸੂਲੀ ਜਾਰੀ ਹੋਣ ਨਾਲ ਵਰਤਮਾਨ ਸਾਲ ਵਿਚ ਕੁਝ ਹਾਂ ਪੱਖੀ ਵਿਕਾਸ ਦੀ ਆਸ ਕੀਤੀ ਜਾਂਦੀ ਹੈ (ਤਾਲਿਕਾ-2)। ਖਰਚੇ ਦੇ ਮਾਮਲੇ ਵਿਚ, ਜਦਕਿ ਰੱਖਿਆ ਖੇਤਰ ਦਾ ਖ਼ਾਕਾ ਪਹਿਲਾਂ ਵਾਂਗ ਹੀ ਹੈ ਅਤੇ ਵਿਆਜ ਦੀ ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਵਜੋਂ ਅਦਾਇਗੀ ਵੀ ਘਟਣ ਦੀ ਉਮੀਦ ਹੈ, ਸਬਸਿਡੀਆਂ 'ਤੇ ਇਹ ਵਧੇਗਾ ਕਿਉਂਕਿ ਅਨਾਜ ਸਬਸਿਡੀ ਦਿਤੀ ਜਾਣ ਵਾਲੀ ਹੈ (ਤਾਲਿਕਾ-3)।

## ਚੋਣਵੇਂ ਨੀਤੀਗਤ ਐਲਾਨ

ਕੇਂਦਰੀ ਬਜਟ ਖੇਤੀ, ਬੁਨਿਆਦੀ ਢਾਂਚਾ ਵਿਕਾਸ ਲਈ ਤਕੜਾ ਜ਼ੋਰ, ਵੱਖ-ਵੱਖ ਤਰੀਕਿਆਂ ਨਾਲ ਰੁਜ਼ਗਾਰ ਨੂੰ ਪੈਦਾ ਕਰਨ ਅਤੇ ਕੁਝ ਆਰਥਿਕ ਵਿਕਾਸ 'ਤੇ ਜ਼ੋਰ ਦਿੰਦਾ ਹੈ। ਇਸ ਸਚਾਈ ਦੇ ਮੱਦੇਨਜ਼ਰ ਕਿ ਭਾਰਤ ਦੀ ਵਸੋਂ ਦਾ ਇਕ ਵੱਡਾ ਹਿੱਸਾ ਰੋਜ਼ੀ-ਰੋਟੀ ਲਈ ਖੇਤੀ ਅਤੇ ਸਹਾਇਕ ਖੇਤਰਾਂ 'ਤੇ ਨਿਰਭਰ ਕਰਦਾ ਹੈ, ਖ਼ਾਸ ਕਰਕੇ ਪੇਂਡੂ ਖੇਤਰਾਂ ਵਿਚ, ਬਜਟ ਵਿਚ ਖੇਤੀ ਨੂੰ

ਚਿੱਤਰ-1 : ਚਾਲੂ ਖਾਤਾ ਘਾਟਾ (ਕੁੱਲ ਘਰੇਲੂ ਉਤਪਾਦ ਦਾ ਪ੍ਰਤਿਸ਼ਤ)




*ਸਰੋਤ : ਭਾਰਤੀ ਰਿਜ਼ਰਵ ਬੈਂਕ*

ਤਾਲਿਕਾ-1

ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਅਨੁਸਾਰ ਘਾਟੇ

| ਸਾਲ | ਆਰ ਡੀ | ਜੀ ਐੱਫ ਡੀ | ਪੀ ਡੀ |
|---|---|---|---|
| 1980-81 | 1.4 | 5.7 | 3.9 |
| 1990-91 | 3.3 | 7.8 | 4.1 |
| 2000-01 | 4.1 | 5.7 | 0.9 |
| 2010-11 | 3.3 | 4.9 | 1.8 |
| 2012-13 | 3.6 | 4.9 | 1.8 |
| 2013-14 (ਸੋਧੇ ਹੋਏ ਅਨੁਮਾਨ) | 3.3 | 4.6 | 1.3 |
| 2014-15 (ਬਜਟ ਅਨੁਮਾਨ) | 3.0 | 4.1 | 0.8 |

*ਸਰੋਤ : ਭਾਰਤੀ ਰਿਜ਼ਰਵ ਬੈਂਕ ਅਤੇ ਭਾਰਤ ਸਰਕਾਰ ਦਾ ਬਜਟ*

ਤਾਲਿਕਾ-2

ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਵਜੋਂ ਚੋਣਵੇਂ ਵਿੱਤੀ ਸੰਕੇਤਕ

| ਸਾਲ | ਕਰ ਪ੍ਰਾਪਤੀ | ਵਿਆਜ ਅਦਾਇਗੀ | ਸਬਸਿਡੀਆਂ | ਰੱਖਿਆ |
|---|---|---|---|---|
| 1980-81 | 9.1 | 1.8 | 1.4 | 2.5 |
| 1990-91 | 10.1 | 3.8 | 2.1 | 2.7 |
| 2000-01 | 9.0 | 4.7 | 1.3 | 2.3 |
| 2010-11 | 10.3 | 3.1 | 2.3 | 2.0 |
| 2012-13 | 10.6 | 3.3 | 2.0 | 1.8 |
| 2013-14 (ਸੋਧੇ ਹੋਏ ਅਨੁਮਾਨ) | 10.2 | 3.3 | 2.2 | 1.8 |
| 2014-15 (ਬਜਟ ਅਨੁਮਾਨ) | 10.4 | 3.1 | 2.6 | 1.8 |

*ਸਰੋਤ : ਭਾਰਤੀ ਰਿਜ਼ਰਵ ਬੈਂਕ ਅਤੇ ਭਾਰਤ ਸਰਕਾਰ ਦਾ ਬਜਟ*

ਮੁਕਾਬਲੇ ਦੀ ਅਤੇ ਮੁਨਾਫ਼ੇ ਵਾਲੀ ਸਰਗਰਮੀ ਬਣਾਉਣ ਦੇ ਉਪਾਵਾਂ ਦੀ ਜ਼ਰੂਰਤ 'ਤੇ ਜ਼ੋਰ ਦਿਤਾ ਗਿਆ ਹੈ। ਕਿਸਾਨ ਟੈਲੀਵੀਜ਼ਨ, ਗੁਦਾਮਾਂ ਦੇ ਬੁਨਿਆਦੀ ਢਾਂਚੇ ਲਈ ਫ਼ੰਡ, ਕੀਮਤਾਂ ਸਥਿਰ ਕਰਨ ਲਈ ਫ਼ੰਡ, ਕਿਸਾਨ ਵਿਕਾਸ ਪੱਤਰ ਅਤੇ ਨਾਬਾਰਡ ਵਿਚ ਲੰਮੇ ਸਮੇਂ ਦੇ ਪੇਂਡੂ ਕਰਜ਼ਾ ਫ਼ੰਡ ਪ੍ਰਦਾਨ ਕਰਨ ਨਾਲ, ਅਤੇ ਦੂਸਰੀ ਹਰੀ ਕ੍ਰਾਂਤੀ ਜਿਸ ਦਾ ਮੁੱਖ ਉਦੇਸ਼ ਉਤਪਾਦਕਤਾ ਨੂੰ ਵਧਾਉਣਾ ਹੋਵੇਗਾ। ਇਹ ਸਾਰੇ ਕਦਮ ਈਮਾਨਦਾਰ ਯਤਨ ਹਨ ਜੋ ਆਰਥਿਕਤਾ ਵਿਚ ਖੇਤੀ ਖੇਤਰ ਨੂੰ ਉਤਸ਼ਾਹਿਤ ਕਰਨਗੇ।

ਮਕਾਨ ਉਸਾਰੀ, ਨਿਰਮਾਣ ਅਤੇ ਜ਼ਮੀਨ-ਜਾਇਦਾਦ ਆਰਥਿਕ ਵਿਕਾਸ ਦੇ ਮੁੱਖ ਖੇਤਰ ਹਨ। ਇਹ ਉਦਯੋਗ ਰੁਜ਼ਗਾਰ ਵਧਾਉਣ, ਮੰਗ ਵਧਾਉਣ ਅਤੇ ਦੂਜੇ ਖੇਤਰਾਂ 'ਤੇ ਹਾਂ ਪੱਖੀ ਪ੍ਰਭਾਵ ਪਾਉਣ ਦੀ ਸਮਰੱਥਾ ਰੱਖਦੇ ਹਨ। ਨਿਵੇਸ਼ ਪ੍ਰਾਜੈਕਟਾਂ ਲਈ ਵੱਡੀ ਪੱਧਰ 'ਤੇ ਫ਼ੰਡ ਜੁਟਾਉਣ ਲਈ ਵਿੱਤ ਮੰਤਰੀ ਨੇ ਜ਼ਮੀਨ-ਜਾਇਦਾਦ ਨਿਵੇਸ਼ ਟ੍ਰਸਟ ਅਤੇ ਬੁਨਿਆਦੀ ਢਾਂਚਾ ਨਿਵੇਸ਼ ਟ੍ਰਸਟ ਨੂੰ ਲੋੜੀਂਦੇ ਪ੍ਰੋਤਸਾਹਨ ਦੇਣ ਦੀ ਇੱਛਾ ਪ੍ਰਗਟਾਈ ਹੈ। ਜਦ ਕਿ ਬੁਨਿਆਦੀ ਢਾਂਚੇ ਦੇ ਪ੍ਰਾਜੈਕਟ ਆਮ ਤੌਰ ਤੇ ਵਧੇਰੇ ਲੰਮੇ ਸਮੇਂ ਵਿਚ ਮੁਕੰਮਲ ਹੁੰਦੇ ਹਨ ਅਤੇ ਕਾਫ਼ੀ ਸਰੋਤਾਂ ਦੀ ਲੋੜ ਹੁੰਦੀ ਹੈ, ਆਰ ਈ ਆਈ ਟੀ ਐੱਸ ਅਤੇ ਇਨਵ ਆਈ ਟੀ ਐੱਸ ਅਹਿਮ ਵਿੱਤ, ਜਿਸ ਵਿਚ ਅੰਤਰਰਾਸ਼ਟਰੀ ਵਿੱਤ ਵੀ ਸ਼ਾਮਿਲ ਹੈ, ਲਿਆ ਸਕਦੇ ਹਨ ਜਿਸ ਨਾਲ ਬੁਨਿਆਦੀ ਢਾਂਚੇ ਵਿਚ ਲੋੜੀਂਦਾ ਵਿਕਾਸ ਹੋਵੇਗਾ।

ਭਾਰਤ ਕੋਲ ਮਕਾਨਾਂ ਦੀ ਸਖਤ ਕਮੀ ਹੈ, ਜਿਸ ਦਾ 2012 ਵਿਚ ਸ਼ਹਿਰੀ ਖੇਤਰਾਂ ਵਿਚ ਅਨੁਮਾਨ 19 ਮਿਲੀਅਨ ਇਕਾਈਆਂ ਲਗਾਇਆ ਗਿਆ ਸੀ। ਮਕਾਨ ਅਤੇ ਗਰੀਬੀ ਹਟਾਉਣ ਵਾਲੇ ਮੰਤਰਾਲਾ ਦੀ ਕੇਂਦਰੀ ਖ਼ਾਕਾ ਯੋਜਨਾ ਨੂੰ ਦੁੱਗਣਾ ਕਰ ਦਿਤਾ ਗਿਆ ਹੈ ਅਤੇ ਵਿੱਤ ਮੰਤਰੀ ਨੇ ਘੱਟ ਲਾਗਤ ਅਤੇ ਪਹੁੰਚ ਵਾਲੇ ਮਕਾਨਾਂ ਲਈ ਮਿਸ਼ਨ ਦੀ ਸਥਾਪਨਾ ਦੀ ਪ੍ਰਸਤਾਵਨਾ ਕੀਤੀ ਹੈ ਜਿਸ ਨੂੰ ਨੈਸ਼ਨਲ ਹਾਊਸਿੰਗ ਬੈਂਕ ਵਲੋਂ ਲਾਗੂ ਕੀਤਾ ਜਾਵੇਗਾ। ਆਰਥਿਕਤਾ ਅੰਦਰ ਵਿਕਾਸ ਅਤੇ ਉੱਨਤੀ ਦਾ ਇਕ ਉੱਪ ਉਤਪਾਦ ਵਧੀਆ ਰਹਿਣ-ਸਹਿਣ ਅਤੇ ਉਪਯੁਕਤ ਮੌਕਿਆਂ ਦੀ ਇੱਛਾ ਹੁੰਦਾ ਹੈ। ਇਕ ਸੌ ਸਮਾਰਟ ਸ਼ਹਿਰਾਂ ਦਾ ਵਿਕਾਸ ਅਤੇ ਸਿੱਟੇ ਵਜੋਂ ਆਧੁਨਿਕੀਕਰਨ ਦੀਆਂ ਸਰਗਰਮੀਆਂ ਜ਼ਮੀਨ-ਜਾਇਦਾਦ ਅਤੇ ਕੁੱਲ ਬੁਨਿਆਦੀ ਢਾਂਚੇ 'ਤੇ ਹਾਂ ਪੱਖੀ ਅਸਰ ਪਾਉਣਗੀਆਂ। ਇਸ ਨਾਲ ਆਧੁਨਿਕ ਸੰਚਾਰ ਵਿਚ ਨਿਵੇਸ਼ ਵਧੇਗਾ, ਜਿਸ ਦੇ ਸਿੱਟੇ ਵਜੋਂ ਦੂਰ ਸੰਚਾਰ ਖੇਤਰ ਅਤੇ ਸੂਚਨਾ ਤਕਨੀਕ ਦੇ ਬੁਨਿਆਦੀ ਢਾਂਚੇ ਵਿਚ ਸੁਧਾਰ ਦੇਖਣ ਨੂੰ ਮਿਲੇਗਾ।

ਵਸਤਾਂ ਅਤੇ ਸੇਵਾਵਾਂ ਕਰ ਤਹਿਤ ਵਸਤਾਂ ਸ਼ਾਮਿਲ ਕਰਨ ਬਾਰੇ ਲਚਕੀਲਾਪਨ ਇਹ ਦਰਸਾਉਂਦਾ ਹੈ ਕਿ ਇਸ ਨੂੰ ਲਾਗੂ ਕਰਨਾ ਸ਼ਾਂਤੀਪੂਰਵਕ ਅਤੇ ਫੌਰੀ ਹੋਵੇਗਾ। ਦਰਾਂ ਦੀ ਇਕਸਾਰਤਾ ਅਤੇ ਜੀ ਐੱਸ ਟੀ ਦੀ ਨਿਗਰਾਨੀ ਦੀ ਸੌਖ ਕੇਂਦਰ ਅਤੇ ਰਾਜ ਸਰਕਾਰਾਂ, ਦੋਹਾਂ ਲਈ ਬਰਾਬਰ ਲਾਹੇਵੰਦ ਹੋਵੇਗੀ। ਪੂਲਡ ਮਿਊਂਸੀਪਲ ਡੈਟ ਅਬਲਾਈਗੇਸ਼ਨ ਸਹੂਲਤ ਨਾ ਸਿਰਫ਼ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਅਤੇ ਨਿਗਮਾਂ ਲਈ ਵਿੱਤੀ ਸਹੂਲਤਾਂ ਦਾ ਘੇਰਾ ਚੌੜਾ ਕਰੇਗੀ ਪਰ ਸਥਾਨਕ ਸਰਕਾਰਾਂ ਦੀ ਮਜ਼ਬੂਤੀ ਵਿਚ ਵੀ ਸਹਾਈ ਹੋਵੇਗੀ। ਸਵੱਛ ਭਾਰਤ ਅਭਿਆਨ ਦਾ ਭਾਰਤੀਆਂ ਦੀ ਸਿਹਤ 'ਤੇ ਹਾਂ ਪੱਖੀ ਅਸਰ ਪਵੇਗਾ ਅਤੇ ਖ਼ਾਸ ਕਰਕੇ ਬੱਚਿਆਂ ਦੀ ਮੌਤ ਦੀ ਦਰ ਵਿਚ ਕਮੀ ਆਵੇਗੀ ਕਿਉਂਕਿ ਇਹ ਸਿੱਧੇ ਤੌਰ ਤੇ ਦਸਤਾਂ ਵਰਗੀ ਬੀਮਾਰੀ 'ਤੇ ਕਾਬੂ ਪਾਉਣ ਵਿਚ ਮਦਦ ਕਰੇਗੀ।

ਅਖੀਰ ਵਿਚ, ਔਰਤ ਕਾਮਿਆਂ ਦੀ ਸੁਰੱਖਿਆ ਅਤੇ ਹਿਫਾਜ਼ਤ ਲਈ ਵੱਖ-ਵੱਖ ਐਲਾਨ, ਜਿਵੇਂ *ਬੇਟੀ ਬਚਾਓ, ਬੇਟੀ ਪੜ੍ਹਾਓ ਯੋਜਨਾਵਾਂ* ਬੱਚੀਆਂ ਲਈ ਸਤਿਕਾਰ ਅਤੇ ਦਿਲੀ ਸਵੀਕ੍ਰਿਤੀ ਪ੍ਰਦਾਨ ਕਰਨਗੇ ਅਤੇ ਮਜ਼ਬੂਤ ਸਿੱਖਿਆ, ਮਜ਼ਬੂਤੀ ਨਾਲ ਅੱਗੇ ਵਧਣ ਅਤੇ ਆਰਥਿਕਤਾ ਵਿਚ ਯੋਗਦਾਨ ਪਾਉਣ ਵਾਲੀ ਭੂਮਿਕਾ ਸਦਕਾ, ਉਸ ਦੀ ਸਫਲਤਾ 'ਤੇ ਮਾਣ ਮਹਿਸੂਸ ਕਰਨਗੇ। ਇਹ ਦੇਸ਼ ਦੀ ਇਕ ਤਿਹਾਈ ਮਜ਼ਦੂਰ ਸ਼ਕਤੀ ਨੂੰ ਵਿਕਾਸ ਪ੍ਰਕਿਰਿਆ ਵਿਚ ਸਵੈ-ਵਿਸ਼ਵਾਸ ਅਤੇ ਮੁਕਾਬਲੇ ਵਾਲੀ ਭਾਵਨਾ ਨਾਲ ਭਾਗ ਲੈਣ ਲਈ ਪ੍ਰੇਰਿਤ ਕਰਨਗੇ।

## ਬਜਟ ਦਾ ਆਰਥਿਕ ਪ੍ਰਭਾਵ

ਕੇਂਦਰੀ ਬਜਟ ਦੇ ਪ੍ਰਭਾਵ ਦਾ ਮੁੱਲੰਕਣ ਕਰਨ ਲਈ ਮੁੱਖ ਆਰਥਿਕ ਮੁੱਦਿਆਂ 'ਤੇ ਵਿਚਾਰ ਕਰੋ ਜੋ ਆਰਥਿਕਤਾ ਨੂੰ ਢਾਹ ਲਾਉਂਦੇ ਹਨ ਅਤੇ ਜਿਨ੍ਹਾਂ ਬਾਰੇ ਚੋਣ ਪ੍ਰਚਾਰ ਸਮੇਂ ਵੱਡੇ ਪੱਧਰ 'ਤੇ ਚਰਚਾ ਹੋਈ ਹੈ – ਆਰਥਿਕ ਵਿਕਾਸ, ਰੁਜ਼ਗਾਰ

| ਤਾਲਿਕਾ-3 : ਪ੍ਰਮੁੱਖ ਸਬਸਿਡੀਆਂ | | | |
|---|---|---|---|
| | | | ਕਰੋੜਾਂ ਵਿਚ |
| ਵੇਰਵੇ | 2012-13 | 2013-14 (ਸੋਧੇ ਹੋਏ ਅਨੁਮਾਨ) | 2014-15 (ਬਜਟ ਅਨੁਮਾਨ) |
| ਪ੍ਰਮੁੱਖ ਸਬਸਿਡੀਆਂ | 247493 | 245452 | 251397 |
| ਖਾਦਾਂ 'ਤੇ ਸਬਸਿਡੀ | 65613 | 67972 | 72970 |
| ਅਨਾਜ 'ਤੇ ਸਬਸਿਡੀ | 85000 | 92000 | 115000 |
| ਪੈਟਰੋਲੀਅਮ ਪਦਾਰਥਾਂ 'ਤੇ ਸਬਸਿਡੀ | 96880 | 85480 | 63427 |
| ਵਿਆਜ 'ਤੇ ਸਬਸਿਡੀ | 7270 | 8175 | 8313 |
| ਹੋਰ ਸਬਸਿਡੀਆਂ | 2316 | 1890 | 947 |
| ਕੁੱਲ ਸਬਸਿਡੀ | 257079 | 255516 | 260658 |

*ਸਰੋਤ : ਭਾਰਤੀ ਰਿਜ਼ਰਵ ਬੈਂਕ ਅਤੇ ਭਾਰਤ ਸਰਕਾਰ ਦਾ ਬਜਟ*

ਅਤੇ ਮੁਦਰਾ ਸਫ਼ਿਤੀ/ਬਜਟ ਇਨ੍ਹਾਂ ਤਿੰਨਾਂ ਦੇ ਹੱਲ ਲਈ ਗੰਭੀਰ ਕੋਸ਼ਿਸ਼ ਕਰਦਾ ਹੈ।

ਵੱਖ-ਵੱਖ ਸਕੀਮਾਂ, ਜਿਵੇਂ ਜ਼ਮੀਨ-ਜਾਇਦਾਦ, ਬੁਨਿਆਦੀ ਢਾਂਚਾ ਨਿਵੇਸ਼ ਟ੍ਰਸਟ, ਮਕਾਨ ਉਸਾਰੀ ਵਾਸਤੇ ਪ੍ਰੋਤਸਾਹਨ, ਅਤੇ ਐੱਨ ਐੱਚ ਬੀ ਰਾਹੀਂ ਪਹੁੰਚ ਅੰਦਰਲੇ ਘਰਾਂ ਲਈ ਜ਼ਿਆਦਾ ਰਕਮਾਂ ਦਿਤੇ ਜਾਣ ਨੂੰ ਉਤਸ਼ਾਹ ਦੇਣ ਨਾਲ ਮਕਾਨ ਅਤੇ ਉਸਾਰੀ ਖੇਤਰ ਨੂੰ ਵੱਡਾ ਹੁਲਾਰਾ ਮਿਲੇਗਾ। ਇਸ ਤਹਿਤ ਸਮਾਰਟ ਸ਼ਹਿਰਾਂ ਅਤੇ ਪਹਿਲੇ ਤੇ ਦੂਜੇ ਖੰਡ ਦੇ ਸ਼ਹਿਰਾਂ ਵਿਚ ਹਵਾਈ ਅੱਡੇ ਨਿਰਮਾਣ ਲਈ ਵੀ ਆਵੰਟਨ ਕੀਤਾ ਜਾਵੇਗਾ। ਕਿਉਂਕਿ ਮਕਾਨ ਉਸਾਰੀ ਦਾ 269 ਉਦਯੋਗਾਂ ਨਾਲ ਸੰਬੰਧ ਹੈ, ਇਸ ਕਰਕੇ ਉਦਯੋਗਿਕ ਵਿਕਾਸ ਦੀ ਵਧਦੀ ਤਰੱਕੀ ਵਿਚ ਯੋਗਦਾਨ ਦੇਵੇਗਾ। ਵਿਕਾਸ ਨੂੰ ਵਧਾਉਣ ਵਾਲੇ ਇਹ ਉਪਰਾਲੇ ਜ਼ਰੂਰ ਹੀ ਦੇਸ਼ ਵਿਚ ਰੁਜ਼ਗਾਰ ਦੀ ਹਾਲਾਤ 'ਤੇ ਅਸਰ ਅੰਦਾਜ਼ ਹੋਣਗੇ। ਨਾਲ ਹੀ, ਸੈਰਸਪਾਟਾ ਸੱਨਅਤ ਨੂੰ ਪ੍ਰੋਤਸਾਹਨ ਦੇਣ ਦੇ ਕਦਮ ਸਿੱਧੇ ਤੌਰ ਤੇ ਹੋਟਲ, ਮਨੋਰੰਜਨ, ਆਵਾਜਾਈ, ਹਵਾਈ ਸੱਨਅਤ ਅਤੇ ਹੋਰ ਵਪਾਰਕ ਸਰਗਰਮੀਆਂ ਵਿਚ ਰੁਜ਼ਗਾਰ ਦੇਣ ਦਾ ਸਬੱਬ ਬਣਨਗੇ।

ਵਿੱਤੀ ਸੰਮਿਲਤ ਮਿਸ਼ਨ, ਜੋ 15 ਅਗਸਤ 2014 ਨੂੰ ਹੈ, ਸਮਾਜ ਦੇ ਕਮਜ਼ੋਰ ਵਰਗਾਂ ਦੇ ਸ਼ਕਤੀਕਰਨ ਲਈ ਸ਼ੁਰੂ ਕੀਤਾ ਜਾ ਰਿਹਾ ਹੈ, ਗਰੀਬਾਂ ਤਕ ਵਿੱਤੀ ਸੇਵਾਵਾਂ ਫੈਲਾਉਣ ਵਿਚ ਮਦਦ ਕਰੇਗਾ। ਇਨ੍ਹਾਂ ਸਰਗਰਮੀਆਂ ਲਈ ਤਕਨੀਕ ਦਾ ਇਸਤੇਮਾਲ ਬੈਂਕਿੰਗ ਖੇਤਰ ਵਿਚ ਖਾਤੇ ਖੋਲ੍ਹਣ, ਵਿੱਤੀ ਸਾਖਰਤਾ ਫੈਲਾਉਣ ਅਤੇ ਹੋਰ ਜ਼ਿਆਦਾ ਵਿੱਤੀ ਸੇਵਾਵਾਂ ਪੇਂਡੂ ਖੇਤਰਾਂ ਤਕ ਪਹੁੰਚਾਉਣ ਲਈ ਇਕ ਹੁਲਾਰੇ ਦਾ ਕੰਮ ਕਰੇਗਾ। ਨਾਲ ਹੀ, ਦੋ ਹੋਰ ਉਪਰਾਲੇ, ਭਾਵੇਂ ਉਹ ਭਲਾਈ ਪੱਖੀ ਹੀ ਹਨ, ਰੁਜ਼ਗਾਰ ਵਧਾਉਣ ਵਿਚ ਮਦਦ ਕਰਨਗੇ, ਜਿਵੇਂ ਬੀਮਾ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਵਿਚ ਵਾਧਾ। ਬੀਮੇ ਦਾ ਵਿਸਥਾਰ, ਜਿਸ ਨੂੰ ਬੀਮੇ ਦੀ ਰਕਮ ਅਤੇ ਕੁੱਲ ਘਰੇਲੂ ਉਤਪਾਦ ਦੇ ਸੰਦਰਭ ਵਿਚ ਮਾਪਿਆ ਜਾਂਦਾ ਹੈ, ਪਿਛਲੇ ਦਹਾਕੇ ਵਿਚ ਸਰਕਾਰ ਦੀਆਂ ਅਣਗਿਣਤ ਕੋਸ਼ਿਸ਼ਾਂ ਦੇ ਬਾਵਜੂਦ 4 ਪ੍ਰਤਿਸ਼ਤ ਤੋਂ ਘੱਟ ਹੈ, ਜਿਸ ਵਿਚ ਭਾਰਤ ਅੰਦਰ ਨਿੱਜੀ ਬੀਮਾ ਕੰਪਨੀਆਂ ਨੂੰ ਕੰਮ ਕਰਨ ਦੀ ਆਜ਼ਾਦੀ ਵੀ ਸ਼ਾਮਿਲ ਹੈ। ਵਰਤਮਾਨ ਸਮੇਂ ਦੇਸ਼ ਦੀ 25 ਪ੍ਰਤਿਸ਼ਤ ਤੋਂ ਘੱਟ ਆਬਾਦੀ ਦੇ ਬੀਮੇ ਹੇਠ ਹੋਣ ਨੂੰ ਵਧਾਉਣ ਦੀ ਗੁੰਜਾਇਸ਼ 'ਤੇ ਜ਼ੋਰ ਦੇਣ ਨਾਲ ਭਾਰਤ ਵਰਗੇ ਨੌਜਵਾਨਾਂ ਦੇ ਦੇਸ਼ ਵਿਚ ਰੁਜ਼ਗਾਰ ਦੇ ਹੋਰ ਮੌਕੇ ਪੈਦਾ ਕਰੇਗੀ। ਬਹੁਤ ਹੀ ਨੌਜਵਾਨ ਅਤੇ ਗਤੀਸ਼ੀਲ ਵਸੋਂ ਵਾਲੇ ਦੇਸ਼ ਨੇ ਸਾਧਾਰਨ ਜਿਹੇ ਫ਼ੈਸਲਿਆਂ ਜਿਵੇਂ ਜੰਗੀ ਯਾਦਗਾਰਾਂ ਜਾਂ ਏਕਤਾ ਦੀ ਮੂਰਤੀ ਬਣਾਉਣ ਵਰਗੇ ਫ਼ੈਸਲਿਆਂ ਨੂੰ ਰਾਸ਼ਟਰਵਾਦ ਵਾਲਾ ਗਰਦਾਨਿਆ ਹੈ। ਇਨ੍ਹਾਂ ਨੂੰ ਰਾਸ਼ਟਰੀ ਸਮਾਰਕਾਂ ਅਤੇ ਸੈਰਸਪਾਟਾ ਦੇ ਸਥਾਨਾਂ ਵਜੋਂ ਵਿਕਸਤ ਕੀਤਾ ਜਾ ਸਕਦਾ ਹੈ ਤਾਂ ਜੋ ਵਪਾਰ ਅਤੇ ਰੁਜ਼ਗਾਰ ਨੂੰ ਉਤਸ਼ਾਹ ਦਿਤਾ ਜਾ ਸਕੇ। ਹਰੇਕ ਰਾਜ ਵਿਚ ਨਵੇਂ ਆਈ ਆਈ ਟੀ, ਆਈ ਆਈ ਐੱਮ, ਏਮਜ਼, ਖੇਤੀ ਅਤੇ ਬਾਗ਼ਬਾਨੀ ਵਿਸ਼ਵ ਵਿਦਿਆਲੇ ਅਤੇ ਲੰਮੇ ਸਮੇਂ ਦੇ ਉਦੇਸ਼ ਹਰੇਕ ਰਾਜ ਵਿਚ ਪ੍ਰਮੁੱਖ ਅਦਾਰੇ ਖੋਲ੍ਹਣ ਨਾਲ ਭਾਰਤ ਅਤੇ ਵਿਦੇਸ਼ਾਂ ਵਿਚ ਨੌਜਵਾਨਾਂ ਨੂੰ ਰੁਜ਼ਗਾਰ ਪ੍ਰਾਪਤੀ 'ਤੇ ਬਲ ਮਿਲੇਗਾ।

ਪਿਛਲੇ ਕੁਝ ਮਹੀਨਿਆਂ ਵਿਚ, ਇਹ ਲਗਾਤਾਰ ਸਪੱਸ਼ਟ ਹੋਇਆ ਹੈ ਕਿ ਭਾਰਤ ਵਿਚ ਮੁਦਰਾ ਸਫ਼ਿਤੀ, ਖ਼ਾਸ ਕਰਕੇ ਖਾਣ ਪੀਣ ਵਾਲੀਆਂ ਵਸਤਾਂ ਵਿਚ, ਮੰਗ ਪੱਖ ਦੀ ਘਟਨਾ ਹੈ ਜੋ ਲਚਕ ਵਿੱਤੀ ਨੀਤੀਆਂ ਕਰਕੇ ਨਹੀਂ ਪੈਦਾ ਹੋਈ। ਮੰਗ ਪੱਖ ਦੇ ਤੌਖ਼ਲਿਆਂ ਨੂੰ ਦੂਰ ਕਰਨ ਲਈ ਖੇਤੀਬਾੜੀ ਅਤੇ ਪੇਂਡੂ ਖੇਤਰ ਦੀਆਂ ਸਰਗਰਮੀਆਂ ਜਿਵੇਂ ਗੁਦਾਮਾਂ ਆਦਿ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਭਾਰਤੀ ਖ਼ੁਰਾਕ ਨਿਗਮ ਵਿਚ ਸੁਧਾਰ ਕਰਨ ਦੇ ਐਲਾਨ ਅਤੇ ਜਨਤਕ ਵੰਡ ਪ੍ਰਣਾਲੀ ਵਿਚ ਗੜਬੜੀ ਨੂੰ ਰੋਕਣ ਨਾਲ ਖੇਤੀ ਕੀਮਤਾਂ 'ਤੇ ਕਾਬੂ ਪਾਉਣ ਵਿਚ ਮਦਦ ਮਿਲੇਗੀ ਜੋ ਭਾਰਤ ਵਿਚ ਵਾਰ-ਵਾਰ ਮੁਦਰਾ ਸਫ਼ਿਤੀ ਵਿਚ ਵਾਧੇ ਦਾ ਕਾਰਨ ਬਣਦੀਆਂ ਹਨ।

ਇਹ ਇਕ ਅਨੋਖਾ ਬਜਟ ਹੈ ਜਿਸ ਨੇ ਆਰਥਿਕਤਾ ਦੀ ਮੁੜ-ਸੁਰਜੀਤੀ ਅਤੇ ਵਿਕਾਸ ਪ੍ਰਕਿਰਿਆ ਵਿਚ ਭਾਗੀਦਾਰੀ ਦੀ ਭਾਵਨਾ ਦਾ ਸੰਚਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਸੋ, ਵੱਖ-ਵੱਖ ਸਕੀਮਾਂ ਨੂੰ ਲਾਗੂ ਕਰਨ ਲਈ ਕੁੱਝ ਸੁਝਾਅ ਪੇਸ਼ ਕੀਤੇ ਜਾ ਰਹੇ ਹਨ :

- ਅਨਾਜ ਦੀ ਸਬਸਿਡੀ ਦੇ ਮਾਮਲੇ ਵਿਚ, ਅਨਾਜ ਦੀ ਲੋੜਵੰਦ ਲੋਕਾਂ ਤਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਵਿਤਰਣ ਤੰਤਰ ਨੂੰ ਦਰੁਸਤ ਕਰਨ ਲਈ ਸਥਾਨਕ ਅਧਿਕਾਰੀਆਂ ਦੀ ਭੂਮਿਕਾ ਨੁਮਾਇਆ ਕਰਨੀ ਪਵੇਗੀ ਤਾਂ ਜੋ ਕੁਪੋਸ਼ਣ ਦੇ ਸ਼ਿਕਾਰ ਲੋਕਾਂ ਤਕ ਅਨਾਜ ਪਹੁੰਚ ਸਕੇ।

- *ਕਿਸਾਨ ਵਿਕਾਸ ਪੱਤਰ* ਦੁਬਾਰਾ ਸ਼ੁਰੂ ਕਰਨ ਨੂੰ ਵੀ ਖ਼ਾਸ ਧਿਆਨ ਦੇਣਾ ਪਵੇਗਾ। ਕਿਉਂਕਿ ਕਿਸਾਨ ਵਿਕਾਸ ਪੱਤਰਾਂ ਦੇ ਪਿਛਲੇ ਦੌਰ ਵਿਚ, ਬਹੁਤ ਸਾਰੇ ਮਾਮਲਿਆਂ ਵਿਚ ਗ਼ੈਰ-ਕਿਸਾਨਾਂ ਦੀ ਸ਼ਮੂਲੀਅਤ ਸਾਹਮਣੇ ਆਈ ਸੀ। ਇਸ ਕਰਕੇ ਇਨ੍ਹਾਂ ਨੂੰ ਦੁਬਾਰਾ ਸ਼ੁਰੂ ਕਰਨ ਅਤੇ ਇਨ੍ਹਾਂ ਦੀ ਲੋੜ ਅਤੇ ਵਿੱਤੀ ਤੰਤਰ ਦੀ ਉਪਯੋਗਤਾ ਬਾਰੇ ਗੰਭੀਰ ਵਿਚਾਰ-ਚਰਚਾ ਕਰਨ ਦੀ ਲੋੜ ਹੈ।

- ਵਿੱਤੀ ਸਮਾਵੇਸ਼ ਮਿਸ਼ਨ, ਜਿਸ ਤਹਿਤ ਹਰ ਘਰ ਪ੍ਰਤਿ ਦੋ ਬੈਂਕ ਖਾਤੇ ਅਤੇ ਇੰਨੀ ਹੀ ਰਕਮ ਦਾ ਸ਼ੁਰੂਆਤੀ ਕਰਜ਼ਾ ਦੇਣਾ ਗ਼ੈਰ-ਖਾਤਾ ਧਾਰਕਾਂ ਨੂੰ ਇਸ ਪ੍ਰਣਾਲੀ ਤੋਂ ਜਾਣੂ ਕਰਵਾਉਣ ਵਿਚ ਸਫਲ ਹੋ ਸਕਦਾ ਹੈ ਪਰ ਇਹ ਜੋਖਮ ਭਰਿਆ ਵੀ ਹੋ ਸਕਦਾ ਹੈ। ਹਰੇਕ ਭਾਰਤੀ ਲਈ

ਵਿਲੱਖਣ ਪਛਾਣ ਨੰਬਰ ਦੀ ਅਣਹੋਂਦ ਕਾਰਨ, ਵਿਸ਼ੇਸ਼ ਸਾਵਧਾਨੀ ਵਰਤਣੀ ਪਵੇਗੀ ਤਾਂ ਕਿ ਦਿਤੇ ਜਾਣ ਵਾਲੇ ਕਰਜ਼ੇ ਵਿਚ ਕੋਈ ਗੜਬੜੀ ਨਾ ਹੋਵੇ, ਜੋ ਇਨ੍ਹਾਂ ਨਵੇਂ ਖਾਤਾ ਧਾਰਕਾਂ ਨੂੰ ਬੈਂਕਾਂ ਰਾਹੀਂ ਦਿਤਾ ਜਾਣਾ ਹੈ।

- ਮੌਜੂਦਾ ਜਨਤਕ ਵੰਡ ਪ੍ਰਣਾਲੀ ਵਿਚ ਸੁਧਾਰ ਤਹਿਤ ਇਨ੍ਹਾਂ ਰਾਹੀਂ ਨਵੀਆਂ ਵਸਤਾਂ, ਪੰਜ ਲੱਖ ਤੋਂ ਵੱਧ ਵਾਜਬ ਕੀਮਤ ਦੀਆਂ ਦੁਕਾਨਾਂ ਤੋਂ ਵੰਡਣ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ, ਜਿਵੇਂ ਚੰਗੀ ਸਾਫ਼-ਸਫ਼ਾਈ ਲਈ ਸਾਬਣ, ਜ਼ਰੂਰੀ ਦਵਾਈਆਂ ਅਤੇ ਸਿਹਤਮੰਦ ਜ਼ਿੰਦਗੀ ਜਿਉਣ ਲਈ ਮੱਛਰਦਾਨੀਆਂ ਆਦਿ।

***ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਤਹਿਤ ਕੀਤੇ ਜਾਂਦੇ ਖਰਚੇ ਨੂੰ ਵਿਕਾਸ ਅਤੇ ਰੁਜ਼ਗਾਰ ਦੇ ਮੰਤਵ ਲਈ ਵਰਤਿਆ ਜਾ ਸਕਦਾ ਹੈ ਭਾਵੇਂ ਕਿ ਸਮਾਜੀ ਵਿਕਾਸ ਲਈ ਇਹ ਇਕ ਪਰਉਪਕਾਰੀ ਸਰਗਰਮੀ ਹੀ ਹੈ। 2013 ਦੇ ਕੰਪਨੀ ਐਕਟ ਅਨੁਸਾਰ, ਚੋਣਵੀਆਂ ਕੰਪਨੀਆਂ ਨੂੰ ਆਪਣੇ ਮੁਨਾਫ਼ੇ ਦਾ 2 ਪ੍ਰਤਿਸ਼ਤ ਸੀ ਐੱਸ ਆਰ ਸਰਗਰਮੀਆਂ ਲਈ ਵਰਤਣਾ ਜ਼ਰੂਰੀ ਹੈ। ਸੀ ਐੱਸ ਆਰ ਦੇ ਨੇਮ ਘੱਟੋ-ਘੱਟ 500 ਕਰੋੜ ਰੁਪਏ ਦੇ ਅਸਾਸੇ ਜਾਂ 1000 ਕਰੋੜ ਰੁਪਏ ਦਾ ਕਾਰੋਬਾਰ ਜਾਂ ਇਕ ਸਾਲ ਵਿਚ ਘੱਟੋ-ਘੱਟ 5 ਕਰੋੜ ਰੁਪਏ ਦਾ ਸ਼ੁੱਧ ਮੁਨਾਫ਼ਾ ਕਮਾਉਣ ਵਾਲੀਆਂ ਕੰਪਨੀਆਂ 'ਤੇ ਲਾਗੂ ਹੁੰਦੇ ਹਨ। ਸੀ ਐੱਸ ਆਰ ਤਹਿਤ ਵੱਖ-ਵੱਖ ਸਰਗਰਮੀਆਂ ਕੀਤੀਆਂ ਜਾ ਸਕਦੀਆਂ ਹਨ ਅਤੇ ਕੰਪਨੀਆਂ ਦੁਆਰਾ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਉਨ੍ਹਾਂ ਦੁਆਰਾ ਆਪਣੇ ਆਪ ਜਾਂ ਗ਼ੈਰ-ਮੁਨਾਫ਼ੇ ਵਾਲੀਆਂ ਸੰਸਥਾਵਾਂ ਨੂੰ ਠੇਕੇ 'ਤੇ ਦੇ ਕੇ ਲਾਗੂ ਕੀਤੀਆਂ ਜਾ ਸਕਦੀਆਂ ਹਨ।***

ਉਦਯੋਗਿਕ ਸੂਤਰਾਂ ਅਨੁਸਾਰ, ਭਾਰਤ ਵਿਚ 6000 ਦੇ ਲਗਭਗ ਕੰਪਨੀਆਂ ਨੂੰ ਸੀ ਐੱਸ ਆਰ ਸਰਗਰਮੀਆਂ ਵਿਚ ਸ਼ਾਮਿਲ ਹੋਣਾ ਪਵੇਗਾ ਅਤੇ ਨਾਲ ਹੀ 5 ਕਰੋੜ ਤੋਂ ਉੱਪਰ ਸ਼ੁੱਧ ਮੁਨਾਫ਼ਾ ਕਮਾਉਣ ਵਾਲੇ ਛੋਟੇ ਅਤੇ ਦਰਮਿਆਨੇ ਉਦਯੋਗਾਂ ਨੂੰ ਵੀ ਇਸ ਵਿਚ ਸ਼ਮੂਲੀਅਤ ਕਰਨੀ ਹੋਵੇਗੀ। ਸੀ ਐੱਸ ਆਰ ਤਹਿਤ ਅਨੁਪਾਤ ਰਾਸ਼ੀ 20,000 ਕਰੋੜ ਰੁਪਏ ਤੋਂ ਇਕ ਲੱਖ ਕਰੋੜ ਤਕ ਹੋ ਸਕਦੀ ਹੈ। ਇਸ ਕਰਕੇ, ਦੇਸ਼ ਦੇ ਨਿਰਮਾਣ ਵਿਚ ਸੀ ਐੱਸ ਆਰ ਦੇ ਪ੍ਰਭਾਵੀ ਯੋਗਦਾਨ ਲਈ, ਸਰਕਾਰ ਲੇਖਾਂਕਣ ਜਾਂ ਨਿਯਮਕ ਅਥਾਰਿਟੀ ਦੇ ਗਠਨ 'ਤੇ ਵਿਚਾਰ ਕਰ ਸਕਦੀ ਹੈ ਤਾਂ ਕਿ ਸਰੋਤ ਵਿਸ਼ੇਸ਼ ਖੇਤਰਾਂ ਵਿਚ ਹੀ ਜਾਣ।

- ਵਧੀਕ ਕਰਜ਼ੇ ਦੀ ਵਸੂਲੀ ਬਾਰੇ ਟ੍ਰਿਬਿਊਨਲ (ਡੀ ਆਰ ਟੀਜ਼), ਵਧਦੇ ਹੋਏ ਗ਼ੈਰ ਕਾਰਗੁਜ਼ਾਰੀ ਅਸਾਸਿਆਂ ਦੀ ਰੋਸ਼ਨੀ ਵਿਚ, ਦਾ ਐਲਾਨ ਇਸ ਦੀ ਯੋਜਨਾਬੰਦੀ ਅਤੇ ਮੁੜ-ਸੁਰਜੀਤੀ ਨੂੰ ਤੇਜ਼ ਕਰਨ ਵਿਚ ਸਹਾਇਕ ਸਿੱਧ ਹੋਵੇਗਾ। ਜ਼ਰੂਰਤ ਡੀ ਆਰ ਟੀਜ਼ ਨੂੰ ਮਜ਼ਬੂਤ ਕਰਨ ਦੀ ਹੈ ਤਾਂ ਜੋ ਇਹ ਜ਼ਿਆਦਾ ਪ੍ਰਭਾਵੀ ਹੋ ਸਕਣ। ਨਾਲ ਹੀ ਬੈਂਕਿੰਗ ਭਾਈਚਾਰੇ ਵਿਚ ਇਕ ਆਮ ਧਾਰਨਾ ਹੈ ਕਿ ਡੀ ਆਰ ਟੀਜ਼ ਖਪਤਕਾਰ ਪੱਖੀ ਹਨ ਅਤੇ ਬੈਂਕਾਂ ਵਲੋਂ ਕਰਜ਼ੇ ਦੀ ਵੱਡੇ ਪੱਧਰ 'ਤੇ ਵਸੂਲੀ ਵਿਚ ਸਫਲ ਨਹੀਂ ਹੋਏ ਹਨ।

- ਨਵੀਆਂ ਸੰਸਥਾਵਾਂ ਅਤੇ ਵਿਸ਼ਵਵਿਦਿਆਲੇ ਸਥਾਪਤ ਕਰਕੇ ਨੌਜਵਾਨਾਂ ਨੂੰ ਸਿੱਖਿਅਤ ਕਰਨ ਦਾ ਉਦੇਸ਼ ਮਜ਼ਬੂਤ ਹੋ ਸਕਦਾ ਹੈ ਜੇ ਵਿਦੇਸ਼ੀ ਵਿਸ਼ਵ ਵਿਦਿਆਲਿਆਂ ਨੂੰ ਭਾਰਤ ਵਿਚ ਕੰਮ ਕਰਨ ਦੀ ਆਗਿਆ ਦਿਤੀ ਜਾਵੇ। ਭਾਰਤ ਦੇ ਨੌਜਵਾਨ ਵਿਦੇਸ਼ ਵਸਣ ਦੇ ਨਿਰਾਲੇ ਢੰਗ ਲੱਭ ਲੈਂਦੇ ਹਨ ਪਰ ਸਿੱਖਿਆ ਅਤੇ ਸਿਖਲਾਈ ਦੀ ਕਮੀ ਕਰਕੇ ਘੱਟ ਪੈਸੇ ਵਾਲੀਆਂ ਨੌਕਰੀਆਂ ਕਰਨ ਲਈ ਮਜ਼ਬੂਰ ਹੁੰਦੇ ਹਨ। ਸਰਕਾਰ ਖ਼ਾਸ ਹੁਨਰ ਦੀ ਸਿਖਲਾਈ ਅਤੇ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਜਾ ਕੇ ਵਸਣ ਲਈ ਮਦਦ ਕਰ ਸਕਦੀ ਹੈ ਜਿਨ੍ਹਾਂ ਦੇਸ਼ਾਂ ਨੂੰ ਮਾਨਵ ਸ਼ਕਤੀ ਦੀ ਲੋੜ ਹੈ। ਮਨੁੱਖੀ ਸ਼ਕਤੀ ਚਾਹੁਣ ਵਾਲੇ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਨੂੰ ਭਾਰਤ ਵਿਚ ਆ ਕੇ ਨੌਜਵਾਨਾਂ ਨੂੰ ਹੁਨਰ ਅਤੇ ਜ਼ਰੂਰੀ ਪੇਸ਼ੇਵਰ ਸਰਗਰਮੀਆਂ ਲਈ ਸੱਦਾ ਦੇਣਾ ਚਾਹੀਦਾ ਹੈ। ਅਜਿਹੇ ਚੰਗੇ ਸਿੱਖਿਅਤ ਪਰਵਾਸੀ ਦੋ ਪ੍ਰਮੁੱਖ ਕੰਮ ਕਰਨਗੇ ਪਹਿਲਾ, ਦੇਸ਼ ਦੇ ਬ੍ਰਾਂਡ ਅੰਬੈਸਡਰ ਬਣਨਗੇ ਅਤੇ ਦੂਜਾ, ਭਾਰਤ ਨੂੰ ਵਿਦੇਸ਼ੀ ਸਿੱਕਾ ਭੇਜਣਗੇ।

## ਨਿਚੋੜ

ਕੇਂਦਰੀ ਬਜਟ ਛੇ ਹਫ਼ਤਿਆਂ ਵਿਚ ਇਕ ਰਣਨੀਤੀ ਚਿੰਤਕ ਅਤੇ ਮੰਝੇ ਹੋਏ ਸਾਂਸਦ ਵਲੋਂ ਬਹੁਤ ਹੀ ਚਤੁਰਾਈ ਨਾਲ ਤਿਆਰ ਕੀਤਾ ਗਿਆ ਹੈ ਜਿਸ ਨੇ ਵੱਧ ਤੋਂ ਵੱਧ ਸਹਿਯੋਗ ਅਤੇ ਘੱਟ ਤੋਂ ਘੱਟ ਰੁਕਾਵਟਾਂ ਵਾਲੀ ਵਿਵਹਾਰਕ ਪਹੁੰਚ ਅਪਣਾਈ ਹੈ ਜੋ ਅਸਲ ਵਿਚ ਮੁਸ਼ਕਿਲ ਆਰਥਿਕ ਹਾਲਾਤ, ਘਰੇਲੂ ਅਤੇ ਅੰਤਰਰਾਸ਼ਟਰੀ ਵਿਚ ਇਕ ਸਹੀ ਰਣਨੀਤੀ ਜਾਪਦੀ ਹੈ।

ਪਿਛਲੇ ਮਹੀਨਿਆਂ ਦੌਰਾਨ ਵਧਦੇ ਚਾਲੂ ਖਾਤਾ ਘਾਟੇ ਕਰਕੇ, ਸੋਨੇ ਦੀ ਦਰਾਮਦ 'ਤੇ ਸਖਤ ਪਾਬੰਦੀਆਂ ਆਇਦ ਕੀਤੀਆਂ ਗਈਆਂ ਅਤੇ ਨਵੀਂ ਸਰਕਾਰ ਤੋਂ ਇਹ ਉਮੀਦਾਂ ਸਨ ਕਿ ਆਯਾਤ ਸ਼ੁਲਕ ਵਿਚ ਕਮੀ ਕੀਤੀ ਜਾਵੇਗੀ ਅਤੇ ਸੋਨੇ ਦੇ ਬਾਜ਼ਾਰ ਨੂੰ ਮੁੜ-ਸੁਰਜੀਤ ਕੀਤਾ ਜਾਵੇਗਾ। ਪਰ ਸੋਨੇ ਦਾ ਜੁਲਾਈ 2014 ਦੇ ਬਜਟ ਵਿਚ ਕੋਈ ਜ਼ਿਕਰ ਨਹੀਂ ਹੈ। ਵਿੱਤ ਮੰਤਰੀ ਇਸ ਮੌਕੇ ਸੋਨੇ ਸੰਬੰਧੀ ਨੀਤੀ ਦਾ ਖੁਲਾਸਾ ਕਰਨ ਲਈ ਇਸਤੇਮਾਲ ਕਰ ਸਕਦੇ ਸਨ।

ਵਸੋਂ ਦਾ ਇਕ ਸ਼ਾਂਤ ਅਤੇ ਚੁੱਪ ਹਿੱਸਾ ਹਨ ਬਜ਼ੁਰਗ, ਜਿਨ੍ਹਾਂ ਨੂੰ ਸਾਰੀਆਂ ਸਰਕਾਰੀ ਨੀਤੀਆਂ ਵਿਚ ਨਜ਼ਰ-ਅੰਦਾਜ਼ ਕੀਤਾ ਜਾਂਦਾ ਹੈ। ਭਾਰਤ ਵਿਚ 11 ਕਰੋੜ ਤੋਂ ਵੱਧ ਬਜ਼ੁਰਗ ਹਨ, 60 ਸਾਲ ਤੋਂ ਉਪਰ ਦੇ, ਜੋ ਆਮ ਤੌਰ ਤੇ ਔਰਤਾਂ ਹਨ, ਜਿਨ੍ਹਾਂ ਨੂੰ ਫੌਰੀ ਤੌਰ ਤੇ ਸੰਭਾਲਣ ਦੀ ਲੋੜ ਹੈ ਕਿਉਂਕਿ ਉਨ੍ਹਾਂ ਵਿਚੋਂ 90 ਪ੍ਰਤਿਸ਼ਤ ਸੰਗਠਿਤ ਖੇਤਰ ਨਾਲ ਜੁੜੇ ਹੋਏ ਹਨ ਅਤੇ ਉਹ ਕਿਸੇ ਵੀ ਸਮਾਜਿਕ ਸੁਰੱਖਿਆ ਪ੍ਰੋਗਰਾਮ ਤੋਂ ਲਾਭ ਨਹੀਂ ਲੈ ਰਹੇ। ਭਾਵੇਂ 3 ਕਰੋੜ ਬਜ਼ੁਰਗ ਜੋ ਗਰੀਬੀ ਰੇਖਾ ਹੇਠਾਂ ਸਕੀਮ ਤਹਿਤ ਆਉਂਦੇ ਹਨ, ਨੂੰ 500 ਰੁਪਏ ਦੇ ਲਗਭਗ ਮਾਹਵਾਰੀ ਬੁਢਾਪਾ ਪੈਨਸ਼ਨ ਮਿਲਦੀ ਹੈ, ਬਾਕੀ 8 ਕਰੋੜ ਨੂੰ ਗੁਜ਼ਾਰੇ ਲਈ ਆਪ ਹੀ ਜਫਰ ਜਾਲਣੇ ਪੈਂਦੇ ਹਨ। ਕਮਜ਼ੋਰ ਅਤੇ ਨਾਕਾਫ਼ੀ ਜਨਤਕ ਸਿਹਤ ਸੰਭਾਲ ਪ੍ਰਣਾਲੀ ਦੇ ਮੱਦੇਨਜ਼ਰ, ਕਈ ਸਰਵੇਖਣ ਇਹ ਦਰਸਾਉਂਦੇ ਹਨ ਕਿ ਬਹੁਤ ਸੀਮਤ ਬਜ਼ੁਰਗਾਂ ਦੀ ਸਿਹਤ ਸਹੂਲਤਾਂ ਤਕ ਪਹੁੰਚ ਹੈ। ਯੋਰਪ ਦੇ ਕਈ ਦੇਸ਼ਾਂ ਦੇ ਮੁਕਾਬਲੇ, ਜਿਥੇ ਉਮਰ ਆਧਾਰਤ ਸਿਹਤ ਸੰਭਾਲ 'ਤੇ ਖਰਚਾ ਕੁੱਲ ਘਰੇਲੂ ਉਤਪਾਦ ਦਾ 8-10 ਪ੍ਰਤਿਸ਼ਤ ਹੈ, ਭਾਰਤ ਵਿਚ ਇਹ 1 ਪ੍ਰਤਿਸ਼ਤ ਤੋਂ ਵੀ ਘੱਟ ਹੈ। ਬਜ਼ੁਰਗਾਂ ਦੀ ਸਹਾਇਤਾ ਲਈ ਕੁਝ ਸਾਦੇ ਉਪਰਾਲੇ, ਜਿਨ੍ਹਾਂ ਵਿਚ ਪੈਨਸ਼ਨ ਦੀ

***ਬਾਕੀ ਸਫ਼ਾ 36 ਉੱਤੇ***

# ਬਦਲਦੇ ਆਰਥਿਕ ਮਾਹੌਲ ਵਿਚ ਟੀਚਿਆਂ ਤੇ ਪਹਿਲਾਂ ਨੂੰ ਨਜਿੱਠਣਾ

ਰਵਿੰਦਰ ਢੋਲਕੀਆ

ਇਹ ਬਜਟ ਮੁੱਖ ਤੌਰ ਤੇ ਵਰਤਮਾਨ ਵਿੱਤੀ ਸਾਲ ਦੇ ਅਗਲੇ 8 ਮਹੀਨਿਆਂ ਲਈ ਹੈ। ਫ਼ਰਵਰੀ 2014 ਵਿਚ ਪੇਸ਼ ਕੀਤੇ ਗਏ ਅੰਤਰਿਮ ਬਜਟ ਦੇ ਮੁਕਾਬਲੇ ਵਿਆਪਕ ਬਦਲਾਅ ਅਤੇ ਨੀਤੀ ਪਰਿਵਰਤਨ ਦੀ ਗੁੰਜਾਇਸ਼ ਸੀਮਤ ਹੈ। ਭਾਵੇਂ ਕਿ ਆਮ ਜਨਤਾ ਦੀਆਂ ਉਮੀਦਾਂ ਵਰਤਮਾਨ ਸਰਕਾਰ ਦੇ ਪਹਿਲੇ ਬਜਟ ਤੋਂ ਕਾਫ਼ੀ ਜ਼ਿਆਦਾ ਸਨ, ਅਰਥਸ਼ਾਸ਼ਤਰੀ ਅਤੇ ਵਿੱਤ ਮਾਹਰ ਪਿਛਲੀ ਸਰਕਾਰ ਵਲੋਂ ਕੀਤੀਆਂ ਗਈਆਂ ਵਿੱਤੀ ਪ੍ਰਤਿਬਧਤਾ ਦੀਆਂ ਮਜਬੂਰੀਆਂ ਵਿੱਤ ਮੰਤਰੀ ਵਾਸਤੇ ਸਮਝ ਰਹੇ ਸਨ। ਹੋਰ, ਪਿਛਲੀ ਸਰਕਾਰ ਵਲੋਂ ਸਿੱਖਿਆ, ਰੁਜ਼ਗਾਰ ਅਤੇ ਖੁਰਾਕ ਸੁਰੱਖਿਆ ਵਰਗੇ ਬਹੁਤ ਸਾਰੇ ਕਾਨੂੰਨ ਪਾਸ ਕੀਤੇ ਗਏ ਸਨ। ਵਿੱਤ ਮੰਤਰੀ ਕੋਲ ਅਜਿਹੀਆਂ ਮੱਦਾਂ ਵਿਚ ਵੱਡੇ ਬਦਲਾਅ ਕਰਨ ਦੀ ਬਜਟ ਵਿਚ ਸੀਮਤ ਸੁਤੰਤਰਤਾ ਸੀ, ਜਦ ਤਕ ਅਜਿਹੇ ਕਾਨੂੰਨਾਂ ਦੀ ਬਣਤਰ ਅਤੇ ਅਮਲ ਵਿਚ ਲਿਆਉਣ ਸੰਬੰਧੀ ਮੁੜ ਵਿਚਾਰ ਕਰਕੇ ਸੋਧਾਂ ਨਹੀਂ ਕੀਤੀਆਂ ਜਾਂਦੀਆਂ। ਸਾਡੀ ਸੰਸਦੀ ਅਤੇ ਕਾਨੂੰਨੀ ਪ੍ਰਣਾਲੀ ਦੀ ਨਿਪੁੰਨਤਾ ਨੂੰ ਵੇਖਦਿਆਂ ਹੋਇਆਂ, ਇਸ ਵਿਚ ਸਮਾਂ ਲੱਗੇਗਾ ਅਤੇ ਇਹ ਜਲਦੀ ਨਹੀਂ ਕੀਤਾ ਜਾ ਸਕਦਾ ਜਿਸ ਨਾਲ ਵਰਤਮਾਨ ਬਜਟ ਵਿਚ ਅਜਿਹੀਆਂ ਸੋਧਾਂ ਨੂੰ ਸ਼ਾਮਿਲ ਕੀਤਾ ਜਾ ਸਕੇ। ਕਿਉਂਕਿ ਚੰਗੀ ਤਰ੍ਹਾਂ ਸੋਚ ਸਮਝ ਕੇ, ਦੂਰਗਾਮੀ ਅਤੇ ਸੁਧਾਰ ਤੇ ਸੋਧਾਂ ਕਰਨ ਲਈ 45 ਦਿਨ ਬਹੁਤ ਘੱਟ ਸਮਾਂ ਹੁੰਦਾ ਹੈ। ਜਲਦੀ ਵਿਚ ਕੋਈ ਕਦਮ ਉਠਾ ਕੇ ਜੋਖ਼ਮ ਮੁੱਲ ਲੈਣ ਨਾਲੋਂ ਸਾਵਧਾਨੀ ਨਾਲ ਚੱਲਣਾ ਹੀ ਸਮਝਦਾਰੀ ਹੋਵੇਗੀ।

ਇਸ ਸਮੇਂ ਪੇਸ਼ ਕੀਤਾ ਗਿਆ ਬਜਟ, ਪੰਜਾਂ ਵਿਚੋਂ ਪਹਿਲਾ ਹੈ ਜਿਸ ਵਾਸਤੇ ਇਸ ਸਰਕਾਰ ਨੂੰ ਰਾਜਨੀਤਕ ਅਧਿਕਾਰ ਦਿਤਾ ਗਿਆ ਹੈ। ਵਰਤਮਾਨ ਬਜਟ ਦਾ ਇਸੇ ਸੰਦਰਭ ਵਿਚ ਵੀ ਦੇਖਣਾ ਅਤੇ ਮੁੱਲੰਕਣ ਕਰਨਾ ਬਣਦਾ ਹੈ। ਵਰਤਮਾਨ ਬਜਟ ਦੇ ਮੁੱਲੰਕਣ ਦਾ ਦੂਜਾ ਮਾਪਦੰਡ ਮੌਜੂਦਾ ਅਤੇ ਬਦਲ ਰਿਹਾ ਆਰਥਿਕ ਵਾਤਾਵਰਨ ਹੈ ਜਿਸ ਵਿਚ ਇਸ ਨੂੰ ਪੇਸ਼ ਕੀਤਾ ਗਿਆ ਹੈ, ਕਿਉਂਕਿ ਇਹ ਪ੍ਰਾਪਤ ਕੀਤੇ ਜਾਣ ਵਾਲੇ ਟੀਚੇ ਅਤੇ ਪਹਿਲਾਂ ਨਿਰਧਾਰਤ ਕਰਦਾ ਹੈ।

ਆਰਥਿਕ ਵਾਤਾਵਰਨ ਅਤੇ ਬਜਟ ਦੀਆਂ ਪਹਿਲਾਂ - ਪਿਛਲੇ ਦੋ ਸਾਲਾਂ ਦੀ ਆਰਥਿਕਤਾ ਬਾਰੇ ਬਹੁਤ ਕੁਝ ਵਿਚਾਰਿਆ ਅਤੇ ਕਿਹਾ ਜਾ ਚੁੱਕਾ ਹੈ ਜਦੋਂ ਕੁੱਲ ਵਿਕਾਸ ਦਰ 4.5 ਪ੍ਰਤਿਸ਼ਤ ਅਤੇ 4.7 ਪ੍ਰਤਿਸ਼ਤ ਡਿਗ ਗਈ। ਪਰ ਇਨ੍ਹਾਂ ਸਾਲਾਂ ਦੌਰਾਨ, ਖੇਤੀਬਾੜੀ ਦੀ ਔਸਤ ਵਿਕਾਸ ਦਰ 3 ਪ੍ਰਤਿਸ਼ਤ ਸੀ, ਜੋ ਮਾੜੀ ਨਹੀਂ ਹੈ। ਖਦਾਨ ਖੇਤਰ 'ਚ ਨਾਂਹ ਪੱਖੀ ਵਿਕਾਸ ਦਰ ਦਰਜ ਕੀਤੀ ਗਈ। ਉਤਪਾਦਨ ਤੇ ਨਿਰਮਾਣ ਸਰਗਰਮੀਆਂ ਇਕ ਤਰ੍ਹਾਂ ਨਾਲ ਠੱਪ ਹੋ ਗਈਆਂ ਅਤੇ ਵਪਾਰ ਤੇ ਆਵਾਜਾਈ ਦੀ ਰਫ਼ਤਾਰ ਮੱਠੀ ਪੈ ਗਈ।

ਖਪਤਕਾਰੀ ਕੀਮਤਾਂ ਦੇ ਮਾਮਲੇ ਵਿਚ ਮਹਿੰਗਾਈ ਦਰ, ਨਾ ਸਵੀਕਾਰਨ ਯੋਗ ਹੱਦ ਤਕ ਉੱਚੀ ਰਹੀ, ਜਿਸ ਨਾਲ ਜਨਤਾ ਇਹ ਸੋਚਣ ਲੱਗੀ ਕਿ ਆਰਥਿਕਤਾ ਮੁਦਰਾ ਸਫ਼ਿਤੀ ਦੇ ਜਾਲ ਵਿਚ ਫਸ ਗਈ ਹੈ। ਅਦਾਇਗੀਆਂ ਦੇ ਭੁਗਤਾਨ ਦਾ ਚਾਲੂ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦੀ 3 ਪ੍ਰਤਿਸ਼ਤ ਦੀ ਸੀਮਾ ਨੂੰ ਪਾਰ ਕਰ ਗਿਆ ਅਤੇ ਉੱਚੇ ਪੱਧਰ 'ਤੇ ਰਹਿਣ ਮਗਰੋਂ ਘਟੇ ਹੋਏ ਆਯਾਤ ਅਤੇ ਰੁਕੇ ਹੋਏ ਨਿਰਯਾਤ ਕਰਕੇ ਪਿਛਲੇ ਸਾਲ 1.7 ਪ੍ਰਤਿਸ਼ਤ ਤਕ ਆ ਗਈ।

ਵਿਕਾਸ ਦਰ ਵਿਚ ਵੱਡੀ ਗਿਰਾਵਟ ਅਤੇ ਆਰਥਿਕਤਾ ਵਿਚ ਉਤਪਾਦਨ ਸਰਗਰਮੀਆਂ ਵਿਚ ਖੜੋਤ, ਜਿਸ ਵਿਚ ਨਿਰਯਾਤ ਵੀ ਸ਼ਾਮਿਲ ਹੈ, ਨਾਲ ਹੁਨਰਮੰਦ ਤੇ ਗ਼ੈਰ-ਹੁਨਰਮੰਦ, ਦੋਨਾਂ ਤਰ੍ਹਾਂ ਦੇ ਰੁਜ਼ਗਾਰ 'ਚ ਭਾਰੀ ਗਿਰਾਵਟ ਆਵੇਗੀ। ਇਕ ਅਨੁਮਾਨ ਅਨੁਸਾਰ 1 ਪ੍ਰਤਿਸ਼ਤ ਨੁਕਤੇ ਦੀ ਵਿਕਾਸ ਦਰ ਵਿਚ ਗਿਰਾਵਟ, ਰੁਜ਼ਗਾਰ ਵਿਚ 0.18 ਪ੍ਰਤਿਸ਼ਤ ਨੁਕਤੇ ਅਤੇ ਗਰੀਬੀ ਵਿਚ ਰਹਿ ਰਹੇ ਲੋਕਾਂ ਲਈ 0.19 ਪ੍ਰਤਿਸ਼ਤ ਨੁਕਤੇ ਦੀ ਗਿਰਾਵਟ ਦਾ ਕਾਰਨ ਬਣੇਗੀ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਵਿਕਾਸ ਦਰ ਵਿਚ ਇਕ ਪ੍ਰਤਿਸ਼ਤ ਨੁਕਤੇ ਦੀ ਗਿਰਾਵਟ ਨਾਲ ਲਗਭਗ 22 ਲੱਖ ਲੋਕ ਰੁਜ਼ਗਾਰ ਤੋਂ ਵਾਂਝੇ ਹੋ ਜਾਣਗੇ ਅਤੇ ਇੰਨੇ ਕੁ ਹੀ ਗਰੀਬੀ ਰੇਖਾ ਤੋਂ ਥੱਲੇ ਧੱਕੇ ਜਾਣਗੇ। ਖਪਤਕਾਰੀ ਵਸਤਾਂ ਵਿਚ ਉੱਚ ਮਹਿੰਗਾਈ ਦਰ ਗਰੀਬਾਂ ਦਾ ਜਿਉਣਾ ਮੁਹਾਲ ਕਰ ਦੇਵੇਗੀ।

ਸਰਕਾਰ ਕੋਲ ਖਰਚੇ ਵਿਚ ਵਾਧਾ ਕਰਨ ਲਈ ਕੋਈ ਵਿੱਤੀ ਗੁੰਜਾਇਸ਼ ਵੀ ਨਹੀਂ ਬਚੀ ਤਾਂ ਜੋ ਵਿਕਾਸ ਵਿਚ ਵਾਧਾ ਅਤੇ ਗਰੀਬੀ ਘਟਾਈ ਜਾ ਸਕੇ ਕਿਉਂਕਿ ਵਿੱਤੀ ਅੱਯਾਸ਼ੀ ਅਤੇ ਲੋਕ ਲੁਭਾਊ ਤਰੀਕਿਆਂ ਕਰਕੇ ਪੈਸੇ ਦੀ ਵੱਡੇ ਪੱਧਰ 'ਤੇ ਬਰਬਾਦੀ ਹੋਈ। ਅਸਲ ਵਿਚ, ਵਿੱਤ ਮੰਤਰੀ ਕੋਲ ਪੂਰਵ ਵਿੱਤ ਮੰਤਰੀ ਵਲੋਂ ਫ਼ਰਵਰੀ 2014 ਵਿਚ ਤੈ ਕੀਤੇ ਵਿੱਤੀ ਸੁਦ੍ਰਿੜ੍ਹੀਕਰਨ ਦੇ ਟੀਚਿਆਂ ਪ੍ਰਤਿ ਵਚਨਬੱਧ ਰਹਿਣ ਤੋਂ ਬਿਨਾਂ ਕੋਈ ਵਿਕਲਪ ਨਹੀਂ ਸੀ।

ਪਰ, ਮੱਠੀ ਵਿਕਾਸ ਦਰ ਕਾਰਨ ਸਮਾਜ ਉਤੇ ਥੋਪੀਆਂ ਗਈਆਂ ਉੱਚੀਆਂ ਕੀਮਤਾਂ ਅਤੇ ਗਰੀਬੀ ਨੂੰ ਧਿਆਨ ਵਿਚ ਰੱਖਦਿਆਂ ਵਿੱਤ ਮੰਤਰੀ ਨੂੰ ਆਰਥਿਕ ਵਿਕਾਸ ਨੂੰ ਉਤਸ਼ਾਹ ਦੇਣ ਨੂੰ ਉੱਚ ਪਹਿਲ ਅਤੇ ਵਿੱਤੀ ਅਨੁਸ਼ਾਸਨ ਬਣਾਏ ਰੱਖਣਾ ਪੈਣਾ ਸੀ, ਨਾਲ ਹੀ ਮਹਿੰਗਾਈ ਦਰ ਨੂੰ ਵੀ ਘੱਟ ਕਰਨਾ ਪੈਣਾ ਹੈ। ਅਜਿਹਾ ਭਾਰਤੀ ਅਰਥ-ਵਿਵਸਥਾ ਵਿਚ ਨਿਵੇਸ਼ਕਾਂ ਦਾ ਵਿਸ਼ਵਾਸ ਬਹਾਲ ਕਰਕੇ ਹੀ ਹਾਲ ਕੀਤਾ ਜਾ ਸਕਦਾ ਹੈ ਅਤੇ ਘਰੇਲੂ, ਕਾਰਪੋਰੇਟ ਅਤੇ ਜਨਤਕ ਖੇਤਰ ਨੂੰ ਜ਼ਿਆਦਾ ਬਚਤ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

## ਬਜਟ ਤੋਂ ਉਮੀਦਾਂ

ਵਰਤਮਾਨ ਸਰਕਾਰ ਦੇ ਪਹਿਲੇ ਬਜਟ ਤੋਂ ਵਪਾਰੀ, ਨਿਵੇਸ਼ਕ ਅਤੇ ਅੰਤਰਰਾਸ਼ਟਰੀ ਕ੍ਰੈਡਿਟ ਰੇਟਿੰਗ ਏਜੰਸੀਆਂ ਭਵਿੱਖ ਸੁਧਾਰਾਂ ਦੀ ਵਿਕਾਸ ਦਰ ਵਧਾਉਣ ਲਈ ਸਪੱਸ਼ਟ ਰਣਨੀਤੀ, ਮਹਿੰਗਾਈ ਨੂੰ ਕਾਬੂ ਕਰਨ, ਨੀਤੀਗਤ ਢਾਂਚੇ ਵਿਚ ਸਥਿਰਤਾ ਬਣਾਏ ਰੱਖਣ ਲਈ ਪ੍ਰਤਿਬੱਧਤਾ, ਪਾਰਦਰਸ਼ਤਾ ਵਧਾਉਣ ਲਈ ਕੋਸ਼ਿਸ਼ਾਂ ਅਤੇ ਸਰਕਾਰੀ ਪ੍ਰਬੰਧਨ ਦੀ ਨਿਪੁੰਨਤਾ ਦੀ ਵਿਆਪਕ ਸੋਧ ਲਈ ਦੇਖ ਰਹੇ ਹੋਣਗੇ। ਮੱਧ ਵਰਗ, ਜੋ ਸਰਕਾਰੀ ਕਰ ਮਾਲੀਏ ਵਿਚ ਸਭ ਤੋਂ ਵੱਧ ਯੋਗਦਾਨ ਪਾਉਂਦਾ ਹੈ, ਕੁੱਝ ਰਾਹਤ ਦੀ ਉਮੀਦ ਕਰ ਰਿਹਾ ਸੀ।

ਹਾਲਾਂਕਿ ਬਜਟ 2013-14 ਦੇ ਆਰਥਿਕ ਸਰਵੇਖਣ ਦਾ ਕੋਈ ਸਿੱਧਾ ਹਵਾਲਾ ਨਹੀਂ ਦਿੰਦਾ, ਇਸ ਨੂੰ ਆਮ ਤੌਰ ਤੇ ਵਿੱਤ ਮੰਤਰੀ ਵਾਸਤੇ ਪੇਸ਼ੇਵਰ ਪਹੁੰਚ ਨਾਲ ਬਜਟ ਤਿਆਰ ਕਰਨ ਵਾਸਤੇ ਇਕ ਸਹਾਇਕ ਦਸਤਾਵੇਜ਼ ਵਜੋਂ ਜਾਣਿਆ ਜਾਂਦਾ ਹੈ। ਬਜਟ ਭਾਰਤੀ ਆਰਥਿਕਤਾ ਦਾ ਐੱਸ ਡਬਲਯੂ ਓ ਟੀ (ਤਾਕਤ, ਕਮਜ਼ੋਰੀ, ਮੌਕਾ ਅਤੇ ਖ਼ਤਰਾ) ਬਜਟ ਪੇਸ਼ ਕਰਨ ਦੀ ਪੂਰਵ ਸੰਧਿਆ 'ਤੇ ਮੁੱਲੰਕਣ ਕਰਦਾ ਹੈ ਅਤੇ ਨੀਤੀਆਂ, ਸੰਸਥਾਵਾਂ ਅਤੇ ਪ੍ਰਕਿਰਿਆਵਾਂ ਵਿਚ ਸੁਧਾਰ ਲਿਆਉਣ ਲਈ ਰਣਨੀਤੀ ਅਤੇ ਮਾਰਗ ਵੀ ਸੁਝਾਉਂਦਾ ਹੈ। ਆਰਥਿਕ ਸਰਵੇਖਣ ਨੇ ਅਸਲ ਵਿਚ ਬਹੁਤ ਹੀ ਸਪੱਸ਼ਟਤਾ ਨਾਲ ਇਹ ਜਾਣਕਾਰੀਆਂ ਦਿਤੀਆਂ ਹਨ ਕਿ ਸਾਰੇ ਕੁਝ ਦਾ ਹੱਲ ਪਹਿਲੇ ਬਜਟ ਵਿਚ ਨਹੀਂ ਕੀਤਾ ਜਾ ਸਕਦਾ। ਇਸ ਨੇ ਅਸਲ ਵਿਚ, ਅਗਲੇ ਪੰਜ ਸਾਲਾਂ ਦੌਰਾਨ ਸਰਕਾਰ ਲਈ ਤਰੱਕੀ ਅਤੇ ਸੁਧਾਰਾਂ ਦੇ ਰਸਤੇ ਦੀ ਨੀਂਹ ਰੱਖ ਦਿਤੀ ਹੈ। ਵਿੱਤ ਮੰਤਰੀ ਬੜੇ ਆਰਾਮ ਨਾਲ ਗ਼ੈਰ-ਜ਼ਰੂਰੀ ਆਲੋਚਨਾ ਤੋਂ ਬਚ ਸਕਦੇ ਸਨ ਜੇ ਉਨ੍ਹਾਂ ਨੇ ਆਪਣੀ 2 ਘੰਟੇ ਦੀ ਤਕਰੀਰ ਦੌਰਾਨ, ਆਰਥਿਕ ਸਰਵੇਖਣ ਦੌਰਾਨ ਸੁਝਾਏ ਗਏ ਮਤੇ ਪ੍ਰਤਿ ਆਪਣੀ ਸਰਕਾਰ ਦੀ ਪੂਰਨ ਸਵੀਕ੍ਰਿਤੀ ਅਤੇ ਪ੍ਰਤਿਬਧਤਾ ਬਾਰੇ ਦੋ-ਤਿੰਨ ਵਧੀਕ ਵਾਕ ਬੋਲ ਦਿੰਦੇ।

ਪਰ, ਵਿੱਤ ਮੰਤਰੀ ਨੇ ਸਰਵੇਖਣ ਵਿਚ ਦਿਤੇ ਅਨੇਕ ਸੁਝਾਵਾਂ ਨੂੰ, ਬਿਨਾਂ ਸਿੱਧੇ ਤੌਰ ਤੇ ਉਨ੍ਹਾਂ ਦਾ ਜ਼ਿਕਰ ਕੀਤਿਆਂ, ਮੰਨ ਲਿਆ ਹੈ। ਜੇ ਇਸ ਨੂੰ ਸਰਵੇਖਣ ਵਿਚ ਸੁਝਾਈਆਂ ਗੱਲਾਂ ਪ੍ਰਤਿ ਸਿਧਾਂਤਕ ਸਹਿਮਤੀ ਮੰਨ ਲਿਆ ਜਾਵੇ ਤਾਂ ਸਰਕਾਰ ਵਿਚ ਭਵਿੱਖੀ ਸੁਧਾਰਾਂ ਬਾਰੇ ਵਿਆਪਕ ਸਪੱਸ਼ਟਤਾ ਹੈ। ਸਰਵੇਖਣ ਵਿਚ ਸਪੱਸ਼ਟ ਕਿਹਾ ਗਿਆ ਹੈ ਕਿ ਕਾਨੂੰਨ, ਸੰਸਥਾਵਾਂ ਅਤੇ ਪ੍ਰਕਿਰਿਆਵਾਂ ਨੂੰ ਉਨ੍ਹਾਂ ਦੇ ਵਿਰਾਸਤੀ ਸਥਾਨ ਤੋਂ ਬਦਲਣਾ ਪਵੇਗਾ ਜੋ ਕੇਂਦਰੀ ਯੋਜਨਾ ਦਰਸ਼ਨ ਤੋਂ ਪ੍ਰਾਪਤ ਕੀਤਾ ਗਿਆ ਹੈ ਜਿਥੇ ਸਰਗਰਮੀਆਂ ਪ੍ਰਤਿਬੰਧਤ ਹਨ ਜਦ ਤਕ ਆਗਿਆ ਨਾ ਦਿਤੀ ਜਾਵੇ (ਉਦਾਰ ਬਾਜ਼ਾਰ ਆਧਾਰਿਤ ਦਰਸ਼ਨ)। ਜਿਥੇ ਸਰਗਰਮੀਆਂ ਦੀ ਇਜਾਜ਼ਤ ਹੈ ਜਦ ਤਕ ਪ੍ਰਤਿਬੰਧਤ ਨਾ ਹੋਣ ਤਾਂ ਕਿ ਬਾਜ਼ਾਰ ਦੀਆਂ ਅਸਫਲਤਾਵਾਂ ਨੂੰ ਦਰੁਸਤ ਕੀਤਾ ਜਾ ਸਕੇ। ਇਹ ਵਿਸ਼ਾ ਅਤੇ ਇਸ ਦੇ ਤਰਕਸੰਗਤ ਨਤੀਜੇ ਜੋ ਆਰਥਿਕਤਾ ਦੇ ਸ਼ਾਸਨ ਵਿਚ ਬਦਲਾਅ ਲਈ ਲੋੜੀਂਦੇ ਹਨ, ਇਸ ਸਰਵੇਖਣ ਵਿਚ ਭਾਵਪੂਰਤ ਤਰੀਕੇ ਨਾਲ ਦੱਸੇ ਅਤੇ ਵਿਕਸਤ ਕੀਤੇ ਗਏ ਹਨ।

ਵਿੱਤ ਮੰਤਰੀ ਨੇ ਆਪਣੀ ਬਜਟ ਤਕਰੀਰ ਵਿਚ ਨੀਤੀ ਢਾਂਚੇ, ਖਾਧ ਕਰ ਨੀਤੀ ਅਤੇ ਪੂਰਵ ਵਿਆਪੀ ਆਧਾਰਤ ਨੀਤੀ ਬਦਲਾਅ ਨਾ ਕਰਨ ਵਿਚ ਸਥਿਰਤਾ ਬਣਾਏ ਰੱਖਣ ਲਈ ਸਪੱਸ਼ਟ ਭਰੋਸਾ ਦਿਤਾ ਹੈ। ਇਸੇ ਤਰ੍ਹਾਂ ਹੀ, ਵਰਤਮਾਨ ਸਰਕਾਰ ਨੀਤੀ ਖੜੋਤ ਨੂੰ ਤੋੜਨ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ ਅਤੇ ਬਹੁਤ ਸਾਰੇ ਬਕਾਇਆ ਪਏ ਪ੍ਰਾਜੈਕਟਾਂ ਨੂੰ ਬਜਟ ਤੋਂ ਬਾਹਰੀ ਪ੍ਰਭਾਵੀ ਅਤੇ ਫੌਰੀ ਫ਼ੈਸਲੇ ਲਏ ਜਾ ਰਹੇ ਹਨ। ਵਿੱਤ ਮੰਤਰੀ ਨੇ ਇਸ ਬਜਟ ਵਿਚ ਅਨੇਕ ਅਜਿਹੇ ਕਦਮਾਂ ਵੱਲ ਇਸ਼ਾਰਾ ਕੀਤਾ ਹੈ ਜੋ ਸਰਕਾਰ ਦੇ ਆਰਥਿਕ ਵਿਕਾਸ ਨੂੰ ਸੁਰਜੀਤ ਕਰਨ ਦੀ ਪ੍ਰਤਿਬੱਧਤਾ ਦਰਸਾਉਂਦੇ ਹਨ।

## ਆਰਥਿਕ ਵਿਕਾਸ ਨੂੰ ਮੁੜ-ਸੁਰਜੀਤ ਕਰਨ ਲਈ ਉਪਰਾਲੇ

ਇਕ ਸਾਲ ਵਿਚ ਆਰਥਿਕ ਵਿਕਾਸ ਦਾ ਮਤਲਬ ਬਚਤ ਨਿਵੇਸ਼ ਨੂੰ ਵਾਧੇ ਵਾਲੇ ਨਤੀਜੇ ਵਿਚ, ਵਾਧੂ ਪੂੰਜੀ ਨੂੰ ਵੀ ਨਿਪੁੰਨ ਅਤੇ ਪ੍ਰਭਾਵੀ ਵਰਤੋਂ ਦੁਆਰਾ ਬਦਲਣਾ ਹੁੰਦਾ ਹੈ। ਵਾਧੂ ਪੂੰਜੀ ਦੀ ਉਤਪਾਦਕਤਾ ਨੂੰ ਇਨਕ੍ਰੀਮੈਂਟਲ ਕੈਪੀਟਲ ਆਊਟਪੁਟ ਰੇਸ਼ੋ (ਆਈ ਸੀ ਓ ਆਰ) ਨਾਲ ਮਾਪਿਆ ਜਾਂਦਾ ਹੈ ਜੋ ਪ੍ਰਣਾਲੀ ਵਿਚ ਇਕ ਵਾਧੂ ਉਤਪਾਦਨ ਦੀ ਇਕਾਈ ਦੇ ਨਿਰਮਾਣ ਲਈ ਲੋੜੀਂਦੀ ਨਿਵੇਸ਼ ਦੀ ਰਕਮ ਵੱਲ ਇਸ਼ਾਰਾ ਕਰਦਾ ਹੈ। 2009-11 ਦੌਰਾਨ ਸਾਡੀ ਨਿਵੇਸ਼ ਦੀ ਦਰ 36.7 ਪ੍ਰਤਿਸ਼ਤ ਸੀ ਅਤੇ ਔਸਤ ਵਿਕਾਸ ਦਰ 9 ਪ੍ਰਤਿਸ਼ਤ ਸੀ। ਇਸ ਕਰਕੇ, ਆਈ ਸੀ ਓ ਆਰ 4.1 ਸੀ ਮਤਲਬ, ਕਰੀਬ 4.1 ਨਿਵੇਸ਼ ਨਾਲ ਕੁੱਲ ਘਰੇਲੂ ਉਤਪਾਦ ਵਿਚ 1 ਪ੍ਰਤਿਸ਼ਤ ਵਿਕਾਸ ਦਾ ਵਾਧਾ। ਪਹਿਲੇ ਵਰ੍ਹਿਆਂ ਦੌਰਾਨ, ਜਦੋਂ ਸਾਡੀ ਵਿਕਾਸ ਦਰ 8 ਤੋਂ 9 ਪ੍ਰਤਿਸ਼ਤ ਦੇ ਆਸ-ਪਾਸ ਸੀ, ਤਾਂ ਆਈ ਸੀ ਓ ਆਰ ਵੀ 4 ਜਾਂ 4.1 ਦੇ ਲਾਗੇ ਸੀ। ਪਰ, ਪਿਛਲੇ ਤਿੰਨ ਸਾਲਾਂ ਦੌਰਾਨ, ਜਦੋਂ ਨੀਤੀਆਂ ਵਿਚ ਖੜੋਤ ਆ ਗਈ, ਸਾਡਾ ਆਈ ਸੀ ਓ ਆਰ ਸਮਰਥਾ ਦੀ ਘੱਟ ਵਰਤੋਂ ਹੋਣ ਕਰਕੇ ਕਾਫ਼ੀ ਵਧ ਗਿਆ। ਨਤੀਜੇ ਵਜੋਂ, ਸਾਡੀ ਨਿਵੇਸ਼ ਦਰ 34-35 ਪ੍ਰਤਿਸ਼ਤ ਦੇ ਆਸ-ਪਾਸ ਹੀ ਰਹੀ, ਤਾਂ ਵੀ, ਸਾਡੀ ਵਿਕਾਸ ਦਰ ਵਿਚ ਤੇਜ਼ੀ ਨਾਲ ਗਿਰਾਵਟ ਹੋ ਕੇ 4.5 ਤੋਂ 6 ਪ੍ਰਤਿਸ਼ਤ ਆ ਗਈ।

ਜਲਦ ਅਤੇ ਫ਼ੈਸਲਾਕੁਨ ਕਾਰਵਾਈ, ਆਈ ਸੀ ਓ ਆਰ ਨੂੰ ਘੱਟ ਕਰੇਗੀ ਜਿਸ ਨਾਲ ਨਿਵੇਸ਼ ਦੀ ਵਰਤਮਾਨ ਦਰ ਨਾਲ ਵੀ, ਵਿਕਾਸ ਦਰ ਵਿਚ ਤੇਜ਼ੀ ਨਾਲ ਵਾਧਾ ਕੀਤਾ ਜਾ ਸਕੇਗਾ। ਬਜਟ ਤੋਂ ਬਾਹਰ ਇਹ ਪਹਿਲਾਂ ਹੀ ਹੋ ਰਿਹਾ ਹੈ। ਪਰ ਬਜਟ ਨੇ ਨਾ ਸਿਰਫ਼ ਘਰੇਲੂ ਖੇਤਰ ਨੂੰ ਸਪੱਸ਼ਟ ਕਰ ਰਿਆਇਤ ਦੇ ਕੇ, ਸਗੋਂ ਕਾਰਪੋਰੇਟ ਖੇਤਰ ਨੂੰ ਕੁਝ ਖ਼ਾਸ ਉਤਸ਼ਾਹ ਦੇ ਕੇ, ਆਰਥਿਕਤਾ ਵਿਚ ਬਚਤ ਨੂੰ ਉਤਸ਼ਾਹਿਤ ਕੀਤਾ ਹੈ ਜਿਸ ਨਾਲ ਵਿਕਾਸ ਨੂੰ ਭਰਪੂਰ ਹੁਲਾਰਾ ਮਿਲੇਗਾ। ਸਰਕਾਰੀ ਖੇਤਰ ਵੀ ਬੇਹਤਰ ਵਿੱਤੀ ਅਨੁਸ਼ਾਸਨ ਅਤੇ ਸੁਧਰੇ ਵਪਾਰ ਦੇ ਵਾਤਾਵਰਨ, ਸਬਸਿਡੀਆਂ ਘਟਾਉਣ ਵਰਗੇ ਕੁੱਝ ਸਖ਼ਤ ਫ਼ੈਸਲੇ, ਜਿਸ ਨਾਲ ਇਸ ਦੇ ਉਪਕ੍ਰਮਾਂ ਨੂੰ ਘੱਟ ਹਾਨੀ ਅਤੇ ਜ਼ਿਆਦਾ ਮਾਲੀਏ ਦੀ ਵਸੂਲੀ ਹੋਵੇਗੀ, ਸਹੀ ਵੱਡੀਆਂ ਬੱਚਤਾਂ ਕਰ ਸਕੇਗਾ।

ਬਚਤ ਦੀ ਉੱਚੀ ਦਰ ਨਿਵੇਸ਼ ਯੋਗ ਫ਼ੰਡ ਵਿਚ ਭਾਰੀ ਵਾਧਾ ਕਰੇਗੀ ਜਿਸ ਨਾਲ ਵਿਆਜ ਦਰ 'ਤੇ ਦਬਾਅ ਘਟ ਜਾਵੇਗਾ। ਜਦ ਕਿ ਬਜਟ ਸਖਤ ਅਤੇ ਚੁਨੌਤੀਪੂਰਨ ਵਿੱਤੀ ਘਾਟੇ ਦੇ ਟੀਚੇ ਨਾਲ ਬੰਨ੍ਹਿਆ ਹੋਇਆ ਹੈ। ਨਿੱਜੀ ਖੇਤਰ ਦੁਆਰਾ ਉਤਪਾਦਕ ਨਿਵੇਸ਼ ਵਾਸਤੇ ਹੋਰ ਨਿਵੇਸ਼ ਦੇ ਸੰਸਾਧਨ ਉਪਲਬਧ ਹੋਣਗੇ ਜੋ ਇਕ ਵਾਰ ਫਿਰ ਵਿਆਜ ਦਰ 'ਤੇ ਦਬਾਅ ਨੂੰ ਘੱਟ ਕਰਨਗੇ। ਇਸ ਨਾਲ ਆਰਥਿਕਤਾ ਵਿਚ ਘਰੇਲੂ ਅਤੇ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹ ਮਿਲੇਗਾ। ਇਸ ਨੂੰ ਤਾਂ ਵੀ ਉਤਸ਼ਾਹ ਮਿਲੇਗਾ ਕਿਉਂਕਿ ਸਥਿਰ ਨੀਤੀਗਤ ਢਾਂਚੇ ਅਤੇ ਕਿਸੇ ਪੂਰਵ ਵਿਆਪੀ

ਨੀਤੀ ਨੂੰ ਨਾ ਸ਼ੁਰੂ ਕਰਨ ਦਾ ਭਰੋਸਾ, ਨਿਵੇਸ਼ਕਾਂ ਦੇ ਨੀਤੀ ਸੰਬੰਧੀ ਤੌਖਲਿਆਂ ਨੂੰ ਘੱਟ ਕਰੇਗਾ।

ਨਾਲ ਹੀ, ਖਰਚੇ ਦੇ ਪੱਧਰ 'ਤੇ, ਬਹੁਤ ਸਾਰੇ ਐਲਾਨ ਕੀਤੇ ਗਏ ਹਨ ਜੋ ਆਰਥਿਕ ਵਿਕਾਸ ਨੂੰ ਸ਼ੁਰੂਆਤ ਪ੍ਰਦਾਨ ਕਰਨਗੇ। 8500 ਕਿਲੋਮੀਟਰ ਸੜਕਾਂ ਦਾ ਨਿਰਮਾਣ, ਵਿਸ਼ੇਸ਼ ਆਰਥਿਕ ਜ਼ੋਨ ਨੂੰ ਮਨਜ਼ੂਰੀ, ਕੋਲੇ ਦੀ ਪੂਰਤੀ ਵਧਾਉਣ, 100 ਨਵੇਂ ਸਮਾਰਟ ਸ਼ਹਿਰਾਂ ਦਾ ਨਿਰਮਾਣ, ਕੱਪੜਾ, ਜ਼ਮੀਨ ਜਾਇਦਾਦ ਖਰੀਦ-ਫਰੋਖਤ, ਗੁਦਾਮਾਂ, ਐੱਮ ਐੱਸ ਐੱਮ ਈ, ਜਹਾਜ਼ਰਾਨੀ, ਹਵਾਈ ਅੱਡੇ, ਊਰਜਾ ਜਿਸ ਵਿਚ ਨਵਿਆਉਣਯੋਗ ਊਰਜਾ ਵੀ ਸ਼ਾਮਿਲ ਹੈ, ਪੈਟਰੋਲੀਅਮ ਅਤੇ ਕੁਦਰਤੀ ਗੈਸ, ਬੈਂਕਿੰਗ, ਰੱਖਿਆ ਉਤਪਾਦਨ ਅਤੇ ਸੈਰਸਪਾਟਾ ਜਿਹੇ ਖੇਤਰ ਆਰਥਿਕ ਸਰਗਰਮੀਆਂ ਅਤੇ ਵਿਕਾਸ ਨੂੰ ਵੱਡਾ ਹੁਲਾਰਾ ਦੇਣਗੇ।

## ਮੁਦਰਾ ਸਫ਼ਿਤੀ ਸੰਬੰਧੀ ਉਮੀਦਾਂ 'ਤੇ ਕਾਬੂ ਪਾਉਣਾ

ਭਾਰਤ ਵਿਚ ਇਹ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ ਕਿ ਵਰਤਮਾਨ ਖਪਤਕਾਰੀ ਮੁਦਰਾ ਸਫ਼ਿਤੀ ਮੰਗ ਪੱਖ ਦੇ ਤੱਥਾਂ, ਖ਼ਾਸ ਕਰਕੇ ਖਾਣ ਵਾਲੀਆਂ ਵਸਤਾਂ ਕਰਕੇ, ਪੈਦਾ ਹੋਈ ਹੈ, ਤਾਂ ਬਜਟ ਵਿਚ ਭੰਡਾਰਨ ਦੀ ਸਮਰਥਾ ਵਧਾਉਣ ਲਈ ਵੰਡਿਆ ਗਿਆ ਹੈ ਤਾਂ ਜੋ ਫਲਾਂ, ਸਬਜ਼ੀਆਂ ਅਤੇ ਅਨਾਜ ਦੀ ਬਰਬਾਦੀ ਨੂੰ ਘੱਟ ਕੀਤਾ ਜਾ ਸਕੇ। ਇਸ ਤਹਿਤ ਖੇਤੀਬਾੜੀ ਪੈਦਾਵਾਰ ਮੰਡੀਕਰਨ ਕਮੇਟੀ ਪ੍ਰਬੰਧਾਂ ਵਿਚ ਵੀ ਸੁਧਾਰ ਲਿਆਉਣ ਦਾ ਵਾਅਦਾ ਕੀਤਾ ਗਿਆ ਹੈ ਤਾਂ ਕਿ ਕਿਸਾਨਾਂ ਨੂੰ ਜ਼ਿਆਦਾ ਆਜ਼ਾਦੀ ਮਿਲ ਸਕੇ। ਬਜਟ ਵਿਚ ਇਹ ਮੰਨਿਆ ਗਿਆ ਹੈ ਕਿ ਇਸ ਦੇ ਸਾਰੇ ਕਦਮ ਅਤੇ ਜੋ ਬਜਟ ਤੋਂ ਬਾਹਰੋ ਉਠਾਏ ਗਏ ਹਨ, ਸਦਕਾ ਵਿਕਾਸ ਦਰ ਸਹੀ ਅਰਥਾਂ ਵਿਚ ਵਰਤਮਾਨ 4.7 ਪ੍ਰਤਿਸ਼ਤ ਤੋਂ ਵਧ ਕੇ 6 ਪ੍ਰਤਿਸ਼ਤ ਹੋ ਜਾਵੇਗੀ। ਇਹ ਰੂੜੀਵਾਦੀ ਹੋ ਸਕਦਾ ਹੈ, ਪਰ ਸਚਾਈ ਦੇਖਦਿਆਂ ਕਿ ਵਰਤਮਾਨ ਵਿੱਤੀ ਸਾਲ ਦੇ ਸਿਰਫ਼ ਅੱਠ ਮਹੀਨੇ ਰਹਿ ਗਏ ਹਨ, ਇਹ ਜ਼ਿਆਦਾ ਪ੍ਰਸ਼ੰਸਾਯੋਗ ਲਗਦਾ ਹੈ। ਜੇ ਵਿਕਾਸ ਦਰ ਇਕ ਚੌਥਾਈ ਵਧ ਜਾਂਦਾ ਹੈ ਤਾਂ ਇਹ ਮੰਗ ਪੱਖ ਦੀਆਂ ਬੰਦਸ਼ਾਂ ਨੂੰ ਕਾਫ਼ੀ ਘੱਟ ਕਰ ਦੇਵੇਗੀ ਜਿਸ ਨਾਲ ਕੀਮਤਾਂ 'ਤੇ ਦਬਾਅ ਘਟੇਗਾ।

ਫਿਰ ਇਹ ਕੁੱਲ ਮੰਗ 'ਤੇ ਕਾਬੂ ਪਾਉਣ ਦਾ ਮੁੱਦਾ ਬਣ ਜਾਂਦਾ ਹੈ, ਜੋ ਭਾਰਤ ਵਿਚ ਰਵਾਇਤੀ ਪਰ ਗਲਤੀ ਨਾਲ ਸਿਰਫ਼ ਰਿਜ਼ਰਵ ਬੈਂਕ ਦੀ ਹੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ ਜੋ ਹਾਲਾਤ 'ਤੇ ਕਾਬੂ ਪਾਉਣ ਲਈ ਵਿਆਜ ਦਰ ਵਾਧਾ ਕਰਨ ਲਈ ਚਿੰਤਤ ਹੋ ਜਾਂਦੀ ਹੈ। ਸਹੀ ਹਾਲਾਤ ਇਹ ਹੈ ਕਿ ਇਹ ਸਰਕਾਰ ਦੀ ਵਿੱਤੀ ਨੀਤੀ ਹੈ ਜੋ ਆਰਥਿਕਤਾ ਵਿਚ ਕੁੱਲ ਮੰਗ 'ਤੇ ਜ਼ਿਆਦਾ ਤਾਕਤ ਨਾਲ ਅਸਰ ਅੰਦਾਜ਼ ਹੋ ਸਕਦੀ ਹੈ। ਸਰਕਾਰ ਦੇ ਕੁੱਲ ਖਰਚੇ ਨੂੰ ਕੁੱਲ ਘਰੇਲੂ ਉਤਪਾਦ ਦੇ ਪਹਿਲੇ 14 ਪ੍ਰਤਿਸ਼ਤ ਤੋਂ 13.7 ਪ੍ਰਤਿਸ਼ਤ ਤਕ ਘੱਟ ਕਰਨ ਨਾਲ ਵਰਤਮਾਨ ਬਜਟ ਨੇ ਨਿੱਜੀ ਖੇਤਰ ਦੇ ਖਰਚੇ ਵਿਚ ਵਾਧੇ ਨੂੰ, ਸੰਭਵ ਬਣਾਇਆ ਹੈ। ਕਰ ਰਿਆਇਤਾਂ ਨਾਲ ਜਨਤਕ ਬਚਤ ਅਤੇ ਖਰਚੇ (ਖਪਤ ਅਤੇ ਨਿਵੇਸ਼ ਦੋਵਾਂ) ਨੂੰ ਉਤਸ਼ਾਹ ਮਿਲੇਗਾ। ਜਦ ਕਿ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦੇ ਪਿਛਲੇ 4.6 ਪ੍ਰਤਿਸ਼ਤ ਤੋਂ 4.1 ਪ੍ਰਤਿਸ਼ਤ ਤਕ ਘੱਟ ਕੀਤਾ ਗਿਆ ਹੈ, ਇਸ ਨਾਲ ਕੁੱਲ ਮੰਗ ਵਿਚ ਗਿਰਾਵਟ ਆਵੇਗੀ। ਇਸ ਨਾਲ ਨਿਸ਼ਚਤ ਤੌਰ ਤੇ ਮੁਦਰਾ ਸਫ਼ਿਤੀ ਵਿਚ ਕਮੀ ਆਵੇਗੀ ਜਿਸ ਤਹਿਤ ਸਮੇਂ ਨਾਲ ਮਹਿੰਗਾਈ ਵਿਚ ਵੀ ਕਮੀ ਹੋਵੇਗੀ।

## ਵਿੱਤੀ ਅਨੁਸ਼ਾਸਨ

ਇਹ ਕਿਸੇ ਵੀ ਬਜਟ, ਖ਼ਾਸ ਕਰਕੇ ਵਰਤਮਾਨ ਬਜਟ ਲਈ ਬਹੁਤ ਮਹੱਤਵਪੂਰਨ ਖੇਤਰ ਹੈ। ਇਸ ਸਰਕਾਰ ਦੀ ਸਾਖ ਅਤੇ ਕ੍ਰੈਡਿਟ ਰੇਟਿੰਗ ਏਜੰਸੀਆਂ ਅਤੇ ਅੰਤਰਰਾਸ਼ਟਰੀ ਨਿਵੇਸ਼ਕ ਭਾਈਚਾਰੇ ਦੀਆਂ ਅੱਖਾਂ ਵਿਚ ਆਰਥਿਕਤਾ ਨੂੰ ਵਿਆਪਕ ਆਰਥਿਕ ਜਿੱਲ੍ਹਣ ਵਿਚੋਂ ਕੱਢਣ ਦੀ ਸਮਰੱਥਾ ਇਸ ਦੁਆਰਾ ਦਿਖਾਏ ਜਾ ਰਹੇ ਵਿੱਤੀ ਅਨੁਸ਼ਾਸਨ 'ਤੇ ਟਿਕੀ ਹੋਈ ਹੈ। ਇਹ ਮਹੱਤਵਪੂਰਨ ਹੈ ਕਿ ਵਿੱਤ ਮੰਤਰੀ ਵਿੱਤੀ ਸੁਦ੍ਰਿੜ੍ਹੀਕਰਨ ਦੇ ਰਸਤੇ 'ਤੇ ਚੱਲਦੇ ਰਹਿਣ ਤਾਂ ਜੋ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਕਾਨੂੰਨ ਦੇ ਟੀਚਿਆਂ ਨੂੰ ਹਾਸਲ ਕੀਤਾ ਜਾ ਸਕੇ। ਇਹ ਵਿੱਤੀ ਸਮੁੱਚੇਪਨ ਦੇ ਅਨੁਮਾਨ ਲਾਉਣ ਅਤੇ ਇਨ੍ਹਾਂ ਟੀਚਿਆਂ ਪ੍ਰਤਿ ਪ੍ਰਤਿਬੱਧ ਰਹਿਣ ਲਈ ਤਿੰਨ ਵਰ੍ਹਿਆਂ ਦੀ ਯੋਜਨਾ ਸ਼ੁਰੂ ਕਰਨ ਦਾ ਰਾਹ ਪੱਧਰਾ ਕਰਦੇ ਹਨ। ਫ਼ਰਵਰੀ 2014 ਵਿਚ ਪੇਸ਼ ਕੀਤੇ ਬਜਟ ਵਿਚ ਵਡੇਰੇ ਵਿੱਤੀ ਮਾਪਦੰਡਾਂ ਲਈ ਸੋਚ ਵਿਚਾਰ ਕਰਕੇ ਯੋਜਨਾ ਬਣਾਈ ਗਈ ਸੀ। ਪਰ ਇਸ ਕਾਰਵਾਈ ਵਿਚ ਸਪੱਸ਼ਟ ਕਾਰਨਾਂ ਕਰਕੇ ਭਰੋਸੇਯੋਗਤਾ ਦੀ ਕਮੀ ਸੀ, ਭਾਵੇਂ ਕਿ ਦਿਤੇ ਗਏ ਟੀਚੇ ਸਖ਼ਤ ਵਿੱਤੀ ਅਨੁਸ਼ਾਸਨ ਦੀ ਪ੍ਰਤਿਨਿਧਤਾ ਕਰਦੇ ਸਨ। ਵਰਤਮਾਨ ਨਵੀਂ ਸਰਕਾਰ ਲਈ ਇਹ ਸਚਮੁਚ ਦੀ ਚੁਨੌਤੀ ਪੇਸ਼ ਕਰਦੇ ਹਨ। ਵਿੱਤ ਮੰਤਰੀ ਨੇ ਦਲੇਰੀ ਨਾਲ ਇਸ ਚੁਨੌਤੀ ਨੂੰ ਕਬੂਲ ਕੀਤਾ ਹੈ। ਤਿੰਨ ਸਾਲਾ ਚੱਲਣ ਵਾਲੇ ਵਿੱਤੀ ਟੀਚੇ ਸਰਕਾਰ ਦੇ ਕਈ ਨੀਤੀਗਤ ਫ਼ੈਸਲਿਆਂ ਵੱਲ ਸੰਕੇਤ ਕਰਦੇ ਹਨ ਜਿਸ ਨਾਲ ਵਪਾਰਕ ਅਤੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਨਿਵੇਸ਼ਕ ਭਾਈਚਾਰੇ ਨੂੰ ਦੇਸ਼ ਵਿਚ ਸਮੇਂ-ਸਮੇਂ ਪੈਦਾ ਹੋਣ ਵਾਲੇ ਮੌਕਿਆਂ ਦੀ ਸਮੀਖਿਆ ਕਰਨ ਵਿਚ ਸਹਾਇਤਾ ਮਿਲੇਗੀ (ਵੇਖੋ ਤਾਲਿਕਾ-1)।

ਪਾਰਟੀ ਦੇ ਵਡੇਰੇ ਰਾਜਨੀਤਕ ਦਰਸ਼ਨ ਮੁਤਾਬਕ ਵਿੱਤ ਮੰਤਰੀ ਵਲੋਂ ਵਿੱਤੀ ਚੁਨੌਤੀ ਨੂੰ ਸਵੀਕਾਰ ਕਰ ਲਿਆ ਗਿਆ ਹੈ, ਜੋ ਛੋਟੇ ਮੰਤਰੀ ਮੰਡਲ ਪਰ ਨਿਪੁੰਨ ਅਤੇ ਜ਼ਿਆਦਾ ਸ਼ਾਸਨ ਵਿਚ ਯਕੀਨ ਰੱਖਦੀ ਹੈ। ਸਰਕਾਰ ਦੇ ਆਕਾਰ ਨੂੰ ਨਿਰਧਾਰਤ ਕਰਨ ਲਈ ਆਮ ਤਰੀਕਾ ਕੁੱਲ ਘਰੇਲੂ ਉਤਪਾਦ ਅਤੇ ਕੁੱਲ ਸਰਕਾਰੀ ਖਰਚ ਦਾ ਅਨੁਪਾਤ ਹੁੰਦਾ ਹੈ। ਤਾਲਿਕਾ-1 ਤੋਂ ਇਹ ਸਪੱਸ਼ਟ ਹੈ ਕਿ ਇਹ ਅਨੁਪਾਤ ਆਉਣ ਵਾਲੇ ਸਾਲਾਂ ਦੌਰਾਨ ਘਟੇਗਾ। ਇਸ ਵਿੱਤ ਵਰ੍ਹੇ ਦੌਰਾਨ ਇਸ ਨੂੰ 14 ਪ੍ਰਤਿਸ਼ਤ ਤੋਂ 13.7 ਪ੍ਰਤਿਸ਼ਤ ਤਕ ਲਿਆਂਦਾ ਗਿਆ ਹੈ ਜੋ 2016-17 ਤਕ 12.5 ਪ੍ਰਤਿਸ਼ਤ ਤਕ ਲਿਆਂਦਾ ਜਾਵੇਗਾ। ਸਰਕਾਰੀ ਖਰਚ ਵਿਚ ਕਟੌਤੀ ਦਾ ਮਤਲਬ ਸੇਵਾਵਾਂ ਵਿਚ ਕਟੌਤੀ ਨਹੀਂ ਹੈ ਕਿਉਂਕਿ ਜਨਤਕ-ਨਿੱਜੀ ਸਾਂਝੇਦਾਰੀ ਪ੍ਰਾਜੈਕਟਾਂ ਵਿਚ ਨਿੱਜੀ ਖੇਤਰ ਨੂੰ ਸ਼ਾਮਿਲ ਰਕਨ ਦਾ ਪ੍ਰਸਤਾਵ ਹੈ। ਇਸ ਤਰ੍ਹਾਂ ਸਰਕਾਰ ਨੇ ਫਜ਼ੂਲ ਖਰਚ ਨਾ ਕਰਨ ਅਤੇ ਨਿੱਜੀ ਖੇਤਰ ਦੇ ਖਰਚ ਲਈ ਸਥਾਨ ਬਣਾ ਕੇ ਆਪਣੀਆਂ ਇੱਛਾਵਾਂ ਸਾਫ਼ ਕਰ ਦਿਤੀਆਂ ਹਨ।

ਜਦ ਕਿ 2013-14 ਦੇ 10.2 ਪ੍ਰਤਿਸ਼ਤ ਦੇ ਮੁਕਾਬਲੇ 2016-17 ਵਿਚ ਕੁੱਲ ਕਰ ਮਾਲੀਆ ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਹਿਸਾਬ ਨਾਲ 11.2 ਪ੍ਰਤਿਸ਼ਤ ਤਕ ਜਾਣ ਦੀ ਉਮੀਦ ਹੈ, ਪਰ ਇਸ ਨਾਲ ਕਰ ਦਰਾਂ ਨਹੀਂ ਵਧਣਗੀਆਂ। ਅਜਿਹਾ ਸੇਵਾ ਕਰਾਂ ਅਤੇ ਸਾਈਬਰ ਟੈਕਸ ਦਾ ਦਾਇਰਾ ਵਧਾ ਕੇ ਅਤੇ ਪ੍ਰਣਾਲੀ ਨੂੰ ਹੋਰ ਨਿਪੁੰਨ ਬਣਾ ਕੇ ਹਾਸਲ ਕੀਤਾ ਜਾ ਸਕਦਾ ਹੈ ਜਿਸ ਨਾਲ ਕਰ ਦੀ ਉਛਾਲ ਵਧ ਸਕੇਗੀ। ਜੇ

| ਤਾਲਿਕਾ-1 : ਵਿੱਤੀ ਸਮੁੱਚਾਪਨ ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਵਜੋਂ ਵਰਤਮਾਨ ਬਾਜ਼ਾਰ ਕੀਮਤਾਂ 'ਤੇ | | | | |
|---|---|---|---|---|
| ਮਦ | 2013-14 (ਆਰ ਈ) | 2014-15 (ਆਰ ਈ) | 2015-16 (ਟੀਚੇ) | 2016-17 (ਟੀਚੇ) |
| ਕੁੱਲ ਕਰ ਮੁਨਾਫ਼ਾ | 10.2 | 10.6 | 10.9 | 11.2 |
| ਸ਼ੁੱਧ ਕਰ ਮੁਨਾਫ਼ਾ | 7.4 | 7.6 | 7.4 | 7.6 |
| ਗ਼ੈਰ-ਕਰ ਮੁਨਾਫ਼ਾ | 1.7 | 1.4 | 1.4 | 1.2 |
| ਕੁੱਲ ਖਰਚ | 14.0 | 13.7 | 13.1 | 12.5 |
| ਸਬਸਿਡੀਆਂ | 2.3 | 2.0 | 1.7 | 1.6 |
| ਮਾਲੀ ਘਾਟਾ | 3.3 | 2.9 | 2.2 | 1.6 |
| ਪੂੰਜੀਗਤ ਅਸਾਸਿਆਂ ਲਈ ਗ੍ਰਾਂਟ | 1.3 | 1.3 | 2.2 | 1.6 |
| ਪ੍ਰਭਾਵੀ ਆਰ ਡੀ | 2.0 | 1.6 | 2.2 | 1.6 |
| ਵਿਨਿਵੇਸ਼ + ਵਸੂਲੀ | 0.3 | 0.6 | 0.7 | 0.7 |
| ਵਿੱਤੀ ਘਾਟਾ | 4.6 | 4.1 | 3.6 | 3.0 |
| ਕਰਜ਼ਾ/ਕੁੱਲ ਘਰੇਲੂ ਉਤਪਾਦ | 46.0 | 45.4 | 43.6 | 41.5 |

*ਸਰੋਤ : ਦਰਮਿਆਨੇ ਸਮੇਂ ਦੀ ਵਿੱਤ ਨੀਤੀ ਸਟੇਟਮੈਂਟ ਅਤੇ ਬਜਟ ਇਕ ਨਜ਼ਰ ਤੋਂ ਗਣਨਾ ਕੀਤੀ ਗਈ*

ਆਰਥਿਕਤਾ ਵਿਚ ਉਮੀਦ ਨਾਲੋਂ ਵੱਧ ਅਤੇ ਤੇਜ਼ੀ ਨਾਲ ਸੁਧਾਰ ਆਉਂਦਾ ਹੈ ਤਾਂ ਵਿੱਤ ਮੰਤਰੀ ਵਲੋਂ ਮੱਧ ਵਰਗ ਨੂੰ ਹੋਰ ਸਹਾਇਤਾ ਦੇਣ ਦਾ ਵਾਅਦਾ ਕੀਤਾ ਗਿਆ ਹੈ ਬਜਾਇ ਕਿ ਵਾਧੂ ਸਰੋਤਾਂ ਨੂੰ ਖਰਚਿਆ ਜਾਵੇ। ਪਿਛਲੇ ਰਿਕਾਰਡ ਨੂੰ ਵੇਖਦਿਆਂ ਵਿੱਤ ਮੰਤਰੀ ਵਲੋਂ ਕਰ ਮਾਲੀਏ ਵਿਚ ਵਾਧਾ ਪ੍ਰਸ਼ੰਸਾਯੋਗ ਲਗਦਾ ਹੈ। ਕਰਜ਼ੇ 'ਤੇ ਛੋਟ ਅਦਾ ਕਰਨ ਦੇ ਨਾਲ-ਨਾਲ ਸਬਸਿਡੀਆਂ ਸਭ ਤੋਂ ਪ੍ਰਸੰਗਿਕ ਖਰਚਾ ਹਨ। ਜਦ ਕਿ ਵਿੱਤੀ ਅਨੁਸ਼ਾਸਨ ਵਿੱਤੀ ਘਾਟੇ ਵਿਚ ਲਗਾਤਾਰ ਗਿਰਾਵਟ ਯਕੀਨੀ ਬਣਾਏਗਾ, ਕਰਜ਼ੇ - ਕੁੱਲ ਘਰੇਲੂ ਉਤਪਾਦ ਦਾ ਅਨੁਪਾਤ ਕਾਫ਼ੀ ਘੱਟ ਹੋਣਾ ਵੀ ਨਿਸ਼ਚਿਤ ਹੈ। ਹੋਰ, ਇਕ ਵਾਰੀ ਮੁਦਰਾਸਫ਼ਿਤੀ ਦੀਆਂ ਉਮੀਦਾਂ ਘਟ ਜਾਣ ਤਾਂ ਸਰਕਾਰ ਲਈ ਉਧਾਰ ਲੈਣ ਦੀ ਦਰ ਵੀ ਕਾਫ਼ੀ ਘਟ ਜਾਵੇਗੀ। ਇਸ ਤਰ੍ਹਾਂ, ਘੱਟ ਵਿਆਜ ਦਰ ਤੇ ਘੱਟ ਕਰਜ਼ੇ- ਕੁੱਲ ਘਰੇਲੂ ਉਤਪਾਦ ਅਨੁਪਾਤ ਕਰਕੇ, ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਵਜੋਂ ਵਿਆਜ ਦੀ ਅਦਾਇਗੀ ਵਿਚ ਵੀ ਸਮੇਂ ਨਾਲ ਗਿਰਾਵਟ ਆਵੇਗੀ।

ਵਿੱਤੀ ਪ੍ਰਬੰਧਨ ਦੇ ਰਾਹ ਵਿਚ ਸਬਸਿਡੀਆਂ ਸਭ ਤੋਂ ਵੱਡੀ ਚੁਨੌਤੀ ਪੇਸ਼ ਕਰਦੀਆਂ ਹਨ। ਅਨਾਜ, ਖਾਦਾਂ ਅਤੇ ਪੈਟਰੋਲੀਅਮ ਪਦਾਰਥਾਂ 'ਤੇ ਦਿਤੀਆਂ ਜਾਣ ਵਾਲੀਆਂ ਸਬਸਿਡੀਆਂ ਜੋ ਕੁੱਲ 2.6 ਟ੍ਰਿਲੀਅਨ ਰੁਪਏ ਵਿਚੋਂ 2.5 ਟ੍ਰਿਲੀਅਨ ਰੁਪਏ ਬਣਦੀ ਹੈ, ਵਿਚੋਂ ਪੈਟਰੋਲੀਅਮ ਪਦਾਰਥਾਂ ਦੀ ਸਬਸਿਡੀ 0.85480 ਟ੍ਰਿਲੀਅਨ ਰੁਪਏ (2013-14) ਤੋਂ ਘਟਾ ਕੇ 2014-15 ਵਿਚ 0.63427 ਟ੍ਰਿਲੀਅਨ ਰੁਪਏ ਕਰ ਦਿਤੀ ਜਾਵੇਗੀ। ਦੂਜੀਆਂ ਦੋ ਸਬਸਿਡੀਆਂ ਵਿਚ ਮਾਮੂਲੀ ਵਾਧਾ ਹੋ ਸਕਦਾ ਹੈ ਤਾਂ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਵਿੱਤੀ ਵਰ੍ਹੇ ਦੌਰਾਨ ਸਬਸਿਡੀਆਂ ਵਿਚ ਕੁੱਲ ਵਾਧੇ ਨੂੰ 1.5 ਪ੍ਰਤਿਸ਼ਤ ਦੇ ਅੰਦਰ ਡੱਕਿਆ ਜਾ ਸਕੇ। ਪਰ ਅਗਲੇ ਸਾਲ ਸਬਸਿਡੀਆਂ ਠੀਕ ਹੀ 4 ਪ੍ਰਤਿਸ਼ਤ ਘੱਟ ਹੋਣਗੀਆਂ ਅਤੇ ਉਸ ਤੋਂ ਬਾਅਦ 5 ਪ੍ਰਤਿਸ਼ਤ। ਇਸ ਨਾਲ ਸਬਸਿਡੀਆਂ 'ਤੇ ਕੁੱਲ ਖਰਚ ਕੁੱਲ ਘਰੇਲੂ ਉਤਪਾਦ ਦੇ 2013-14 ਦੇ 2.3 ਪ੍ਰਤਿਸ਼ਤ ਦੇ ਮੁਕਾਬਲੇ 2016-17 ਵਿਚ 1.6 ਪ੍ਰਤਿਸ਼ਤ ਰਹਿ ਜਾਵੇਗਾ। ਇਸ ਨੂੰ ਹਾਸਲ ਕਰਨ ਲਈ, ਵਰਤਮਾਨ ਬਜਟ ਵਿਚ ਜਨਤਕ ਖਰਚਾ ਪ੍ਰਬੰਧਕ ਕਮੇਟੀ ਬਣਾਉਣ ਦਾ ਪ੍ਰਸਤਾਵ ਹੈ ਜੋ ਵੱਖ-ਵੱਖ ਸਬਸਿਡੀਆਂ ਨੂੰ ਨਿਸ਼ਾਨਾ ਬਣਾ ਕੇ ਬੰਦ ਕਰਕੇ ਲੀਕੇਜ ਬੰਦ ਕਰਕੇ ਅਤੇ ਉਨ੍ਹਾਂ ਦੇ ਨਮੂਨੇ ਵਿਚ ਤਬਦੀਲੀਆਂ ਕਰ ਕੇ ਇਨ੍ਹਾਂ ਨੂੰ ਕਾਰਗਰ ਬਣਾਉਣ ਦਾ ਯਤਨ ਕਰੇਗੀ।

ਇਸ ਯੋਜਨਾ ਦੀ ਇਕ ਹੋਰ ਵੱਡੀ ਪ੍ਰਾਪਤੀ ਅਗਲੇ ਸਾਲ, ਮਤਲਬ 2015-16 ਤੋਂ ਜ਼ੀਰੋ ਪ੍ਰਭਾਵੀ ਮਾਲੀ ਘਾਟੇ ਨੂੰ ਨਿਸ਼ਾਨਾ ਬਣਾਉਣਾ ਹੈ। ਐੱਮ ਆਰ ਬੀ ਐੱਮ ਦੇ ਪ੍ਰਭਾਵੀ ਮਾਲੀ ਘਾਟੇ ਦੇ ਸੰਦਰਭ ਵਿਚ ਸੋਧੇ ਹੋਏ ਟੀਚੇ ਹਨ ਜੋ ਕੇਂਦਰ ਵਲੋਂ ਪੂੰਜੀ ਅਸਾਸੇ ਬਣਾਉਣ ਵਾਲੀਆਂ ਗਰਾਂਟਾਂ ਵਿਚੋਂ ਘਟਾ ਕੇ ਪ੍ਰਾਪਤ ਕੀਤੇ ਜਾਂਦੇ ਹਨ। ਪੂੰਜੀਗਤ ਅਸਾਸੇ ਬਣਾਉਣ ਲਈ ਚਾਲੂ ਬਜਟ ਦੇ ਟੀਚਿਆਂ ਵਿਚ ਇਸ ਵਿੱਤੀ ਸਾਲ ਦੀ 1.3 ਪ੍ਰਤਿਸ਼ਤ ਦੇ ਮੁਕਾਬਲੇ ਅਗਲੇ ਵਿੱਤੀ ਵਰ੍ਹੇ ਤੋਂ ਕੁੱਲ ਘਰੇਲੂ ਉਤਪਾਦ ਦੇ 2.2 ਪ੍ਰਤਿਸ਼ਤ ਦੇ ਤਿੱਖੇ ਵਾਧੇ ਨੂੰ ਵਿਚਾਰਿਆ ਜਾ ਰਿਹਾ ਹੈ। ਵਿੱਤ ਮੰਤਰੀ ਦੇ ਕਹੇ ਅਨੁਸਾਰ ਅਜਿਹਾ *ਮਨਰੇਗਾ* ਵਰਗੀਆਂ ਅਨੇਕ ਗ੍ਰਾਂਟ ਸਕੀਮਾਂ ਦੇ ਪੁਨਰਗਠਨ ਦੁਆਰਾ ਹਾਸਲ ਕੀਤਾ ਜਾ ਸਕੇਗਾ ਤਾਂ ਕਿ ਖਪਤ ਮੁਖੀ ਬਣਤਰ ਦੇ ਮੁਕਾਬਲੇ ਉਤਪਾਦਕ ਪੂੰਜੀਗਤ ਅਸਾਸਿਆਂ ਦੇ ਨਿਰਮਾਣ ਵੱਲ ਧਿਆਨ ਕੇਂਦਰਿਤ ਕੀਤਾ ਜਾ ਸਕੇ।

## ਸਮਾਪਤੀ ਟਿੱਪਣੀਆਂ

ਇਹ ਬਜਟ ਸਚਮੁਚ ਹੀ ਇਕ ਚੁਨੌਤੀ ਵਾਲਾ ਕੰਮ ਸੀ, ਨਾ ਸਿਰਫ਼ ਇਸ ਕਰਕੇ ਕਿ ਇਸ ਨੂੰ 45 ਦਿਨਾਂ ਵਿਚ ਤਿਆਰ ਕੀਤਾ ਜਾਣਾ ਸੀ ਸਗੋਂ ਇਸ ਲਈ ਵੀ ਕਿ ਇਸ ਨੇ ਦੇਸ਼ ਵਿਚ ਵਿੱਤੀ ਅਤੇ ਵਿਆਪਕ ਆਰਥਿਕਤਾ ਦੀ ਜਿੱਲ੍ਹਣ ਤੋਂ ਵੀ ਬਚਣਾ ਸੀ। ਬਜਟ ਵਿਚ ਅਨੇਕ ਹੀ ਪ੍ਰਸੰਗਿਕ ਅਤੇ ਵਿਸ਼ੇਸ਼ ਪ੍ਰਸਤਾਵ, ਵਿੱਤ ਮੰਤਰੀ ਦੁਆਰਾ ਨਿਰਧਾਰਤ ਕੀਤੇ ਟੀਚਿਆਂ ਨੂੰ ਹਾਸਲ ਕਰਨ ਲਈ ਹਨ ਜੋ ਵਰਤਮਾਨ ਵਾਤਾਵਰਨ ਵਿਚ ਆਰਥਿਕਤਾ ਦੀਆਂ ਲੋੜਾਂ 'ਤੇ ਆਧਾਰਤ ਹਨ। ਪਰ, ਬਦਕਿਸਮਤੀ ਨੂੰ, ਉਨ੍ਹਾਂ ਦਾ ਪਹਿਲਾ ਬਜਟ ਹੋਣ ਕਰਕੇ, ਵਿੱਤ ਮੰਤਰੀ ਆਪਣੇ ਪ੍ਰਸਤਾਵਾਂ ਅਤੇ ਪੇਸ਼ਕਾਰੀ ਦੀ ਵਧੀਆ ਪੈਕਿੰਗ ਨਹੀਂ ਕਰ ਸਕੇ। ਉਨ੍ਹਾਂ ਨੂੰ ਅੱਗੇ ਦਾ ਰਸਤਾ ਅਤੇ ਸਰਕਾਰ ਦੀਆਂ ਨੀਤੀਆਂ ਦੀ ਭਵਿੱਖੀ ਦਿਸ਼ਾ ਨਿਰਧਾਰਨ ਲਈ ਆਰਥਿਕ ਸਰਵੇਖਣ ਦਾ ਸਪੱਸ਼ਟ ਰੂਪ ਵਿਚ ਹਵਾਲਾ ਦੇਣਾ ਚਾਹੀਦਾ ਸੀ ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਨਤੀਜੇ ਵਜੋਂ, ਉਨ੍ਹਾਂ ਤੋਂ ਦੂਰਦ੍ਰਿਸ਼ਟੀ ਦੀ ਕਮੀ ਅਤੇ ਭਵਿੱਖੀ ਦਿਸ਼ਾ ਦੀ ਸਪੱਸ਼ਟਤਾ ਦੀ ਕਮੀ ਦੇ ਦੋਸ਼ ਲਗਾਏ ਗਏ। ਇਸ ਦੇ ਉਲਟ, ਅਸਲ ਵਿਚ ਉਨ੍ਹਾਂ ਨੇ ਸਰਵੇਖਣ ਵਿਚ ਦਿਤੇ ਗਏ ਸੈਂਕੜੇ ਸੁਝਾਵਾਂ ਦੀ ਪਾਲਣਾ ਕੀਤੀ, ਪਰ ਉਨ੍ਹਾਂ ਨੂੰ ਮੰਨਿਆ ਨਹੀਂ।

ਵਿੱਤੀ ਸੁਦ੍ਰਿੜ੍ਹੀਕਰਨ ਲਈ ਬਜਟ ਅਤੇ ਚਾਲੂ ਯੋਜਨਾ ਦਾ ਆਮ ਪ੍ਰਭਾਵ ਨਿਵੇਸ਼ੀ ਭਾਵਨਾਵਾਂ, ਵਪਾਰਕ ਵਾਤਾਵਰਨ, ਵਿਕਾਸ ਦੀ ਮੁੜ-ਸੁਰਜੀਤੀ ਅਤੇ ਮੁਦਰਾ ਸਫ਼ਿਤੀ ਉਮੀਦਾਂ 'ਤੇ ਕਾਬੂ ਪਾਉਣ ਵਿਚ ਬਹੁਤ ਜ਼ਿਆਦਾ ਹਾਂ ਪੱਖੀ ਹੋਵੇਗਾ। ਅੰਤਰਰਾਸ਼ਟਰੀ ਕ੍ਰੈਡਿਟ ਰੇਟਿੰਗ ਏਜੰਸੀਆਂ ਨਿਵੇਸ਼ ਦੇ ਨਜ਼ਰੀਏ ਤੋਂ ਇਸ ਬਜਟ ਨੂੰ ਬਹੁਤ ਜ਼ਿਆਦਾ ਹਾਂ ਪੱਖੀ ਪਾਉਣਗੀਆਂ। ਇਸ ਦੇ ਉਲਟ, ਜੇ ਆਰਥਿਕਤਾ ਰਫ਼ਤਾਰ ਫੜਦੀ ਹੈ, ਜਿਸ ਦੀ ਕਿ ਉਮੀਦ ਹੈ, ਤਾਂ ਕ੍ਰੈਡਿਟ ਰੇਟਿੰਗ ਵਿਚ ਸੁਧਾਰ ਦੀ ਬਹੁਤ ਵੱਡੀ ਗੁੰਜਾਇਸ਼ ਹੈ।

*(ਲੇਖਕ ਅਹਿਮਦਾਬਾਦ ਸਥਿਤ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਵਿਖੇ ਆਰਥਚਾਰੇ ਦਾ ਪ੍ਰੋਫ਼ੈਸਰ ਹੈ।)*

*e-mail :rdholkia@iimahd.ernet.in*

# ਗਰੀਬੀ ਤੇ ਕੁਪੋਸ਼ਣ ਨਾਲ ਸਿੱਝਣਾ : ਬਿਹਤਰ ਨਤੀਜਿਆਂ ਲਈ ਮੁੱਖ ਮੁੱਦੇ

ਆਸ਼ਾ ਕਪੂਰ ਮਹਿਤਾ ਤੇ ਸੰਜੇ ਪ੍ਰਤਾਪ

ਹਾਲ ਹੀ ਵਿਚ ਸੱਤਾ 'ਚ ਆਈ ਨਵੀਂ ਸਰਕਾਰ ਵਲੋਂ ਕੀਤੀਆਂ ਕਈ ਵਚਨਬੱਧਤਾਵਾਂ ਵਿਚੋਂ ਇਕ ਅਤਿ ਗਰੀਬੀ ਅਤੇ ਕੁਪੋਸ਼ਣ ਦਾ ਰਾਸ਼ਟਰੀ ਤਰਜੀਹ ਦੇ ਤੌਰ ਤੇ ਹੱਲ ਕੱਢਣਾ ਅਤੇ ਸਿਹਤ ਖੇਤਰ ਨੂੰ ਉੱਚ ਤਰਜੀਹ ਦੇਣਾ ਹੈ। ਭਾਵੇਂ 2014-15 ਦੇ ਬਜਟ ਵਿਚ ਇਨ੍ਹਾਂ ਮੁੱਦਿਆਂ ਲਈ ਪ੍ਰਬੰਧ ਰਖਿਆ ਗਿਆ ਹੈ ਪਰ ਮਹੱਤਵ ਵਾਲੀ ਗੱਲ ਇਹ ਹੈ ਕਿ ਇਸ ਤੋਂ ਪਹਿਲਾਂ ਪੇਸ਼ ਕੀਤੇ ਗਏ ਬਜਟਾਂ ਅਤੇ ਹੋਰ ਭਾਸ਼ਨਾਂ ਵਿਚ ਸਾਨੂੰ ਅਜਿਹੇ ਸ਼ਬਦ ਸੁਣਨ ਨੂੰ ਮਿਲਦੇ ਰਹੇ ਹਨ। ਸੁਤੰਤਰਤਾ ਪ੍ਰਾਪਤੀ ਤੋਂ ਹੀ ਸਰਕਾਰਾਂ ਨੇ ਗਰੀਬੀ ਘਟਾਉਣ ਅਤੇ ਕੁਪੋਸ਼ਣ ਦੀ ਸਮੱਸਿਆ ਨਾਲ ਨਜਿੱਠਣ ਲਈ ਕਈ ਸਕੀਮਾਂ ਅਤੇ ਪ੍ਰੋਗਰਾਮ ਲਾਗੂ ਕੀਤੇ। ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ (ਆਈ ਸੀ ਡੀ ਐੱਸ) ਜਿਹੀਆਂ ਕੁਝ ਸਕੀਮਾਂ ਲਗਭਗ ਚਾਰ ਦਹਾਕੇ ਪਹਿਲਾਂ ਸ਼ੁਰੂ ਕੀਤੀਆਂ ਗਈਆਂ ਸਨ ਜਦ ਕਿ ਰਾਸ਼ਟਰੀ ਪੇਂਡੂ ਸਿਹਤ ਮਿਸ਼ਨ (ਐੱਨ ਆਰ ਐੱਚ ਐੱਮ) ਵਰਗੀਆਂ ਸਕੀਮਾਂ ਉਸ ਤੋਂ ਮਗਰੋਂ ਸ਼ੁਰੂ ਹੋਈਆਂ। ਪਰ 'ਕੰਮ ਲਈ ਹੱਕ' ਆਧਾਰੀ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਕਾਨੂੰਨ (ਮਨਰੇਗਾ) ਜਿਹੀਆਂ ਸਕੀਮਾਂ ਵੱਖ-ਵੱਖ ਰਾਸ਼ਟਰੀ ਰੁਜ਼ਗਾਰ ਉਪਜਾਊ ਸਕੀਮਾਂ ਦੇ ਅਨੁਭਵਾਂ ਤੋਂ ਬਾਅਦ ਹੋਂਦ ਵਿਚ ਆਈਆਂ ਹਨ।

ਇਹ ਲੇਖ ਦੋ ਪ੍ਰਸ਼ਨਾਂ 'ਤੇ ਧਿਆਨ ਕੇਂਦਰਤ ਕਰਦਾ ਹੈ। ਪਹਿਲਾ ਗਰੀਬੀ ਦੂਰ ਕਰਨ ਲਈ ਵੱਡੀ ਗਿਣਤੀ ਵਿਚ ਸਕੀਮਾਂ ਅਤੇ ਪ੍ਰੋਗਰਾਮ ਲਾਗੂ ਕੀਤੇ ਜਾਣ ਦੇ ਬਾਵਜੂਦ ਗਰੀਬੀ ਵਿਚ ਇੰਨੇ ਵੱਡੇ ਪੱਧਰ 'ਤੇ ਵਾਧਾ ਕਿਉਂ ਹੋ ਰਿਹਾ ਹੈ। ਦੂਜਾ, ਅਜਿਹੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲੱਗਿਆਂ ਕਿਹੜੇ ਮੁੱਖ ਮੁੱਦਿਆਂ ਉਪਰ ਧਿਆਨ ਦੇਣ ਦੀ ਲੋੜ ਹੈ, ਤਾਂ ਜੋ ਲਾਹੇਵੰਦ ਸਿੱਟੇ ਨਿਕਲ ਸਕਣ। ਇਸ ਉਦੇਸ਼ ਲਈ ਦੋ ਵੱਡੇ ਪ੍ਰੋਗਰਾਮਾਂ ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਅਤੇ ਮਨਰੇਗਾ ਨੂੰ ਆਧਾਰ ਬਣਾਇਆ ਗਿਆ ਹੈ।

## ਵਿਆਪਕ ਪੱਧਰ 'ਤੇ ਗਰੀਬੀ ਅਜੇ ਵੀ ਮੁੱਖ ਮੁੱਦਾ ਹੈ : ਕਿਉਂ ?

ਸਾਡੇ ਕੋਲ ਗਰੀਬੀ ਦੇ ਵੱਖ-ਵੱਖ ਪੱਧਰਾਂ ਨਾਲ ਸਿੱਝਣ ਲਈ ਵੱਡੀ ਗਿਣਤੀ ਵਿਚ ਸਕੀਮਾਂ ਅਤੇ ਪ੍ਰੋਗਰਾਮ ਹਨ ਜਿਨ੍ਹਾਂ ਵਿਚੋਂ ਕੁਝ ਦੀ ਸੂਚੀ ਤਾਲਿਕਾ-1 ਵਿਚ ਦਿਤੀ ਗਈ ਹੈ। ਪਰ ਜਿਵੇਂ ਕਿ ਇਸ ਦੇ ਕਾਲਮ ਦੋ ਨੂੰ ਗਹੁ ਨਾਲ ਵੇਖਿਆਂ ਪਤਾ ਲਗਦਾ ਹੈ, ਇਨ੍ਹਾਂ ਸਾਰੀਆਂ ਸਕੀਮਾਂ ਵਿਚੋਂ ਕੋਈ ਇਕ ਵੀ ਰਾਜ ਨੂੰ ਨਾਗਰਿਕ ਦੇ ਨਿੱਜੀ ਪੱਧਰ 'ਤੇ ਜਾਂ ਪਰਿਵਾਰਕ ਪੱਧਰ 'ਤੇ ਘੱਟੋ-ਘੱਟ ਉਜੀਵਿਕਾ ਮੁਹੱਈਆ ਕਰਾਉਣ ਲਈ ਵਚਨਬੱਧ ਨਹੀਂ ਕਰਦੀ। ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਪੈਦਾ ਕਰਨ ਵਾਲੀਆਂ ਸਕੀਮਾਂ ਵਿਚੋਂ ਇਕ ਹੈ 'ਮਨਰੇਗਾ' ਜੋ ਇਸ ਉਦੇਸ਼ ਨਾਲ ਤਿਆਰ ਨਹੀਂ ਕੀਤੀ ਗਈ ਕਿ ਇਸ ਰਾਹੀਂ ਪਰਿਵਾਰ ਨੂੰ ਇੰਨੀ ਆਮਦਨ ਹਾਸਲ ਹੋ ਜਾਵੇ ਕਿ ਉਹ ਗਰੀਬੀ ਰੇਖਾ ਟੱਪ ਸਕੇ। ਸਵੈ-ਰੁਜ਼ਗਾਰ ਤੇ ਸਵੈ-ਸਹਾਇਤਾ ਸੰਗਠਨ ਰਾਹੀਂ ਪੈਦਾ ਹੋਣ ਵਾਲੀ ਆਮਦਨ ਨਾਲ ਜੋਖਿਮ ਜੁੜੇ ਹਨ ਅਤੇ ਪੈਦਾ ਹੋਈ ਆਮਦਨ ਗਰੀਬੀ ਰੇਖਾ ਤੋਂ ਪਾਰ ਲੈ ਜਾਣ ਦੇ ਸਮਰੱਥ ਨਹੀਂ ਵੀ ਹੋ ਸਕਦੀ। ਇਨ੍ਹਾਂ ਸਕੀਮਾਂ ਵਿਚ ਹਿੱਸਾ ਲੈਣ ਤੋਂ ਪੈਦਾ ਹੋਈ ਕੁਝ ਆਮਦਨ ਨਿੱਜੀ ਵਿਅਕਤੀਆਂ ਵਲੋਂ ਕੀਤੀ ਗਈ ਪੂੰਜੀਕਾਰੀ ਅਤੇ ਉਸ ਤੋਂ ਮਿਲਣ ਵਾਲੇ ਲਾਭ 'ਤੇ ਆਧਾਰਿਤ ਹੈ।

ਫਿਰ, ਅਜਿਹਾ ਪਰਿਵਾਰ ਜੋ ਗਰੀਬ ਨਹੀਂ ਹੈ, ਦੇ ਅੰਦਰ ਵੀ ਔਰਤਾਂ, ਬਜ਼ੁਰਗ ਅਤੇ ਸਰੀਰਕ/ਮਾਨਸਿਕ ਰੂਪ ਵਿਚ ਅਪਾਹਜ ਵਿਅਕਤੀ/ਬੱਚੇ ਹੋ ਸਕਦੇ ਹਨ ਜੋ ਕਿ ਮੁਥਾਜੀ ਅਤੇ ਗਰੀਬੀ ਦੇ ਸ਼ਿਕਾਰ ਹੋਣ। ਭਾਵੇਂ ਰਾਸ਼ਟਰੀ ਬੁਢਾਪਾ ਸਕੀਮ ਜਾਂ ਵਿਧਵਾ ਪੈਨਸ਼ਨ ਸਕੀਮ ਜਾਂ ਅਪਾਹਜਪੁਣੇ ਬਾਰੇ ਪੈਨਸ਼ਨ ਸਕੀਮ ਇਨ੍ਹਾਂ ਮੁੱਦਿਆਂ ਨਾਲ ਨਜਿੱਠਣ ਲਈ ਹੀ ਬਣੀਆਂ ਹਨ ਪਰ ਪੈਨਸ਼ਨ ਦਾ ਪੱਧਰ ਇੰਨਾ ਘੱਟ ਹੈ ਕਿ ਇਸ ਨਾਲ ਜੀਵਨ ਚਲਾ ਸਕਣਾ ਮੁਸ਼ਕਿਲ ਹੈ।

ਰਾਜ ਵਲੋਂ ਗਰੀਬੀ ਉਪਰ ਕੇਂਦਰਤ ਅਤੇ ਜ਼ੋਰਦਾਰ ਹਮਲਾ ਕਰਨ ਲਈ ਸਾਰੇ ਵਿਭਾਗਾਂ ਨੂੰ ਸੰਗਠਿਤ ਕਰ ਕੇ ਕੰਮ ਕੀਤੇ ਜਾਣ ਦੀ ਅਣਹੋਂਦ ਹੈ। ਇਸ ਗੱਲ ਨੂੰ ਯਕੀਨੀ ਬਣਾਉਣ ਦੀ ਬਜਾਇ ਕਿ ਸਕੀਮਾਂ ਅਤੇ ਪ੍ਰੋਗਰਾਮ ਆਪਣੇ ਸਮੁੱਚੇ ਨਤੀਜਿਆਂ ਰਾਹੀਂ ਨਿੱਜੀ ਵਿਅਕਤੀਆਂ ਅਤੇਪਰਿਵਾਰਾਂ ਨੂੰ ਗਰੀਬੀ ਵਿਚੋਂ ਨਿਕਲਣ ਜਾਂ ਇਸ ਵਿਚ ਸ਼ਾਮਿਲ ਨਾ ਹੋਣ ਦੇ ਸਮਰੱਥ ਬਣਾਉਣ, ਸਕੀਮਾਂ ਨੂੰ ਵੱਖੋ-ਵੱਖਰਾ ਲਾਗੂ ਕੀਤਾ ਜਾ ਰਿਹਾ ਹੈ।

***ਲੋੜ ਇਸ ਗੱਲ ਦੀ ਹੈ ਕਿ ਤੱਥਾਂ 'ਤੇ ਆਧਾਰਿਤ ਇਸ ਗੱਲ ਦੀ ਸ਼ਨਾਖਤ ਕੀਤੀ ਜਾਵੇ ਕਿ ਗਰੀਬ ਕੌਣ ਹੈ ਅਤੇ ਕਿਉਂ ਹੈ। ਕੌਣ ਗਰੀਬੀ ਵਿਚੋਂ ਨਿਕਲ ਸਕਿਆ ਹੈ ਅਤੇ ਕਿਉਂ? ਅਜਿਹੇ ਹੀ ਕਾਰਨ ਹਨ ਜਿਨ੍ਹਾਂ ਨਾਲ ਕੋਈ ਵਿਅਕਤੀ ਜੋ ਪਹਿਲਾਂ ਗਰੀਬ ਨਹੀਂ ਸੀ ਹੁਣ ਗਰੀਬਾਂ ਦੀ ਸ਼੍ਰੇਣੀ ਵਿਚ ਆ ਗਿਆ ਹੈ ਅਤੇ ਇਸ ਰੁਝਾਨ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ?***

ਕੀ ਕੋਈ ਇਸ ਲਈ ਗਰੀਬ ਹੈ ਕਿ ਉਹ ਗਰੀਬ ਪਰਿਵਾਰ ਵਿਚ ਪੈਦਾ ਹੋਇਆ ਸੀ ਜਾਂ ਉਹ ਮਾੜੀ ਸਿਹਤ, ਅਨਪੜ੍ਹਤਾ ਜਾਂ ਹੁਨਰ ਦੀ ਕਮੀ ਜਾਂ ਅਸਾਸਿਆਂ ਦੇ ਖੁੱਸ ਜਾਣ ਕਰਕੇ ਗਰੀਬ ਹੋ ਗਿਆ ਉਸ ਨੂੰ ਗਰੀਬੀ ਵਿਚੋਂ ਬਾਹਰ

**ਤਾਲਿਕਾ-1 : ਗਰੀਬੀ ਦੇ ਖਾਤਮੇ ਬਾਰੇ ਪ੍ਰੋਗਰਾਮ ਅਤੇ ਸਕੀਮਾਂ**

| ਪ੍ਰੋਗਰਾਮ/ਸਕੀਮ | ਕੀ ਘੱਟੋ-ਘੱਟ ਉਪਜੀਵਿਕਾ ਮੁਹੱਈਆ ਕਰਾਉਂਦੀ ਹੈ | ਕੌਣ ਹੱਕਦਾਰ ਹੈ : ਨਿੱਜੀ ਵਿਅਕਤੀ ਜਾਂ ਪਰਿਵਾਰ | ਕੀ ਇਹ ਕੰਮ ਨਾਲ ਸੰਬੰਧਿਤ ਹੈ | ਕੀ ਇਸ ਤੋਂ ਬੱਚੇ ਲਾਭ ਲੈਂਦੇ ਹਨ |
|---|---|---|---|---|
| ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਕਾਨੂੰਨ | ਨਹੀਂ | ਪਰਿਵਾਰ | ਹਾਂ | * |
| ਸਵਰਨ ਜਯੰਤੀ ਪੇਂਡੂ ਸਵੈ-ਰੁਜ਼ਗਾਰ ਯੋਜਨਾ | ਕੋਈ ਤੈਸ਼ੁਦਾ ਆਮਦਨ ਨਹੀਂ | ਨਿੱਜੀ/ਸਵੈ ਵਿਅਕਤੀ ਮਦਦ ਸੰਗਠਨ | ਹਾਂ | * |
| ਸਵਰਨ ਜਯੰਤੀ ਸ਼ਹਿਰੀ ਰੁਜ਼ਗਾਰ ਯੋਜਨਾ | | | | |
| ਸ਼ਹਿਰੀ ਸਵੈ-ਰੁਜ਼ਗਾਰ ਪ੍ਰੋਗਰਾਮ | ਕੋਈ ਤੈਸ਼ੁਦਾ ਆਮਦਨ ਨਹੀਂ | ਨਿੱਜੀ ਵਿਅਕਤੀ | ਹਾਂ | * |
| ਸ਼ਹਿਰੀ ਮਜ਼ਦੂਰੀ ਰੁਜ਼ਗਾਰ ਪ੍ਰੋਗਰਾਮ | ਕੋਈ ਤੈਸ਼ੁਦਾ ਆਮਦਨ ਨਹੀਂ | ਨਿੱਜੀ ਵਿਅਕਤੀ | ਹਾਂ | * |
| ਔਰਤਾਂ ਲਈ ਸਹਾਇਤਾ ਵਾਸਤੇ ਸਿਖਲਾਈ ਤੇ ਰੁਜ਼ਗਾਰ ਪ੍ਰੋਗਰਾਮ | ਨਹੀਂ | ਨਿੱਜੀ ਵਿਅਕਤੀ | ਹਾਂ | * |
| ਸਵੈ ਸਹਾਇਤਾ ਸੰਗਠਨ ਅਤੇ ਮਾਈਕਰੋ ਕਰਜ਼ੇ | ਕੋਈ ਪੱਕੀ ਆਮਦਨ ਨਹੀਂ | ਸਵੈ ਸਹਾਇਤਾ ਸੰਗਠਨ | ਕੰਮ ਲਈ ਕਰਜ਼ੇ | * |
| **ਪੋਸ਼ਣ ਅਤੇ ਸਿੱਖਿਆ** | | | | |
| ਨਿਸ਼ਾਨੇ ਵਾਲੀ ਜਨਤਕ ਵੰਡ ਪ੍ਰਣਾਲੀ | ਘੱਟ ਕੀਮਤ 'ਤੇ ਖੁਰਾਕ | ਪਰਿਵਾਰ | ਨਹੀਂ | * |
| ਸੰਗਠਿਤ ਬਾਲ ਵਿਕਾਸ ਸੇਵਾਵਾਂ | ਨਹੀਂ | ਨਿੱਜੀ ਵਿਅਕਤੀ | ਨਹੀਂ | ਹਾਂ |
| ਦੁਪਹਿਰ ਦੇ ਭੋਜਨ ਬਾਰੇ ਸਕੀਮ | ਨਹੀਂ | ਨਿੱਜੀ ਵਿਅਕਤੀ | ਨਹੀਂ | ਹਾਂ |
| ਸਰਬ ਸਿੱਖਿਆ ਅਭਿਆਨ | ਨਹੀਂ | ਨਿੱਜੀ ਵਿਅਕਤੀ | ਨਹੀਂ | ਹਾਂ |
| **ਸਿਹਤ ਅਤੇ ਸਿਹਤ ਬੀਮਾ** | | | | |
| ਰਾਸ਼ਟਰੀ ਪੇਂਡੂ ਸਿਹਤ ਮਿਸ਼ਨ | ਨਹੀਂ | ਨਿੱਜੀ ਵਿਅਕਤੀ | ਨਹੀਂ | ਹਾਂ |
| ਜਣਨੀ ਸੁਰੱਖਿਆ ਯੋਜਨਾ | ਨਹੀਂ | ਨਿੱਜੀ ਵਿਅਕਤੀ | ਨਹੀਂ | ਹਾਂ |
| ਰਾਸ਼ਟਰੀ ਏਡਜ਼ ਨਿਯੰਤ੍ਰਣ ਪ੍ਰੋਗਰਾਮ-3 | ਨਹੀਂ | ਨਿੱਜੀ ਵਿਅਕਤੀ | ਨਹੀਂ | ਹਾਂ |
| ਆਮ ਆਦਮੀ ਬੀਮਾ ਯੋਜਨਾ | ਨਹੀਂ | ਨਿੱਜੀ ਵਿਅਕਤੀ | ਨਹੀਂ | * |
| ਰਾਸ਼ਟਰੀ ਸਿਹਤ ਬੀਮਾ ਯੋਜਨਾ | ਨਹੀਂ | ਨਿੱਜੀ ਵਿਅਕਤੀ | ਹਾਂ | * |
| **ਬੁਨਿਆਦੀ ਢਾਂਚਾ ਅਤੇ ਮੂਲ ਸੇਵਾਵਾਂ** | | | | |
| ਪ੍ਰਧਾਨ ਮੰਤਰੀ ਪੇਂਡੂ ਸੜਕ ਯੋਜਨਾ | ਨਹੀਂ | ਪਰਿਵਾਰ | ਨਹੀਂ | * |
| ਇੰਦਰਾ ਆਵਾਸ ਯੋਜਨਾ | ਨਹੀਂ | ਪਰਿਵਾਰ | ਨਹੀਂ | * |
| ਪੂਰਨ ਸਵੱਛਤਾ ਮੁਹਿੰਮ | ਨਹੀਂ | ਪਰਿਵਾਰ | ਨਹੀਂ | ਹਾਂ |
| ਭਾਰਤ ਨਿਰਮਾਣ | ਨਹੀਂ | ਪਰਿਵਾਰ/ਸਮੁਦਾਇ | ਨਹੀਂ | * |
| ਜਵਾਹਰ ਲਾਲ ਨਹਿਰੂ ਸ਼ਹਿਰੀ ਮੁੜ ਸੁਰਜੀਤੀ ਮਿਸ਼ਨ | ਨਹੀਂ | ਸਮੁਦਾਇ | ਨਹੀਂ | * |
| ਤੇਜ਼ ਰਫ਼ਤਾਰ ਵਾਲੀ ਪੇਂਡੂ ਜਲ ਪੂਰਤੀ | ਨਹੀਂ | ਪਰਿਵਾਰ | ਨਹੀਂ | ਹਾਂ |
| ਸੰਗਠਤ ਵਾਟਰਸ਼ੈਡ ਪ੍ਰਬੰਧ ਪ੍ਰੋਗਰਾਮ | ਨਹੀਂ | ਪਰਿਵਾਰ | ਨਹੀਂ | * |
| ਪਛੜੇ ਹਲਕਿਆਂ ਬਾਰੇ ਗਰਾਂਟ ਫ਼ੰਡ | ਨਹੀਂ | ਸਮੁਦਾਇ | | |
| **ਵਿਸ਼ੇਸ਼ ਸੰਗਠਨਾਂ ਲਈ ਪ੍ਰੋਗਰਾਮ** | | | | |
| ਅਨੁਸੂਚਿਤ ਜਾਤੀਆਂ ਬਾਰੇ ਉਪ-ਯੋਜਨਾ ਅਤੇ | ਨਹੀਂ | ਸਮੁਦਾਇ | ਨਹੀਂ | * |
| ਜਨਜਾਤੀਆਂ ਬਾਰੇ ਉਪ-ਯੋਜਨਾ | | | | |
| ਸੰਗਠਿਤ ਬਾਲ ਸੁਰੱਖਿਆ ਸਕੀਮ | ਨਹੀਂ | ਨਿੱਜੀ ਵਿਅਕਤੀ | ਨਹੀਂ | ਹਾਂ |
| ਰਾਸ਼ਟਰੀ ਬੁਢਾਪਾ ਪੈਨਸ਼ਨ ਸਕੀਮ | ਨਹੀਂ | ਨਿੱਜੀ ਵਿਅਕਤੀ | ਨਹੀਂ | ਨਹੀਂ |
| ਕਿਸ਼ੋਰੀ ਸ਼ਕਤੀ ਯੋਜਨਾ | ਨਹੀਂ | ਨਿੱਜੀ ਵਿਅਕਤੀ | ਨਹੀਂ | ਹਾਂ |

*ਨੋਟ : * ਦਾ ਭਾਵ ਹੈ ਕਿ ਬੱਚੇ ਪਰਿਵਾਰ ਦੀ ਇਕਾਈ ਵਜੋਂ ਲਾਭ ਪ੍ਰਾਪਤ ਕਰਦੇ ਹਨ। ਸਰੋਤ : ਮਹਿਤਾ, ਆਸ਼ਾ ਕਪੂਰ ਅਤੇ ਪ੍ਰਤਾਪ, ਸੰਜੇ (2004) (ਨੀਤੀਆਂ ਅਤੇ ਪ੍ਰੋਗਰਾਮ)*

ਕੱਢਣ ਲਈ ਕੀ ਵਿਸ਼ੇਸ਼ ਉਪਾਅ ਲੋੜੀਂਦੇ ਹਨ। ਰਾਜ ਹਰ ਪਿੰਡ ਵਿਚੋਂ ਲੋਕਾਂ ਦੇ ਗਰੀਬੀ ਦੀ ਜਕੜ ਵਿਚੋਂ ਨਿਕਲ ਜਾਣ ਦੇ ਅਮਲ ਦੀ ਕਿਵੇਂ ਨਿਗਰਾਨੀ ਕਰਦਾ ਹੈ। ਇਸ ਗੱਲ ਨੂੰ ਕੌਣ ਯਕੀਨੀ ਬਣਾਉਂਦਾ ਹੈ ਕਿ 2014 ਵਿਚ ਗਰੀਬਾਂ ਦਾ ਕਿੰਨਾ ਪ੍ਰਤਿਸ਼ਤ 2015 ਜਾਂ 2016 ਤਕ ਗਰੀਬੀ ਰੇਖਾ ਨੂੰ ਉਲੰਘ ਜਾਵੇਗਾ। ਕੀ ਇਸ ਮੁਹਿੰਮ ਦੇ ਲਗਾਤਾਰ ਅਤੇ ਪ੍ਰਭਾਵੀ ਢੰਗ ਨਾਲ ਜਾਰੀ ਰਹਿਣ ਦੀ ਨਿਗਰਾਨੀ ਲਈ ਕੋਸ਼ਿਸ਼ਾਂ ਸਰਗਰਮ ਹਨ ਤਾਂ ਕਿ ਸਾਰੇ ਪਿੰਡਾਂ ਅਤੇ ਸ਼ਹਿਰਾਂ ਨੂੰ ਇਕ ਦਿਨ ਗਰੀਬੀ ਤੋਂ ਆਜ਼ਾਦ ਐਲਾਨਿਆ ਜਾ ਸਕੇਗਾ? ਉਹ ਲੋਕ ਜੋ ਇਸ ਵੇਲੇ ਗਰੀਬ ਨਹੀਂ ਹਨ, ਦੇ ਗਰੀਬਾਂ ਵਿਚ ਸ਼ਾਮਿਲ ਹੋਣ ਤੋਂ ਰੋਕਣ ਲਈ ਕੀ ਉਪਾਅ ਕੀਤੇ ਜਾ ਰਹੇ ਹਨ।

## ਸੰਗਠਿਤ ਬਾਲ ਵਿਕਾਸ ਸਕੀਮ ਤੇ ਰਾਸ਼ਟਰੀ ਪੇਂਡੂ ਸਿਹਤ ਮਿਸ਼ਨ – ਮੁੱਖ ਪ੍ਰੋਗਰਾਮ

ਗਰੀਬੀ ਹਟਾਉਣ ਲਈ ਭਾਂਤ-ਭਾਂਤ ਦੀਆਂ ਸਕੀਮਾਂ ਨੂੰ ਕਿਵੇਂ ਲਾਗੂ ਕੀਤਾ ਜਾਵੇ ਕਿ ਲੋੜੀਂਦੇ ਨਤੀਜੇ ਮਿਲਣ। ਲੇਖ ਦਾ ਇਹ ਹਿੱਸਾ ਉੱਪਰ ਲਿਖੇ ਮੁੱਖ ਪ੍ਰੋਗਰਾਮਾਂ ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਅਤੇ ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਦਾ ਅਧਿਐਨ ਕਰਦਾ ਹੈ ਤਾਂ ਜੋ ਪ੍ਰੋਗਰਾਮ ਲਾਗੂ ਕੀਤੇ ਜਾਣ ਸਮੇਂ ਧਿਆਨ ਯੋਗ ਨੁਕਤਿਆਂ ਦੀ ਸ਼ਨਾਖਤ ਕੀਤੀ ਜਾ ਸਕੇ। ਇਹ ਨੁਕਤੇ ਬਾਕੀ ਸਕੀਮਾਂ 'ਤੇ ਲਾਗੂ ਕੀਤੇ ਜਾਣ ਯੋਗ ਹਨ।

ਕੁਪੋਸ਼ਣ ਕਈ ਕਾਰਨਾਂ ਕਰਕੇ ਹੁੰਦਾ ਹੈ ਜਿਵੇਂ ਕਿ ਡਾਕਟਰੀ ਸੇਵਾ ਤਕ ਪਹੁੰਚ ਨਾ ਹੋਣਾ, ਟੀਕਾਕਰਨ ਦੀ ਘਾਟ, ਬੱਚੇ ਦੇ ਜਨਮ ਸਮੇਂ ਅਤੇ ਜਨਮ ਤੋਂ ਬਾਅਦ ਅਤੇ ਹੰਗਾਮੀ ਸੇਵਾਵਾਂ ਦੀ ਅਣਹੋਂਦ, ਅਦਾਰਾਗਤ ਜਣੇਪੇ ਦਾ ਨੀਵਾਂ ਪੱਧਰ, ਬੀਮਾਰੀਆਂ ਦਾ ਵੱਡਾ ਬੋਝ, ਖੁਰਾਕ ਪੌਸ਼ਟਿਕਤਾ ਅਤੇ ਸਿਹਤ ਸਿੱਖਿਆ ਤਕ ਪਹੁੰਚ ਦੀ ਘਾਟ, ਛੇਤੀ ਵਿਆਹ ਅਤੇ ਗਰਭ ਧਾਰਨ, ਔਰਤਾਂ ਵਿਚ ਖ਼ੂਨ ਦੀ ਕਮੀ ਦੀ ਬੀਮਾਰੀ, ਘੱਟ ਵਜ਼ਨੀ ਬੱਚਿਆਂ ਦਾ ਜਨਮ, ਮਾੜੇ ਸਭਿਆਚਾਰਕ ਰਿਵਾਜ਼,

ਪਾਣੀ ਦਾ ਘਟੀਆ ਪੱਧਰ, ਸਾਫ਼-ਸਫ਼ਾਈ ਦੀ ਘਾਟ ਆਦਿ। ਇਸ ਗੱਲ ਨੂੰ ਮੰਨਦਿਆਂ ਕਿ ਕੁਪੋਸ਼ਣ ਦੂਰ ਕਰਨ ਲਈ ਕਈ ਉਪਾਅ ਲੋੜੀਂਦੇ ਹਨ, ਇਥੇ ਇਹ ਦੱਸਣਾ ਵਾਜਬ ਹੋਵੇਗਾ ਕਿ ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਦੋਹਾਂ ਪ੍ਰੋਗਰਾਮਾਂ ਦਾ ਕੁਪੋਸ਼ਣ ਦੂਰ ਕਰਨ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਹੈ। ਜਿਵੇਂ ਕਿ ਬਜਟ ਦਸਤਾਵੇਜ਼ 2014-15 ਵਿਚ ਦਰਸਾਇਆ ਗਿਆ ਹੈ, ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਵਿਚ ਬੁਨਿਆਦੀ ਪੱਧਰ 'ਤੇ ਸੁਧਾਰ ਵੀ ਕੀਤੇ ਗਏ ਹਨ।

ਬਜਟ 2014-15 ਵਿਚ ਮੌਜੂਦਾ ਸਾਲ ਲਈ ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਵਾਸਤੇ 18,195.00 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਸਕੀਮ ਨੂੰ ਸਭ ਕਿਤੇ ਲਾਗੂ ਕਰਨ ਲਈ ਸਰਕਾਰ ਨੇ 7076 ਪ੍ਰਾਜੈਕਟਾਂ ਅਤੇ 20 ਲੱਖ ਆਂਗਨਵਾੜੀ ਕੇਂਦਰਾਂ, ਮਿੰਨੀ ਆਂਗਨਵਾੜੀ ਕੇਂਦਰਾਂ ਨੂੰ ਪ੍ਰਵਾਨਗੀ ਦਿਤੀ ਹੈ। ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਨੂੰ ਹੁਣ ਰਾਸ਼ਟਰੀ ਪੌਸ਼ਟਿਕਤਾ ਮਿਸ਼ਨ ਅਤੇ ਵਿਸ਼ਵ ਬੈਂਕ ਦੀ ਮਦਦ ਵਾਲੇ ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਸਿਲਸਿਲੇ (ਆਈ ਐੱਸ ਐੱਸ ਐੱਨ ਆਈ ਪੀ) ਨਾਲ ਮਿਲਾ ਦਿਤਾ ਗਿਆ ਹੈ ਅਤੇ ਇੰਞ 2014-15 ਦੌਰਾਨ ਕੁੱਲ ਰਾਖਵੀਂ ਰਕਮ ਵਧ ਕੇ 18,691.00 ਕਰੋੜ ਰੁਪਏ ਹੋ ਗਈ (ਤਿੰਨ ਸੌ ਕਰੋੜ ਰੁਪਏ ਐੱਨ ਐੱਨ ਐੱਮ ਸਕੀਮ ਵਾਲੇ ਅਤੇ 196 ਕਰੋੜ ਰੁਪਏ ਐੱਸ ਐੱਸ ਐੱਨ ਆਈ ਪੀ ਵਾਲੇ ਮਿਲਾ ਕੇ) (ਵਿੱਤ ਮੰਤਰਾਲਾ ਖਰਚਾ ਬਜਟ 2014-15 ਵੌਲੀਅਮ-1:39-40)।

ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਨਾਂ ਬਦਲ ਕੇ ਰਾਸ਼ਟਰੀ ਸਿਹਤ ਮਿਸ਼ਨ ਰਖਿਆ ਗਿਆ ਹੈ ਜਿਸ ਦਾ ਉਦੇਸ਼ ਸਾਵੀਂ, ਕਿਫ਼ਾਇਤੀ ਅਤੇ ਮਿਆਰੀ ਸਿਹਤ ਸੇਵਾ ਤਕ ਸਭ ਦੀ ਪਹੁੰਚ ਯਕੀਨੀ ਬਣਾਉਣਾ ਹੈ। ਜਨਮ ਸਮੇਂ ਬੱਚੇ ਦੀ ਜਾਂ ਮਾਂ ਦੀ ਮੌਤ ਦਰ ਵਿਚ ਕਮੀ ਲਿਆਉਣ ਲਈ ਅਤੇ ਜਨਸੰਖਿਆ ਨੂੰ ਸਥਿਰ ਕਰਨ ਲਈ ਪਹਿਲਕਦਮੀਆਂ ਕੀਤੀਆਂ ਗਈਆਂ ਹਨ, ਟੀਕਾਕਰਨ ਮੁਹਿੰਮ ਤੇਜ਼ ਕੀਤੀ ਗਈ ਹੈ ਅਤੇ ਮਨੁੱਖੀ ਵਸੀਲਿਆਂ ਦੇ ਵਿਕਾਸ ਸਗੋਂ ਡਾਕਟਰਾਂ, ਨਰਸਾਂ ਅਤੇ ਨੀਮ ਡਾਕਟਰੀ ਅਮਲੇ ਲਈ ਸਿਖਲਾਈ ਦੇ ਜ਼ੋਰਦਾਰ ਪ੍ਰਬੰਧ ਕੀਤੇ ਜਾ ਰਹੇ ਹਨ।

***ਸਾਰੇ ਰਾਜਾਂ ਨੇ ਰਾਸ਼ਟਰੀ ਸਿਹਤ ਮਿਸ਼ਨ ਨੂੰ ਸਰਗਰਮ ਕਰ ਦਿਤਾ ਹੈ ਅਤੇ ਸਿਹਤ ਪ੍ਰਣਾਲੀ ਨੂੰ ਸਭ ਪੱਧਰ 'ਤੇ ਵਧੀਕ ਪ੍ਰਬੰਧਾਂ ਅਤੇ ਵਿੱਤੀ ਤੇ ਯੋਜਨਾਬੱਧ ਮਦਦ ਨਾਲ ਕਾਰਗਰ ਬਣਾਇਆ ਜਾ ਰਿਹਾ ਹੈ। ਸਾਰੇ ਪਿੰਡਾਂ ਵਿਚ ਪ੍ਰਵਾਨਿਤ ਸਮਾਜਿਕ ਸਿਹਤ ਕਾਰਕੁੰਨਾਂ ਦੀ ਤੈਨਾਤੀ ਨਾਲ ਬੁਨਿਆਦੀ ਸਿਹਤ ਸੇਵਾ ਨੂੰ ਲੋੜਵੰਦ ਤਬਕੇ ਦੇ ਨੇੜੇ ਲਿਆਂਦਾ ਗਿਆ ਹੈ ਜਿਸ ਨਾਲ ਸਿਹਤ ਸਿੱਖਿਆ ਨੂੰ ਹੁਲਾਰਾ ਮਿਲਿਆ ਹੈ। ਆਯੂਸ਼ ਸਿਲਸਿਲੇ ਨੂੰ ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਵਿਚ ਸ਼ਾਮਿਲ ਕੀਤਾ ਗਿਆ ਹੈ।***

## ਬਿਹਤਰ ਨਤੀਜਿਆਂ ਲਈ ਪ੍ਰੋਗਰਾਮਾਂ ਨੂੰ ਲਾਗੂ ਕਰਨਾ

ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਅਤੇ ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਰਾਹੀਂ ਕਿਵੇਂ ਬਿਹਤਰ ਨਤੀਜੇ ਹਾਸਲ ਕੀਤੇ ਜਾ ਸਕਦੇ ਹਨ?

**ਸਥਾਨਕ ਜਾਇਜ਼ਾ :** ਸਥਾਨਕ ਸ਼ਨਾਖ਼ਤੀ ਅਮਲ ਰਾਹੀਂ ਕਿਸੇ ਵਿਸ਼ੇਸ਼ ਪਿੰਡ ਜਾਂ ਝੁੱਗੀ-ਝੌਂਪੜੀ ਇਲਾਕੇ ਵਿਚ ਏ ਡਬਲਯੂ ਸੀ ਦੀ ਮੌਜੂਦਗੀ ਦਾ ਪਤਾ ਲਾਇਆ ਜਾ ਸਕਦਾ ਹੈ ਅਤੇ ਇਹ ਵੀ ਜਾਣਿਆ ਜਾ ਸਕਦਾ ਹੈ ਕਿ ਕਿਥੇ-ਕਿਥੇ ਸਕੀਮਾਂ ਦਾ ਲਾਭ ਪਹੁੰਚਿਆ ਹੈ ਜਾਂ ਘੱਟ ਪਹੁੰਚਿਆ ਹੈ। ਉੱਚ ਜਾਤਾਂ ਵਾਲੇ ਇਲਾਕਿਆਂ ਵਿਚ ਏ ਡਬਲਯੂ ਐੱਸ ਦੀ ਮੌਜੂਦਗੀ ਦਲਿਤ, ਕਬਾਇਲੀਆਂ, ਘੱਟ ਗਿਣਤੀਆਂ, ਹੋਰ ਪਛੜੀਆਂ ਜਾਤਾਂ ਅਤੇ ਸਭ ਤੋਂ ਵੱਧ ਗਰੀਬ ਸ਼੍ਰੇਣੀ ਤਕ ਪਹੁੰਚ ਵਿਚ ਰੁਕਾਵਟ ਪੈਦਾ ਕਰਦੀ ਹੈ। ਇਸੇ ਲਈ ਸਥਾਨਕ ਜਾਇਜ਼ਾ ਨਾ ਕੇਵਲ ਜ਼ਿਲ੍ਹਾ ਜਾਂ ਤਹਿਸੀਲ ਪੱਧਰ 'ਤੇ ਸਗੋਂ ਹਰ ਇਕ ਪਿੰਡ ਦੇ ਅੰਦਰ ਵੀ ਕੀਤਾ ਜਾਣਾ ਬਹੁਤ ਮਹੱਤਵਪੂਰਨ ਹੈ। ਵਸੋਂ ਨੇਮਾਂ ਦੇ ਆਧਾਰ 'ਤੇ ਕਿ ਹਰ ਪਿੰਡ ਜਾਂ ਝੁੱਗੀ-ਝੌਂਪੜੀ ਵਿਚ ਕਿੰਨੇ ਏ ਡਬਲਯੂ ਸੀ ਹੋਣੇ ਚਾਹੀਦੇ ਹਨ। ਜੇ ਮੌਜੂਦਾ ਏ ਡਬਲਯੂ ਸੀ ਦੀ ਗਿਣਤੀ ਲੋੜ ਤੋਂ ਘੱਟ ਹੈ ਤਾਂ ਹਰ ਪਿੰਡ ਜਾਂ ਝੁੱਗੀ-ਝੌਂਪੜੀ ਦੇ ਸਭ ਤੋਂ ਗਰੀਬ ਇਲਾਕੇ ਵਿਚ ਹੋਰ ਕੇਂਦਰ ਕਾਇਮ ਕੀਤੇ ਜਾਣੇ ਚਾਹੀਦੇ ਹਨ। ਨਾਲ ਦੀ ਨਾਲ ਸਥਾਨਕ ਨਕਸ਼ਾਬੰਦੀ ਰਾਹੀਂ ਇਹ ਵੀ ਪਤਾ ਲਾਇਆ ਜਾ ਸਕਦਾ ਹੈ ਕਿ ਉਪ-ਕੇਂਦਰ, ਪ੍ਰਾਇਮਰੀ ਸਿਹਤ ਕੇਂਦਰ ਅਤੇ ਸਿਹਤ ਸਹੂਲਤਾਂ ਕਿੱਥੇ-ਕਿੱਥੇ ਮੌਜੂਦ ਹਨ ਅਤੇ ਕਿੱਥੇ-ਕਿੱਥੇ ਖੱਪਿਆਂ ਨੂੰ ਭਰਨ ਦੀ ਲੋੜ ਹੈ। ਮਹਿਤਾ ਅਤੇ ਪ੍ਰਤਾਪ-2014 (ਪੰਨਾ 86)।

## ਵਧੇਰੇ ਬੋਝ ਜਾਂ ਸਮੱਸਿਆ ਦੀਆਂ ਸਭ ਤੋਂ ਵੱਧ ਸ਼ਿਕਾਰ ਤਹਿਸੀਲਾਂ (ਬਲਾਕ) ਅਤੇ ਪੰਚਾਇਤਾਂ

ਹਰ ਪੰਚਾਇਤ, ਤਹਿਸੀਲ ਅਤੇ ਜ਼ਿਲ੍ਹੇ ਵਿਚ ਜਿਥੇ ਗਰੀਬੀ ਅਤੇ ਕੁਪੋਸ਼ਣ ਦਾ ਵਧੇਰੇ ਅਸਰ ਹੈ, ਲਗਾਤਾਰ ਅਤੇ ਕੇਂਦਰਤ ਢੰਗ ਨਾਲ ਕੋਸ਼ਿਸ਼ਾਂ ਕੀਤੇ ਜਾਣਾ ਮਹੱਤਵਪੂਰਨ ਹੈ। ਅਜਿਹਾ ਕੀਤੇ ਬਿਨਾਂ, ਸਭ ਤੋਂ ਵੱਧ ਪ੍ਰਭਾਵਤ ਹਲਕਿਆਂ ਵਿਚ ਕੁਪੋਸ਼ਣ ਦਾ ਪੱਧਰ ਹੌਲਾ ਕਰਨ ਜਾਂ ਵਿਸ਼ੇਸ਼ ਬੀਮਾਰੀਆਂ ਉੱਪਰ ਕਾਬੂ ਪਾਉਣ ਜਾਂ ਜੜ੍ਹੋਂ ਖਤਮ ਕਰਨ ਦਾ ਟੀਚਾ ਹਾਸਲ ਕਰਨਾ ਮੁਸ਼ਕਿਲ ਹੋਵੇਗਾ ਜਿਵੇਂ ਕਿ ਕੋਹੜ ਦੇ ਰੋਗ ਦੀ ਦਰ ਵਿਚ ਕਮੀ ਦੀ ਦਰ 2005 ਵਿਚ 1.8/10,000 ਤੋਂ 1/10,000 ਦਾ ਟੀਚਾ ਰਾਸ਼ਟਰੀ ਪੱਧਰ 'ਤੇ ਹਾਸਲ ਕੀਤਾ ਗਿਆ (ਐੱਨ ਐੱਲ ਈ ਪੀ 2013, ਮਹਿਤਾ ਪ੍ਰਤਾਪ 2014:53), ਪਰ ਹਰ ਤਹਿਸੀਲ ਦਾ ਜਾਇਜ਼ਾ ਲਿਆਂ ਪਤਾ ਲਗਦਾ ਕਿ ਉਥੇ ਇਹ ਦਰ ਨਹੀਂ ਹੈ। ਇੰਞ ਹੀ, ਬਹੁ-ਦਵਾਈਆਂ ਦਾ ਇਲਾਜ ਦਾ ਮੁਕਾਬਲਾ ਕਰ ਕੇ ਅੱਗੇ ਵਧ ਰਹੀ ਟੀ.ਬੀ. ਦੀ ਬੀਮਾਰੀ ਦੀ ਦਰ ਵੱਲ ਵੀ ਧਿਆਨ ਦੇਣਾ ਹੋਵੇਗਾ। ਕੁਝ ਵਿਸ਼ੇਸ਼ ਸਥਾਨਾਂ ਖ਼ਾਸ ਕਰਕੇ ਸ਼ਹਿਰੀ ਝੁੱਗੀ-ਝੌਂਪੜੀ ਅਤੇ ਨਿੱਜੀ ਖੇਤਰ ਵਿਚ ਇਲਾਜ ਹੇਠ ਮਰੀਜ਼ਾਂ ਦੀ ਸ਼ਨਾਖ਼ਤ ਕੀਤੀ ਜਾਣੀ ਚਾਹੀਦੀ ਹੈ।

ਅਸਮ ਅਤੇ ਕੇਰਲ ਵਿਚ, ਭੂਗੋਲਿਕ ਰੂਪ ਵਿਚ ਕੱਟੇ ਹੋਏ ਅਪਹੁੰਚ ਇਲਾਕਿਆਂ ਵਿਚ ਵਸਦੇ ਲੋਕਾਂ ਦੀਆਂ ਸਿਹਤ ਲੋੜਾਂ ਲਈ, 'ਬੋਟ ਕਲਿਨਿਕ' ਖੋਲ੍ਹੇ ਜਾਣਾ ਨਵੀਨ ਕਦਮ ਹੈ। ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਤੇਜ਼ੀ ਨਾਲ ਡਾਕਟਰੀ ਸੇਵਾਵਾਂ ਮੁਹੱਈਆ ਕਰਾਉਣ ਲਈ ਮੋਬਾਇਲ ਡਾਕਟਰੀ ਇਕਾਈਆਂ ਨੂੰ ਅਸਰਦਾਰ ਢੰਗ ਨਾਲ ਵਰਤਿਆ ਜਾ ਸਕਦਾ ਹੈ। ਪਰ ਅਜਿਹੀਆਂ ਇਕਾਈਆਂ ਦੀ ਕੁੱਲ ਸੰਖਿਆ (2012 ਵਿਚ 2134 ਹੀ ਸੀ, ਜਿਸ ਵਿਚੋਂ 488 ਆਂਧਰ ਪ੍ਰਦੇਸ਼, 385 ਤਮਿਲਨਾਡੂ ਅਤੇ 329 ਓਡੀਸ਼ਾ ਵਿਚ ਸਨ।

## ਬੁਨਿਆਦੀ ਢਾਂਚਾ

ਮਾੜੇ ਬੁਨਿਆਦੀ ਢਾਂਚੇ ਜਾਂ ਆਂਗਨਵਾੜੀ ਕੇਂਦਰਾਂ ਦਾ ਬਰਾਂਡਿਆਂ ਵਿਚ ਬਿਨਾਂ ਪੀਣ ਵਾਲੇ ਪਾਣੀ ਜਾਂ ਸ਼ੌਚਾਲਿਆਂ ਦੇ, ਗੰਦੀਆਂ ਨਾਲੀਆਂ ਨੇੜੇ ਚਲ ਰਹੇ ਹੋਣ, ਬਹਤ ਗੰਭੀਰ ਸਥਿਤੀ ਹੈ। ਸਾਫ਼ ਵਾਤਾਵਰਨ, ਖਿਡੌਣਿਆਂ, ਖੇਡ ਕਿੱਟਾਂ, ਭਾਰ ਤੋਲ ਮਸ਼ੀਨਾਂ, ਚਾਰਟਾਂ ਆਦਿ ਦੀ ਕਮੀ ਨਾਲ ਆਂਗਨਵਾੜੀ ਕੇਂਦਰਾਂ ਦੀਆਂ ਸੇਵਾਵਾਂ ਦੀ ਮੰਗ ਪ੍ਰਭਾਵਤ ਹੁੰਦੀ ਹੈ (ਮਹਿਤਾ ਅਤੇ ਅਲੀ 2008)। 12ਵੀਂ ਪੰਜ ਸਾਲਾ ਯੋਜਨਾ ਦੌਰਾਨ ਇਨ੍ਹਾਂ ਕਮੀਆਂ ਨੂੰ ਦੂਰ ਕਰਨ ਅਤੇ ਆਂਗਨਵਾੜੀ ਕੇਂਦਰਾਂ ਨੂੰ 'ਆਨੰਦਦਾਇਕ ਸਿੱਖਿਆ ਕੇਂਦਰ' ਬਣਾਉਣ ਲਈ ਇਨ੍ਹਾਂ ਨੂੰ ਸਰਕਾਰੀ ਸਕੂਲਾਂ ਅਤੇ ਪੱਕੇ ਟਿਕਾਣਿਆਂ ਵਿਚ ਰੱਖਣਾ ਅਤੇ ਸਹੂਲਤਾਂ ਤੇ ਬੁਨਿਆਦੀ ਢਾਂਚੇ ਵਿਚ ਸੁਧਾਰ ਦਾ ਸੰਕਲਪ ਲਿਆ ਗਿਆ ਹੈ। (12ਵੀਂ ਪੰਜ ਸਾਲਾ ਯੋਜਨਾ – ਅੰਕ 3:190) ਪੂਰਤੀ ਨਾਲ ਚਲਣ ਦੀ ਬਜਾਇ ਮੰਗ ਨਾਲ ਚਲਣ ਲਈ ਆਂਗਨਵਾੜੀ ਕੇਂਦਰਾਂ ਵਿਚ ਅਜਿਹਾ ਕੀਤਾ ਜਾਣਾ ਮਹੱਤਵਪੂਰਨ ਹੈ। ਜੇ ਕਿਸੇ ਕਾਰਨ ਆਂਗਨਵਾੜੀ ਕੇਂਦਰਾਂ ਨੂੰ ਪੱਕੇ ਟਿਕਾਣਿਆਂ 'ਤੇ ਸਾਫ਼ ਸੁਖਾਵੇਂ ਵਾਤਾਵਰਨ ਵਿਚ ਤਬਦੀਲ ਨਹੀਂ ਕੀਤਾ ਜਾ ਸਕਦਾ ਹੋਵੇ ਤਾਂ ਕਿਰਾਏ 'ਤੇ ਇਮਾਰਤ ਲੈਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਸਰੋਤਾਂ ਦੀ ਵੰਡ ਵੇਲੇ ਸਮੱਸਿਆ ਦੇ ਵਧੇਰੇ ਸ਼ਿਕਾਰ ਇਲਾਕਿਆਂ ਨੂੰ ਪਹਿਲ ਦਿਤੀ ਜਾਵੇ ਜਿਥੇ ਕਿ ਸਿਹਤ ਸੇਵਾਵਾਂ ਦੀ ਨਾਕਾਫ਼ੀ ਉਪਲਬਧਤਾ ਅਤੇ ਡਾਕਟਰਾਂ, ਨਰਸਾਂ ਤੇ ਹੋਰ ਅਮਲੇ ਦੀ ਕਮੀ ਦੇ ਨਾਲ-ਨਾਲ ਰਾਸ਼ਟਰੀ ਪੱਧਰ 'ਤੇ ਵਿਆਪਕ ਭੂਗੋਲਿਕ ਵੱਖਰਤਾ ਕਾਰਨ ਵੱਡੀ ਮੁਸ਼ਕਿਲ ਪੇਸ਼ ਆਉਂਦੀ ਹੈ। ਲਾਜ਼ਮੀ ਬੁਨਿਆਦੀ ਢਾਂਚੇ ਅਤੇ ਦਵਾਈਆਂ ਦੀ ਘਾਟ ਪੂਰਤੀ ਕੀਤੀ ਜਾਣੀ ਚਾਹੀਦੀ ਹੈ। ਕਿਸੇ ਵੀ ਵਿਅਕਤੀ ਨੂੰ ਬੀਮਾਰ ਪੈਣ 'ਤੇ ਆਰਥਿਕ ਸਮਰੱਥਾ ਕਾਰਨ ਡਾਕਟਰੀ ਸੇਵਾ ਲੈ ਸਕਣ ਵਿਚ ਅਸਫਲ ਨਾ ਰਹਿਣਾ ਪਵੇ। ਰਾਜ ਨੂੰ ਸਭਨਾਂ ਲਈ ਮਿਆਰੀ ਸਿਹਤ ਸੇਵਾ (ਰੋਕਥਾਮ ਜਾਗਰੂਕਤਾ ਅਤੇ ਇਲਾਜ) ਦੀ ਜ਼ਿੰਮੇਵਾਰੀ ਆਪਣੇ ਸਿਰ ਲੈਣੀ ਹੋਵੇਗੀ ਜਿਸ ਵਿਚ ਗਰੀਬ ਮੁਥਾਜ ਸ਼੍ਰੇਣੀ ਵੱਲ ਵਿਸ਼ੇਸ਼ ਧਿਆਨ ਦਿਤਾ ਜਾਵੇ।

## ਕੰਮ ਦਾ ਭਾਰ, ਪ੍ਰੇਰਨਾ ਤੇ ਸਿਖਲਾਈ

ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਅਤੇ ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਦੋਹਾਂ ਸਕੀਮਾਂ ਲਈ ਅਮਲੇ ਦੀ ਪ੍ਰੇਰਨਾ ਅਤੇ ਵਚਨਬੱਧਤਾ ਬਹੁਤ ਮਹੱਤਤਾ ਰੱਖਦੀ ਹੈ। ਖਾਲੀ ਅਸਾਮੀਆਂ ਭਰੀਆਂ ਜਾਣੀਆਂ ਚਾਹੀਦੀਆਂ ਹਨ, ਕੰਮ ਦੀ ਵੰਡ ਨੂੰ ਤਰਕਸੰਗਤ ਬਣਾਇਆ ਜਾਣਾ ਚਾਹੀਦਾ ਹੈ। ਸਹਾਇਕ ਸੁਪਰਵਾਈਜ਼ਰ ਦਿਤੇ ਜਾਣੇ ਚਾਹੀਦੇ ਹਨ ਅਤੇ ਮੁਥਾਜ ਤਬਕੇ ਦੇ ਹੱਕਾਂ ਦੀ ਰਾਖੀ ਵੱਲ ਧਿਆਨ ਦਿਤਾ ਜਾਣਾ ਚਾਹੀਦਾ ਹੈ। ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਜਾਂ ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਦੇ ਬਾਲ ਵਿਕਾਸ ਪ੍ਰਾਜੈਕਟ ਅਧਿਕਾਰੀਆਂ, ਸੁਪਰਵਾਈਜ਼ਰਾਂ, ਆਂਗਨਵਾੜੀ ਕਾਮਿਆਂ ਅਤੇ ਸਹਾਇਕਾਂ ਨੂੰ ਗ਼ੈਰ ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਕਾਰਜਾਂ ਵਿਚ ਅਤੇ ਹੋਰ ਗ਼ੈਰ ਸੰਬੰਧਿਤ ਕਾਰਜਾਂ ਵਿਚ ਲਾਏ ਜਾਣ ਨਾਲ ਇਨ੍ਹਾਂ ਅਹੁਦਿਆਂ ਦੀਆਂ ਮੁਢਲੀਆਂ ਜ਼ਿੰਮੇਵਾਰੀਆਂ 'ਤੇ ਮਾੜਾ ਅਸਰ ਪੈਂਦਾ ਹੈ (ਮਹਿਤਾ, ਪ੍ਰਤਾਪ, ਅਲੀ 2012)।

ਸੇਵਾਵਾਂ ਉਪਲਬਧ ਕਰਾਉਣ ਵਾਲੇ ਅਹੁਦਿਆਂ ਜਿਵੇਂ ਡਾਕਟਰਾਂ, ਨਰਸਾਂ, ਸਿਹਤ ਕਾਮਿਆਂ, ਵਾਧੂ ਨਰਸਾਂ ਅਤੇ ਦਾਈਆਂ ਦੀ ਲਗਾਤਾਰ ਘਾਟ ਅਤੇ ਸਮੁਦਾਇਕ ਸਿਹਤ ਕੇਂਦਰਾਂ ਵਿਚ ਮਾਹਿਰ ਡਾਕਟਰਾਂ ਦੀ ਵੱਡੀ ਕਮੀ ਵੱਲ ਵੀ ਧਿਆਨ ਦੇਣ ਦੀ ਲੋੜ ਹੈ।

ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਤਹਿਤ ਇਹ ਮੰਨ ਕੇ ਚੱਲਿਆ ਜਾਂਦਾ ਹੈ ਕਿ ਇਕ ਸੁਪਰਵਾਈਜ਼ਰ ਵੱਡੇ ਭੂਗੋਲਿਕ ਖਿੱਤੇ ਵਿਚ ਖਿੰਡੇ 20 ਤੋਂ 25 ਆਂਗਨਵਾੜੀ ਕੇਂਦਰਾਂ ਦੇ ਕੰਮਕਾਜ ਦੀ ਨਿਗਰਾਨੀ ਕਰ ਸਕਦਾ ਹੈ। ਇਹ ਸੋਚ ਲੈਣਾ ਕਿ ਸੁਪਰਵਾਈਜ਼ਰ ਬਿਨਾਂ ਕਿਸੇ ਜਨਤਕ ਆਵਾਜਾਈ ਸਾਧਨ ਮੁਹੱਈਆ ਕਰਾਏ ਦੂਰ-ਦੁਰਾਡੇ ਦੇ 20 ਤੋਂ 25 ਕੇਂਦਰਾਂ ਦਾ ਲਗਾਤਾਰ ਦੌਰਾ ਕਰਦਾ ਰਹੇਗਾ, ਅਮਲੀ ਰੂਪ ਵਿਚ ਸੰਭਵ ਨਹੀਂ ਲੱਗਦਾ ਤੇ ਸ਼ਾਇਦ ਇਸੇ ਕਾਰਨ ਵੀ ਕੁਪੋਸ਼ਣ ਦੇ ਪੱਧਰ ਵਿਚ ਸਾਨੂੰ ਕਮੀ ਆਈ ਨਜ਼ਰ ਨਹੀਂ ਆਉਂਦੀ। ਇਸ ਪੱਖ ਨੂੰ ਗੌਲਦਿਆਂ ਸੁਪਰਵਾਈਜ਼ਰਾਂ ਦੀ ਸੁਰੱਖਿਆ ਅਤੇ ਆਵਾਜਾਈ ਲਈ ਸਾਧਨ ਉਪਲਬਧ ਕਰਾਉਣ ਵੱਲ ਧਿਆਨ ਦੇਣ ਦੀ ਲੋੜ ਹੈ। ਸੁਪਰਵਾਈਜ਼ਰ ਦੀ ਨਿਗਰਾਨੀ ਹੇਠਲੀ ਆਂਗਨਵਾੜੀ ਕੇਂਦਰਾਂ ਦੀ ਗਿਣਤੀ ਵੀ ਕਾਫ਼ੀ ਘਟਾਏ ਜਾਣ ਦੀ ਲੋੜ ਹੈ।

ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਅਤੇ ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਅਮਲੇ ਦੀ ਲਗਾਤਾਰ ਸਿਖਲਾਈ ਅਤੇ ਹੁਨਰਮੰਦੀ ਵਿਚ ਸੁਧਾਰ ਕੀਤੇ ਜਾਣ ਦੀ ਵੱਡੀ ਲੋੜ ਹੈ।

## ਸਵੈ-ਇੱਛਕ ਕਾਰਜ ਅਤੇ ਬਹੁਤ ਘੱਟ ਭੁਗਤਾਨ

*ਆਸ਼ਾ*, ਏ ਡਬਲਯੂ ਡਬਲਯੂ ਜਾਂ ਏ ਡਬਲਯੂ ਐੱਚ ਤਹਿਤ ਸਵੈ ਇੱਛਕ ਕਾਮੇ ਉਹ ਧੁਰੀ ਹਨ ਜਿਸ ਉਤੇ ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਅਤੇ ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਪ੍ਰੋਗਰਾਮ ਦੀ ਡਲਿਵਰੀ ਨਿਰਭਰ ਕਰਦੀ ਹੈ। ਉਨ੍ਹਾਂ ਨੂੰ ਸਿਰਫ਼ 'ਆਨਰੇਰੀਅਮ' ਦੇ ਨਾਂ 'ਤੇ ਮਾਮੂਲੀ ਰਕਮ ਦਿਤੀ ਜਾਂਦੀ ਹੈ ਅਤੇ ਰੁਜ਼ਗਾਰ ਦੀ ਕੋਈ ਸੁਰੱਖਿਆ ਨਹੀਂ ਹੈ। ਇਨ੍ਹਾਂ ਪ੍ਰੋਗਰਾਮਾਂ ਦੀ ਸਫਲਤਾ ਲਈ ਏ ਡਬਲਯੂ ਡਬਲਯੂ, ਏ ਡਬਲਯੂ ਐੱਚ ਅਤੇ ਏ ਐੱਸ ਐੱਨ ਏ ਵਰਕਰਾਂ ਸੁਰੱਖਿਆ ਵਾਲੇ ਰੁਜ਼ਗਾਰ ਦੀ ਲੰਮੇ ਸਮੇਂ ਤੋਂ ਕੀਤੀ ਜਾਂਦੀ ਮੰਗ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ।

**ਲੋਕਾਂ ਤਕ ਪਹੁੰਚ** : ਇਹ ਧਾਰਨਾ ਬਣਾ ਕੇ ਬਹਿ ਜਾਣਾ ਕਿ ਲੋਕ ਖੁਦ ਮੁਢਲੇ ਸਿਹਤ ਕੇਂਦਰਾਂ ਅਤੇ ਆਂਗਨਵਾੜੀ ਕੇਂਦਰਾਂ ਤਕ ਆਉਣਗੇ, ਸਹੀ ਸੋਚ ਨਹੀਂ ਹੈ। ਟੀਚੇ ਵਾਲੀ ਵਸੋਂ ਤਕ ਖੁਦ ਪਹੁੰਚ ਕਰਨ ਦੀ ਨੀਤੀ ਹੀ ਕੰਮ ਕਰੇਗੀ। ਓਡੀਸ਼ਾ ਅਤੇ ਛੱਤੀਸਗੜ੍ਹ ਵਿਚ ਉਡੀਕ ਕਰਨ ਦੀ ਥਾਂ ਲੋੜਵੰਦ ਵਸੋਂ ਤਕ ਖੁਦ ਪਹੁੰਚ ਕਰਨ ਦੀ ਨੀਤੀ ਦੇ ਬਹੁਤ ਲਾਹੇਵੰਦ ਸਿੱਟੇ ਨਿਕਲੇ ਹਨ। ਅਜਿਹੀ ਮਿਸਾਲ ਨੂੰ ਹੋਰਨਾਂ ਰਾਜਾਂ ਦੀਆਂ ਪੰਚਾਇਤਾਂ ਸਾਹਮਣੇ ਜਾਇਜ਼ੇ ਲਈ ਰਖਿਆ ਜਾਣਾ ਚਾਹੀਦਾ ਹੈ। (ਸਕਸੈਨਾ, ਸ੍ਰੀਵਾਸਤਵ 2009)।

**ਸਮੁਦਾਇ ਮਲਕੀਅਤ, ਪੰਚਾਇਤੀ ਰਾਜ ਸੰਸਥਾਵਾਂ ਤੇ ਜਨਤਕ-ਨਿੱਜੀ ਸਾਂਝੇਦਾਰੀ** : ਮੱਧ ਪ੍ਰਦੇਸ਼ ਦੇ ਰਤਲਾਮ ਜ਼ਿਲ੍ਹੇ ਵਿਚ ਨੰਦੀ ਫਾਊਂਡੇਸ਼ਨ ਨੇ ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਮੰਗ ਪੈਦਾ ਕਰਨ ਲਈ ਸਮੁਦਾਇ ਜਾਗਰੂਕਤਾ ਵਧਾਉਣਾ, ਪੰਚਾਇਤ ਮੈਂਬਰਾਂ, ਪਿੰਡ ਪੱਧਰੀ ਸਰਕਾਰੀ ਸੇਵਾ ਮੁਹੱਈਆ ਕਰਨਾ ਅਤੇ ਨਾਗਰਿਕਾਂ ਦੀ ਸਾਂਝ ਵਾਲੇ *ਏਕਤਾ ਸਮੂਹ* ਦੀ ਸਥਾਪਨਾ ਕਰ ਕੇ ਸਮੁਦਾਇ ਆਧਾਰੀ ਨਿਗਰਾਨੀ ਦੀ ਪਹਿਲਕਦਮੀ, ਅੰਕੜਿਆਂ ਨੂੰ ਇਕੱਤਰ ਕਰਨ ਅਤੇ ਜਾਇਜ਼ੇ ਲਈ ਵਰਤੋਂ ਵਿਚ ਸੌਖੇ ਨਿਗਰਾਨੀ

ਸੰਦ ਵਿਕਸਤ ਕਰਨਾ, ਜ਼ਿਲ੍ਹਾ ਤਹਿਸੀਲ ਅਤੇ ਪੰਚਾਇਤ ਪੱਧਰ 'ਤੇ ਮੰਚ ਬਣਾ ਕੇ ਸਰਕਾਰੀ ਵਿਭਾਗਾਂ ਤੇ ਪੰਚਾਇਤੀ ਰਾਜ ਸੰਸਥਾਵਾਂ ਦਰਮਿਆਨ ਨੀਤੀ ਘੜਨ ਅਤੇ ਸੇਵਾਵਾਂ ਉਪਲਬਧ ਕਰਾਉਣ ਵਿਚ ਅੜਿੱਕੇ ਦੂਰ ਕਰਨ ਲਈ ਪੁਲ ਤਿਆਰ ਕਰਨਾ। ਸੀ ਬੀ ਓ ਪ੍ਰਤਿਨਿਧ, ਪੰਚਾਇਤੀ ਰਾਜ ਸੰਸਥਾਵਾਂ ਅਤੇ ਸੇਵਾ ਮੁਹੱਈਆਕਾਰਾਂ ਦਰਮਿਆਨ ਇੰਟਰ ਫੇਸ ਲਈ ਮੰਚ ਤਿਆਰ ਕਰਨੇ, ਪਿੰਡ ਪੱਧਰ 'ਤੇ ਬਦਲਾਅ ਲਈ ਏਜੰਟ *(ਗਰਾਮ ਮਿੱਤਰ)* ਵਾਲਾ ਕਾਰਡ ਤਿਆਰ ਕੀਤੇ ਜਾਣ ਨੂੰ ਉਤਸ਼ਾਹਿਤ ਕਰਨਾ ਅਤੇ ਸਭ ਤੋਂ ਵਧੀਆ ਕਾਰਗੁਜ਼ਾਰੀ ਵਾਲੇ ਗਰਾਮ ਮਿੱਤਰ, ਆਂਗਨਵਾੜੀ ਕਾਮੇ, ਏ ਐੱਨ ਐੱਮ, ਸੁਪਰਵਾਈਜ਼ਰ ਅਤੇ ਸਮੁਦਾਇ ਨੂੰ ਸਨਮਾਨਤ ਕਰਨਾ ਸ਼ਾਮਿਲ ਹੈ।

ਇਸੇ ਤਰ੍ਹਾਂ, ਓਡੀਸ਼ਾ ਵਿਖੇ ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਦੀ ਸਥਾਨਕ ਪਿੰਡ ਪੱਧਰ ਦੀ ਨਿਗਰਾਨੀ ਲਈ ਜਾਂਚ ਕਮੇਟੀਆਂ ਗਠਿਤ ਕਰਨੀਆਂ ਅਤੇ ਅਨਾਜ ਦੀ ਖਰੀਦ ਦੇ ਅਮਲ ਦਾ ਵਿਕੇਂਦਰੀਕਰਨ ਅਤੇ ਪਿੰਡ ਸਮੁਦਾਇ, ਸਵੈ-ਮਦਦ ਟੋਲੀਆਂ ਅਤੇ ਮਹਿਲਾਂ ਮੰਡਲਾਂ ਵਲੋਂ ਭੋਜਨ ਤਿਆਰ ਕੀਤੇ ਜਾਣ ਵਰਗੇ ਕਦਮਾਂ ਨਾਲ ਸੰਗਠਿਤ ਬਾਲ ਵਿਕਾਸ ਸੇਵਾਵਾਂ ਨਾਲ ਵਧੇਰੇ ਆਪਣੇਪਨ ਵਾਲਾ ਸੰਬੰਧ ਬਣਿਆ ਅਤੇ ਬਿਹਤਰ ਦਰਜੇ ਮਿਲੇ ਹਨ।

**ਬਜਟ** : ਘੱਟ ਬਜਟ ਅਤੇ ਫ਼ੰਡ ਜਾਰੀ ਕਰਨ ਵਿਚ ਦੇਰ ਨਾਲ ਕਾਰਗੁਜ਼ਾਰੀ 'ਤੇ ਮਾੜਾ ਅਸਰ ਪੈਂਦਾ ਹੈ। ਕੇਂਦਰ ਤੋਂ ਰਾਜਾਂ ਵੱਲ ਫ਼ੰਡਾਂ ਦੇ ਵਹਾਅ ਉਤੇ ਮਾੜਾ ਅਸਰ ਪੈਂਦਾ ਹੈ। ਕੇਂਦਰ ਤੋਂ ਰਾਜਾਂ ਵੱਲ ਫ਼ੰਡਾਂ ਦੇ ਵਹਾਅ 'ਚ ਦੇਰ ਪਿੱਛੇ ਬਜਟ ਤਜਵੀਜ਼ ਜਮ੍ਹਾਂ ਕਰਾਉਣ ਅਤੇ ਫ਼ੰਡ ਵਰਤੋਂ ਦਸਤਾਵੇਜ਼ ਜਮ੍ਹਾਂ ਕਰਾਉਣ ਜਿਹੇ ਕਈ ਕਾਰਨ ਹਨ। ਰਾਜਾਂ ਵਲੋਂ ਆਪਣੇ ਹਿੱਸੇ ਦੇ ਫ਼ੰਡਾਂ ਦੀ ਪੂਰੀ ਵਰਤੋਂ ਨਾ ਕਰਨ ਨਾਲ ਵੀ ਕੇਂਦਰੀ ਫ਼ੰਡਾਂ ਦਾ ਅੱਗੋਂ ਲਾਭ ਲੈ ਸਕਣ ਵਿਚ ਦਿੱਕਤ ਪੇਸ਼ ਆਉਂਦੀ ਹੈ।

ਭਾਰਤ ਵਿਚ ਕੁਪੋਸ਼ਣ ਅਤੇ ਲਾਗ ਅਤੇ ਹੋਰ ਹੋਣ ਵਾਲੀਆਂ ਬੀਮਾਰੀਆਂ ਦੀ ਦਰ ਉੱਚੀ ਹੈ ਅਤੇ ਸਰਕਾਰੀ ਖੇਤਰ ਵਲੋਂ ਸਿਹਤ ਖੇਤਰ ਲਈ ਪ੍ਰਬੰਧਾਂ ਦੀ ਕਮੀ ਅਤੇ ਸਿਹਤ ਸੰਭਾਲ ਤਕ ਪਹੁੰਚ ਬਣਾ ਸਕਣ ਦੀ ਵਚਨਬੱਧਤਾ ਨਾ ਹੋਣ ਕਾਰਨ, ਸਥਿਤੀ ਹੋਰ ਵਿਗੜਦੀ ਹੈ। ਕੁੱਲ ਘਰੇਲੂ ਉਤਪਾਦ ਦੀ ਪ੍ਰਤਿਸ਼ਤ ਵਜੋਂ ਜਾਂ ਸਿਹਤ ਖੇਤਰ ਉਪਰ ਕੁਝ ਖਰਚੇ ਦੋਹਾਂ ਪੱਖਾਂ ਤੋਂ ਭਾਰਤ ਸਰਕਾਰ ਵਲੋਂ ਸਿਹਤ ਖੇਤਰ ਵਿਚ ਖਰਚਾ ਕਰਨ ਵਿਚ ਦੁਨੀਆਂ ਵਿਚ ਸਭ ਤੋਂ ਹੇਠਾਂ ਆਉਂਦਾ ਹੈ। ਭਾਰਤ ਵਿਚ ਸਰਕਾਰ ਵਲੋਂ ਸਿਹਤ ਸੰਭਾਲ ਉਪਰ ਕੁਝ ਖਰਚੇ ਦਾ 19.67 ਪ੍ਰਤਿਸ਼ਤ ਹੀ ਖਰਚ ਕੀਤਾ ਜਾਂਦਾ ਹੈ ਜਦ ਕਿ ਪਰਿਵਾਰ 71.13 ਪ੍ਰਤਿਸ਼ਤ ਇਸ ਕਾਰਜ ਉਪਰ ਖਰਚਦੇ ਹਨ। ਇਸ ਦੇ ਮੁਕਾਬਲੇ ਬਰਤਾਨੀਆ ਵਿਚ ਇਹ ਸਿਹਤ ਖੇਤਰ ਉਪਰ ਕੁਝ ਖਰਚੇ ਦਾ 87 ਪ੍ਰਤਿਸ਼ਤ, ਫਰਾਂਸ ਵਿਚ 80 ਪ੍ਰਤਿਸ਼ਤ ਅਤੇ ਥਾਈਲੈਂਡ ਵਿਚ 64 ਪ੍ਰਤਿਸ਼ਤ ਹੈ। ਸਾਵੀਂ ਅਤੇ ਮਿਆਰੀ ਸਿਹਤ ਸੰਭਾਲ ਲਈ ਸਿਹਤ ਖੇਤਰ ਲਈ ਬਜਟ ਵਿਚ ਵਾਧਾ ਕਰਨ ਦੀ ਲੋੜ ਹੈ (ਐੱਮ ਓ ਐੱਚ ਐੱਫ ਡਬਲਯੂ, 2009 ਰਾਸ਼ਟਰੀ ਸਿਹਤ ਖਾਤੇ - 2004-05)।

***ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ ਦੀ ਸਥਾਪਨਾ ਸਿਹਤ ਪ੍ਰਣਾਲੀ ਵਿਚ 'ਢਾਂਚਾਗਤ ਬਦਲਾਅ' ਕਰਨ ਲਈ ਕੀਤੀ ਗਈ ਸੀ ਤਾਂ ਕਿ ਜਨਤਕ ਸਿਹਤ ਸੇਵਾਵਾਂ ਦੀ ਡਲਿਵਰੀ ਅਤੇ ਪਹੁੰਚ ਯਕੀਨੀ ਬਣਾਈ ਜਾ ਸਕੇ ਅਤੇ ਸਰਕਾਰ ਵਲੋਂ ਸਿਹਤ ਖੇਤਰ ਉਪਰ ਖਰਚੇ ਨੂੰ ਕੁਝ ਘਰੇਲੂ ਉਤਪਾਦ ਦੇ 0.9 ਪ੍ਰਤਿਸ਼ਤ ਤੋਂ ਵਧਾ ਕੇ 2 ਤੋਂ 3 ਪ੍ਰਤਿਸ਼ਤ ਤਕ ਪਹੁੰਚਾਉਣ ਦੇ ਟੀਚੇ ਦੀ ਵਚਨਬੱਧਤਾ ਨੂੰ ਦਰਸਾਇਆ ਜਾ ਸਕੇ। ਪਰ, ਸਿਹਤ ਖੇਤਰ ਨੂੰ ਜਾਰੀ ਫ਼ੰਡ ਇਨ੍ਹਾਂ ਵਚਨਬਧਤਾਵਾਂ ਤੋਂ ਕਿਤੇ ਘੱਟ ਹਨ ਅਤੇ ਸ਼ੁੱਧ ਸਾਫ਼ ਪੀਣ ਯੋਗ ਪਾਣੀ ਅਤੇ ਸਵੱਛਤਾ ਆਦਿ ਨੂੰ ਸਿਹਤ ਖੇਤਰ ਵਿਚ ਮਿਲਾ ਕੇ ਇਸ ਵਚਨਬੱਧਤਾ ਨੂੰ ਪੂਰਾ ਹੁੰਦਾ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਲਗਦੀ ਹੈ।***

## ਟੀਚੇ ਹਾਸਲ ਕਰਨ ਵਿਚ ਨਾਕਾਮੀ ਅਤੇ ਤਰਜੀਹਾਂ ਵਿਚ ਬਦਲਾਅ

ਕੁਪੋਸ਼ਣ, ਆਈ ਐੱਮ ਆਰ, ਐੱਮ ਐੱਮ ਆਰ ਲਈ ਮਿੱਥੇ ਗਏ ਟੀਚੇ ਹਾਸਲ ਨਹੀਂ ਕੀਤੇ ਜਾ ਸਕੇ। ਸੰਗਠਿਤ ਬਾਲ ਵਿਕਾਸ ਸੇਵਾਵਾਂ ਅਤੇ ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਦੇ ਬਾਵਜੂਦ ਕੁਪੋਸ਼ਣ ਅਤੇ ਬੀਮਾਰੀਆਂ ਦਾ ਬੋਝ ਵਧ ਬਣਿਆ ਹੋਇਆ ਹੈ। ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਵਿਚ ਕਈ ਬੀਮਾਰੀਆਂ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਅੰਕੜੇ ਦੱਸਦੇ ਹਨ ਕਿ ਮਰਦਾਂ ਦੇ ਮੁਕਾਬਲੇ ਔਰਤਾਂ ਦਰਮਿਆਨ ਰੋਗਾਂ ਦੀ ਵੱਧ ਮੌਜੂਦਗੀ ਮਿਲੀ ਹੈ। ਰੋਗ ਅਤੇ ਮੌਤ ਦਰ ਵਿਚਲੇ ਅੰਤਰ ਅਤੇ ਔਰਤਾਂ ਤਕ ਇਲਾਜ ਤੇ ਸਿਹਤ ਸੰਭਾਲ ਲਈ ਪਹੁੰਚ ਵਿਚਲੇ ਫ਼ਰਕ ਨੂੰ ਗੰਭੀਰਤਾ ਨਾਲ ਲਏ ਜਾਣ ਦੀ ਲੋੜ ਹੈ।

ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਦਾ ਸੰਸਥਾਗਤ ਜਣੇਪਾ ਅਤੇ ਮਾਂ ਦੀ ਸਿਹਤ ਸੰਭਾਲ ਲਈ ਮੋਹਰੀ ਭੂਮਿਕਾ ਹੈ। ਮੌਤ (ਮਾਂ ਦੀ) ਮੌਤ ਦਰ ਵਿਚ ਕਮੀ ਲਿਆਉਣਾ ਅਤੇ ਗਰਭਧਾਰਨ ਸੰਬੰਧਿਤ ਸਿਹਤ ਸੰਭਾਲ ਜ਼ਰੂਰੀ ਹਨ ਪਰ ਯੋਜਨਾਬੰਦੀ ਕਰਨ ਲੱਗਿਆਂ ਧਿਆਨ ਔਰਤ ਦੇ ਪੂਰੇ ਜੀਵਨ ਕਾਲ ਦੌਰਾਨ ਉਸ ਦੀ ਸਿਹਤ ਨਰੋਈ ਰਹਿਣ 'ਤੇ ਹੋਣਾ ਚਾਹੀਦਾ ਹੈ। ਇਸ ਪ੍ਰਸੰਗ ਵਿਚ ਬੀਮਾਰੀਆਂ ਦੇ ਬੋਝ ਅਤੇ ਸਿਹਤ ਨਾਲ ਸੰਬੰਧਿਤ ਅੰਕੜੇ ਔਰਤਾਂ ਅਤੇ ਮਰਦਾਂ ਦੋਹਾਂ ਦੇ ਵੱਖੋ-ਵੱਖਰੇ ਇਕੱਤਰ ਕੀਤੇ ਜਾਣੇ ਚਾਹੀਦੇ ਹਨ। ਸਿਹਤ ਸੰਭਾਲ ਬਾਰੇ ਸੇਵਾਵਾਂ ਤਕ ਪਹੁੰਚ ਦੇ ਰਾਹ ਵਿਚ ਔਕੜਾਂ ਦੀ ਸ਼ਨਾਖ਼ਤ ਤੇ ਇਨ੍ਹਾਂ ਨੂੰ ਦੂਰ ਕਰਨ ਲਈ ਕਾਰਗਰ ਪਹਿਲਕਦਮੀਆਂ ਲਈ ਨੀਤੀ ਤਿਆਰ ਕਰਨੀ ਚਾਹੀਦੀ ਹੈ।

## ਸਟੀਕ ਅੰਕੜੇ

ਸਰਕਾਰੀ ਸਿਲਸਿਲੇ ਵਲੋਂ 'ਫੀਲਡ' ਵਿਚ ਇਕੱਤਰ ਕੀਤੇ ਅੰਕੜਿਆਂ ਅਤੇ ਸੁਤੰਤਰ ਸੂਤਰਾਂ ਰਾਹੀਂ ਇਕੱਤਰ ਅੰਕੜਿਆਂ ਵਿਚ ਵੱਡਾ ਫ਼ਰਕ ਹੈ। ਇਸ ਦੇ ਤੱਥਪਰਕ ਨਤੀਜਿਆਂ ਲਈ ਇਕ ਸਿਲਸਿਲਾ ਕਾਇਮ ਕਰਨ ਦੀ ਲੋੜ ਹੈ। ਇਸ ਨੂੰ ਕੁਪੋਸ਼ਣ ਮੌਤ ਦਰ ਅਤੇ ਰੋਗ ਦਰ ਸਭ 'ਤੇ ਲਾਗੂ ਕੀਤੇ ਜਾਣ ਦੀ ਲੋੜ ਹੈ। ਅਜਿਹੇ ਪ੍ਰਸ਼ਾਸਨਿਕ ਅਦਾਰੇ ਵਲੋਂ ਮਹੀਨਾਵਾਰ ਜਾਇਜ਼ਾ ਬੈਠਕਾਂ ਕੀਤੀਆਂ ਜਾਣ ਤਾਂ ਜੋ ਪ੍ਰੋਗਰਾਮ ਲਾਗੂ ਕਰਨ ਵਿਚ ਸੁਧਾਰ ਲਿਆਉਣ ਅਤੇ ਕੁਪੋਸ਼ਣ, ਵਧ ਮੌਤ ਦਰ ਅਤੇ ਰੋਗ ਦਰ ਉਪਰ ਕਾਬੂ ਪਾਉਣ ਲਈ, ਅੰਕੜਿਆਂ ਦੇ ਸਟੀਕ ਜਾਇਜ਼ੇ ਉਪਰੰਤ ਮਹੀਨਾਵਾਰ ਰਿਪੋਰਟਾਂ ਜਾਰੀ ਕੀਤੀਆਂ ਜਾਣ।

*ਬਾਕੀ ਸਫ਼ਾ 23 ਉੱਤੇ*

# ਕੇਂਦਰੀ ਬਜਟ 2014-15 ਅਤੇ ਖੇਤੀਬਾੜੀ

ਰਤਨ ਸਲਦੀ

ਇਸ ਸਾਲ ਮੌਨਸੂਨ ਦੇਰੀ ਨਾਲ ਆਉਣ ਕਾਰਨ, ਪੰਜ ਸਾਲਾਂ ਵਿਚ ਪਹਿਲੀ ਵਾਰ ਦੇਸ਼ ਵਿਚ ਵੱਡੇ ਪੱਧਰ 'ਤੇ ਔੜ ਦੇ ਆਸਾਰ ਪੈਦਾ ਹੋ ਗਏ ਜੋ ਭਾਰਤ ਜਿਹੇ ਖੇਤੀ ਪ੍ਰਧਾਨ ਵਿਕਾਸਸ਼ੀਲ ਦੇਸ਼ ਦੀ ਆਰਥਿਕ ਸਥਿਤੀ ਲਈ ਚੰਗੇ ਸੰਕੇਤ ਨਹੀਂ ਹਨ। ਮੌਸਮ ਵਿਭਾਗ ਦੇ ਮਾਹਰਾਂ ਵਲੋਂ 15 ਜੁਲਾਈ 2014 ਨੂੰ ਜਾਰੀ ਅੰਕੜਿਆਂ ਅਨੁਸਾਰ, ਉੱਤਰ ਪੂਰਬੀ ਰਾਜਾਂ, ਮੁੰਬਈ ਅਤੇ ਦੇਸ਼ ਦੇ ਸਮੁੰਦਰੀ ਤਟ ਦੇ ਇਲਾਕਿਆਂ ਨੂੰ ਛੱਡ ਕੇ, ਦੇਸ਼ ਦੇ ਬਾਕੀ ਭਾਗਾਂ ਵਿਚ ਔਸਤ ਲਗਭਗ 36 ਪ੍ਰਤਿਸ਼ਤ ਘੱਟ ਬਾਰਿਸ਼ ਹੋਈ। ਪੰਜਾਬ, ਹਰਿਆਣਾ, ਜੰਮੂ-ਕਸ਼ਮੀਰ, ਉੱਤਰ ਪ੍ਰਦੇਸ਼, ਰਾਜਸਥਾਨ, ਗੁਜਰਾਤ, ਮਹਾਂਰਾਸ਼ਟਰ ਦੇ ਤਟੀ ਇਲਾਕਿਆਂ ਨੂੰ ਛੱਡ ਕੇ ਬਾਕੀ ਪ੍ਰਦੇਸ਼ ਤੇਲੰਗਾਨਾ, ਆਂਧਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਕਰਨਾਟਕ ਦੇ ਵੱਡੇ ਇਲਾਕਿਆਂ ਵਿਚ ਖੁਸ਼ਕ ਜਾਂ ਔੜ ਜਿਹੇ ਆਸਾਰ ਬਣ ਗਏ ਸਨ ਅਤੇ ਜਲ ਸਰੋਤਾਂ ਦੇ ਪਾਣੀ ਦੇ ਪੱਧਰ ਵਿਚ ਚਿੰਤਾਜਨਕ ਕਮੀ ਆ ਗਈ ਸੀ। ਪਰ ਜੁਲਾਈ ਦੇ ਦੂਸਰੇ ਹਫ਼ਤੇ ਤੋਂ ਦੇਸ਼ ਦੇ ਬਹੁਤੇ ਭਾਗਾਂ ਵਿਚ ਮੌਨਸੂਨ ਕਾਫ਼ੀ ਸਰਗਰਮ ਹੋ ਜਾਣ ਨਾਲ, ਮਾਹਿਰਾਂ ਦਾ ਅਨੁਮਾਨ ਹੈ ਕਿ ਖਰੀਫ ਫ਼ਸਲ ਦੇ ਨੁਕਸਾਨ ਦੀ ਕੁੱਝ ਭਰਪਾਈ ਜ਼ਰੂਰ ਹੋ ਜਾਵੇਗੀ। ਜੇ ਸਮੁੱਚੇ ਖੇਤਰ ਵਿਚ ਪੂਰੇ ਮੌਨਸੂਨ ਦੌਰਾਨ ਔਸਤ ਨਾਲੋਂ 11 ਪ੍ਰਤਿਸ਼ਤ ਬਾਰਿਸ਼ ਦੀ ਕਮੀ ਹੋ ਜਾਵੇ ਤਾਂ ਔੜ ਜਿਹੇ ਆਸਾਰ ਬਣ ਜਾਂਦੇ ਹਨ ਜਿਸ ਨਾਲ ਫ਼ਸਲਾਂ ਦੇ ਉਤਪਾਦਨ ਅਤੇ ਝਾੜ ਉੱਪਰ ਮਾੜਾ ਅਸਰ ਪੈਂਦਾ ਹੈ। ਸਾਡੇ ਦੇਸ਼ ਵਿਚ ਸਿੰਜਾਈ ਸਹੂਲਤਾਂ ਦੀ ਘਾਟ ਕਾਰਨ, ਕਿਸਾਨ ਆਮ ਤੌਰ ਤੇ ਖੇਤੀਬਾੜੀ ਲਈ ਮੌਨਸੂਨ ਉੱਪਰ ਨਿਰਭਰ ਕਰਦੇ ਹਨ। ਖਰਾਬ ਮੌਨਸੂਨ ਦੀ ਸੂਰਤ ਵਿਚ, ਖੇਤੀਬਾੜੀ ਉੱਪਰ ਮਾੜਾ ਅਸਰ ਪੈਣਾ ਲਾਜ਼ਮੀ ਹੈ ਅਤੇ ਸਰਕਾਰ ਲਈ ਵੀ ਇਹ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਸ ਦਾ ਅਸਰ ਸਿੱਧਿਆਂ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਉੱਪਰ ਪੈਂਦਾ ਹੈ ਅਤੇ ਪੇਂਡੂ ਗਰੀਬੀ ਦੀ ਸਥਿਤੀ ਹੋਰ ਖਰਾਬ ਹੋ ਜਾਂਦੀ ਹੈ।

ਇਸ ਸਾਲ ਮੌਨਸੂਨ ਦੇਰੀ ਨਾਲ ਆਉਣ ਦਾ ਸਿੱਧਾ ਅਸਰ ਫ਼ਸਲਾਂ ਦੀ ਬਿਜਾਈ ਉਪਰ ਪਿਆ ਹੈ। ਜਾਰੀ ਅੰਕੜਿਆਂ ਅਨੁਸਾਰ, ਪਹਿਲੀ ਜੁਲਾਈ 2014 ਤਕ ਪਾਣੀ ਦੀ ਘਾਟ ਕਾਰਨ ਧਾਨ ਦੀ ਬਿਜਾਈ ਪਿਛਲੇ ਸਾਲ ਦੇ ਮੁਕਾਬਲੇ 6.6 ਪ੍ਰਤਿਸ਼ਤ ਘੱਟ ਰਕਬੇ ਵਿਚ ਹੋ ਸਕੀ ਅਤੇ ਦਾਲਾਂ, ਕਪਾਹ ਅਤੇ ਗੰਨੇ ਦੀ ਬਿਜਾਈ ਦਾ ਤਾਂ ਮਾੜਾ ਹੀ ਹਾਲ ਰਿਹਾ। ਪਿਛਲੇ ਸਾਲ ਦੇ ਮੁਕਾਬਲੇ, ਦਾਲਾਂ ਦੀ ਬਿਜਾਈ 18.4 ਪ੍ਰਤਿਸ਼ਤ ਅਤੇ ਕਪਾਹ ਦੀ ਬਿਜਾਈ 22.2 ਪ੍ਰਤਿਸ਼ਤ ਘੱਟ ਖੇਤਰ ਵਿਚ ਹੋ ਸਕੀ ਜਦ ਕਿ ਦੇਸ਼ ਦੀ ਜਨਸੰਖਿਆ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਖੇਤੀਬਾੜੀ ਹਾਲਾਂਕਿ ਰਾਜਾਂ ਦਾ ਵਿਸ਼ਾ ਹੈ ਪਰ ਕੇਂਦਰ ਸਰਕਾਰ ਨੂੰ ਵੀ ਚਿੰਤਾ ਲੱਗੀ ਹੋਈ ਹੈ ਕਿ ਜੇਕਰ ਮੌਨਸੂਨ ਠੀਕ ਨਾ ਰਿਹਾ ਤਾਂ ਦੇਸ਼ ਦੇ ਅਨਾਜ ਉਤਪਾਦਨ ਦੇ ਇਸ ਸਾਲ ਦੇ ਰਿਕਾਰਡ 264.4 ਮਿਲੀਅਨ ਟਨ ਦੇ ਉਤਪਾਦਨ ਨੂੰ ਹਾਸਲ ਕਰਨਾ ਵੀ ਔਖਾ ਰਹੇਗਾ ਜਿਸ ਨਾਲ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਨੂੰ ਕਾਬੂ ਹੇਠ ਰਖਣਾ ਕਾਫ਼ੀ ਮੁਸ਼ਕਿਲ ਹੋ ਸਕਦਾ ਹੈ।

ਚਿੰਤਾ ਦਾ ਵਿਸ਼ਾ ਹੈ ਕਿ ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ ਖੇਤੀਬਾੜੀ ਅਤੇ ਇਸ ਨਾਲ ਸੰਬੰਧਿਤ ਕਿੱਤਿਆਂ ਵਿਚ ਲੱਗੀ ਹੋਣ ਦੇ ਬਾਵਜੂਦ, ਖੇਤੀਬਾੜੀ ਖੇਤਰ ਦਾ ਸਮੁੱਚੇ ਘਰੇਲੂ ਉਤਪਾਦਨ ਵਿਚ ਹਿੱਸਾ ਬਹੁਤ ਘੱਟ ਹੈ ਅਤੇ ਇਸ ਵਿਚ ਲਗਾਤਾਰ ਕਮੀ ਆ ਰਹੀ ਹੈ। ਗਿਆਰ੍ਹਵੀਂ ਪੰਜ ਸਾਲਾ ਯੋਜਨਾ ਵਿਚ ਖੇਤੀਬਾੜੀ ਖੇਤਰ ਦਾ ਸਮੁੱਚੇ ਘਰੇਲੂ ਉਤਪਾਦਨ ਵਿਚ ਔਸਤ 15.2 ਪ੍ਰਤਿਸ਼ਤ ਹਿੱਸਾ ਸੀ ਜੋ 2012-13 ਅਤੇ 2013-14 ਵਿਚ ਘਟ ਕੇ 13.9 ਪ੍ਰਤਿਸ਼ਤ ਰਹਿ ਗਿਆ ਹੈ। ਭਾਰਤ ਵਿਚ ਖੇਤੀਬਾੜੀ ਉਤਪਾਦਨ ਦੀ ਵਿਕਾਸ ਦਰ 2002-03 ਵਿਚ ਮਨਫ਼ੀ ਵਿਚ ਚਲੀ ਗਈ ਸੀ ਪਰ ਉਸ ਤੋਂ ਬਾਅਦ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੀਆਂ ਲਗਾਤਾਰ ਕੋਸ਼ਿਸ਼ਾਂ ਦੇ ਸਦਕੇ ਇਹ 11ਵੀਂ ਯੋਜਨਾ (2007-12) ਵਿਚ ਔਸਤ 4.1 ਪ੍ਰਤਿਸ਼ਤ ਰਿਹਾ ਜੋ ਕਾਫ਼ੀ ਤਸੱਲੀਬਖਸ਼ ਸੀ। ਇਸ ਸਾਲ ਵੀ, ਸਰਕਾਰ ਨੇ 10 ਜੂਨ 2014 ਨੂੰ ਸੰਸਦ ਵਿਚ ਪੇਸ਼ ਕੇਂਦਰੀ ਬਜਟ ਵਿਚ ਖੇਤੀਬਾੜੀ ਵਿਕਾਸ ਦਰ 4 ਪ੍ਰਤਿਸ਼ਤ ਹਾਸਲ ਕਰਨ ਦੀ ਵਚਨਬੱਧਤਾ ਦੁਹਰਾਈ ਹੈ ਪਰ ਮੌਨਸੂਨ ਦੇ ਖਰਾਬ ਰਹਿਣ ਦੀ ਸੂਰਤ ਵਿਚ ਇਹ ਹਾਸਲ ਕਰਨਾ ਮੁਸ਼ਕਿਲ ਜਾਪਦਾ ਹੈ। ਲੋਕ ਸਭਾ ਵਿਚ ਕੇਂਦਰੀ ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਅਰੁਨ ਜੇਤਲੀ ਨੇ ਭਰੋਸਾ ਦੁਆਇਆ ਸੀ ਕਿ ਖੇਤੀਬਾੜੀ ਖੇਤਰ ਵਿਚ ਉਤਪਾਦਨ ਅਤੇ ਝਾੜ, ਦੋਹਾਂ ਉੱਪਰ ਜ਼ੋਰ ਦਿਤਾ ਜਾਵੇਗਾ ਅਤੇ ਉਨ੍ਹਾਂ ਦੇਸ਼ ਵਿਚ ਪ੍ਰੋਟੀਨ ਲਹਿਰ ਲਿਆਉਣ ਦੇ ਨਾਲ-ਨਾਲ, ਦੇਸ਼ ਵਿਚ ਉੱਚ ਤਕਨਾਲੋਜੀ ਦੀ ਵਰਤੋਂ ਨਾਲ, ਦੂਜੀ ਹਰੀ ਕ੍ਰਾਂਤੀ ਲਿਆਉਣ ਦੀ ਗੱਲ ਵੀ ਕਹੀ ਸੀ। ਪਰ ਸਰਕਾਰ ਵਲੋਂ ਸੰਸਦ ਵਿਚ ਪੇਸ਼ ਆਰਥਿਕ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਦੇਸ਼ ਵਿਚ 2001 ਦੀ ਮਰਦਮਸ਼ੁਮਾਰੀ ਅਨੁਸਾਰ 12 ਕਰੋੜ 73 ਲੱਖ ਕਾਸ਼ਤਕਾਰ ਖੇਤੀਬਾੜੀ ਕੰਮਾਂ ਵਿਚ ਲੱਗੇ ਹੋਏ ਸਨ ਜੋ 2011 ਦੀ ਮਰਦਮਸ਼ੁਮਾਰੀ ਅਨੁਸਾਰ ਘਟ ਕੇ 11 ਕਰੋੜ 87 ਲੱਖ ਰਹਿ ਗਏ। ਇਸ ਤੋਂ ਸੰਕੇਤ ਮਿਲਦਾ ਹੈ ਕਿ ਪਿੰਡਾਂ ਵਿਚ ਲੋਕ ਖੇਤੀਬਾੜੀ ਕਿੱਤਿਆਂ ਵਿਚ ਘੱਟ ਰੁਚੀ ਦਿਖਾ ਕੇ ਗ਼ੈਰ ਖੇਤੀਬਾੜੀ

ਕਿੱਤਿਆਂ ਵਿਚ ਰੁਜ਼ਗਾਰ ਦੀ ਭਾਲ ਕਰ ਰਹੇ ਹਨ। ਉਨ੍ਹਾਂ ਦੀ ਰੁਚੀ ਕਿਸਾਨੀ ਕੰਮਾਂ ਵਿਚ ਬਣਾ ਕੇ ਰਖਣ ਲਈ, ਤਾਂ ਕਿ ਦੇਸ਼ ਵਿਚ ਅਨਾਜ ਅਤੇ ਹੋਰ ਫ਼ਸਲਾਂ ਦਾ ਉਤਪਾਦਨ ਵਧਾਇਆ ਜਾ ਸਕੇ, ਖੇਤੀਬਾੜੀ ਖੇਤਰ ਨੂੰ ਹੋਰ ਆਕਰਸ਼ਕ ਬਣਾਉਣਾ ਹੋਵੇਗਾ ਅਤੇ ਸਰਕਾਰ ਨੂੰ ਉਸ ਖੇਤਰ ਵੱਲ ਵਧੇਰੇ ਧਿਆਨ ਦੇਣਾ ਹੋਵੇਗਾ।

ਮੌਸਮੀ ਪਰਿਵਰਤਨ ਦਾ ਜ਼ਿਕਰ ਕਰਦਿਆਂ ਹੋਇਆਂ ਵਿੱਤ ਮੰਤਰੀ ਨੇ ਕਿਹਾ ਕਿ ਇਹ ਇਕ ਅਜਿਹੀ ਸਚਾਈ ਹੈ ਜਿਸ ਦਾ ਸਾਨੂੰ ਸਭ ਨੂੰ ਮਿਲ ਕੇ ਸਾਹਮਣਾ ਕਰਨਾ ਹੋਵੇਗਾ ਕਿਉਂਕਿ ਇਸ ਦਾ ਸਭ ਤੋਂ ਵੱਧ ਅਸਰ ਖੇਤੀਬਾੜੀ ਉੱਪਰ ਪੈਂਦਾ ਹੈ ਅਤੇ ਸਾਡੀ ਵਸੋਂ ਦਾ ਵਧੇਰੇ ਹਿੱਸਾ ਖੇਤੀਬਾੜੀ ਉੱਪਰ ਨਿਰਭਰ ਹੈ। ਉਨ੍ਹਾਂ 100 ਕਰੋੜ ਰੁਪਏ ਦੀ ਰਾਸ਼ੀ ਨਾਲ ਇਕ ਰਾਸ਼ਟਰੀ ਅਨੁਕੂਲਨ ਫ਼ੰਡ ਮੌਸਮੀ ਬਦਲਾਅ ਦੇ ਹਾਲਤ ਨਾਲ ਨਜਿੱਠਣ ਲਈ ਸਥਾਪਤ ਕਰਨ ਦਾ ਐਲਾਨ ਕੀਤਾ। ਇਹ ਇਕ ਚੰਗੀ ਸ਼ੁਰੂਆਤ ਹੈ ਕਿਉਂਕਿ ਭਾਰਤ ਵਿਚ ਸਿਰਫ਼ 45 ਪ੍ਰਤਿਸ਼ਤ ਖੇਤੀਯੋਗ ਭੂਮੀ ਵਿਚ ਹੀ ਸਿੰਜਾਈ ਸਹੂਲਤਾਂ ਉਪਲਬਧ ਹਨ ਅਤੇ ਬਾਕੀ ਖੇਤੀਯੋਗ ਭੂਮੀ ਵਿਚ ਫ਼ਸਲਾਂ ਉਗਾਉਣ ਲਈ ਮੌਨਸੂਨ ਉੱਪਰ ਨਿਰਭਰ ਰਹਿਣਾ ਪੈਂਦਾ ਹੈ।

ਦੇਸ਼ ਵਿਚ ਜੂਨ ਤੋਂ ਸਤੰਬਰ ਦੇ ਮਹੀਨਿਆਂ ਵਿਚ ਦੱਖਣ-ਪੱਛਮੀ ਮੌਨਸੂਨ ਲਗਭਗ 75 ਪ੍ਰਤਿਸ਼ਤ ਬਾਰਿਸ਼ ਲਈ ਜ਼ਿੰਮੇਵਾਰ ਹੁੰਦੀ ਹੈ। ਵਿਆਪਕ ਚਰਚਾ ਹੈ ਕਿ ਇਕ ਵਾਰ ਮੁੜ ਤੋਂ ਅਲਨੀਨੋ ਹਾਲਾਤ ਪੈਦਾ ਹੋ ਰਹੇ ਹਨ। ਮੌਸਮ ਵਿਭਾਗ ਦਾ ਅਨੁਮਾਨ ਹੈ ਕਿ ਇਸ ਸਾਲ ਔਸਤ 93 ਪ੍ਰਤਿਸ਼ਤ ਮੌਨਸੂਨ ਰਹੇਗੀ ਜਿਸ ਨਾਲ ਕੁਝ ਖੇਤਰਾਂ ਵਿਚ ਮੀਂਹ ਦੀ ਕਮੀ ਹੋ ਸਕਦੀ ਹੈ। ਆਰਥਿਕ ਸਰਵੇਖਣ ਵਿਚ ਵੀ ਕਿਹਾ ਗਿਆ ਹੈ ਕਿ ਭਾਰਤ ਉਪਰ ਵੀ ਅਲਨੀਨੋ ਦਾ ਖ਼ਤਰਾ ਮੰਡਰਾ ਰਿਹਾ ਹੈ। ਇਹ ਅਲਨੀਨੋ ਕੀ ਹੈ ਅਤੇ ਦੇਸ਼ ਲਈ ਕਿਸ ਤਰ੍ਹਾਂ ਦਾ ਖ਼ਤਰਾ ਪੈਦਾ ਕਰ ਸਕਦਾ ਹੈ? ਅਲਨੀਨੋ ਦਾ ਅਸਰ ਅਕਸਰ ਭਾਰਤ ਵਿਚ ਅਗਸਤ ਦੇ ਮਹੀਨੇ ਵਿਚ ਦੇਖਣ ਵਿਚ ਆਉਂਦਾ ਹੈ। ਇਹ ਅਜਿਹਾ ਅਸਰ ਹੈ ਜੋ ਪ੍ਰਸ਼ਾਂਤ ਮਹਾਂਸਾਗਰ ਦੀ ਸਤਹ ਉਪਰ ਤਾਪਮਾਨ ਕਈ ਮਹੀਨੇ ਲਗਾਤਾਰ ਔਸਤ ਤੋਂ ਵਧੇਰੇ ਰਹਿਣ ਕਾਰਨ ਹੁੰਦਾ ਹੈ। ਇਸ ਦੇ ਅਸਰ ਹੇਠ ਅਕਸਰ ਔੜ ਦੇ ਆਸਾਰ ਦੇਖਣ ਨੂੰ ਮਿਲੇ ਹਨ। ਇਸ ਸਦੀ ਦੇ ਸ਼ੁਰੂ ਤੋਂ ਹੁਣ ਤਕ ਭਾਰਤ ਵਿਚ ਅਲਨੀਨੋ ਦਾ ਅਸਰ 2002, 2004, 2006 ਅਤੇ 2009 ਵਿਚ ਦੇਖਣ ਨੂੰ ਮਿਲਿਆ। 2002 ਵਿਚ ਇਸ ਦੇ ਅਸਰ ਹੇਠ ਦੇਸ਼ ਵਿਚ ਔਸਤ 20 ਪ੍ਰਤਿਸ਼ਤ ਬਾਰਿਸ਼ ਵਿਚ ਕਮੀ ਆਈ ਅਤੇ ਖੇਤੀਬਾੜੀ ਉਤਪਾਦਨ ਮਨਫ਼ੀ ਦੇ ਦਾਇਰੇ ਵਿਚ ਪਹੁੰਚ ਗਿਆ। 2009 ਵਿਚ, ਦੇਸ਼ ਨੂੰ ਪਿਛਲੇ 40 ਸਾਲਾਂ ਦੀ ਸਭ ਤੋਂ ਭਿਆਨਕ ਔੜ ਦਾ ਸਾਹਮਣਾ ਕਰਨਾ ਪਿਆ ਅਤੇ ਮੌਨਸੂਨ ਬਾਰਿਸ਼ ਔਸਤ ਨਾਲੋਂ 23 ਪ੍ਰਤਿਸ਼ਤ ਘੱਟ ਹੋਈ। ਅਲਨੀਨੋ ਦਾ ਸਭ ਤੋਂ ਵੱਧ ਅਸਰ ਖਰੀਫ ਦੀਆਂ ਫ਼ਸਲਾਂ ਉਪਰ ਪੈਂਦਾ ਹੈ ਜੋ ਸਾਡੇ ਦੇਸ਼ ਦੇ ਕੁੱਲ ਅਨਾਜ ਉਤਪਾਦਨ ਦਾ ਲਗਭਗ 65 ਪ੍ਰਤਿਸ਼ਤ ਹਿੱਸਾ ਉਤਪਾਦਨ ਦਿੰਦੀਆਂ ਹਨ। ਬਾਰਿਸ਼ ਉਪਰ ਨਿਰਭਰ ਫ਼ਸਲਾਂ ਵਾਲੇ ਖੇਤਰਾਂ, ਮੱਧ, ਦੱਖਣੀ ਅਤੇ ਉੱਤਰ-ਪੱਛਮੀ ਭਾਰਤ ਵਿਚ ਧਾਨ, ਸੋਇਆਬੀਨ, ਕਪਾਹ, ਮੱਕੀ, ਜਵਾਰ, ਮੂੰਗਫਲੀ ਅਤੇ ਗੰਨਾ ਉਤਪਾਦਨ ਉਪਰ ਅਸਰ ਪੈ ਸਕਦਾ ਹੈ। ਅਲਨੀਨੋ ਦੇ ਸੰਭਾਵਤ ਆਸਾਰ ਤੋਂ ਹੋਣ ਵਾਲੀ ਅਨਾਜ ਉਤਪਾਦਨ ਵਿਚ ਅਨੁਮਾਨਤ ਕਮੀ ਤੋਂ ਸਰਕਾਰ ਵੀ ਚਿੰਤਤ ਹੈ ਅਤੇ ਕਈ ਹੰਗਾਮੀ ਕਾਰਵਾਈਆਂ ਬਾਰੇ ਵਿਚਾਰ ਕਰ ਰਹੀ ਹੈ। ਅਲਨੀਨੋ ਦੇ ਅਸਰ ਹੇਠ ਮਹਾਂਰਾਸ਼ਟਰ, ਗੁਜਰਾਤ, ਰਾਜਸਥਾਨ, ਕਰਨਾਟਕ, ਝਾਰਖੰਡ ਅਤੇ ਬਿਹਾਰ ਵਿਚ ਫ਼ਸਲਾਂ ਉਪਰ ਮਾੜਾ ਪ੍ਰਭਾਵ ਪੈ ਸਕਦਾ ਹੈ ਅਤੇ ਇਨ੍ਹਾਂ ਰਾਜਾਂ ਵਿਚ ਅਨਾਜ ਅਤੇ ਹੋਰ ਖੇਤੀਬਾੜੀ ਉਤਪਾਦਨਾਂ ਵਿਚ ਔਸਤ ਨਾਲੋਂ ਕਮੀ ਆ ਸਕਦੀ ਹੈ।

ਸਰਕਾਰ ਨੇ ਅਲਨੀਨੋ ਦੇ ਸੰਭਾਵਤ ਅਸਰ ਅਤੇ ਖਰਾਬ ਮੌਨਸੂਨ ਦੇ ਖਦਸ਼ੇ ਦੇ ਚਲਦਿਆਂ, ਖੇਤੀਬਾੜੀ ਉਤਪਾਦਨ ਨੂੰ ਹੁੰਗਾਰਾ ਦੇਣ ਲਈ ਬਜਟ ਵਿਚ ਕਈ ਨਵੀਆਂ ਤਜਵੀਜ਼ਾਂ ਪੇਸ਼ ਕੀਤੀਆਂ ਹਨ। ਖੇਤੀਬਾੜੀ ਉਤਪਾਦਨ ਵਿਚ ਮੁਕਾਬਲੇ ਦੀ ਹੋੜ ਪੈਦਾ ਕਰਨ ਲਈ ਅਤੇ ਇਸ ਖੇਤਰ ਨੂੰ ਲਾਭਕਾਰੀ ਬਣਾਉਣ ਲਈ, ਨਿੱਜੀ ਅਤੇ ਜਨਤਕ ਦੋਹਾਂ ਖੇਤਰਾਂ ਵਿਚ ਪੂੰਜੀ ਨਿਵੇਸ਼ ਵਧਾਉਣ ਦਾ ਪ੍ਰਸਤਾਵ ਰਖਿਆ ਗਿਆ ਹੈ ਤਾਂ ਕਿ ਖੇਤੀਬਾੜੀ ਤਕਨਾਲੋਜੀ ਦਾ ਵਿਕਾਸ ਕੀਤਾ ਜਾ ਸਕੇ ਅਤੇ ਖੇਤੀਬਾੜੀ ਉਤਪਾਦਨਾਂ ਦੇ ਮੰਡੀਕਰਨ ਦੀਆਂ ਸਹੂਲਤਾਂ ਵਧਾਈਆਂ ਜਾ ਸਕਣ ਅਤੇ ਉਨ੍ਹਾਂ ਵਿਚ ਨਵੀਨਤਾ ਲਿਆਂਦੀ ਜਾ ਸਕੇ ਜੋ ਉਪਭੋਗਤਾ ਅਤੇ ਕਿਸਾਨ ਦੋਹਾਂ ਨੂੰ ਲਾਭਕਾਰੀ ਹੋਵੇ। ਖੇਤੀਬਾੜੀ ਖੇਤਰ ਵਿਚ ਖੋਜ ਤੇ ਵਿਕਾਸ ਅਤੇ ਖੇਤੀਬਾੜੀ ਤਕਨਾਲੋਜੀ ਦੇ ਵਿਕਾਸ ਲਈ, ਭਾਰਤੀ ਖੇਤੀਬਾੜੀ ਖੋਜ ਸੰਸਥਾਨ (ਆਈ ਏ ਆਰ ਆਈ) ਪੂਸਾ, ਨਵੀਂ ਦਿੱਲੀ ਦੀ ਤਰਜ਼ 'ਤੇ ਅਸਮ ਅਤੇ ਝਾਰਖੰਡ ਵਿਚ ਦੋ ਹੋਰ ਅਜਿਹੇ ਸੰਸਥਾਨ ਸਥਾਪਤ ਕਰਨ ਦਾ ਬਜਟ ਵਿਚ ਐਲਾਨ ਕੀਤਾ ਅਤੇ ਇਸ ਕਾਰਜ ਲਈ 100 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਇਸ ਤੋਂ ਇਲਾਵਾ, 100 ਕਰੋੜ ਰੁਪਏ ਦੀ ਸ਼ੁਰੂਆਤੀ ਰਾਸ਼ੀ ਨਾਲ 'ਖੇਤੀਬਾੜੀ ਤਕਨਾਲੋਜੀ ਬੁਨਿਆਦੀ ਢਾਂਚਾ ਫ਼ੰਡ' ਸਥਾਪਤ ਕਰਨ ਦਾ ਐਲਾਨ ਵੀ ਕੀਤਾ। ਬਜਟ ਵਿਚ ਆਂਧਰ ਪ੍ਰਦੇਸ਼ ਅਤੇ ਰਾਜਸਥਾਨ ਵਿਚ ਦੋ ਨਵੀਆਂ ਖੇਤੀਬਾੜੀ ਯੂਨੀਵਰਸਿਟੀਆਂ, ਇਸ ਖੇਤਰ ਵਿਚ ਉੱਚ ਸਿੱਖਿਆ ਨੂੰ ਹੁੰਗਾਰਾ ਦੇਣ ਲਈ ਸਥਾਪਤ ਕਰਨ ਦਾ ਐਲਾਨ ਵੀ ਕੀਤਾ ਗਿਆ। ਇਸ ਦੇ ਨਾਲ-ਨਾਲ ਤੇਲੰਗਾਨਾ ਅਤੇ ਹਰਿਆਣਾ ਵਿਚ ਬਾਗ਼ਬਾਨੀ ਯੂਨੀਵਰਸਿਟੀਆਂ ਸਥਾਪਤ ਕਰਨ ਦੀ ਤਜਵੀਜ਼ ਵੀ ਰਖੀ ਗਈ ਹੈ। ਇਸ ਕਾਰਜ ਲਈ ਸਰਕਾਰ ਨੇ 200 ਕਰੋੜ ਰੁਪਏ ਰਾਖਵੇਂ ਕਰਨ ਦਾ ਐਲਾਨ ਕੀਤਾ। ਇਹ ਸ਼ਾਇਦ, ਖੇਤੀਬਾੜੀ ਖੇਤਰ ਵਿਚ ਆ ਰਹੀਆਂ ਢਾਂਚਾਗਤ ਤਬਦੀਲੀਆਂ ਕਾਰਨ ਨਵੀਂ ਸੋਚ ਬਣੀ ਹੈ। ਬਾਗ਼ਬਾਨੀ, ਪਸ਼ੂ-ਪਾਲਣ ਅਤੇ ਮੱਛੀ-ਪਾਲਣ ਦਾ ਅਨੁਪਾਤ ਖੇਤੀਬਾੜੀ ਅਤੇ ਉਸ ਨਾਲ ਜੁੜੇ ਕਿੱਤਿਆਂ ਦੇ ਸਮੁੱਚੇ ਘਰੇਲੂ ਉਤਪਾਦਨ ਵਿਚ ਲਗਾਤਾਰ ਵਧ ਰਿਹਾ ਹੈ। ਇਕੱਲੇ ਬਾਗ਼ਬਾਨੀ ਖੇਤਰ ਦਾ ਹਿੱਸਾ ਸਮੁੱਚੇ ਖੇਤੀਬਾੜੀ ਘਰੇਲੂ ਉਤਪਾਦਨ ਦਾ ਇਸ ਵੇਲੇ 30.4 ਪ੍ਰਤਿਸ਼ਤ ਹੈ ਅਤੇ ਇਸ ਖੇਤਰ ਵਿਚ ਉਤਪਾਦਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਅੰਗੂਰ, ਕੇਲਾ, ਮਟਰ ਅਤੇ ਪਪੀਤਾ ਉਤਪਾਦਨ ਖੇਤਰ ਵਿਚ ਭਾਰਤ ਦਾ ਦੁਨੀਆਂ ਵਿਚ ਪਹਿਲਾ ਨੰਬਰ ਹੈ। ਪਿਛਲੇ ਮਾਲੀ ਸਾਲ 2013-14 ਵਿਚ ਖੇਤੀਬਾੜੀ ਅਤੇ ਉਸ ਨਾਲ ਸੰਬੰਧਿਤ ਕਿੱਤਿਆਂ ਦੇ ਉਤਪਾਦਨਾਂ ਦੇ ਨਿਰਯਾਤ ਵਿਚ 5.1 ਪ੍ਰਤਿਸ਼ਤ ਵਾਧਾ ਹੋਇਆ। ਇਕੱਲੇ ਸਮੁੰਦਰੀ ਉਤਪਾਦਨਾਂ (ਮੁੱਖ ਤੌਰ ਤੇ ਮੱਛੀ ਨਿਰਯਾਤ) ਵਿਚ 44.8 ਪ੍ਰਤਿਸ਼ਤ ਦਾ ਵਾਧਾ ਹੋਇਆ ਹੈ। ਚੌਲਾਂ ਦਾ ਨਿਰਯਾਤ ਜੋ 2010-11 ਵਿਚ 257 ਕਰੋੜ ਰੁਪਏ ਦਾ ਸੀ, ਲਗਭਗ ਤਿੰਨ ਗੁਣਾ ਵਧ ਕੇ 2013-14 ਵਿਚ 774 ਕਰੋੜ ਰੁਪਏ ਦਾ ਹੋ ਗਿਆ ਹੈ।

ਸਾਡਾ ਦੇਸ਼ ਫ਼ਸਲਾਂ ਦੀ ਉਤਪਾਦਿਕਤਾ ਦੇ ਖੇਤਰ ਵਿਚ ਦੁਨੀਆਂ ਦੇ ਮੁੱਖ ਖੇਤੀਬਾੜੀ ਉਤਪਾਦਕ ਦੇਸ਼ਾਂ ਦੇ ਮੁਕਾਬਲੇ ਬਹੁਤ ਪਛੜਿਆ ਹੋਇਆ

ਹੈ। ਚੌਲ ਉਤਪਾਦਨ ਵਿਚ ਦੁਨੀਆਂ ਦੇ ਔਸਤ 4397 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਦੇ ਮੁਕਾਬਲੇ ਭਾਰਤ ਵਿਚ ਇਸ ਦਾ ਉਤਪਾਦਨ 3514 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਹੈ ਜਦ ਕਿ ਸਭ ਤੋਂ ਵੱਧ ਚੌਲ ਉਤਪਾਦਨ 6661 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਚੀਨ ਵਿਚ ਹੁੰਦਾ ਹੈ। ਇਸੇ ਤਰ੍ਹਾਂ ਕਣਕ ਦਾ ਉਤਪਾਦਨ ਭਾਰਤ ਵਿਚ 3000 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਹੈ ਜਦ ਕਿ ਦੁਨੀਆਂ ਵਿਚ ਇਸ ਦਾ ਔਸਤ ਉਤਪਾਦਨ 3094 ਕਿਲੋਗ੍ਰਾਮ ਹੈ ਅਤੇ ਸਭ ਤੋਂ ਵੱਧ ਉਤਪਾਦਨ ਇੰਗਲੈਂਡ ਵਿਚ 7360 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਹੈ। ਮੱਕੀ ਉਤਪਾਦਨ ਵਿਚ ਤਾਂ ਭਾਰਤ ਦਾ ਸਥਾਨ ਬਹੁਤ ਪਿੱਛੇ ਹੈ। ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਵਿਚ ਮੱਕੀ ਉਤਪਾਦਨ 2321 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਹੈ ਅਤੇ ਅਮਰੀਕਾ ਦੁਨੀਆਂ ਵਿਚ ਸਭ ਤੋਂ ਵੱਧ 8858 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਉਤਪਾਦਿਕਤਾ ਵਾਲਾ ਮੋਢੀ ਦੇਸ਼ ਹੈ। ਭਾਰਤ ਨੂੰ ਫ਼ਸਲਾਂ ਦੀ ਉਤਪਾਦਕਤਾ ਵਧਾਉਣ ਵਲ ਵਿਸ਼ੇਸ਼ ਧਿਆਨ ਦੇਣਾ ਪਵੇਗਾ ਕਿਉਂਕਿ ਖੇਤੀਯੋਗ ਭੂਮੀ ਸੀਮਤ ਮਾਤਰਾ ਵਿਚ ਹੀ ਉਪਲਬਧ ਹੈ ਅਤੇ ਵਧੇਰੇ ਭੂਮੀ ਹਲ ਹੇਠ ਨਹੀਂ ਲਿਆਂਦੀ ਜਾ ਸਕਦੀ। ਦੇਸ਼ ਵਿਚੋਂ ਪੇਂਡੂ ਗਰੀਬੀ ਮਿਟਾਉਣ ਲਈ, ਪਿੰਡਾਂ ਵਿਚ ਸ਼ਹਿਰਾਂ ਵਰਗੀਆਂ ਸਹੂਲਤਾਂ ਉਪਲਬਧ ਕਰਾਉਣ ਲਈ ਅਤੇ ਖੇਤੀਬਾੜੀ ਵਿਚ ਲੋਕਾਂ ਦੀ ਦਿਲਚਸਪੀ ਬਣਾ ਕੇ ਰਖਣ ਲਈ ਇਸ ਖੇਤਰ ਨੂੰ ਮਜ਼ਬੂਤ ਕਰਨਾ ਬਹੁਤ ਜ਼ਰੂਰੀ ਹੈ। ਇਹ ਸਚਾਈ ਹੈ ਕਿ ਸਾਡਾ ਦੇਸ਼ ਅਨਾਜ ਉਪਲਬਧਤਾ ਵਿਚ ਸਵੈ-ਨਿਰਭਰ ਹੋ ਗਿਆ ਹੈ ਅਤੇ ਅਸੀਂ ਚੌਲਾਂ ਸਮੇਤ ਹੋਰ ਕਈ ਖੇਤੀ ਉਤਪਾਦਨ ਨਿਰਯਾਤ ਕਰਨ ਲੱਗ ਪਏ ਹਾਂ। ਪਰ ਸਾਡੀ ਪ੍ਰਤਿ ਜੀਅ ਅਨਾਜ ਉਪਲਬਧਤਾ ਦੁਨੀਆਂ ਦੇ ਵਿਕਸਤ ਦੇਸ਼ਾਂ ਦੇ ਮੁਕਾਬਲੇ ਬਹੁਤ ਘੱਟ ਹੈ। *ਬਰਿਕਸ* ਦੇਸ਼ਾਂ ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫ਼ਰੀਕਾ ਦੇ ਤਜਰਬੇ ਤੋਂ ਪਤਾ ਲਗਦਾ ਹੈ ਕਿ ਖੇਤੀਬਾੜੀ ਉਤਪਾਦਨ ਵਿਚ ਇਕ ਪ੍ਰਤਿਸ਼ਤ ਵਾਧੇ ਨਾਲ ਗਰੀਬੀ ਘਟਾਉਣ ਦੇ ਅਜਿਹੇ ਨਤੀਜੇ ਹਾਸਲ ਕੀਤੇ ਜਾ ਸਕਦੇ ਹਨ ਜੋ ਗ਼ੈਰ ਖੇਤੀਬਾੜੀ ਖੇਤਰ ਵਿਚ ਦੋ ਤੋਂ ਤਿੰਨ ਪ੍ਰਤਿਸ਼ਤ ਵਿਕਾਸ ਦਰ ਹਾਸਲ ਕਰ ਕੇ ਵੀ ਨਹੀਂ ਕੀਤੇ ਜਾ ਸਕਦੇ। ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਸਮੁੱਚੇ ਖੇਤੀਬਾੜੀ ਘਰੇਲੂ ਉਤਪਾਦਨ ਵਿਚ ਵਾਧਾ ਕਰੀਏ ਜੋ ਉਤਪਾਦਕਤਾ ਵਧਾ ਕੇ ਹੀ ਹਾਸਲ ਕੀਤਾ ਜਾ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਵਿਕਸਤ ਖੇਤੀਬਾੜੀ ਤਕਨਾਲੋਜੀ, ਉੱਤਮ ਕਿਸਮ ਦੇ ਖੇਤੀ ਦੇ ਸੰਦ ਅਤੇ ਹੋਰ ਔਜ਼ਾਰ, ਸਿੰਜਾਈ ਸਹੂਲਤਾਂ ਵਿਚ ਵਾਧਾ, ਉੱਤਮ ਕਿਸਮ ਦੇ ਬੀਜਾਂ ਅਤੇ ਖਾਦਾਂ ਦੀ ਵਰਤੋਂ ਅਤੇ ਸਭ ਤੋਂ ਵੱਧ ਭੂਮੀ ਦੀ ਸਿਹਤ ਅਤੇ ਉਸ ਦਾ ਨਰੋਏ ਹੋਣਾ ਬਹੁਤ ਮਹੱਤਵਪੂਰਨ ਹੈ।

ਕੇਂਦਰੀ ਬਜਟ ਵਿਚ ਸਰਕਾਰ ਨੇ ਇਸ ਮੁੱਦੇ ਉਪਰ ਗੌਰ ਕਰਦਿਆਂ ਦੇਸ਼ ਵਿਚ ਕਿਸਾਨਾਂ ਦਾ ਭੌਂ ਸੁਧਾਰ ਉਪਰ ਵਿਸ਼ੇਸ਼ ਧਿਆਨ ਖਿੱਚਣ ਲਈ ਉਨ੍ਹਾਂ ਨੂੰ ਸਮੁੱਚੇ ਦੇਸ਼ ਵਿਚ ਭੌਂ ਸੁਧਾਰ ਕਾਰਡ ਮੁਹੱਈਆ ਕਰਵਾਉਣ ਦਾ ਇਕ ਨਵੀਂ ਸਕੀਮ ਦਾ ਐਲਾਨ ਕੀਤਾ ਜਿਸ ਵਿਚ ਭੂਮੀ ਦੀ ਸਿਹਤ, ਲੋੜੀਂਦੀਆਂ ਖਾਦਾਂ ਦੀ ਕਿਸਮ ਅਤੇ ਉਨ੍ਹਾਂ ਦੀ ਮਾਤਰਾ, ਪਾਣੀ ਦੇਣ ਦਾ ਸਮਾਂ ਅਤੇ ਬਿਜਾਈ, ਗੁਡਾਈ ਅਤੇ ਕਟਾਈ ਆਦਿ ਦੇ ਸਮੇਂ ਦੇ ਵੇਰਵੇ ਦਿਤੇ ਜਾਣਗੇ। ਇਸ ਕਾਰਜ ਲਈ ਬਜਟ ਵਿਚ 100 ਕਰੋੜ ਰੁਪਏ ਰਖੇ ਗਏ ਹਨ। ਇਸ ਤੋਂ ਇਲਾਵਾ, ਦੇਸ਼ ਵਿਚ ਭੌਂ ਪਰਖ ਪ੍ਰਯੋਗਸ਼ਾਲਾਵਾਂ ਦੀ ਕਮੀ ਨੂੰ ਮਹਿਸੂਸ ਕਰਦਿਆਂ ਅਤੇ ਕਿਸਾਨਾਂ ਦੀਆਂ ਦੂਰ-ਦਰਾਜ਼ ਖੇਤਰਾਂ ਵਿਚ ਅਜਿਹੀਆਂ ਪ੍ਰਯੋਗਸ਼ਾਲਾਵਾਂ ਵਿਚ ਜਾ ਕੇ ਆਪਣੀ ਜ਼ਮੀਨ ਦੀ ਮਿੱਟੀ ਦੀ ਪਰਖ ਕਰਵਾਉਣ ਵਿਚ ਆ ਰਹੀਆਂ ਦਿੱਕਤਾਂ ਨੂੰ ਦੇਖਦੇ ਹੋਏ, 56 ਕਰੋੜ ਰੁਪਏ ਦੀ ਲਾਗਤ ਨਾਲ 100 ਚਲਦੀਆਂ ਫਿਰਦੀਆਂ ਭੌਂ ਪਰਖ ਪ੍ਰਯੋਗਸ਼ਾਲਾਵਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਨਾਲ ਕਿਸਾਨਾਂ ਨੂੰ ਆਪਣੀ ਭੌਂ ਦੀ ਪਰਖ ਕਰਵਾਉਣ ਦੀ ਸਹੂਲਤ ਉਨ੍ਹਾਂ ਦੇ ਦਰਵਾਜ਼ੇ ਉਪਰ ਹੀ ਮਿਲ ਜਾਵੇਗੀ।

ਭਾਰਤ ਦੁਨੀਆਂ ਵਿਚ ਦੁੱਧ ਉਤਪਾਦਨ ਦੇ ਖੇਤਰ ਵਿਚ ਸਭ ਤੋਂ ਅੱਗੇ ਹੈ ਅਤੇ ਪੂਰੀ ਦੁਨੀਆਂ ਦੇ ਦੁੱਧ ਉਤਪਾਦਨ ਦਾ ਲਗਭਗ 17 ਪ੍ਰਤਿਸ਼ਤ ਹਿੱਸਾ ਭਾਰਤ ਵਿਚ ਹੁੰਦਾ ਹੈ। 2012-13 ਵਿਚ ਦੇਸ਼ ਵਿਚ ਦੁੱਧ ਦਾ ਉਤਪਾਦਨ ਰਿਕਾਰਡ ਪੱਧਰ 'ਤੇ ਹੋਇਆ ਅਤੇ ਪ੍ਰਤਿ ਜੀਅ ਦੁੱਧ ਦੀ 295 ਗ੍ਰਾਮ ਪ੍ਰਤਿ ਦਿਨ ਉਪਲਬਧਤਾ, ਦੁਨੀਆਂ ਦੇ ਕਿਸੇ ਵੀ ਦੇਸ਼ ਵਿਚ ਔਸਤ ਦੁੱਧ ਉਪਲਬਧਤਾ ਤੋਂ ਵਧੇਰੇ ਸੀ। ਸਾਲ ਦਰ ਸਾਲ ਭਾਰਤ ਵਿਚ ਦੁੱਧ ਉਤਪਾਦਨ ਵਿਚ ਵਾਧਾ ਦਰ 4.04 ਪ੍ਰਤਿਸ਼ਤ ਹੈ ਜਦ ਕਿ ਸਮੁੱਚੀ ਦੁਨੀਆਂ ਵਿਚ ਇਹ ਵਾਧਾ ਔਸਤ 2.2 ਪ੍ਰਤਿਸ਼ਤ ਹੈ। ਸਰਕਾਰ ਨੇ ਕੇਂਦਰੀ ਬਜਟ ਵਿਚ 50 ਕਰੋੜ ਰੁਪਏ ਦੇਸੀ ਪਸ਼ੂਆਂ ਦੀ ਨਸਲ ਸੁਧਾਰ ਲਈ ਅਤੇ ਹੋਰ 50 ਕਰੋੜ ਰੁਪਏ ਮੱਛੀ-ਪਾਲਣ ਦੇ ਖੇਤਰ ਵਿਚ ਨੀਲੀ ਕ੍ਰਾਂਤੀ ਲਈ ਰਾਖਵੇਂ ਕੀਤੇ ਹਨ।

ਦੇਸ਼ ਵਿਚ ਸਿੰਜਾਈ ਸਹੂਲਤਾਂ ਦੀ ਕਮੀ ਦਾ ਗੰਭੀਰਤਾ ਨਾਲ ਨੋਟਿਸ ਲੈਂਦਿਆਂ ਅਤੇ ਕਿਸਾਨਾਂ ਨੂੰ ਖੁਰਾਕ ਸੁਰੱਖਿਆ ਦੇਣ ਦੇ ਇਰਾਦੇ ਨਾਲ, ਚਾਲੂ ਸਾਲ ਵਿਚ ਔੜ ਜਿਹੇ ਹਾਲਾਤ ਦਾ ਸਾਹਮਣਾ ਕਰ ਰਹੀ ਸਰਕਾਰ ਨੇ ਸਿੰਜਾਈ ਸਹੂਲਤਾਂ ਵਧਾਉਣ ਲਈ ਇਕ ਹਜ਼ਾਰ ਕਰੋੜ ਰੁਪਏ ਰਾਖਵੇਂ ਕਰਨ ਦਾ ਐਲਾਨ ਕੀਤਾ। ਬਜਟ ਵਿਚ ਸਿੰਜਾਈ ਸਹੂਲਤਾਂ ਵਿਚ ਸੁਧਾਰ ਲਈ ਇਕ ਨਵੀਂ ਯੋਜਨਾ 'ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ' ਦਾ ਐਲਾਨ ਕੀਤਾ ਗਿਆ ਹੈ। ਪਾਣੀ ਦੇ ਸਰੋਤਾਂ ਦੀ ਬੇਤਹਾਸ਼ਾ ਵਰਤੋਂ ਨਾਲ ਸਮੁੱਚੇ ਦੇਸ਼ ਵਿਚ ਪਾਣੀ ਦੀ ਪੱਧਰ ਦਾ ਮਿਆਰ ਥੱਲੇ ਜਾ ਰਿਹਾ ਹੈ ਅਤੇ ਚੌਲਾਂ ਦੇ ਮੋਢੀ ਉਤਪਾਦਕ ਰਾਜਾਂ ਪੰਜਾਬ ਅਤੇ ਹਰਿਆਣਾ, ਜਿਨ੍ਹਾਂ ਨੂੰ ਭਾਰਤ ਦੇ 'ਰਾਈਸ ਬਾਊਲ' ਕਿਹਾ ਜਾਂਦਾ ਹੈ, ਵਿਚ ਇਹ ਸਮੱਸਿਆ ਬਹੁਤ ਗੰਭੀਰ ਹੋ ਗਈ ਹੈ। ਇਨ੍ਹਾਂ ਰਾਜਾਂ ਵਿਚ ਚੌਲ ਅਤੇ ਕਣਕ ਦੀ ਫ਼ਸਲ ਦੇ ਚੱਕਰ ਨੂੰ ਖੇਤੀ ਵਿਗਿਆਨਕਾਂ ਵਲੋਂ ਖੋਜ ਕਰਕੇ, ਬਦਲਣ ਦੀ ਲੋੜ ਹੈ ਤਾਂ ਕਿ ਹੇਠਲੇ ਪਾਣੀ ਦੀ ਕੁਸ਼ਲ ਵਰਤੋਂ ਕੀਤੀ ਜਾ ਸਕੇ।

ਭਾਰਤ ਵਿਚ ਕੁੱਲ ਖੇਤੀਬਾੜੀ ਭੂਮੀ ਦਾ ਸਿਰਫ਼ 45 ਪ੍ਰਤਿਸ਼ਤ ਹਿੱਸਾ ਹੀ ਸਿੰਜਾਈ ਸਹੂਲਤਾਂ ਵਾਲਾ ਹੋਣ ਦੀ ਸੂਰਤ ਵਿਚ ਕਿਸਾਨਾਂ ਨੂੰ ਵਧੇਰੇ ਕਰਕੇ ਮੌਨਸੂਨ ਉਪਰ ਨਿਰਭਰ ਕਰਨਾ ਪੈਂਦਾ ਹੈ। ਅਚਨਚੇਤੀ ਕੁਦਰਤੀ ਆਫ਼ਤਾਂ ਦਾ ਕਿਸਾਨਾਂ ਉਪਰ ਸਭ ਤੋਂ ਵੱਧ ਅਸਰ ਪੈਂਦਾ ਹੈ ਕਿਉਂਕਿ ਉਨ੍ਹਾਂ ਦੀ ਬਾਹਰ ਖੇਤਾਂ ਵਿਚ ਖੜ੍ਹੀ ਫ਼ਸਲ ਉਪਰ ਇਨ੍ਹਾਂ ਆਫ਼ਤਾਂ ਦਾ ਸਭ ਤੋਂ ਵੱਧ ਮਾੜਾ ਅਸਰ ਪੈਂਦਾ ਹੈ ਅਤੇ ਅਜਿਹੀ ਸੂਰਤ ਵਿਚ ਕਿਸਾਨਾਂ ਦੀ ਮਾਲੀ ਹਾਲਤ ਖਸਤਾ ਹੋ ਜਾਂਦੀ ਹੈ। ਕਿਸਾਨਾਂ ਵਲੋਂ ਖੁਦਕੁਸ਼ੀਆਂ ਦੇਸ਼ ਦੇ ਹਰ ਰਾਜ ਵਿਚ ਆਮ ਚਰਚਾ ਵਿਚ ਰਹਿੰਦੀਆਂ ਹਨ। ਇਸ ਦੇ ਮੱਦੇ ਨਜ਼ਰ ਅਤੇ ਕਿਸਾਨਾਂ ਨੂੰ ਬੀਜ, ਖਾਦ ਅਤੇ ਹੋਰ ਲੋੜਾਂ ਲਈ ਸਮੇਂ ਸਿਰ ਮਾਲੀ ਸਹਾਇਤਾ ਉਪਲਬਧ ਕਰਾਉਣ ਲਈ ਸਰਕਾਰ ਨੇ ਬਜਟ ਵਿਚ ਉਨ੍ਹਾਂ

ਲਈ ਬੈਂਕਾਂ ਅਤੇ ਵਿੱਤੀ ਸੰਸਥਾਨਾਂ ਤੋਂ 7 ਪ੍ਰਤਿਸ਼ਤ ਵਿਆਜ ਦੀ ਘੱਟ ਦਰ 'ਤੇ ਅੱਠ ਲੱਖ ਕਰੋੜ ਰੁਪਏ ਕਰਜ਼ਾ ਦੇਣ ਦਾ ਐਲਾਨ ਕੀਤਾ ਹੈ। ਪਿਛਲੇ ਸਾਲ ਇਹ ਰਾਸ਼ੀ ਸੱਤ ਲੱਖ ਕਰੋੜ ਰੁਪਏ ਸੀ ਅਤੇ ਕਿਸਾਨਾਂ ਨੂੰ 7 ਲੱਖ 30 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਸਾਲ 2013-14 ਵਿਚ ਮੁਹੱਈਆ ਕੀਤੇ ਗਏ। ਸਮੇਂ ਸਿਰ ਕਰਜ਼ਾ ਅਦਾਇਗੀ ਦੀ ਕਿਸ਼ਤ ਮੋੜਨ ਵਾਲੇ ਕਿਸਾਨਾਂ ਨੂੰ 3 ਪ੍ਰਤਿਸ਼ਤ ਦੀ ਛੋਟ ਜੋ ਪਿਛਲੇ ਸਾਲ ਐਲਾਨ ਕੀਤੀ ਗਈ ਸੀ, ਬਜਟ ਵਿਚ ਜਾਰੀ ਰਖੀ ਗਈ ਹੈ। ਸਰਕਾਰ ਨੇ ਇਹ ਵੀ ਐਲਾਨ ਕੀਤਾ ਕਿ ਪੇਂਡੂ ਇਲਾਕਿਆਂ ਵਿਚ ਰੁਜ਼ਗਾਰ ਪੈਦਾ ਕਰਨ ਲਈ ਅਤੇ ਸਵੈ-ਰੁਜ਼ਗਾਰ ਦੇ ਵਧੇਰੇ ਮੌਕੇ ਉਪਲਬਧ ਕਰਾਉਣ ਲਈ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਯੋਜਨਾ ਨੂੰ ਚਾਲੂ ਰਖਿਆ ਜਾਵੇਗਾ ਪਰ ਇਸ ਤਹਿਤ ਹੋਣ ਵਾਲੇ ਕਾਰਜਾਂ ਨੂੰ ਬਹੁਤ ਕਰਕੇ ਖੇਤੀਬਾੜੀ ਅਤੇ ਉਸ ਨਾਲ ਸੰਬੰਧਿਤ ਕਿੱਤਿਆਂ ਨਾਲ ਜੋੜਿਆ ਜਾਵੇਗਾ। ਕਿਸਾਨਾਂ ਵਲੋਂ ਆਪਣੇ ਖੇਤੀ ਉਤਪਾਦਨਾਂ ਦੀ ਮੰਡੀਕਰਨ ਸਹੂਲਤ ਲਈ, 'ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ' ਨੂੰ ਹੋਰ ਮਜ਼ਬੂਤ ਕਰਨ ਦੀ ਤਜਵੀਜ਼ ਵੀ ਰਖੀ ਗਈ ਹੈ। ਇਸ ਮਦ ਉਪਰ 2014-15 ਸਾਲ ਲਈ 14,385 ਕਰੋੜ ਰੁਪਏ ਬਜਟ ਵਿਚ ਰਾਖਵੇਂ ਕੀਤੇ ਗਏ ਹਨ। ਇਸ ਤੋਂ ਇਲਾਵਾ, ਕਿਸਾਨਾਂ ਅਤੇ ਉਪ ਭੋਗਤਾਵਾਂ, ਦੋਹਾਂ ਦੇ ਹਿੱਤਾਂ ਨੂੰ ਧਿਆਨ ਵਿਚ ਰਖਦਿਆਂ, ਸਮੁੱਚੇ ਦੇਸ਼ ਵਿਚ ਮੰਡੀਆਂ ਜੋੜਨ ਦਾ ਅਤੇ ਰਾਸ਼ਟਰੀ ਮੰਡੀ ਵਿਕਾਸ ਕਰਨ ਦਾ ਸੁਝਾਅ ਵੀ ਦਿਤਾ ਗਿਆ ਹੈ। ਇਸ ਨਾਲ ਕਿਸਾਨਾਂ ਨੂੰ ਆਪਣੇ ਉਤਪਾਦਨ ਦੇਸ਼ ਦੇ ਹਰ ਕੋਨੇ ਵਿਚ ਬਿਨਾਂ ਸਥਾਨਕ ਜਾਂ ਪ੍ਰਦੇਸ਼ਕ ਕਰ ਚੁਕਾਏ ਇਕ ਸਥਾਨ ਤੋਂ ਦੂਸਰੇ ਸਥਾਨ 'ਤੇ ਲੈ ਜਾਣ ਦੀ ਸਹੂਲਤ ਮਿਲ ਜਾਵੇਗੀ। ਵਿੱਤ ਮੰਤਰੀ ਨੇ ਬਜਟ ਪੇਸ਼ ਕਰਦਿਆਂ ਕਿਹਾ ਕਿ ਰਾਜ ਸਰਕਾਰਾਂ ਨੂੰ ਕਿਸਾਨਾਂ ਵਲੋਂ ਆਪਣੀਆਂ ਮੰਡੀਆਂ ਆਪ ਸਥਾਪਤ ਕਰਨ ਅਤੇ ਚਲਾਉਣ ਲਈ ਵੀ ਉਤਸ਼ਾਹਤ ਕੀਤਾ ਜਾਵੇਗਾ ਜਿਸ ਨਾਲ ਕਿਸਾਨਾਂ ਨੂੰ ਆਪਣੇ ਖੇਤੀਬਾੜੀ ਉਤਪਾਦਨ ਸਿੱਧਿਆਂ ਆਪਣੇ ਆਪ ਵੇਚਣ ਦੀ ਸਹੂਲਤ ਮਿਲ ਜਾਵੇਗੀ।

ਕਿਸਾਨਾਂ ਨੂੰ ਆਪਣੇ ਖੇਤੀ ਉਤਪਾਦਨ ਮੰਡੀਕਰਨ ਤੋਂ ਇਲਾਵਾ ਭੰਡਾਰਨ ਦੀ ਸਮੱਸਿਆ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਅਨਾਜ ਭੰਡਾਰਨ ਲਈ ਖ਼ਾਸ ਕਿਸਮ ਦੀਆਂ ਸਹੂਲਤਾਂ ਪੈਦਾ ਕਰਨ ਦੀ ਲੋੜ ਹੁੰਦੀ ਹੈ ਤਾਂ ਕਿ ਘੱਟ ਤੋਂ ਘੱਟ ਅਨਾਜ ਖਰਾਬ ਹੋਵੇ ਅਤੇ ਚੂਹੇ ਆਦਿ ਉਸ ਦਾ ਘੱਟ ਨੁਕਸਾਨ ਕਰ ਸਕਣ। ਪਿੰਡਾਂ ਵਿਚ ਅਨਾਜ ਭੰਡਾਰਨ ਦੀ ਸਹੂਲਤ ਲਈ 1.4.2001 ਤੋਂ ਗ੍ਰਾਮੀਣ ਭੰਡਾਰਨ ਯੋਜਨਾ ਲਾਗੂ ਕੀਤੀ ਗਈ ਸੀ ਜੋ ਹੁਣ ਤਕ ਕਾਮਯਾਬੀ ਨਾਲ ਚੱਲ ਰਹੀ ਹੈ। ਇਸ ਤਹਿਤ ਕਿਸਾਨਾਂ ਨੂੰ ਫ਼ਸਲ ਵੇਲੇ ਖੇਤੀ ਉਤਪਾਦਨ ਭੰਡਾਰਨ ਅਤੇ ਮੰਡੀ ਵਿਚ ਕੀਮਤਾਂ ਚੰਗੀਆਂ ਮਿਲਣ ਤਕ ਭੰਡਾਰਨ ਦੀ ਸਹੂਲਤ ਪ੍ਰਾਪਤ ਹੈ। ਪਿੰਡਾਂ ਵਿਚ ਅਨਾਜ ਭੰਡਾਰ ਸਥਾਪਤ ਕਰਨ ਲਈ 25 ਪ੍ਰਤਿਸ਼ਤ ਸਬਸਿਡੀ ਦਿਤੀ ਜਾਂਦੀ ਹੈ। ਉੱਤਰ ਪੂਰਬੀ ਰਾਜਾਂ, ਪਹਾੜੀ ਇਲਾਕਿਆਂ, ਔਰਤ ਕਿਸਾਨਾਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਅਤੇ ਸਹਿਕਾਰੀ ਸੰਸਥਾਨਾਂ ਨੂੰ ਅਜਿਹੇ ਭੰਡਾਰਨ ਪੇਂਡੂ ਇਲਾਕਿਆਂ ਵਿਚ ਸਥਾਪਤ ਕਰਨ ਲਈ 33 ਪ੍ਰਤਿਸ਼ਤ ਸਬਸਿਡੀ ਦਿਤੀ ਜਾਂਦੀ ਹੈ।

ਬਜਟ ਵਿਚ ਕਿਸਾਨਾਂ ਲਈ ਇਕ ਨਵੀਂ ਸਹੂਲਤ ਕਿਸਾਨ ਟੈਲੀਵੀਜ਼ਨ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ ਜੋ 2013-14 ਵਿੱਤੀ ਵਰ੍ਹੇ ਵਿਚ ਕਿਸਾਨਾਂ ਨੂੰ ਖੇਤੀਬਾੜੀ ਸੰਬੰਧੀ ਸੂਚਨਾ ਮੁਹੱਈਆ ਕਰਨ ਲਈ ਸ਼ੁਰੂ ਕੀਤੀ ਜਾਵੇਗੀ ਇਸ ਵਾਸਤੇ 100 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ ਅਤੇ ਇਹ ਕਿਸਾਨਾਂ ਨੂੰ ਖੇਤੀ ਦੀਆਂ ਨਵੀਆਂ-ਨਵੀਆਂ ਤਕਨੀਕਾਂ, ਭੰਡਾਰਨ ਅਤੇ ਮੰਡੀਰਕਨ ਸਹੂਲਤਾਂ ਬਾਰੇ ਜਾਣਕਾਰੀ ਅਤੇ ਪਾਣੀ ਦੀ ਸਾਂਭ-ਸੰਭਾਲ ਬਾਰੇ ਵਿਸਤ੍ਰਿਤ ਜਾਣਕਾਰੀ ਉਪਲਬਧ ਕਰਾਵੇਗੀ। ਕਿਸਾਨ ਕਿਉਂਕਿ ਬਹੁਤੇ ਪੜ੍ਹੇ-ਲਿਖੇ ਨਹੀਂ ਹਨ, ਇਸ ਲਈ ਇਸ ਸਕੀਮ ਤੋਂ ਪੂਰਾ ਲਾਹਾ ਲੈਣ ਲਈ ਸਰਕਾਰ ਨੂੰ ਕਿਸਾਨਾਂ ਨੂੰ ਸਥਾਨਕ ਭਾਸ਼ਾ ਵਿਚ ਖੇਤੀ ਬਾਰੇ ਜਾਣਕਾਰੀ ਦੇਣਾ ਵਧੇਰੇ ਉਪਯੋਗੀ ਹੋਵੇਗੀ। ਇਸ ਤੋਂ ਇਲਾਵਾ, ਕਿਸਾਨਾਂ ਨੂੰ ਬੀਜਾਂ, ਖਾਦਾਂ ਅਤੇ ਭੋਂ ਜਾਂਚ ਕਰਾਉਣ ਦੀ ਵਿਧੀ ਬਾਰੇ ਜਾਣਕਾਰੀ ਦੇਣ ਲਈ 21 ਜਨਵਰੀ 2004 ਤੋਂ ਸ਼ੁਰੂ ਕੀਤੇ ਕਿਸਾਨ ਕਾਲ ਸੈਂਟਰਾਂ ਨੂੰ ਵੀ ਹੋਰ ਮਜ਼ਬੂਤ ਕੀਤਾ ਜਾਵੇਗਾ। ਇਨ੍ਹਾਂ ਸੈਂਟਰਾਂ ਤੋਂ ਟੋਲਫ੍ਰੀ ਨੰਬਰ ਰਾਹੀਂ ਕਿਸਾਨਾਂ ਨੂੰ ਖੇਤੀਬਾੜੀ ਨਾਲ ਸੰਬੰਧਿਤ ਹਰ ਕਿਸਮ ਦੀ ਜਾਣਕਾਰੀ ਦਿਤੀ ਜਾਂਦੀ ਹੈ।

*(ਲੇਖਕ ਸੁਤੰਤਰ ਪੱਤਰਕਾਰ ਹੈ।)*

*e-mail :rcsaldi@yahoo.com*

***ਸਫ਼ਾ 19 ਦੀ ਬਾਕੀ***

## ਮੌਤ ਜਾਇਜ਼ੇ

ਬੱਚਾ ਅਤੇ ਜੱਚਾ ਦੀ ਮੌਤ ਬਾਰੇ ਲਏ ਜਾਇਜ਼ਿਆਂ ਤੋਂ ਮਿਲੀਆਂ ਸੇਧਾਂ ਅਤੇ ਲੇਖਾ ਜਾਇਜ਼ਿਆਂ ਤੋਂ ਬਾਅਦ ਤੁਰੰਤ ਸੁਧਾਰ ਦੀ ਕਾਰਵਾਈ ਕੀਤੀ ਜਾਵੇ ਤੇ ਸਭ ਥਾਵਾਂ 'ਤੇ ਲਾਗੂ ਕੀਤਾ ਜਾਵੇ।

## ਸਿਖਲਾਈ

ਓਡੀਸ਼ਾ ਵਿਚ ਮਲੇਰੀਆ ਦੇ ਫੈਲਾਅ ਵਾਲੇ ਇਲਾਕਿਆਂ ਵਿਚ ਰੋਗ ਉਪਰ ਕਾਬੂ ਪਾਉਣ ਲਈ 'ਆਸ਼ਾ' ਕਾਮਿਆਂ ਨੂੰ ਦਿਤੀ ਸਿਖਲਾਈ ਕਾਰਗਰ ਸਿੱਧ ਹੋਈ ਕਿਉਂਕਿ ਇਸ ਨਾਲ ਰੋਗ ਦੇ ਮਾਮਲਿਆਂ ਦੀ ਸ਼ਨਾਖ਼ਤ ਕਰਨ ਅਤੇ ਉਨ੍ਹਾਂ ਨੂੰ ਬੁਖਾਰ ਦੇ ਇਲਾਜ ਬਾਰੇ ਕੇਂਦਰ (ਐੱਫ ਟੀ ਡੀ) ਭੇਜਿਆ ਜਾ ਸਕਿਆ। ਪਰ ਦੂਜੇ ਪਾਸੇ ਮਲੇਰੀਆ ਪਰੀਖਣ ਕਿੱਟਾਂ ਦੀ ਘੱਟ ਉਪਲਬਧਤਾ ਨਾਲ ਗ਼ੈਰ ਜ਼ਰੂਰੀ ਢੰਗ ਨਾਲ ਵਸੀ ਹੋਈ ਰੋਗ ਦਰ ਮਿਲੀ ਅਤੇ ਇਲਾਜ ਵਿਚ ਸੰਭਾਵਤ ਦੇਰ ਹੋਈ।

## ਮੁੱਦਿਆਂ ਨੂੰ ਸੰਗਠਤ ਕਰਨਾ

ਕੁਪੋਸ਼ਣ, ਮੌਤਾਂ ਅਤੇ ਰੋਗ ਨਾਲ ਖੁਰਾਕ ਅਤੇ ਪੋਸ਼ਣ, ਰੋਕਥਾਮ ਲਈ ਉਪਰਾਲੇ, ਜਾਗਰੂਕਤਾ ਅਤੇ ਇਲਾਜ ਵਾਲੀ ਸਿਹਤ ਸੰਭਾਲ, ਪੌਸ਼ਟਿਕਤਾ ਬਾਰੇ ਸਲਾਹ, ਸੁਰੱਖਿਅਤ ਪਾਣੀ ਅਤੇ ਸਵੱਛਤਾ ਜਿਹੇ ਤੱਤ ਜੁੜੇ ਹੋਏ ਹਨ।

ਪੰਚਾਇਤੀ ਰਾਜ ਸੰਸਥਾਵਾਂ, ਸਿਹਤ, ਸਿੱਖਿਆ, ਔਰਤਾਂ ਅਤੇ ਬਾਲ ਵਿਕਾਸ, ਪਾਣੀ ਅਤੇ ਸਵੱਛਤਾ ਬਾਰੇ ਮੰਤਰਾਲਿਆਂ ਵਲੋਂ ਲਾਗੂ ਕੀਤੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਇਕੱਲਿਆਂ ਅਤੇ ਇਕਸਾਰ ਅੰਤਰ ਸੰਬੰਧਿਤ ਕਰ ਕੇ ਕਾਰਗੁਜ਼ਾਰੀ ਦੀ ਨਿਗਰਾਨੀ ਕਰ ਕੇ ਟੀਚੇ ਹਾਸਲ ਕਰਕੇ, ਬਿਹਤਰ 'ਜਵਾਬ-ਦੇਹੀ' ਨਤੀਜਾ ਖ਼ਾਕਾ ਦਸਤਾਵੇਜ਼ ਵਿਚ ਸੰਭਾਵਤ ਟੀਮ ਟੀਚਿਆਂ ਨਾਲ ਸਾਂਝੀ ਯੋਜਨਾਬੰਦੀ ਅਤੇ ਮੁੱਖ ਨਤੀਜਿਆਂ ਦੀ ਨਿਗਰਾਨੀ ਦਾ ਪ੍ਰਬੰਧ ਵੀ ਲੋੜੀਂਦੇ ਨਤੀਜੇ ਹਾਸਲ ਕਰਨ ਅਤੇ ਉਪਰ ਦੱਸੇ ਤੱਤਾਂ ਨੂੰ ਸੰਗਠਤ ਕਰਨ ਦਾ ਇਕ ਤਰੀਕਾ ਹੋ ਸਕਦਾ ਹੈ।

*(ਲੇਖਕ ਕ੍ਰਮਵਾਰ ਇੰਡੀਅਨ ਇੰਸਟੀਚਿਊਟ ਆਫ਼ ਪਬਲਿਕ ਐਡਮਨਿਸਟ੍ਰੇਸ਼ਨ ਵਿਖੇ ਪ੍ਰੋਫ਼ੈਸਰ ਆਫ਼ ਇਕਨਾਮਿਕਸ ਅਤੇ ਖੋਜ ਅਧਿਕਾਰੀ ਹਨ।)*

*e-mail :aashakapurmehta@gmail.com*

*: sanjay.prtp@gmail.com*

# ਆਰਥਿਕ ਸਰਵੇਖਣ 2013–14 ਦਾ ਸੰਖੇਪ

ਸਰਗਰਮ ਨੀਤੀ ਕਾਰਵਾਈ ਨੇ 2013–14 ਦੌਰਾਨ ਵਿੱਤੀ ਡਾਵਾਂਡੋਲ ਸਥਿਤੀ ਦੀ ਰੋਕਥਾਮ ਕੀਤੀ ਅਤੇ ਵਿੱਤੀ ਸਥਿਤੀ ਮਜ਼ਬੂਤ ਬਣੀ ਰਹੀ। ਆਰਥਿਕ ਸਰਵੇਖਣ 2013–14 ਵਿਚ ਕੇਂਦਰ ਸਰਕਾਰ ਦਾ ਵਿੱਤੀ ਸਿੱਟਾ ਵਿੱਤੀ ਨੀਤੀ ਵੇਰਵਿਆਂ ਅਨੁਸਾਰ ਮਿੱਥੇ ਟੀਚੇ ਦੇ ਅਨੁਰੂਪ ਰਿਹਾ ਅਤੇ ਆਰਥਿਕ ਮੰਦੀ ਦੀਆਂ ਆਰਥਿਕ ਚੁਨੌਤੀਆਂ, ਵਿਸ਼ਵ ਵਿਚ ਕੱਚੇ ਤੇਲ ਦੇ ਵਧਦੇ ਮੁੱਲਾਂ ਅਤੇ ਨਿਵੇਸ਼ ਦੀ ਮੰਦੀ ਗਤੀ ਦੇ ਬਾਵਜੂਦ ਇਸ ਨੂੰ ਕਮਾਇਆ ਗਿਆ। ਸਾਲ 2013–14 ਦੌਰਾਨ ਵਿੱਤੀ ਘਾਟਾ 508149 ਕਰੋੜ ਰੁਪਏ ਉਤੇ ਰੋਕਿਆ ਗਿਆ ਜੋ ਕੁੱਲ ਘਰੇਲੂ ਉਤਪਾਦ ਦਾ 4.5 ਪ੍ਰਤਿਸ਼ਤ ਹੈ। ਸਾਲ 2012–13 ਵਿਚ ਇਹ 4.9 ਪ੍ਰਤਿਸ਼ਤ ਸੀ। ਸਾਲ 2013–14 ਵਿਚ ਆਮਦਨ ਪ੍ਰਾਪਤੀ 1015279 ਕਰੋੜ ਰੁਪਏ ਹੋਵੇਗੀ, ਜੋ ਕੁੱਲ ਘਰੇਲੂ ਉਤਪਾਦ ਦਾ 8.9 ਪ੍ਰਤਿਸ਼ਤ ਹੈ। ਇਸ ਸਾਲ ਕੁੱਲ ਆਮਦਨ 1133832 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ ਜੋ ਕੁੱਲ ਉਤਪਾਦ ਦਾ 10 ਪ੍ਰਤਿਸ਼ਤ ਹੈ। ਕੁੱਲ ਅਸਿੱਧੇ ਕਰ ਵਸੂਲੀ 2013–14 ਵਿਚ 496231 ਰੁਪਏ ਹੋਣ ਦਾ ਅਨੁਮਾਨ ਹੈ ਜੋ 2012–13 ਵਿਚ 473792 ਕਰੋੜ ਰੁਪਏ ਸੀ।

2013–14 ਵਿਚ ਗ਼ੈਰ ਕਰ ਆਮਦਨ ਵਧ ਕੇ 199233 ਕਰੋੜ ਰੁਪਏ ਹੋ ਗਈ, ਜਿਹੜੀ ਪਿਛਲੇ ਸਾਲ ਦੇ ਮੁਕਾਬਲੇ 45 ਪ੍ਰਤਿਸ਼ਤ ਹੈ। ਕੇਂਦਰ ਸਰਕਾਰ ਦਾ ਕੁੱਲ ਖਰਚ 1563485 ਕਰੋੜ ਰੁਪਏ ਸੀ ਜੋ ਕੁੱਲ ਘਰੇਲੂ ਉਤਪਾਦ ਦਾ 13.1 ਪ੍ਰਤਿਸ਼ਤ ਹੈ। ਕਰ ਆਮਦਨ ਅਤੇ ਨਿਵੇਸ਼ ਪ੍ਰਾਪਤੀਆਂ ਵਿਚ ਗਿਰਾਵਟ ਅਤੇ ਜ਼ਿਆਦਾ ਬਜਟ ਸਬਸਿਡੀਆਂ, ਵਿਆਜ ਅਤੇ ਪੈਨਸ਼ਨ ਭੁਗਤਾਨ ਦੇ ਬਾਵਜੂਦ ਵਿੱਤੀ ਮਜ਼ਬੂਤੀ ਪੂੰਜੀਗਤ ਸੰਪਤੀਆਂ ਅਤੇ ਪੂੰਜੀਗਤ ਖਰਚ ਦੇ ਸਿਰਜਣ ਲਈ ਸਬਸਿਡੀਆਂ ਨੂੰ ਘੱਟ ਕਰ ਕੇ ਪ੍ਰਾਪਤ ਕੀਤਾ ਗਿਆ ਹੈ। ਨਿਵੇਸ਼ਕ ਦਾ ਆਧਾਰ ਵਿਸਤ੍ਰਿਤ ਕਰਨ ਅਤੇ ਮੁਕਾਬਲੇਬਾਜ਼ੀ ਬਾਜ਼ਾਰ ਦਾ ਵਿਕਾਸ ਕਰਨ ਲਈ ਸਰਕਾਰ ਨੇ ਮੁਦਰਾ ਸਫਿਤੀ ਸੂਚੀਬਧ ਬਾਂਡ ਸ਼ੁਰੂ ਕੀਤੇ ਗਏ। ਦੇਸ਼ ਦੀ ਕਰਜ਼ਾ ਸਥਿਤੀ ਵਿਚ ਸਕਾਰਾਤਮਕ ਬਦਲਾਅ ਹੋਇਆ ਹੈ ਅਤੇ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਕੁੱਲ ਬਕਾਇਆ ਦੇਣਦਾਰੀਆਂ ਘੱਟ ਹੋਈਆਂ ਹਨ।

***ਆਰਥਿਕ ਸਰਵੇਖਣ ਅਨੁਸਾਰ ਵਿਸ਼ਵ ਅਤੇ ਘਰੇਲੂ ਚੁਨੌਤੀਆਂ ਦੇ ਬਾਵਜੂਦ ਅਰਥਵਿਵਸਥਾ ਵਿਚ 2013–14 ਦੌਰਾਨ ਟੀਚਾਗਤ ਵਿੱਤੀ ਮਜ਼ਬੂਤੀ ਆਈ ਹੈ। ਪਰ ਅਜਿਹਾ ਖਰਚ ਵਿਚ ਕਟੌਤੀ ਕਰਕੇ ਕੀਤਾ ਗਿਆ ਹੈ, ਜਿਹੜੇ ਕਿਸੇ ਅਰਥਵਿਵਸਥਾ ਲਈ ਅਸਥਿਰ ਹੈ। ਖੁਰਾਕ, ਖਾਦ ਅਤੇ ਪੈਟਰੋਲੀਅਮ ਵਿਚ ਸਬਸਿਡੀ ਦਾ ਜੋਖਿਮ ਬਹੁਤ ਮਹੱਤਵਪੂਰਨ ਹੈ। ਵਿੱਤੀ ਮਜ਼ਬੂਤੀ ਨੂੰ ਸਿਰਫ਼ ਖਰਚ ਵਿਚ ਕਟੌਤੀ ਕਰਕੇ ਨਹੀਂ ਸਗੋਂ ਅੰਸ਼ਿਕ ਤੌਰ ਤੇ ਉੱਚ ਕਰ ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਰਾਹੀਂ ਕਮਾਉਣਾ ਬੇਹਤਰ ਹੈ।***

## ਸਾਲਾਨਾ ਔਸਤ ਵਿਨਿਯਮ ਦਰ 'ਚ ਵਾਧਾ

ਕੇਂਦਰੀ ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਵਲੋਂ ਲੋਕ ਸਭਾ ਵਿਚ ਪੇਸ਼ ਕੀਤੇ ਗਏ ਆਰਥਿਕ ਸਰਵੇਖਣ 2013–14 ਵਿਚ ਦੱਸਿਆ ਗਿਆ ਹੈ ਕਿ ਰੁਪਏ ਦੀ ਸਾਲਾਨਾ ਔਸਤ ਵਿਨਿਯਮ ਦਰ ਜੋ ਸਾਲ 2011–12 ਵਿਚ 47.92 ਰੁਪਏ ਪ੍ਰਤਿ ਅਮਰੀਕੀ ਡਾਲਰ ਸੀ, ਉਹ ਸਾਲ 2012–13 ਵਿਚ ਵਧ ਕੇ 54.41 ਰੁਪਏ ਅਤੇ 2013–14 ਵਿਚ ਹੋਰ ਵਧ ਕੇ 60.50 ਰੁਪਏ ਪ੍ਰਤਿ ਅਮਰੀਕੀ ਡਾਲਰ ਹੋ ਗਈ ਹੈ। ਸਾਲ ਦੌਰਾਨ ਰੁਪਏ ਦੀ ਕੀਮਤ ਘਟੀ, ਅਜਿਹਾ 2013–14 ਵਿਚ ਸੰਗਠਿਤ ਵਿਆਪਕ ਰਿਜ਼ਰਵ ਫ਼ੰਡ ਦੇ ਹੁੰਦੇ ਹੋਏ ਵੀ ਹੋਇਆ। ਹਾਲ ਹੀ ਵਿਚ ਰੁਪਏ ਦੀ ਕੀਮਤ ਵਿਚ ਆਈ ਅਸਥਿਰਤਾ ਤੋਂ ਦੂਜੇ ਬਾਜ਼ਾਰਾਂ ਵਾਂਗ ਹੀ ਵਿਦੇਸ਼ੀ ਮੁਦਰਾ ਵਿਨਿਯਮ ਦੇ ਬਾਜ਼ਾਰ ਵਿਚ ਸਵੈ-ਵਿਸ਼ਵਾਸ ਨਜ਼ਰ ਆ ਰਿਹਾ ਹੈ।

## *ਸਾਲ 2013–14 ਵਿਚ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦਾ 4.5 ਪ੍ਰਤਿਸ਼ਤ*

- *ਥੋਕ ਕੀਮਤ ਸੂਚਕ ਅੰਕ ਮਹਿੰਗਾਈ 2013–14 ਦੌਰਾਨ ਪਿਛਲੇ ਤਿੰਨ ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 5.98 ਪ੍ਰਤਿਸ਼ਤ ਤਕ ਪਹੁੰਚ ਗਈ।*
- *ਖਪਤਕਾਰ ਕੀਮਤ ਸੂਚਕ ਅੰਕ ਮਹਿੰਗਾਈ ਵੀ ਬਰਾਬਰ ਬਣੀ ਹੋਈ ਹੈ।*
- *ਥੋਕ ਅਤੇ ਖਪਤਕਾਰ ਮੁੱਲ ਮਹਿੰਗਾਈ ਦੇ ਹੋਰ ਜ਼ਿਆਦਾ ਹੇਠ ਜਾਣ ਦੀ ਆਸ ਹੈ।*
- *ਆਰਥਿਕ ਸਰਵੇਖਣ ਅਨੁਸਾਰ ਅਰਥਵਿਵਸਥਾ ਲਈ ਮਜ਼ਬੂਤ ਵਿੱਤੀ ਸਥਿਤੀ ਅਤਿ ਜ਼ਰੂਰੀ ਹੈ।*
- *ਆਰਥਿਕ ਸਰਵੇਖਣ ਕੁੱਲ ਘਰੇਲੂ ਉਤਪਾਦ ਅਨੁਪਾਤ ਲਈ ਖਰਚਿਆਂ ਨੂੰ ਘਟਾਉਣ ਦੇ ਮੁਕਾਬਲੇ ਵਿਚ ਉੱਚ ਕਰ ਕੁੱਲ ਘਰੇਲੂ ਉਤਪਾਦ ਅਨੁਪਾਤ ਰਾਹੀਂ ਮਜ਼ਬੂਤ ਵਿੱਤੀ ਸਥਿਤੀ ਦੀਆਂ ਸਿਫ਼ਾਰਸ਼ਾਂ ਕਰਦਾ ਹੈ।*
- *2013–14 ਵਿਚ ਸਰਗਰਮ ਨੀਤੀਗਤ ਕਾਰਵਾਈ ਵਿਚ ਮਜ਼ਬੂਤ ਵਿੱਤੀ ਸਥਿਤੀ ਨੂੰ ਬਣਾਈ ਰੱਖਣ ਵਿਚ ਸਰਕਾਰ ਦੀ ਮਦਦ ਕੀਤੀ।*
- *2013–14 ਵਿਚ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦਾ 4.5 ਪ੍ਰਤਿਸ਼ਤ ਰਿਹਾ।*
- *ਕੇਂਦਰ ਅਤੇ ਰਾਜ ਸਰਕਾਰਾਂ ਦੀ ਕੁੱਲ ਬਕਾਇਆ ਦੇਣਦਾਰੀ ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਵਿਚ ਘਟੀ ਹੈ।*

## ਵਿੱਤੀ ਸੁਧਾਰਾਂ ਦੀ ਨਵੀਂ ਲਹਿਰ

ਵਿਸ਼ਵ ਵਿਚ ਤੇਜ਼ੀ ਨਾਲ ਬਦਲਦੀ ਵਿੱਤੀ

ਨੀਤੀ ਭਾਵੀ ਭਾਰਤ ਦੀਆਂ ਲੋੜਾਂ ਅਤੇ ਲੋਕਾਂ ਦੀਆਂ ਉਮੀਦਾਂ ਦੇ ਅਨੁਸਾਰ ਹੋਵੇਗੀ। ਆਰਥਿਕ ਸਰਵੇਖਣ 2013-14 ਵਿਚ ਉਲੇਖ ਹੈ ਕਿ ਸੁਧਾਰਾਂ ਦੀ ਅਗਲੀ ਲਹਿਰ ਕਾਨੂੰਨ ਅਤੇ ਸੰਗਠਨਾਤਮਿਕ ਦੋਵਾਂ ਤਰ੍ਹਾਂ ਵਿਚ ਸੰਸਥਾਗਤ ਆਧਾਰ ਨੂੰ ਮਜ਼ਬੂਤ ਕਰੇਗੀ। ਵਿੱਤੀ ਪ੍ਰਕਿਰਿਆਵਾਂ ਵਿਚ ਸੁਧਾਰ ਨੀਤੀਗਤ ਫੈਸਲੇ, ਵਿਸ਼ਵੀ ਭਾਰਤ ਲਈ ਸਪੱਸ਼ਟ, ਸਥਿਰਤਾ ਅਤੇ ਪਾਰਦਰਸ਼ਿਤਾ ਵਿਚ ਵਾਧਾ ਕਰੇਗਾ।

## ਭਾਰਤ ਦੂਜਾ ਸਭ ਤੋਂ ਤੇਜ਼ੀ ਨਾਲ ਵਿਕਸਤ ਹੋਣ ਵਾਲਾ ਸੇਵਾ ਖੇਤਰ

ਦੁਨੀਆਂ ਦੇ ਸਰਵੋਤਮ 15 ਦੇਸ਼ਾਂ ਵਿਚ ਕੁੱਲ ਘਰੇਲੂ ਉਤਪਾਦ ਸੇਵਾਵਾਂ ਦੇ ਤੌਰ ਤੇ ਭਾਰਤ ਦੀ 12ਵੀਂ ਥਾਂ ਹੈ।

ਭਾਰਤ 9 ਪ੍ਰਤਿਸ਼ਤ ਸੀ ਏ ਜੀ ਆਰ ਨਾਲ ਚੀਨ ਤੋਂ ਬਾਅਦ ਦੂਜਾ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਸੇਵਾ ਖੇਤਰ ਹੈ।

ਵਪਾਰ, ਹੋਟਲ, ਰੈਸਟੋਰੈਂਟ, ਆਵਾਜਾਈ, ਭੰਡਾਰ ਤੇ ਸੰਚਾਰ ਦੀ ਮਿਲੀ-ਜੁਲੀ ਸ਼੍ਰੇਣੀ 'ਚ ਵਿਕਾਸ ਦਰ ਵਿਚ 3 ਪ੍ਰਤਿਸ਼ਤ ਦੀ ਮੰਦੀ ਆਈ ਹੈ।

ਵਿੱਤੀ, ਬੀਮਾ, ਭੂ-ਸੰਪਤੀ ਅਤੇ ਵਪਾਰ ਸੇਵਾਵਾਂ ਵਿਚ 12.9 ਪ੍ਰਤਿਸ਼ਤ ਦਾ ਭਾਰੀ ਵਾਧਾ ਹੋਇਆ ਹੈ।

2013-14 ਵਿਚ ਕੁੱਲ ਘਰੇਲੂ ਉਤਪਾਦ ਦੀ ਘੱਟ ਲਾਗਤ ਵਿਚ ਸੇਵਾ ਖੇਤਰ ਦਾ ਯੋਗਦਾਨ 57 ਪ੍ਰਤਿਸ਼ਤ ਹੈ।

ਵਿਸ਼ਵ ਵਿਚ ਕੁੱਲ ਸੈਲਾਨੀਆਂ ਦੀ ਆਮਦ ਵਿਚ ਸਾਲ 2013 ਦੌਰਾਨ ਭਾਰਤ ਦੇ ਹਿੱਸੇ ਵਿਚ 0.63 ਪ੍ਰਤਿਸ਼ਤ ਦਾ ਵਾਧਾ ਹੋਇਆ।

ਘਰੇਲੂ ਸੈਲਾਨੀਆਂ ਨੇ 1.1 ਬਿਲੀਅਨ ਸਾਲਾਨਾ ਯਾਤਰਾ ਦੀ ਅਨੁਮਾਨਿਤ ਹੱਦ ਪਾਰ ਕੀਤੀ ਹੈ।

ਸੂਚਨਾ ਤਕਨਾਲੋਜੀ-ਵਪਾਰ ਪ੍ਰਕਿਰਿਆ ਪ੍ਰਬੰਧਨ ਖੇਤਰ 'ਚ 2013-14 ਦੌਰਾਨ 10.3 ਪ੍ਰਤਿਸ਼ਤ ਦਾ ਅਨੁਮਾਨਿਤ ਵਾਧਾ ਹੋਇਆ ਹੈ। ਇਹ ਵਧ ਕੇ 105 ਬਿਲੀਅਨ ਅਮਰੀਕੀ ਡਾਲਰ ਹੋ ਗਿਆ ਹੈ।

ਸਾਫਟਵੇਅਰ ਅਤੇ ਦੂਰ ਸੰਚਾਰ ਵਰਗੇ ਸੇਵਾ ਖੇਤਰਾਂ ਵਿਚ ਦੇਸ਼ ਨੇ ਕਾਫ਼ੀ ਪ੍ਰਗਤੀ ਕੀਤੀ ਅਤੇ ਭਾਰਤ ਦੀਆਂ ਇਨ੍ਹਾਂ ਸੇਵਾਵਾਂ ਵਿਚ ਬ੍ਰਾਂਡ ਤਸਵੀਰ ਬਣੀ ਹੈ।

- ***ਗਰੀਬੀ ਅਨੁਪਾਤ ਘਟ ਕੇ 21.9 ਪ੍ਰਤਿਸ਼ਤ ਹੋਇਆ***
- ***ਸਿੱਖਿਆ ਉੱਤੇ ਖਰਚ ਵਧ ਕੇ ਕੁੱਲ ਘਰੇਲੂ ਉਤਪਾਦ ਦਾ 3.3 ਪ੍ਰਤਿਸ਼ਤ ਹੋਇਆ***

ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਵਲੋਂ ਪੇਸ਼ ਕੀਤੇ ਗਏ ਆਰਥਿਕ ਸਰਵੇਖਣ 2013-14 ਵਿਚ ਨੀਤੀ ਨਿਰਮਾਤਾਵਾਂ ਨਾਲ ਦੇਸ਼ ਦੀ ਯੁਵਾ ਆਬਾਦੀ ਨੂੰ ਟੀਚਾ ਬਣਾ ਕੇ ਵਿਕਾਸਮਈ ਨੀਤੀਆਂ ਬਣਾਉਣ ਅਤੇ ਉਨ੍ਹਾਂ ਉਤੇ ਅਮਲ ਕਰਨ ਲਈ ਕਿਹਾ ਗਿਆ ਹੈ। ਸਾਲ 2001 ਦੌਰਾਨ ਦੇਸ਼ ਵਿਚ ਯੁਵਾ ਆਬਾਦੀ ਕੁੱਲ ਜਨਸੰਖਿਆ ਦਾ 51 ਪ੍ਰਤਿਸ਼ਤ ਸੀ ਜੋ 2021 ਤਕ ਵਧ ਕੇ 64 ਪ੍ਰਤਿਸ਼ਤ ਤੋਂ ਵੱਧ ਹੋ ਜਾਵੇਗੀ। ਦੇਸ਼ ਵਿਚ ਆਬਾਦੀ ਨੂੰ ਸਿਹਤਮੰਦ, ਸਿੱਖਿਅਕ ਅਤੇ ਸਮਰੱਥ ਬਣਾਉਣ ਲਈ ਸਰਕਾਰ ਨੂੰ ਸਮੇਂ ਸਿਰ ਉੱਚਿਤ ਨੀਤੀਆਂ ਬਣਾਉਣੀਆਂ ਹਨ।

***ਸਮਾਜਿਕ ਖੇਤਰ 'ਤੇ ਖਰਚ :*** ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਸਮਾਜਿਕ ਸੇਵਾਵਾਂ ਉਤੇ ਕੀਤੇ ਜਾਣ ਵਾਲਾ ਖਰਚ ਕੁੱਲ ਖਰਚ ਦੇ ਅਨੁਪਾਤ ਵਿਚ ਸਾਲ 2008-09 ਦੇ 23.8 ਪ੍ਰਤਿਸ਼ਤ ਦੇ ਮੁਕਾਬਲੇ ਲਗਾਤਾਰ ਵਧਦੇ ਹੋਏ ਸਾਲ 2013-14 ਵਿਚ 25.2 ਪ੍ਰਤਿਸ਼ਤ ਤਕ ਪਹੁੰਚ ਗਿਆ ਹੈ। ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਦੇ ਰੂਪ ਵਿਚ ਸਮਾਜਿਕ ਸੇਵਾਵਾਂ ਉਤੇ ਖਰਚ 2008-09 ਦੇ 6.8 ਪ੍ਰਤਿਸ਼ਤ ਦੇ ਮੁਕਾਬਲੇ ਵਿਚ 2013-14 ਵਿਚ ਵਧ ਕੇ 7.2 ਪ੍ਰਤਿਸ਼ਤ ਹੋ ਗਿਆ ਹੈ। ਸਿੱਖਿਆ ਉਤੇ ਖਰਚ 2008-09 ਦੇ 2.9 ਪ੍ਰਤਿਸ਼ਤ ਦੇ ਮੁਕਾਬਲੇ 2013-14 ਵਿਚ ਵਧ ਕੇ 3.3 ਪ੍ਰਤਿਸ਼ਤ ਹੋ ਗਿਆ ਹੈ।

ਸਿਹਤ ਉਤੇ ਖਰਚ ਕੁੱਲ ਘਰੇਲੂ ਉਤਪਾਦ ਦਾ 1.4 ਪ੍ਰਤਿਸ਼ਤ ਹੈ। 2013-14 ਵਿਚ ਪਿਛਲੇ ਸਾਲ ਦੇ ਮੁਕਾਬਲੇ 7.40 ਪ੍ਰਤਿਸ਼ਤ ਦਾ ਵਾਧਾ ਦਰਜ ਕੀਤਾ ਗਿਆ।

***ਗਰੀਬੀ :*** ਗਰੀਬੀ ਅਨੁਪਾਤ ਸਾਲ 2011-12 ਵਿਚ ਸਮੁੱਚੇ ਦੇਸ਼ ਦੇ ਪੱਧਰ ਉਤੇ ਪੇਂਡੂ ਖੇਤਰਾਂ ਵਿਚ 816.3 ਰੁਪਏ ਅਤੇ ਸ਼ਹਿਰੀ ਖੇਤਰਾਂ ਵਿਚ 1000 ਰੁਪਏ ਸੀ।

***ਰੁਜ਼ਗਾਰ :*** 2004-05 ਤੋਂ 2011-12 ਵਿਚ ਰੁਜ਼ਗਾਰ ਵਾਧਾ ਦਰ 0.5 ਪ੍ਰਤਿਸ਼ਤ ਸੀ। ਸਾਲ 2011-12 'ਚ ਇਹ 5.6 ਪ੍ਰਤਿਸ਼ਤ ਰਹੀ।

***ਅੰਤਰਰਾਜੀ ਮੁਕਾਬਲਾ :*** ਕੁੱਝ ਵੱਡੇ ਰਾਜਾਂ ਵਿਚ ਵੱਖ-ਵੱਖ ਖੇਤਰਾਂ ਵਿਚ ਪ੍ਰਗਤੀ ਤੁਲਨਾ ਕਰਨ ਵਿਚ ਸਪੱਸ਼ਟ ਹੁੰਦਾ ਹੈ ਕਿ ਮਨੁੱਖੀ ਵਿਕਾਸ ਦੇ ਖੇਤਰ ਵਲ ਕਾਫ਼ੀ ਧਿਆਨ ਦੇਣ ਦੀ ਲੋੜ ਹੈ।

***ਮਹਿਲਾਵਾਂ ਦੀ ਸਾਂਝੇਦਾਰੀ :*** ਆਰਥਿਕ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਜੇ ਭਾਰਤ ਨੂੰ ਸਰੋਤ ਦੇ ਰੂਪ ਵਿਚ ਆਪਣਾ ਜਨਸੰਖਿਆ ਦਾ ਲਾਭ ਲੈਣਾ ਹੈ ਤਾਂ ਇਸ ਵਿਚ ਮਹਿਲਾਵਾਂ ਨੂੰ ਸ਼ਸਕਤ ਬਣਾਉਣ ਦੀ ਲੋੜ ਹੈ। ਮਹਿਲਾਵਾਂ ਦੀ ਵਧੇਰੇ ਸਾਂਝੇਦਾਰੀ ਨਾਲ ਲਿੰਗ ਬਜਟ ਵਿਚ ਕਾਫ਼ੀ ਵਾਧਾ ਹੋਇਆ ਹੈ। ਸਾਲ 2005-06 ਵਿਚ 2.6 ਪ੍ਰਤਿਸ਼ਤ ਦੇ ਮੁਕਾਬਲੇ 2013-14 ਵਿਚ ਵਧ ਕੇ 5.83 ਹੋ ਗਈ ਹੈ। ਫ਼ੈਸਲੇ ਲੈਣ ਦੀ ਪ੍ਰਕਿਰਿਆ ਵਿਚ ਮਹਿਲਾਵਾਂ ਦੀ ਸਾਂਝੇਦਾਰੀ ਵਧੀ ਹੈ।

## ਬੁਨਿਆਦੀ ਢਾਂਚੇ ਦੇ ਵਿਕਾਸ 'ਚ ਵਾਧਾ

ਸਾਲ 2013-14 ਦੌਰਾਨ ਮੁੱਖ ਸੱਨਅਤਾਂ ਦੀ ਕਾਰਗੁਜ਼ਾਰੀ ਠੀਕ ਰਹੀ। ਬਿਜਲੀ ਅਤੇ ਖਾਦ ਦੇ ਉਤਪਾਦਨ ਵਿਚ ਪਿਛਲੇ ਸਾਲ ਨਾਲੋਂ ਮੁਕਾਬਲਤਨ ਵਾਧਾ ਦੇਖਿਆ ਗਿਆ। ਖ਼ਜ਼ਾਨਾ ਮੰਤਰੀ ਵਲੋਂ ਲੋਕ ਸਭਾ ਵਿਚ ਪੇਸ਼ ਕੀਤੇ ਗਏ ਆਰਥਿਕ ਸਰਵੇਖਣ ਅਨੁਸਾਰ ਕੋਲਾ, ਕੱਚਾ ਤੇਲ ਅਤੇ ਕੁਦਰਤੀ ਗੈਸ ਦੇ ਉਤਪਾਦਨ ਵਿਚ ਰੁਕਾਵਟ ਦੇਖੀ ਗਈ। ਜਿਥੋਂ ਤਕ ਊਰਜਾ ਖੇਤਰ ਦਾ ਸੰਬੰਧ ਹੈ, ਸਰਵੇਖਣ ਕਹਿੰਦਾ ਹੈ ਕਿ ਚਾਹੇ ਘਰੇਲੂ ਊਰਜਾ ਦੇ ਉਤਪਾਦਨ ਵਿਚ ਵਾਧਾ ਦਿਖਾਇਆ ਗਿਆ ਹੈ, ਪਰ ਤਾਂ ਵੀ ਦਰਾਮਦ ਉਪਰ ਨਿਰਭਰਤਾ ਕਾਫ਼ੀ ਜ਼ਿਆਦਾ ਬਣੀ ਰਹੇਗੀ, ਖ਼ਾਸ ਤੌਰ ਤੇ ਕੱਚੇ ਤੇਲ ਦੀ 78 ਪ੍ਰਤਿਸ਼ਤ ਮੰਗ ਤਾਂ ਬਾਰ੍ਹਵੀਂ ਯੋਜਨਾ ਦੇ ਅੰਤ ਤਕ ਦਰਾਮਦ 'ਤੇ ਹੀ ਨਿਰਭਰ ਕਰੇਗੀ।

ਬੁਨਿਆਦੀ ਢਾਂਚੇ ਦੇ ਵਿਕਾਸ ਨਜ਼ਰੀਏ ਤੋਂ ਸਰਵੇਖਣ ਦਾ ਕਹਿਣਾ ਹੈ ਕਿ ਲੰਮੀ ਪ੍ਰਕਿਰਿਆ, ਭੌਂ ਪ੍ਰਾਪਤੀ ਤੇ ਮੁੜ ਵਸੇਬੇ ਦੀਆਂ ਸਮੱਸਿਆਵਾਂ ਅਤੇ ਵਾਤਾਵਰਨ ਨਾਲ ਸੰਬੰਧਿਤ ਪ੍ਰਵਾਨਗੀ ਲੈਣ ਵਿਚ ਹੁੰਦੀ ਦੇਰੀ ਦੀ ਸਮੱਸਿਆ ਦਾ ਹੱਲ ਲੱਭਣ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਕਿਉਂਕਿ ਬੁਨਿਆਦੀ ਢਾਂਚਾ ਵਿਕਾਸ ਖੇਤਰ ਵਿਚ ਲੋੜੀਂਦੀ ਕਾਮਯਾਬੀ ਨਾ ਹੋਣ ਦਾ ਇਹੋ ਇਕ ਵੱਡਾ ਕਾਰਨ ਹੈ।

# ਕੇਂਦਰੀ ਬਜਟ 2014-15 ਦੀਆਂ ਮੁੱਖ ਝਲਕੀਆਂ

ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਨੇ ਸੰਸਦ ਵਿਚ 2014-15 ਦੇ ਆਮ ਬਜਟ ਵਿਚ ਵੇਤਨ ਭੋਗੀ ਵਰਗ ਨੂੰ ਕਰ ਵਿਚ ਛੋਟ, ਬਚਤ ਦੀ ਸੀਮਾ ਵਧਾਉਣ, ਮਹਿਲਾਵਾਂ ਅਤੇ ਬੱਚਿਆਂ ਦੀਆਂ ਸਹੂਲਤਾਂ ਉਤੇ ਵਿਸ਼ੇਸ਼ ਜ਼ੋਰ, ਵਿਸ਼ਵ ਪੱਧਰ ਦੇ ਸ਼ਹਿਰਾਂ ਦੇ ਨਿਰਮਾਣ, ਬਜ਼ੁਰਗ ਨਾਗਰਿਕਾਂ ਦੇ ਕਲਿਆਣ ਅਤੇ ਪ੍ਰਧਾਨ ਮੰਤਰੀ ਦੇ ਡਰੀਮ ਪ੍ਰਾਜੈਕਟ ਗੰਗਾ ਦੀ ਧਾਰਾ ਨੂੰ ਸਾਫ਼ ਸੁਥਰਾ ਬਣਾਉਣ ਲਈ ਵਿਸ਼ੇਸ਼ ਬਜਟ ਦੀ ਵਿਵਸਥਾ ਵਰਗੇ ਮਹੱਤਵਪੂਰਨ ਐਲਾਨ ਕੀਤੇ ਹਨ। ਬਜਟ ਵਿਚ ਲਗਭਗ ਹਰੇਕ ਵਰਗ ਦਾ ਧਿਆਨ ਰੱਖਦਿਆਂ ਰਾਜਕੋਸ਼ ਘਾਟੇ ਨੂੰ ਘੱਟ ਕਰਨ ਅਤੇ ਦੇਸ਼ ਦੇ ਆਰਥਿਕ ਵਾਧੇ ਨੂੰ ਫਿਰ ਤੋਂ ਪਟੜੀ ਉਤੇ ਲਿਆਉਣ ਦੇ ਨਾਲ ਦੇਸ਼ ਦੀ ਅੰਦਰੂਨੀ ਅਤੇ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਬਣਾਉਣ ਦੇ ਯਤਨ ਕੀਤੇ ਗਏ ਹਨ। ਬਜਟ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ :

- ਵਿਅਕਤੀਗਤ ਆਮਦਨ ਕਰ ਛੋਟ ਦੀ ਹੱਦ ਦੋ ਲੱਖ ਤੋਂ ਵਧਾ ਕੇ ਢਾਈ ਲੱਖ ਕੀਤੀ ਗਈ।
- ਵਰਿਸ਼ਟ ਨਾਗਰਿਕਾਂ ਲਈ ਆਮਦਨ ਕਰ ਛੋਟ ਦੀ ਹੱਦ ਢਾਈ ਲੱਖ ਤੋਂ ਵਧਾ ਕੇ 3 ਲੱਖ ਰੁਪਏ ਕੀਤੀ।
- ਧਾਰਾ 80 ਸੀ ਹੇਠ ਨਿਵੇਸ਼ ਦੀ ਹੱਦ ਇਕ ਲੱਖ ਤੋਂ ਵਧਾ ਕੇ ਡੇਢ ਲੱਖ ਰੁਪਏ ਕੀਤੀ।
- ਛੋਟੇ ਉੱਦਮਾਂ ਨੂੰ ਹੱਲਾਸ਼ੇਰੀ ਦੇਣ ਲਈ ਸਾਲ ਵਿਚ 25 ਕਰੋੜ ਰੁਪਏ ਤੋਂ ਵੱਧ ਨਿਵੇਸ਼ ਉਤੇ 15 ਪ੍ਰਤਿਸ਼ਤ ਨਿਵੇਸ਼ ਭੱਤੇ ਦਾ ਪ੍ਰਸਤਾਵ।
- ਵਿਸ਼ੇਸ਼ ਪੱਧਰ ਦੇ ਸਮਾਰਟ ਸ਼ਹਿਰਾਂ ਲਈ 70 ਅਰਬ 60 ਕਰੋੜ ਰੁਪਏ ਦਾ ਪ੍ਰਬੰਧ।
- ਧਾਰਮਿਕ ਸ਼ਹਿਰਾਂ ਲਈ ਪ੍ਰਸਾਦ ਅਤੇ ਵਿਰਾਸਤ ਸ਼ਹਿਰਾਂ ਲਈ ਹਿਰਦੇ ਦਾ ਸ਼ੁਭ ਆਰੰਭ।
- ਪੰਜ ਸੈਰ ਸਪਾਟਾ ਖੇਤਰ ਬਣਾਉਣ ਲਈ 500 ਕਰੋੜ ਰੁਪਏ ਦੀ ਵਿਵਸਥਾ।
- ਮਹਿਲਾ ਅਤੇ ਬਾਲ ਵਿਕਾਸ ਉਤੇ ਵਿਸ਼ੇਸ਼ ਜ਼ੋਰ।
- ਬੇਟੀ ਬਚਾਓ ਤੇ ਬੇਟੀ ਪੜ੍ਹਾਓ ਯੋਜਨਾ ਸ਼ੁਰੂ ਕਰਨ ਦਾ ਪ੍ਰਸਤਾਵ।
- ਸਰਕਾਰੀ ਸੜਕ ਆਵਾਜਾਈ ਵਿਚ ਮਹਿਲਾ ਸੁਰੱਖਿਆ ਲਈ 50 ਕਰੋੜ ਰੁਪਏ।
- ਵੱਡੇ ਸ਼ਹਿਰਾਂ ਵਿਚ ਮਹਿਲਾ ਸੁਰੱਖਿਆ ਵਧਾਉਣ ਉਤੇ 150 ਕਰੋੜ ਰੁਪਏ ਖਰਚ ਕੀਤੇ ਜਾਣਗੇ।
- ਮਹਿਲਾ-ਪੁਰਸ਼ ਭੇਦ ਭਾਵ ਦੂਰ ਕਰਨ ਲਈ ਵਿਸ਼ੇਸ਼ ਪਾਠਕ੍ਰਮ ਅਧਿਆਏ ਸ਼ੁਰੂ ਕੀਤਾ ਜਾਵੇਗਾ।
- ਬਜ਼ੁਰਗ ਨਾਗਰਿਕਾਂ ਦੇ ਕਲਿਆਣ ਉਤੇ ਵਿਸ਼ੇਸ਼ ਜ਼ੋਰ।
- ਸੀਨੀਅਰ ਪੈਨਸ਼ਨ ਬੀਮਾ ਯੋਜਨਾ ਕਮੇਟੀ ਅਰਸੇ ਲਈ ਫਿਰ ਸ਼ੁਰੂ ਕਰਨ ਦਾ ਪ੍ਰਸਤਾਵ।
- ਕਰਮਚਾਰੀ ਭਵਿੱਖ ਨਿਧੀ ਦੇ ਮੈਂਬਰਾਂ ਲਈ ਘੱਟੋ-ਘੱਟ ਮਾਸਿਕ ਪੈਨਸ਼ਨ 1000 ਰੁਪਏ।
- ਰਾਜਕੋਸ਼ ਘਾਟਾ ਕੁੱਲ ਘਰੇਲੂ ਉਤਪਾਦ ਦਾ 4.1 ਪ੍ਰਤਿਸ਼ਤ ਕਰਨ ਦਾ ਟੀਚਾ।
- ਜੰਮੂ-ਕਸ਼ਮੀਰ ਵਿਚ ਵਿਸ਼ਵ ਪੱਧਰੀ ਖੇਡ ਸਟੇਡੀਅਮ ਲਈ 200 ਕਰੋੜ ਰੁਪਏ।
- ਮਣੀਪੁਰ ਵਿਚ ਖੇਡ ਯੂਨੀਵਰਸਿਟੀ ਬਣਾਉਣ ਲਈ 100 ਕਰੋੜ ਰੁਪਏ।
- ਖੇਡਾਂ ਨੂੰ ਉਤਸ਼ਾਹ ਦੇਣ ਲਈ 100 ਕਰੋੜ ਰੁਪਏ ਦੀ ਸ਼ੁਰੂਆਤੀ ਵਿਵਸਥਾ ਨਾਲ ਯੁਵਾ ਅਗਵਾਈ ਪ੍ਰੋਗਰਾਮ ਦੀ ਸ਼ੁਰੂਆਤ।
- 2022 ਤਕ ਸਭ ਲਈ ਆਵਾਸ ਦੇ ਟੀਚੇ ਨਾਲ ਰਾਸ਼ਟਰੀ ਆਵਾਸ ਬੈਂਕ ਲਈ 40 ਅਰਬ ਰੁਪਏ ਦੀ ਵਿਵਸਥਾ।
- ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹ ਦੇਣ ਲਈ ਦੂਜੇ ਉਪਾਵਾਂ ਦਾ ਐਲਾਨ।
- ਨਿਯੰਤ੍ਰਣ ਰੱਖਿਆ ਉਤਪਾਦਨ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਹੱਦ 49 ਪ੍ਰਤਿਸ਼ਤ।
- ਸ਼ਿਆਮਾ ਪ੍ਰਸਾਦ ਮੁਖਰਜੀ ਪੇਂਡੂ ਸ਼ਹਿਰੀ ਮਿਸ਼ਨ ਦੀ ਸ਼ੁਰੂਆਤ।
- ਹਰੇਕ ਘਰ ਵਿਚ 24 ਘੰਟੇ ਬਿਜਲੀ ਲਈ ਦੀਨ ਦਿਆਲ ਉਪਾਧਿਆਇ ਪੇਂਡੂ ਜਯੋਤੀ ਯੋਜਨਾ ਲਈ 500 ਕਰੋੜ ਰੁਪਏ।

## ਆਰਥਿਕ ਸਰਵੇਖਣ 2013-14 ਦੀਆਂ ਮੁੱਖ ਵਿਸ਼ੇਸ਼ਤਾਵਾਂ

### *ਅਨਾਜ ਅਤੇ ਤੇਲ ਬੀਜਾਂ ਦਾ ਰਿਕਾਰਡ ਉਤਪਾਦਨ*

- ਸਾਲ 2013-14 ਦੌਰਾਨ 26 ਕਰੋੜ 44 ਲੱਖ ਟਨ ਅਨਾਜ ਦਾ ਉਤਪਾਦਨ ਤੇ 3 ਕਰੋੜ 24 ਲੱਖ ਟਨ ਤੇਲਬੀਜਾਂ ਦਾ ਉਤਪਾਦਨ ਹੋਇਆ।
- ਪਹਿਲੀ ਵਾਰ 26 ਕਰੋੜ 50 ਲੱਖ ਟਨ ਬਾਗ਼ਬਾਨੀ ਉਤਪਾਦਨ।
- ਅਨਾਜ ਦੀ ਜ਼ਿਆਦਾ ਖਰੀਦ ਦੇ ਕਾਰਨ ਕੇਂਦਰੀ ਗੋਦਾਮਾਂ ਵਿਚ 6 ਕਰੋੜ 98 ਲੱਖ 40 ਹਜ਼ਾਰ ਟਨ ਅਨਾਜ।

### ਸੱਨਅਤੀ ਕਾਰਗੁਜ਼ਾਰੀ

ਸਾਲ 2012-13 ਦੌਰਾਨ ਕੁੱਲ ਘਰੇਲੂ ਉਤਪਾਦ ਵਿਚ 1 ਪ੍ਰਤਿਸ਼ਤ ਦਾ ਵਾਧਾ ਦਰਜ ਕੀਤਾ ਗਿਆ। ਜਦ ਕਿ 2013-14 ਦੌਰਾਨ ਇਹ ਵਾਧਾ 0.4 ਪ੍ਰਤਿਸ਼ਤ ਰਿਹਾ।

### ਸੇਵਾ ਖੇਤਰ

ਦੁਨੀਆਂ ਦੇ ਮੁੱਖ 15 ਦੇਸ਼ਾਂ ਵਿਚ 2012 ਦੌਰਾਨ ਕੁੱਲ ਘਰੇਲੂ ਉਤਪਾਦਨ ਸੇਵਾਵਾਂ ਵਿਚ ਭਾਰਤ ਦਾ 12ਵਾਂ ਸਥਾਨ ਰਿਹਾ ਹੈ।

### ਊਰਜਾ ਬੁਨਿਆਦੀ ਢਾਂਚਾ ਅਤੇ ਸੰਚਾਰ

- ਸਾਲ 2013-14 ਦੌਰਾਨ ਮੁੱਖ ਸੱਨਅਤਾਂ ਅਤੇ ਬੁਨਿਆਦੀ ਢਾਂਚਾ ਸੇਵਾਵਾਂ ਦੀ ਕਾਰਗੁਗ਼ਜ਼ਾਰੀ ਦੇ ਮਿਸ਼ਰਤ ਨਤੀਜੇ ਹਾਸਿਲ ਹੋਏ ਹਨ।
- ਖਾਦਾਂ ਦੇ ਉਤਪਾਦਨ ਵਿਚ 2012-13 ਦੇ ਮੁਕਾਬਲੇ ਉਤਪਾਦਨ 'ਚ ਵਾਧਾ ਹੋ ਰਿਹਾ ਹੈ।
- ਕੋਲਾ ਸਟੀਲ ਅਤੇ ਤੇਲ ਸੋਧ ਉਤਪਾਦਨ ਵਿਚ ਕਮੀ ਦਰਜ ਕੀਤੀ ਗਈ ਹੈ।
- ਕੱਚਾ ਤੇਲ ਅਤੇ ਕੁਦਰਤੀ ਗੈਸ ਉਤਪਾਦਨ ਵਿਚ ਵੀ ਕਮੀ ਦਰਜ ਕੀਤੀ ਗਈ ਹੈ।
- ਮਾਰਚ, 2014 ਤਕ ਰਾਸ਼ਟਰੀ ਰਾਜ ਮਾਰਗਾਂ ਦੀਆਂ 21 ਹਜ਼ਾਰ 787 ਕਿਲੋਮੀਟਰ ਸੜਕਾਂ ਬਣਾਈਆ ਗਈਆਂ।
- ਸਾਲ 2012-13 ਦੌਰਾਨ 2844 ਕਿਲੋਮੀਟਰ ਅਤੇ ਸਾਲ 2013-14 ਦੌਰਾਨ 1901 ਕਿਲੋਮੀਟਰ ਸੜਕਾਂ ਦਾ ਨਿਰਮਾਣ ਕੀਤਾ ਗਿਆ।

- ਦੇਸ਼ ਦੀ ਏਕਤਾ ਦੇ ਪ੍ਰਤੀਕ ਸਰਦਾਰ ਪਟੇਲ ਦੀ ਵਿਸ਼ਾਲ ਮੂਰਤੀ ਲਈ 200 ਕਰੋੜ ਰੁਪਏ।
- ਅਨੁਸੂਚਿਤ ਜਨਜਾਤੀ ਕਲਿਆਣ ਯੋਜਨਾ ਲਈ 32 ਹਜ਼ਾਰ 387 ਕਰੋੜ ਰੁਪਏ।
- ਅਨੁਸੂਚਿਤ ਜਾਤੀ ਕਲਿਆਣ ਯੋਜਨਾ ਲਈ 50 ਹਜ਼ਾਰ 548 ਕਰੋੜ ਰੁਪਏ।
- ਹਰੇਕ ਭਾਰਤੀ ਨੂੰ ਇੰਟਰਨੈੱਟ ਉਪਲਬਧ ਕਰਾਉਣ ਲਈ ਡਿਜ਼ੀਟਲ ਇੰਡੀਆ ਪ੍ਰੋਗਰਾਮ।
- ਵੱਖ-ਵੱਖ ਤਰ੍ਹਾਂ ਦੇ ਕੁਸ਼ਲ ਪ੍ਰੋਗਰਾਮ ਲਈ *ਸਕਿਲ ਇੰਡੀਆ* ਦਾ ਐਲਾਨ।
- 9 ਹਵਾਈ ਅੱਡਿਆਂ ਉਤੇ ਪੜਾਅਵਾਰ ਢੰਗ ਨਾਲ ਈ.ਵੀਜ਼ਾ ਦੀ ਸ਼ੁਰੂਆਤ।
- ਕਿਸਾਨਾਂ ਲਈ ਇਕ ਹਜ਼ਾਰ ਕਰੋੜ ਰੁਪਏ ਦੀ ਵਿਵਸਥਾ ਨਾਲ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ।
- ਵਾਰਾਨਸੀ ਵਿਚ ਹੱਥਖੱਡੀ ਵਪਾਰ ਸੁਵਿਧਾ ਕੇਂਦਰ ਅਤੇ ਸ਼ਿਲਪ ਅਜਾਇਬਘਰ।
- ਪੂਰਬ ਉੱਤਰ ਵਿਚ ਰੇਲ ਸੰਪਰਕ ਵਧਾਉਣ ਲਈ ਇਕ ਹਜ਼ਾਰ ਕਰੋੜ ਰੁਪਏ।
- 20 ਅਰਬ 37 ਕਰੋੜ ਰੁਪਏ ਦੀ ਵਿਵਸਥਾ ਨਾਲ ਕਾਇਆਕਲਪ ਗੰਗਾ ਬਚਾਓ *ਮਿਸ਼ਨ ਨਮਾਮੇ ਗੰਗੇ*
- ਨਦੀ ਕਿਨਾਰੇ ਘਾਟਾਂ ਦਾ ਵਿਕਾਸ ਅਤੇ ਖ਼ੂਬਸੂਰਤੀ ਲਈ 100 ਕਰੋੜ ਰੁਪਏ।
- ਪ੍ਰਵਾਸੀ ਭਾਰਤੀ ਗੰਗਾ ਨਿਧੀ ਦੀ ਸ਼ੁਰੂਆਤ।
- ਕਿਸਾਨ ਵਿਕਾਸ ਪੱਤਰ ਫਿਰ ਸ਼ੁਰੂ।
- 100 ਕਰੋੜ ਰੁਪਏ ਦੇ ਪ੍ਰਬੰਧ ਨਾਲ ਯੁੱਧ ਸਮਾਰਕ ਅਤੇ 50 ਕਰੋੜ ਰੁਪਏ ਦੇ ਪ੍ਰਬੰਧ ਨਾਲ ਰਾਸ਼ਟਰੀ ਪੁਲਿਸ ਸਮਾਰਕ ਦੀ ਸਥਾਪਨਾ ਦਾ ਪ੍ਰਸਤਾਵ।
- ਰੱਖਿਆ ਪ੍ਰਬੰਧ ਵਧਾ ਕੇ 2 ਲੱਖ 29 ਕਰੋੜ ਰੁਪਏ ਕੀਤਾ।
- ਅੰਡੇਮਾਨ ਨਿਕੋਬਾਰ ਦੀਪ ਸਮੂਹ ਵਿਚ ਸੰਚਾਰ ਸਹੂਲਤਾਂ ਲਈ 150 ਕਰੋੜ ਰੁਪਏ।
- ਪੁੱਡੂਚੇਰੀ ਵਿਚ ਆਫ਼ਤ ਪ੍ਰਬੰਧਨ ਲਈ 188 ਕਰੋੜ ਰੁਪਏ।
- ਸਮੁਦਾਇ ਰੇਡੀਓ ਨੂੰ ਉਤਸ਼ਾਹ ਦੇਣ ਲਈ 100 ਕਰੋੜ ਰੁਪਏ ਦੀ ਨਵੀਂ ਯੋਜਨਾ।
- ਸੁਰੱਖਿਅਤ ਪੀਣ ਯੋਗ ਪਾਣੀ ਦਾ ਪ੍ਰਬੰਧ ਕਰਾਉਣ ਲਈ 3600 ਕਰੋੜ ਰੁਪਏ।
- ਦਿੱਲੀ ਨੂੰ ਵਿਸ਼ਵ ਪੱਧਰੀ ਸ਼ਹਿਰ ਬਣਾਉਣ ਦੇ ਉਦੇਸ਼ ਨਾਲ ਊਰਜਾ ਲਈ 200 ਕਰੋੜ ਰੁਪਏ ਅਤੇ ਜਨ ਸੁਧਾਰ ਲਈ 500 ਕਰੋੜ ਰੁਪਏ।
- ਕਿਸਾਨਾਂ ਦੀ ਸਹੂਲਤ ਲਈ ਕਿਸਾਨ ਟੀ.ਵੀ. ਚੈਨਲ ਸ਼ੁਰੂ ਕੀਤਾ ਜਾਵੇਗਾ।
- ਹਰ ਕਿਸਾਨ ਨੂੰ ਮਿਲੇਗਾ ਭੌਂ ਪਰਖ ਕਾਰਡ, 100 ਕਰੋੜ ਰੁਪਏ ਦੀ ਨਵੀਂ ਯੋਜਨਾ।
- ਪੂਰਬ-ਉੱਤਰ ਖੇਤਰ ਲਈ 24 ਘੰਟੇ ਸੇਵਾ ਦੇਣ ਵਾਲਾ ਚੈਨਲ ਟੀ.ਵੀ. ਸ਼ੁਰੂ ਕਰਨ ਦਾ ਪ੍ਰਸਤਾਵ।
- ਘੱਟੋ-ਘੱਟ ਸਰਕਾਰ ਅਤੇ ਵਧੇਰੇ ਸ਼ਾਸਨ ਦੇ ਸਿਧਾਂਤ ਲਈ ਖਰਚ ਪ੍ਰਬੰਧਨ ਕਮਿਸ਼ਨ ਦਾ ਗਠਨ ਕੀਤਾ ਜਾਵੇਗਾ।
- ਮਿੱਟੀ ਦੀ ਜਾਂਚ ਲਈ 100 ਚਲਦੀਆਂ ਫਿਰਦੀਆਂ ਪ੍ਰਯੋਗਸ਼ਾਲਾਵਾਂ।
- ਰਾਜ ਪੁਲਿਸ ਬਲਾਂ ਦੇ ਆਧੁਨਿਕੀਕਰਨ ਦੀ ਰਕਮ ਵਧਾ ਕੇ 3 ਹਜ਼ਾਰ ਕਰੋੜ ਰੁਪਏ ਕੀਤੀ ਗਈ।
- ਸਰਹੱਦ ਉਤੇ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਆਧੁਨੀਕੀਕਰਨ ਲਈ 2250 ਕਰੋੜ ਰੁਪਏ।
- ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਲਈ 14 ਹਜ਼ਾਰ 389 ਕਰੋੜ ਰੁਪਏ।

## *ਕੇਂਦਰੀ ਬਜਟ ਲੋਕਾਂ ਦੀਆਂ ਆਸਾਂ 'ਤੇ ਖ਼ਰਾ ਉਤਰਨ ਵਾਲਾ – ਪ੍ਰਧਾਨ ਮੰਤਰੀ*

*ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਕਿਹਾ ਕਿ ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਵਲੋਂ ਸੰਸਦ ਵਿਚ ਪੇਸ਼ ਕੀਤਾ ਗਿਆ ਬਜਟ ਲੋਕਾਂ ਦੀਆਂ ਆਸਾਂ ਤੇ ਇੱਛਾਵਾਂ ਉਤੇ ਖ਼ਰਾ ਉਤਰੇਗਾ। ਉਨ੍ਹਾਂ ਨੇ ਭਰੋਸਾ ਦਿਤਾ ਕਿ ਬਜਟ ਭਾਰਤ ਨੂੰ ਪ੍ਰਗਤੀ ਦੀਆਂ ਉੱਚਾਈਆਂ ਵੱਲ ਪਹੁੰਚਾਏਗਾ। ਉਨ੍ਹਾਂ ਕਿਹਾ ਕਿ ਇਹ ਬਜਟ ਲੋਕਾਂ ਦੀ ਭਾਗੀਦਾਰੀ ਅਤੇ ਜਨਸ਼ਕਤੀ ਨੂੰ ਹੱਲਾਸ਼ੇਰੀ ਦੇਵੇਗਾ। ਉਨ੍ਹਾਂ ਕਿਹਾ ਕਿ ਇਹ ਬਜਟ ਭਾਰਤੀ ਅਰਥਚਾਰੇ ਲਈ ਹੀ ਨਹੀਂ ਸਗੋਂ ਗਰੀਬ ਤੋਂ ਗਰੀਬ ਲੋਕਾਂ ਲਈ ਵੀ ਸੰਜੀਵਨੀ ਹੈ। ਵਿਕਾਸ ਦੇਸ਼ ਦੇ ਉਨ੍ਹਾਂ ਹਿੱਸਿਆਂ ਵਿਚ ਵੀ ਹੋਵੇਗਾ ਜਿਹੜੇ ਵਿਕਾਸ ਤੋਂ ਵਾਂਝੇ ਹਨ। ਸ੍ਰੀ ਮੋਦੀ ਨੇ ਭਾਰਤ ਦੇ ਲੋਕਾਂ ਨੂੰ ਯਕੀਨ ਦੁਆਇਆ ਕਿ ਦੇਸ਼ ਦੇ ਵਿਕਾਸ ਲਈ ਉਨ੍ਹਾਂ ਦੀ ਸਰਕਾਰ ਹਰ ਸੰਭਵ ਕੋਸ਼ਿਸ਼ ਕਰੇਗੀ। ਨਵੀ ਸਰਕਾਰ ਦੀਆਂ ਕੋਸ਼ਿਸ਼ਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਰੇਲਵੇ ਅਤੇ ਆਮ ਬਜਟ ਤੋਂ ਪਤਾ ਲਗਦਾ ਹੈ ਕਿ ਸਰਕਾਰ ਸਹੀ ਦਿਸ਼ਾ ਵੱਲ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਬਜਟ ਵਿਚ ਅਨੁਸੂਚਿਤ ਜਾਤੀਆਂ ਤੇ ਨੌਜਵਾਨਾਂ ਦੇ ਕੁਸ਼ਲ ਵਿਕਾਸ ਸੰਬੰਧੀ ਵਿਸ਼ੇਸ਼ ਧਿਆਨ ਦਿਤਾ ਹੈ। ਕਿਸਾਨਾਂ ਦੇ ਫ਼ਾਇਦੇ ਲਈ ਕ੍ਰਿਸ਼ੀ ਸਿੰਜਾਈ ਯੋਜਨਾ ਲਾਗੂ ਕੀਤੀ ਜਾ ਰਹੀ ਹੈ। ਘਰੇਲੂ ਔਰਤਾਂ ਲਈ ਇਹ ਬਜਟ ਆਸ ਦੀ ਕਿਰਨ ਹੈ, ਜੋ ਵਧਦੀਆਂ ਕੀਮਤਾਂ ਦੇ ਬੋਝ ਤੋਂ ਪ੍ਰਭਾਵਿਤ ਹਨ। ਮਹਿਲਾ ਸ਼ਕਤੀ ਤੇ ਬਾਲੜੀਆਂ ਦੀ ਸਿੱਖਿਆ ਵੱਲ ਵੀ ਵਿਸ਼ੇਸ਼ ਧਿਆਨ ਦਿਤਾ ਗਿਆ ਹੈ।*

## ਆਮ ਬਜਟ ਵਿਚੋਂ ਪੇਂਡੂ ਭਲਾਈ ਯੋਜਨਾਵਾਂ

ਵਿੱਤ ਮੰਤਰੀ ਨੇ ਕਿਹਾ ਕਿ ਪੇਂਡੂ ਇਲਾਕਿਆਂ ਵਿਚ ਇਕ ਮਜ਼ਬੂਤ ਬੁਨਿਆਦੀ ਢਾਂਚਾ ਯਕੀਨੀ ਬਣਾਉਣ ਲਈ ਸ਼ਿਆਮਾ ਪ੍ਰਸਾਦ ਮੁਖਰਜੀ ਅਰਬਨ ਮਿਸ਼ਨ ਚਾਲੂ ਕੀਤਾ ਜਾਵੇਗਾ। ਆਪਣੇ ਭਾਸ਼ਣ ਦੌਰਾਨ ਉਨ੍ਹਾਂ ਕਿਹਾ ਕਿ ਇਸ ਤਹਿਤ ਆਰਥਿਕ ਸਰਗਰਮੀਆਂ ਅਤੇ ਹੁਨਰ ਵਿਕਾਸ ਵਰਗੇ ਪ੍ਰੋਗਰਾਮ ਵੀ ਸ਼ਾਮਿਲ ਹੋਣਗੇ। ਗੁਜਰਾਤ ਦੀ ਮਿਸਾਲ ਦਿੰਦਿਆਂ ਉਨ੍ਹਾਂ ਨੇ ਦੱਸਿਆ ਕਿ ਪੇਂਡੂ ਇਲਾਕਿਆਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਦਾ ਇਹ ਵਿਕਾਸ ਮਾਡਲ ਉਥੇ ਪੂਰਾ ਕਾਮਯਾਬ ਰਿਹਾ। ਇਸ ਤੋਂ ਇਲਾਵਾ, ਪੇਂਡੂ ਇਲਾਕਿਆਂ ਨੂੰ ਦਿਤੀ ਜਾਣ ਵਾਲੀ ਬਿਜਲੀ ਪੂਰਤੀ ਵਿਚ ਸੁਧਾਰ ਲਈ ਦੀਨ ਦਿਆਲ ਉਪਾਧਿਆਏ ਜਯੋਤੀ ਯੋਜਨਾ ਸ਼ੁਰੂ ਕੀਤੀ ਜਾਵੇਗੀ। ਇਸ ਉਦੇਸ਼ ਲਈ 500 ਕਰੋੜ ਰੁਪਏ ਦੀ ਰਕਮ ਰਾਖਵੀ ਰੱਖੀ ਗਈ ਹੈ।

*– ਪੀ.ਆਈ.ਬੀ. ਜਲੰਧਰ ਤੇ ਚੰਡੀਗੜ੍ਹ*

# ਕੇਂਦਰੀ ਬਜਟ 2014-15 ਦਾ ਸੰਖੇਪ

***2014-15 ਦੇ ਬਜਟ ਅਨੁਮਾਨ ਵਿਚ ਦਰਸਾਇਆ ਵਿੱਤੀ ਘਾਟਾ 4.1 ਪ੍ਰਤਿਸ਼ਤ ਅਤੇ ਆਮਦਨੀ ਘਾਟਾ ਕੁੱਲ ਘਰੇਲੂ ਉਤਪਾਦ ਦਾ 2.9 ਪ੍ਰਤਿਸ਼ਤ***

***• ਟੈਕਸਾਂ ਤੋਂ ਕੁੱਲ ਪ੍ਰਾਪਤੀਆਂ ਅੰਦਾਜ਼ਨ 1364524 ਕਰੋੜ ਰੁਪਏ***

***• ਯੋਜਨਾ ਦਾ ਖਰਚਾ 5 ਲੱਖ 75 ਹਜ਼ਾਰ ਕਰੋੜ ਰੁਪਏ ਜੋ ਕਿ ਸਾਲ 2013-14 ਦੇ ਹੋਏ ਖਰਚੇ ਨਾਲੋਂ 26.9 ਪ੍ਰਤਿਸ਼ਤ ਜ਼ਿਆਦਾ ਹੈ।***

ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਵਲੋਂ ਲੋਕ ਸਭਾ ਵਿਚ ਪੇਸ਼ ਸਾਲ 2014-15 ਦੇ ਆਮ ਬਜਟ ਵਿਚ ਆਖਿਆ ਗਿਆ ਹੈ ਕਿ ਗ਼ੈਰ ਯੋਜਨਾ ਖਰਚ ਲਈ ਇਸ ਮਾਲੀ ਸਾਲ ਦਾ ਅੰਦਾਜ਼ਾ 12 ਲੱਖ 19 ਹਜ਼ਾਰ 892 ਕਰੋੜ ਰੁਪਏ ਦਾ ਹੈ ਅਤੇ ਇਸ ਤੋਂ ਵੱਖਰੇ ਤੌਰ ਤੇ ਖਾਦ 'ਤੇ ਰਿਆਇਤ ਅਤੇ ਰੱਖਿਆ ਸੇਵਾਵਾਂ ਲਈ ਪੂੰਜੀ ਖਰਚੇ ਦਾ ਪ੍ਰਬੰਧ ਕੀਤਾ ਗਿਆ। ਯੋਜਨਾ ਖਰਚ ਵਿਚ ਦਰਸਾਇਆ ਗਿਆ ਵਾਧਾ ਵਧੇਰੇ ਕਰਕੇ ਖੇਤੀ, ਸਿਹਤ ਤੇ ਸਿੱਖਿਆ ਵਿਚ ਸਮਰੱਥਾ ਵਧਾਉਣ, ਪੇਂਡੂ ਸੜਕਾਂ ਤੇ ਰਾਸ਼ਟਰੀ ਰਾਜ ਮਾਰਗਾਂ ਲਈ ਬੁਨਿਆਦੀ ਢਾਂਚੇ, ਰੇਲ ਢਾਂਚੇ ਦੇ ਵਿਸਥਾਰ, ਸਵੱਛ ਊਰਜਾ ਪਹਿਲਕਦਮੀ, ਜਲ ਸੋਮਿਆਂ ਤੇ ਦਰਿਆਵਾਂ ਦੀ ਸੰਭਾਲ ਹੈ। ਇਸ ਤਰ੍ਹਾਂ ਕੁੱਲ ਖਰਚੇ ਦਾ ਅਨੁਮਾਨ 17 ਲੱਖ 94 ਹਜ਼ਾਰ 892 ਕਰੋੜ ਰੁਪਏ ਦਾ ਹੈ। ਇਸ ਖਰਚੇ ਲਈ ਰਕਮ ਦੇ ਪ੍ਰਬੰਧ ਵਾਸਤੇ 13 ਲੱਖ 64 ਹਜ਼ਾਰ 524 ਕਰੋੜ ਰੁਪਏ ਟੈਕਸਾਂ ਤੋਂ ਮਿਲਣ ਦਾ ਅਨੁਮਾਨ ਹੈ। ਇਸ ਵਿਚੋਂ ਕੇਂਦਰ ਦਾ ਹਿੱਸਾ 9 ਲੱਖ 77 ਹਜ਼ਾਰ 258 ਕਰੋੜ ਰੁਪਏ ਹੈ। ਟੈਕਸਾਂ ਤੋਂ ਬਗੈਰ ਹੁੰਦੀ ਆਮਦਨੀ ਇਸ ਮਾਲੀ ਸਾਲ ਲਈ 2 ਲੱਖ 12 ਹਜ਼ਾਰ 500 ਕਰੋੜ ਰੁਪਏ ਹੋਣ ਦੀ ਉਮੀਦ ਹੈ। ਇਸ ਤੋਂ ਇਲਾਵਾ 73 ਹਜ਼ਾਰ 952 ਕਰੋੜ ਰੁਪਏ ਉਧਾਰ ਵਜੋਂ ਲਏ ਜਾਣਗੇ। 2014-15 ਦੇ ਇਸ ਬਜਟ ਵਿਚ 98 ਹਜ਼ਾਰ 30 ਕਰੋੜ ਰੁਪਏ ਔਰਤਾਂ ਦੀ ਭਲਾਈ ਲਈ ਤੇ 81 ਹਜ਼ਾਰ 75 ਕਰੋੜ ਰੁਪਏ ਬੱਚਿਆਂ ਦੀ ਭਲਾਈ ਲਈ ਰੱਖਣ ਦਾ ਐਲਾਨ ਕੀਤਾ ਹੈ।

***• ਨਿੱਜੀ ਟੈਕਸ ਛੋਟ ਹੱਦ 50 ਹਜ਼ਾਰ ਰੁਪਏ ਵਧਾਈ ਗਈ। • ਸਰਚਾਰਜ ਦੀ ਦਰ ਵਿਚ ਕੋਈ ਅੰਤਰ ਨਹੀ।***

• ਵਸਤ ਨਿਰਮਾਣ ਕੰਪਨੀਆਂ ਉਤੇ ਉੱਦਮੀਆਂ ਨੂੰ ਹੁੰਗਾਰਾ ਦੇਣ ਲਈ ਤੇ ਬਾਹਰੋਂ ਪੂੰਜੀਕਾਰਾਂ ਵਲੋਂ ਆਮਦਨੀ ਨੂੰ ਪੂੰਜੀ ਲਾਭ ਵਜੋਂ ਮੰਨਿਆ ਜਾਵੇਗਾ।

ਕੇਂਦਰੀ ਵਿੱਤ ਮੰਤਰੀ ਵਲੋਂ ਆਮ ਬਜਟ ਵਿਚ ਨਿੱਜੀ ਆਮਦਨੀ ਟੈਕਸ ਦੀ ਛੋਟ ਸੀਮਾ 50 ਹਜ਼ਾਰ ਰੁਪਏ ਵਧਾ ਦਿਤੀ ਗਈ ਹੈ। ਅਰਥਾਤ ਨਿੱਜੀ ਟੈਕਸ ਦੇਣ ਵਾਲੇ 60 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਹੁਣ ਇਹ ਛੋਟ 2 ਲੱਖ ਤੋਂ ਵਧਾ ਕੇ 2.50 ਲੱਖ ਰੁਪਏ ਹੋਵੇਗੀ ਅਤੇ ਬਜ਼ੁਰਗ ਨਾਗਰਿਕਾਂ ਲਈ ਛੋਟ ਦੀ ਇਹ ਹੱਦ 2.50 ਲੱਖ ਤੋਂ ਵਧਾ ਕੇ 3 ਲੱਖ ਰੁਪਏ ਕੀਤੀ ਗਈ ਹੈ। ਨਾ ਹੀ ਨਿੱਜੀ ਟੈਕਸ ਦੇਣ ਵਾਲਿਆਂ ਨੂੰ ਅਤੇ ਨਾ ਹੀ ਅਣਵੰਡੇ ਹਿੰਦੂ ਪਰਿਵਾਰਾਂ ਲਈ, ਫਰਮਾਂ ਲਈ ਜਾਂ ਵਣਜ ਅਦਾਰਿਆਂ ਲਈ ਸਰਚਾਰਜ ਦੀ ਦਰ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ। ਵਿੱਦਿਅਕ ਸੈਸ ਪਹਿਲਾਂ ਵਾਂਗ 3 ਪ੍ਰਤਿਸ਼ਤ ਜਾਰੀ ਰਹੇਗਾ।

ਆਮਦਨ ਕਰ ਕਾਨੂੰਨ ਦੀ ਮੱਦ 80/ਸੀ ਤਹਿਤ ਨਿਵੇਸ਼ ਦੀ ਹੱਦ 1 ਲੱਖ ਰੁਪਏ ਤੋਂ ਵਧਾ ਕੇ 1.50 ਲੱਖ ਰੁਪਏ ਕਰਨਾ ਤਜਵੀਜ਼ ਕੀਤਾ ਗਿਆ ਹੈ ਅਤੇ ਆਪਣੇ ਰਹਿਣ ਲਈ ਬਣਾਏ ਮਕਾਨਾਂ ਦੇ ਮਾਮਲੇ ਵਿਚ ਕਰਜ਼ਾ ਲੈਣ 'ਤੇ ਵਿਆਜ ਕਟੌਤੀ ਦੀ ਦਰ 1.50 ਲੱਖ ਤੋਂ ਵਧਾ ਕੇ 2 ਲੱਖ ਰੁਪਏ ਕਰਨ ਦੀ ਤਜਵੀਜ਼ ਹੈ। ਛੋਟੇ ਉੱਦਮੀਆਂ ਪ੍ਰਤਿ ਹੁੰਗਾਰਾ ਦੇਣ ਲਈ ਮੈਨੁਫੇਕਚਰਿੰਗ ਕੰਪਨੀ ਨੂੰ ਜਿਹੜੀ ਇਕ ਸਾਲ ਵਿਚ ਕਿਸੇ ਨਵੇਂ ਪਲਾਂਟ ਜਾਂ ਮਸ਼ੀਨਾਂ ਲਈ 2.50 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕਰੇਗੀ, ਉਸ ਵਸਤ ਨਿਰਮਾਣ ਕੰਪਨੀ ਨੂੰ 15 ਪ੍ਰਤਿਸ਼ਤ ਦੀ ਦਰ ਨਾਲ ਨਿਵੇਸ਼ ਭੱਤਾ ਦੇਣ ਦੀ ਤਜਵੀਜ਼ ਰੱਖੀ ਗਈ ਹੈ। ਇਹ ਫ਼ਾਇਦਾ 3 ਸਾਲਾਂ ਲਈ ਹੋਵੇਗਾ ਅਰਥਾਤ ਉਸ ਨਿਵੇਸ਼ ਲਈ ਜਿਹੜਾ 31.3.2017 ਤਕ ਕੀਤਾ ਜਾਵੇਗਾ। 100 ਕਰੋੜ ਰੁਪਏ ਤੋਂ ਵੱਧ ਕਿਸੇ ਇਕ ਸਾਲ ਵਿਚ ਨਿਵੇਸ਼ ਕਰਨ ਵਾਲੀ ਵਸਤ ਨਿਰਮਾਣ ਕੰਪਨੀ ਨੂੰ 31.3.2015 ਤਕ ਨਿਵੇਸ਼ ਭੱਤਾ ਪਹਿਲਾਂ ਵਾਂਗ ਜਾਰੀ ਰੱਖਿਆ ਜਾਵੇਗਾ। ਵਧੇਰੇ ਨਿਸ਼ਚਿਤਤਾ ਲਿਆਉਣ ਲਈ ਅਤੇ ਫ਼ੰਡ ਮੈਨੇਜਰ ਨੂੰ ਭਾਰਤ ਵਿਚ ਆਉਣ ਦਾ ਉਤਸ਼ਾਹ ਦੇਣ ਲਈ ਪ੍ਰਤਿਭੂਤੀਆਂ ਵਿਚ ਵਿਦੇਸ਼ੀ ਪੱਧਰ 'ਤੇ ਮਿਲਦੀ ਆਮਦਨੀ ਨੂੰ ਪੂੰਜੀ ਲਾਭ ਸਮਝਿਆ ਜਾਵੇਗਾ। ਵਿਦੇਸ਼ੀ ਲਾਭ ਅੰਸ਼ 'ਤੇ 15 ਪ੍ਰਤਿਸ਼ਤ ਦੀ ਰਿਆਇਤੀ ਦਰ ਜਾਰੀ ਰਹੇਗੀ। ਭਾਰਤੀ ਕੰਪਨੀਆਂ ਲਈ ਬਾਹਰਲੇ ਦੇਸ਼ਾਂ ਤੋਂ ਘੱਟ ਦਰ 'ਤੇ ਲੰਬੇ ਸਮੇਂ ਲਈ ਉਧਾਰ ਲੈਣ ਦੇ ਸਿਲਸਿਲੇ ਵਿਚ ਫੌਰਨ ਵਿਦੇਸ਼ੀ ਸਿੱਕੇ ਵਿਚ ਉਧਾਰ ਲੈਣ ਦੀ ਯੋਗਤਾ ਮਿਤੀ 31.3.2015 ਤੋਂ 31.3.2017 ਕਰਨ ਦੀ ਤਜਵੀਜ਼ ਹੈ। ਇਸ 'ਤੇ ਵਿਆਜ ਭੁਗਤਾਨ 'ਤੇ 5 ਪ੍ਰਤਿਸ਼ਤ ਦੀ ਵੀ ਟੈਕਸ ਦੀ ਰਿਆਇਤੀ ਦਰ ਲੱਗੇਗੀ। ਸਿਰਫ਼ ਬੁਨਿਆਦੀ ਢਾਂਚਾ ਬੌਂਡ 'ਤੇ ਟੈਕਸ ਦੀ ਰਿਆਇਤ ਹੋਰਨਾਂ ਕਿਸਮਾਂ ਦੇ ਬੌਂਡਜ਼ 'ਤੇ ਵੀ ਲਾਗੂ ਹੋਵੇਗੀ। ਏਪੀਏ ਸਕੀਮ ਤਹਿਤ ਰੋਲ ਬੈਂਕ ਲਾਗੂ ਕਰਨ ਦੀ ਬਜਟ ਵਿਚ ਤਜਵੀਜ਼ ਹੈ ਤਾਂ ਕਿ ਭਵਿੱਖ ਦੇ ਲੈਣ-ਦੇਣ ਵਿਚ ਇਹ ਸਮਝੌਤਾ ਪਿਛਲੇ 4 ਸਾਲਾਂ ਵਿਚ ਮਿੱਥੇ ਹਾਲਾਤ ਅੰਦਰ ਅੰਦਰੂਨੀ ਲੈਣ-ਦੇਣ 'ਤੇ ਲਾਗੂ ਹੋ ਸਕੇ। ਇਕੁਟੀ ਵਾਲੇ ਫ਼ੰਡਾਂ ਤੋਂ ਇਲਾਵਾ ਮਿਊਚਲ ਫ਼ੰਡ ਦੇ ਬਾਕੀ ਯੂਨਿਟਾਂ ਦੇ ਤਬਾਦਲੇ 'ਤੇ ਲੰਬੇ ਸਮੇਂ ਦੇ ਫ਼ਾਇਦਿਆਂ 'ਤੇ ਟੈਕਸ ਦੀ ਦਰ 10 ਪ੍ਰਤਿਸ਼ਤ ਤੋਂ ਵਧਾ ਕੇ 20 ਪ੍ਰਤਿਸ਼ਤ ਕਰਨ ਦੀ ਤਜਵੀਜ਼ ਹੈ ਤਾਂ ਜੋ ਵਿਚ-ਵਿਚਾਲੇ ਸਮਝੌਤਾ ਕਰਨ ਵਾਲਿਆਂ ਨੂੰ ਟਾਲਿਆ ਜਾ ਸਕੇ। ਸੇਵਾਵਾਂ ਦੇਣ ਲਈ ਬਹੁਤ ਵਧੀਆ ਕੰਮ ਪ੍ਰਤਿ ਹੁੰਗਾਰਾ ਦੇਣ ਵਾਸਤੇ ਚਾਲੂ ਮਾਲੀ ਸਾਲ ਦੌਰਾਨ 60 ਹੋਰ ਆਮਦਨ ਕਰ ਸੇਵਾ ਕੇਂਦਰ ਖੋਲ੍ਹੇ ਜਾਣਗੇ। ਪ੍ਰਤੱਖ ਕਰ ਤਜਵੀਜ਼ਾਂ ਨਾਲ

ਆਮਦਨੀ ਵਿਚ 22 ਹਜ਼ਾਰ 200 ਕਰੋੜ ਰੁਪਏ ਦਾ ਨੁਕਸਾਨ ਹੋਣ ਦੀ ਸੰਭਾਵਨਾ ਹੈ।

## ਖਰਚਾ ਸੁਧਾਰਾਂ ਦੀ ਨਜ਼ਰਸਾਨੀ ਲਈ ਸਰਕਾਰ ਵਲੋਂ ਖਰਚਾ ਪ੍ਰਬੰਧਨ ਕਮਿਸ਼ਨ ਬਣਾਉਣ ਦੀ ਤਜਵੀਜ਼

ਸਰਕਾਰ ਖਰਚਾ ਪ੍ਰਬੰਧਨ ਕਮਿਸ਼ਨ ਬਣਾਏਗੀ। ਲੋਕ ਸਭਾ ਵਿਚ ਆਪਣੇ ਪਹਿਲੇ ਬਜਟ ਵਿਚ ਇਹ ਐਲਾਨ ਕਰਦਿਆਂ ਕੇਂਦਰੀ ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਨੇ ਕਿਹਾ ਕਿ ਕਮਿਸ਼ਨ ਉਨ੍ਹਾਂ ਸਾਰੇ ਪਹਿਲੂਆਂ 'ਤੇ ਵਿਚਾਰ ਕਰੇਗਾ, ਜਿਹੜੇ ਸਰਕਾਰ ਵਲੋਂ ਖਰਚਾ ਸੁਧਾਰ ਲਈ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰ ਨੇ ਘੱਟੋ-ਘੱਟ ਸਰਕਾਰ 'ਤੇ ਵੱਧ ਤੋਂ ਵੱਧ ਸਰਕਾਰੀ ਕੰਮ-ਕਾਜ ਦੇ ਅਸੂਲ ਨੂੰ ਲਾਗੂ ਕਰਨ ਦੀ ਪੱਕੀ ਧਾਰੀ ਹੋਈ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਹੁਣ ਸਮਾਂ ਆ ਗਿਆ ਹੈ ਕਿ ਵੱਧ ਤੋਂ ਵੱਧ ਲਾਭ ਲੈਣ ਲਈ ਮਿੱਥੇ ਸਰਕਾਰੀ ਖਰਚੇ ਨੂੰ ਕਿਸ ਤਰ੍ਹਾਂ ਸੁਚੱਜੇ ਢੰਗ ਨਾਲ ਵਰਤਿਆ ਜਾਵੇ। ਖਰਚਾ ਪ੍ਰਬੰਧਨ ਕਮਿਸ਼ਨ ਇਸ ਮਾਲੀ ਸਾਲ ਦੌਰਾਨ ਆਪਣੀ ਰਿਪੋਰਟ ਪੇਸ਼ ਕਰੇਗਾ। ਵਿੱਤ ਮੰਤਰੀ ਨੇ ਕਿਹਾ ਕਿ ਉਹ ਸਬਸਿਡੀ ਢਾਂਚੇ ਵਿਚ ਅਦਲਾ-ਬਦਲੀ ਕਰਨ ਦੀ ਤਜਵੀਜ਼ ਕਰ ਰਹੇ ਹਨ। ਇਸ ਵਿਚ ਖੁਰਾਕ ਅਤੇ ਪੈਟਰੋਲੀਅਮ ਦੀਆਂ ਰਿਆਇਤਾਂ ਸ਼ਾਮਿਲ ਹਨ। ਪਰ ਸੀਮਾਂਤ ਗਰੀਬ, ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਜਨਜਾਤੀਆਂ ਦੇ ਹੱਕਾਂ ਦੀ ਰਾਖੀ ਲਈ ਸਬਸਿਡੀਆਂ ਵੱਲ ਧਿਆਨ ਦਿਤਾ ਜਾਵੇਗਾ। ਇਕ ਨਵੀਂ ਯੂਰੀਆ ਨੀਤੀ ਵੀ ਉਲੀਕੀ ਜਾਵੇਗੀ।

## ਪ੍ਰਤੱਖ ਕਰਾਂ ਵਿਚ ਮੁਕੱਦਮੇਬਾਜ਼ੀ ਘਟਾਉਣ ਲਈ ਤਜਵੀਜ਼ਾਂ

ਪ੍ਰਤੱਖ ਕਰਾਂ ਵਿਚ ਮੁਕੱਦਮੇਬਾਜ਼ੀ ਘਟਾਉਣ ਦੇ ਵਿਚਾਰ ਨਾਲ ਸਰਕਾਰ ਨੇ ਕੁਝ ਕਾਨੂੰਨੀ ਤੇ ਪ੍ਰਬੰਧਕੀ ਤਬਦੀਲੀਆਂ ਤਜਵੀਜ਼ ਕੀਤੀਆਂ ਹਨ। ਕੇਂਦਰੀ ਵਿੱਤ ਮੰਤਰੀ ਨੇ ਕਿਹਾ ਕਿ ਨਿਵਾਸੀ ਕਰ ਭੁਗਤਾਨ ਕਰਨ ਵਾਲੇ ਲੋਕ ਹੁਣ ਕਿਸੇ ਮਿੱਥੇ ਮੁੱਦੇ ਤੋਂ ਇਲਾਵਾ ਵੀ ਆਪਣੇ ਬਣਦੇ ਆਮਦਨ ਕਰ ਬਾਰੇ ਅਗਾਊਂ ਨਿਯਮਾਂ ਦੀ ਜਾਣਕਾਰੀ ਲੈ ਸਕਣਗੇ। ਉਨ੍ਹਾਂ ਵਧੀਕ ਬੈਂਕ ਬਣਾ ਕੇ ਅਗਾਊਂ ਨਿਯਮਾਂ ਦੀ ਜਾਣਕਾਰੀ ਦੇਣ ਲਈ ਇਸ ਨੂੰ ਹੋਰ ਮਜ਼ਬੂਤ ਕਰਨ ਦਾ ਪ੍ਰਸਤਾਵ ਕਰਨਾ ਤਜਵੀਜ਼ ਕੀਤਾ। ਆਮਦਨੀ ਟੈਕਸ ਸਮਝੌਤਾ ਕਮਿਸ਼ਨ ਦੇ ਕਾਰਜ ਖੇਤਰ ਨੂੰ ਹੋਰ ਵਧਾਇਆ ਜਾਵੇਗਾ ਤਾਂ ਜੋ ਕਰ ਭੁਗਤਾਨ ਕਰਨ ਵਾਲੇ ਲੋਕ ਆਪਣੇ ਝਗੜੇ ਨਜਿੱਠਣ ਲਈ ਕਮਿਸ਼ਨ ਤਕ ਆਪਣੀ ਪਹੁੰਚ ਕਰ ਸਕਣ। ਵਿੱਤ ਮੰਤਰੀ ਨੇ ਇਸ ਗੱਲ ਵੱਲ ਧਿਆਨ ਦਿਵਾਇਆ ਕਿ 4 ਲੱਖ ਕਰੋੜ ਤੋਂ ਵੱਧ ਦੇ ਕਰ ਮਾਮਲੇ ਝਗੜੇ ਵਿਚ ਪਏ ਹੋਏ ਹਨ ਅਤੇ ਇਹ ਸਾਰਿਆਂ ਲਈ ਬੜੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਵਿੱਤ ਮੰਤਰੀ ਨੇ ਇਕ ਉੱਚ ਪੱਧਰੀ ਕਮੇਟੀ ਬਣਾਉਣ ਦੀ ਤਜਵੀਜ਼ ਕੀਤੀ, ਜਿਹੜੀ ਵਪਾਰ ਤੇ ਸੱਨਅਤੀ ਅਦਾਰਿਆਂ ਦੇ ਬਕਾਇਦਾ ਆਧਾਰ 'ਤੇ ਗੱਲਬਾਤ ਕਰੇ ਅਤੇ ਇਸ ਗੱਲ ਦਾ ਪਤਾ ਲਗਾਏ ਕਿ ਕਰ ਕਾਨੂੰਨਾਂ ਵਿਚ ਕਿੱਥੇ ਸਪੱਸ਼ਟਤਾ ਲਿਆਉਣ ਦੀ ਜ਼ਰੂਰਤ ਹੈ। ਉਨ੍ਹਾਂ ਮੁੱਲ ਬਦਲੀ ਦੇ ਨਿਯਮਾਂ ਵਿਚ ਤਬਦੀਲੀ ਬਾਰੇ ਕੁਝ ਬਦਲਾਅ ਕਰਨ ਦੀ ਵੀ ਤਜਵੀਜ਼ ਕੀਤੀ। ਇਨ੍ਹਾਂ ਉਪਰਾਲਿਆਂ ਨਾਲ ਕਰ ਸਿਲਸਿਲੇ ਵਿਚ ਕਰ ਦੇਣ ਵਾਲਿਆਂ ਦਾ ਭਰੋਸਾ ਸੁਧਾਰਨ ਲਈ ਬੜੀ ਮਦਦ ਮਿਲੇਗੀ ਅਤੇ ਇਸ ਨਾਲ ਨਿਸ਼ਚਿਤਤਾ ਵੀ ਆਏਗੀ ਤੇ ਕਰ ਕਾਨੂੰਨ ਵੀ ਸਪੱਸ਼ਟ ਹੋ ਜਾਣਗੇ।

## ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ

ਸਰਕਾਰ ਨੇ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ ਸਕੀਮ ਚਲਾਉਣ ਦੀ ਤਜਵੀਜ਼ ਕੀਤੀ ਹੈ। ਆਪਣੇ ਬਜਟ ਭਾਸ਼ਣ ਵਿਚ ਇਸ ਦਾ ਐਲਾਨ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਹੈ ਕਿ ਕਿਸਾਨਾਂ ਨੂੰ ਯਕੀਨੀ ਤੌਰ ਤੇ ਸਿੰਜਾਈ ਲਈ ਪਾਣੀ ਦੇਣ ਦੀ ਜ਼ਰੂਰਤ ਹੈ ਤਾਂ ਜੋ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੇ ਖ਼ਤਰੇ ਤੋਂ ਬਚਾਇਆ ਜਾ ਸਕੇ। ਸਾਡਾ ਵਧੇਰੇ ਕਰਕੇ ਜ਼ਮੀਨੀ ਰਕਬਾ ਵਰਖਾ 'ਤੇ ਨਿਰਭਰ ਕਰਦਾ ਹੈ ਜਾਂ ਫਿਰ ਮੌਨਸੂਨ 'ਤੇ। ਇਸ ਸਕੀਮ ਸਦਕਾ ਸਿੰਜਾਈ ਤਕ ਕਿਸਾਨਾਂ ਦੀ ਪਹੁੰਚ ਸਹਿਜ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸਕੀਮ ਲਈ ਵੱਖਰੇ ਤੌਰ ਤੇ ਇਕ ਹਜ਼ਾਰ ਕਰੋੜ ਰੁਪਏ ਦਾ ਪ੍ਰਬੰਧ ਕਰਨ ਦੀ ਤਜਵੀਜ਼ ਹੈ।

## 'ਸਕਿਲ ਇੰਡੀਆ' ਬਹੁ-ਹੁਨਰ ਪ੍ਰੋਗਰਾਮ ਚਲਾਉਣ ਦੀ ਤਜਵੀਜ਼

ਸਰਕਾਰ ਨੇ 'ਸਕਿਲ ਇੰਡੀਆ' ਨਾਂ ਨਾਲ ਰਾਸ਼ਟਰੀ ਬਹੁ-ਹੁਨਰ ਪ੍ਰੋਗਰਾਮ ਚਲਾਉਣ ਦਾ ਐਲਾਨ ਕੀਤਾ ਹੈ। ਵਿੱਤ ਮੰਤਰੀ ਨੇ ਦੱਸਿਆ ਕਿ ਇਸ ਪ੍ਰੋਗਰਾਮ ਸਦਕਾ ਨੌਜਵਾਨਾਂ ਨੂੰ ਇਸ ਤਰ੍ਹਾਂ ਦੇ ਹੁਨਰ ਦੀ ਤੇ ਉੱਦਮਾਂ ਦੀ ਸਿਖਲਾਈ ਦਿਤੀ ਜਾਵੇਗੀ, ਜਿਸ ਕਰਕੇ ਇਸ ਨਾਲ ਉਹ ਰੁਜ਼ਗਾਰ ਲੈਣ ਦੇ ਯੋਗ ਬਣ ਸਕਣ। ਇਹ ਪ੍ਰੋਗਰਾਮ ਰਵਾਇਤੀ ਕਿੱਤਿਆਂ ਜਿਵੇਂ ਕਿ ਵੈਲਡਰ, ਮੋਚੀ, ਮਿਸਤਰੀ, ਲੋਹਾਰ, ਬੁਣਕਰ ਆਦਿ ਦੀ ਸਿਖਲਾਈ ਦੇਣ ਲਈ ਮਦਦ ਮਿਲੇਗੀ। ਇਸ ਮੰਤਵ ਦੀ ਪ੍ਰਾਪਤੀ ਲਈ ਵੱਖ-ਵੱਖ ਸਕੀਮਾਂ ਨੂੰ ਇਕ ਥਾਂ ਜੋੜਨ ਦੀ ਵੀ ਤਜਵੀਜ਼ ਹੈ।

## ਜ਼ਮੀਨ ਜਾਇਦਾਦ ਨਿਵੇਸ਼ ਟਰੱਸਟ ਅਤੇ ਬੁਨਿਆਦੀ ਢਾਂਚਾ ਨਿਵੇਸ਼ ਟਰੱਸਟ ਲਈ ਰਿਆਇਤਾਂ ਦਿਤੀਆਂ ਜਾਣਗੀਆਂ

ਸਰਕਾਰ ਨੇ ਜ਼ਮੀਨ ਜਾਇਦਾਦ ਨਿਵੇਸ਼ ਟਰੱਸਟਾਂ ਲਈ ਰਿਆਇਤਾਂ ਦੇਣ ਦਾ ਪ੍ਰਸਤਾਵ ਦਿਤਾ ਹੈ। ਵਿੱਤ ਮੰਤਰੀ ਨੇ ਕਿਹਾ ਕਿ ਜ਼ਮੀਨ ਜਾਇਦਾਦ ਟਰੱਸਟਾਂ ਦੀ ਬੜੀ ਕਾਮਯਾਬੀ ਨਾਲ ਵੱਖ-ਵੱਖ ਦੇਸ਼ਾਂ ਵਿਚ ਪੂੰਜੀਕਾਰੀ ਦੀ ਸਾਂਝ ਲਈ ਇਕ ਜ਼ਰੀਏ ਵਜੋਂ ਵਰਤਿਆ ਗਿਆ ਹੈ। ਇਸ ਵਿਚ ਨਵਾਂ ਰੂਪ ਲਿਆਉਣ ਲਈ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਵਿਚ ਵੀ ਇਸ ਤਰ੍ਹਾਂ ਦੀ ਸੋਚ ਕੀਤੀ ਜਾਵੇਗੀ, ਕਿਉਂਕਿ ਬੁਨਿਆਦੀ ਢਾਂਚਾ ਨਿਵੇਸ਼ ਟਰੱਸਟ ਵੀ ਇਸੇ ਤਰ੍ਹਾਂ ਦੇ ਕਰ ਸਿਲਸਿਲੇ ਵਿਚੋਂ ਸਰਕਾਰੀ ਤੇ ਗ਼ੈਰ ਸਰਕਾਰੀ ਸਾਂਝੇਦਾਰੀ ਤੇ ਹੋਰਨਾਂ ਬੁਨਿਆਦੀ ਢਾਂਚੇ ਵਿਚੋਂ ਗੁਜ਼ਰਦੇ ਹਨ। ਇਸ ਤਰ੍ਹਾਂ ਦੇ ਸਿਲਸਿਲੇ ਕਾਇਮ ਕਰਨ ਨਾਲ ਬੈਂਕਿੰਗ ਸਿਲਸਿਲੇ 'ਤੇ ਦਬਾਅ ਘੱਟ ਜਾਵੇਗਾ ਤੇ ਵਧੇਰੇ ਪੈਸਾ ਵੀ ਪ੍ਰਾਪਤ ਹੋ ਸਕੇਗਾ। ਉਨ੍ਹਾਂ ਭਰੋਸਾ ਜਤਾਇਆ ਕਿ ਇਹ ਦੋਵੇਂ ਟਰੱਸਟ ਦੇਸ਼ ਵਿਦੇਸ਼ ਤੇ ਵੱਖ-ਵੱਖ ਸੋਮਿਆਂ ਤੋਂ ਲੰਬੇ ਸਮੇਂ ਲਈ ਪੈਸਾ ਲੈ ਸਕਣਗੇ, ਜਿਨ੍ਹਾਂ ਵਿਚ ਪ੍ਰਵਾਸੀ ਭਾਰਤੀ ਵੀ ਸ਼ਾਮਿਲ ਹੋਣਗੇ।

## ਕਿਸਾਨ ਵਿਕਾਸ ਪੱਤਰ

ਲੋਕਾਂ ਨੂੰ ਬੈਂਕਾਂ ਵਿਚ ਤੇ ਆਪਣੇ ਘਰਾਂ ਵਿਚ ਆਪਣੀ ਬੱਚਤ ਦਾ ਪੈਸਾ ਰੱਖਣ ਦੀ ਬਜਾਇ ਇਸ ਸਿਲਸਿਲੇ ਵਿਚ ਪੈਸਾ ਲਗਾਉਣ ਪ੍ਰਤਿ ਉਤਸ਼ਾਹ ਦੇਣ ਲਈ ਕਿਸਾਨ ਵਿਕਾਸ ਪੱਤਰ ਮੁੜ ਕੇ ਹੋਂਦ ਵਿਚ ਲਿਆਂਦੇ ਜਾਣਗੇ। ਵਿੱਤ ਮੰਤਰੀ ਨੇ ਕਿਹਾ ਕਿ ਕਿਸਾਨ ਵਿਕਾਸ ਪੱਤਰ ਛੋਟੀਆਂ ਬੱਚਤਾਂ ਕਰਨ ਵਾਲੇ ਲੋਕਾਂ ਵਿਚ ਬੜੇ ਹਰਮਨ ਪਿਆਰੇ ਸਨ ਅਤੇ ਇਹੀ ਕਾਰਨ ਹੈ ਕਿ ਬੱਚਤਾਂ ਵਧਾਉਣ ਲਈ ਕਿਸਾਨ ਵਿਕਾਸ ਪੱਤਰ ਮੁੜ ਕੇ ਲਾਗੂ ਕੀਤਾ ਜਾਵੇਗਾ।

## 9 ਹਵਾਈ ਅੱਡਿਆਂ 'ਤੇ ਈ. ਵੀਜ਼ਾ

ਭਾਰਤ ਦੇ 9 ਹਵਾਈ ਅੱਡਿਆਂ 'ਤੇ ਈ.ਵੀਜ਼ਾ ਸਹੂਲਤ ਸ਼ੁਰੂ ਕੀਤੀ ਜਾਵੇਗੀ। ਵਿੱਤ ਮੰਤਰੀ ਨੇ ਲੋਕ ਸਭਾ ਵਿਚ ਦੱਸਿਆ ਕਿ ਅਗਲੀ ਛਿਮਾਹੀ ਅੰਦਰ ਇਸ ਲਈ ਢੁਕਵਾਂ ਬੁਨਿਆਦੀ ਢਾਂਚਾ ਕਾਇਮ ਕਰ ਦਿਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੰਸਾਰ ਭਰ ਵਿਚ ਸੈਰਸਪਾਟਾ ਇਹੋ ਜਿਹਾ ਪਿੜ ਹੈ, ਜਿਸ ਵਿਚ ਵੱਡੀ ਪੱਧਰ 'ਤੇ ਨੌਕਰੀਆਂ ਪੈਦਾ ਹੋ ਸਕਦੀਆਂ ਹਨ। ਈ.ਵੀਜ਼ਾ ਦੀ ਸਹੂਲਤ ਦੇਣ ਨਾਲ ਭਾਰਤ ਵਿਚ ਸੈਰਸਪਾਟਾ ਨੂੰ ਬੜਾ ਵੱਡਾ ਹੁੰਗਾਰਾ ਮਿਲ ਸਕੇਗਾ, ਜਿਨ੍ਹਾਂ ਦੇਸ਼ਾਂ ਲਈ ਈ.ਵੀਜ਼ਾ ਦੀ ਸਹੂਲਤ ਦਿਤੀ ਜਾਵੇਗੀ ਉਨ੍ਹਾਂ ਦੀ ਪੜਾਅਵਾਰ ਪ੍ਰੋਗਰਾਮ ਤਹਿਤ ਪਛਾਣ ਕੀਤੀ ਜਾਵੇਗੀ। ਇਸ ਸਦਕਾ ਭਾਰਤ ਵਿਚ ਪਹੁੰਚਣ ਸਮੇਂ ਵੀਜ਼ਾ ਦੇਣ ਦੀ ਸਹੂਲਤ ਹੋਰ ਵੀ ਸਹਿਜ ਹੋ ਸਕੇਗੀ।

## ਸਵੱਛ ਭਾਰਤ ਅਭਿਆਨ

ਭਾਰਤ ਸਰਕਾਰ ਮਹਾਤਮਾ ਗਾਂਧੀ ਦੀ 150ਵੀਂ ਜਯੰਤੀ ਸਮੇਂ ਸਾਲ 2019 ਤਕ ਹਰ ਇਕ ਘਰ ਤਕ ਪੂਰਨ ਸਵੱਛਤਾ (ਮੁਕੰਮਲ ਸਫ਼ਾਈ) ਦੀ ਸਹੂਲਤ ਪਹੁੰਚਾਉਣ ਦਾ ਇਰਾਦਾ ਰੱਖਦੀ ਹੈ। ਲੋਕ ਸਭਾ ਵਿਚ ਆਪਣੇ ਭਾਸ਼ਣ ਦੌਰਾਨ ਵਿੱਤ ਮੰਤਰੀ ਸ੍ਰੀ ਜੇਤਲੀ ਨੇ ਕਿਹਾ ਕਿ ਸਫ਼ਾਈ ਦੀ ਜ਼ਰੂਰਤ ਦੀ ਸਭ ਤੋਂ ਉੱਚੀ ਮਹੱਤਤਾ ਹੈ। ਕੇਂਦਰ ਸਰਕਾਰ ਆਪਣੇ ਵਿੱਤ ਵਿਚੋਂ ਸੋਮੇ ਮੁਹੱਈਆ ਕਰ ਰਹੀ ਹੈ, ਪਰ ਮੁਕੰਮਲ ਸਫ਼ਾਈ ਦਾ ਟੀਚਾ ਸਾਰਿਆਂ ਦੀ ਸਹਾਇਤਾ ਤੋਂ ਬਿਨਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

## ਚੋਣਵੇਂ ਖੇਤਰਾਂ ਵਿਚ ਪ੍ਰਤੱਖ ਵਿਦੇਸ਼ੀ ਨਿਵੇਸ਼ ਵਧਾਉਣ ਲਈ ਕਈ ਕਦਮ

ਸਰਕਾਰ ਨੇ ਕੁਝ ਚੋਣਵੇਂ ਖੇਤਰਾਂ ਵਿਚ ਪ੍ਰਤੱਖ ਵਿਦੇਸ਼ੀ ਪੂੰਜੀਕਾਰੀ ਪ੍ਰਤਿ ਹੁੰਗਾਰਾ ਦੇਣ ਲਈ ਕਈ ਕਦਮਾਂ ਦਾ ਐਲਾਨ ਕੀਤਾ ਹੈ। ਜਿਹੜੇ ਭਾਰਤੀ ਅਰਥਚਾਰੇ ਲਈ ਲਾਹੇਵੰਦ ਸਾਬਤ ਹੋ ਸਕਦੇ ਹਨ। ਵਿੱਤ ਮੰਤਰੀ ਸ੍ਰੀ ਜੇਤਲੀ ਨੇ ਕਿਹਾ ਕਿ ਰੱਖਿਆ ਖੇਤਰ ਵਿਚ ਲੋੜੀਂਦੀਆ ਚੀਜ਼ਾਂ ਬਣਾਉਣ ਲਈ ਐੱਫ ਡੀ ਆਈ ਦੀ ਮਿਕਦਾਰ ਮੌਜੂਦਾ 26 ਪ੍ਰਤਿਸ਼ਤ ਤੋਂ ਵਧਾ ਕੇ 49 ਪ੍ਰਤਿਸ਼ਤ ਕਰਨ ਦੀ ਤਜਵੀਜ਼ ਹੈ ਅਤੇ ਇਸ ਵਿਚ ਐੱਫ ਆਈ ਪੀ ਬੀ ਤਰੀਕੇ ਨਾਲ ਪੂਰਾ ਪ੍ਰਬੰਧਕੀ ਤੇ ਹੋਰ ਨਿਯੰਤ੍ਰਣ ਭਾਰਤ ਦੇ ਹੱਥਾਂ ਵਿਚ ਹੋਵੇਗਾ। ਇਸੇ ਤਰ੍ਹਾਂ ਹੀ ਐੱਫ ਆਈ ਪੀ ਬੀ ਰਾਹੀਂ ਪੂਰੇ ਭਾਰਤੀ ਪ੍ਰਬੰਧ 'ਤੇ ਨਿਯੰਤ੍ਰਣ ਹੇਠ ਬੀਮਾ ਖੇਤਰ ਵਿਚ ਵੀ ਪ੍ਰਤੱਖ ਵਿਦੇਸ਼ੀ ਨਿਵੇਸ਼ ਦੀ ਮਿਕਦਾਰ ਮੌਜੂਦਾ 26 ਪ੍ਰਤਿਸ਼ਤ ਤੋਂ ਵਧਾ ਕੇ 49 ਪ੍ਰਤਿਸ਼ਤ ਕਰਨ ਦੀ ਬੜੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਹੈ।

ਸਮਾਰਟ ਸ਼ਹਿਰਾਂ ਦੇ ਵਿਕਾਸ ਪ੍ਰਤਿ ਹਾਂ ਪੱਖੀ ਹੁੰਗਾਰਾ ਦੇਣ ਲਈ ਐੱਫ ਡੀ ਆਈ ਲਈ ਉਸਾਰੇ ਹੋਏ ਖੇਤਰ ਦੀ ਜ਼ਰੂਰਤ 50 ਹਜ਼ਾਰ ਵਰਗ ਮੀਟਰ ਤੋਂ ਘਟਾ ਕੇ 20 ਹਜ਼ਾਰ ਵਰਗ ਮੀਟਰ ਕੀਤੀ ਜਾ ਰਹੀ ਹੈ ਅਤੇ ਪੂੰਜੀ 1 ਕਰੋੜ ਅਮਰੀਕੀ ਡਾਲਰ ਤੋਂ ਘਟਾ ਕੇ 50 ਲੱਖ ਅਮਰੀਕੀ ਡਾਲਰ ਕੀਤੀ ਜਾ ਰਹੀ ਹੈ ਅਤੇ ਇਸ ਦੇ ਮੁਕੰਮਲ ਹੋਣ ਤੋਂ 3 ਸਾਲ ਬਾਅਦ ਤਕ ਇਸ ਦੀ ਪਾਬੰਦੀ ਲਾਗੂ ਰਹੇਗੀ। ਇਸ ਪ੍ਰਾਜੈਕਟ ਨੂੰ ਹੋਰ ਹੁੰਗਾਰਾ ਦੇਣ ਲਈ ਇਸ ਵਿਚੋਂ ਘੱਟੋ-ਘੱਟ 30 ਪ੍ਰਤਿਸ਼ਤ ਰਕਮ ਘੱਟ ਲਾਗਤ ਦੇ ਮਕਾਨ ਉਸਾਰਨ ਲਈ ਘੱਟੋ-ਘੱਟ ਉਸਾਰੀ ਖੇਤਰ ਤੇ ਪੂੰਜੀਕਾਰੀ ਲੋੜਾਂ ਲਈ ਛੋਟ ਪ੍ਰਾਪਤ ਕਰੇਗੀ। ਇਸ 'ਤੇ ਵੀ 3 ਸਾਲਾਂ ਲਈ ਪਾਬੰਦੀ ਲੱਗੀ ਰਹੇਗੀ।

ਵਸਤ ਨਿਰਮਾਣ ਬਾਰੇ ਵਿੱਤ ਮੰਤਰੀ ਨੇ ਐਲਾਨ ਕੀਤਾ ਕਿ ਵਸਤ ਨਿਰਮਾਣ ਯੂਨਿਟ ਆਪਣੀ ਪੈਦਾਵਾਰ ਈ.ਵਣਜ ਪਲੇਟਫਾਰਮ ਰਾਹੀਂ ਬਿਨਾਂ ਕਿਸੇ ਵਧੀਕ ਮਨਜ਼ੂਰੀ ਲਏ ਪ੍ਰਚੂਨ ਵਿਚ ਵੇਚ ਸਕਣਗੇ। ਵਸਤ ਨਿਰਮਾਣ ਖੇਤਰ ਵਿਚ ਪ੍ਰਤੱਖ ਵਿਦੇਸ਼ੀ ਨਿਵੇਸ਼ ਅਜੋਕੇ ਸਮੇਂ ਵਿਚ ਆਪਣੇ ਆਪ ਆ ਰਿਹਾ ਹੈ।

## ਕੁਝ ਚੀਜ਼ਾਂ 'ਤੇ ਮੂਲ ਕਸਟਮ ਪੂੰਜੀ ਘਟਾਉਣ ਦੀ ਤਜਵੀਜ਼

2014-15 ਦੇ ਆਮ ਬਜਟ ਵਿਚ ਕੁਝ ਚੀਜ਼ਾਂ 'ਤੇ ਮੂਲ ਦਰਾਮਦ ਡਿਊਟੀ ਘਟਾਉਣ ਦੀ ਤਜਵੀਜ਼ ਹੈ ਤਾਂ ਕਿ ਘਰੇਲੂ ਨਿਰਮਾਣ ਦੀਆਂ ਵਸਤਾਂ ਨੂੰ ਵਧੇਰੇ ਉਤਸ਼ਾਹ ਦਿਤਾ ਜਾ ਸਕੇ। ਪੈਟਰੋ ਰਸਾਇਣਕ ਖੇਤਰ ਵਿਚ ਨਵੇਂ ਨਿਵੇਸ਼ ਅਤੇ ਸਮਰੱਥਾ ਵਧਾਉਣ ਲਈ ਮੂਲ ਦਰਾਮਦ ਡਿਊਟੀ ਘਟਾਈ ਗਈ ਹੈ। ਇਹ ਐਲਾਨ ਕੇਂਦਰੀ ਵਿਤ ਮੰਤਰੀ ਨੇ ਆਪਣੇ ਬਜਟ ਭਾਸ਼ਣ ਦੌਰਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਘਰੇਲੂ ਪੱਧਰ 'ਤੇ ਇਲੈਕਟ੍ਰਾਨਿਕ ਵਸਤਾਂ ਦੀ ਪੈਦਾਵਾਰ ਵਧਾਉਣ ਲਈ ਤੇ ਦਰਾਮਦ 'ਤੇ ਆਪਣੀ ਨਿਰਭਰਤਾ ਘਟਾਉਣ ਲਈ ਕੁਝ ਕਦਮ ਚੁੱਕਣ ਦੀ ਤਜਵੀਜ਼ ਹੈ। ਇਨ੍ਹਾਂ ਵਿਚ ਆਈ ਟੀ ਸਮਝੌਤੇ ਦੇ ਦਾਇਰੇ ਤੋਂ ਬਾਹਰ ਦੀਆਂ ਕੁਝ ਵਸਤਾਂ 'ਤੇ ਮੂਲ ਦਰਾਮਦ ਡਿਊਟੀ ਲਗਾਉਣਾ, ਪੀ ਸੀ ਵਸਤ ਨਿਰਮਾਣ ਵਿਚ ਐੱਸ ਏ ਡੀ ਤੋਂ ਇਨ੍ਹਾਂ ਵਿਚ ਕੰਮ ਆਉਂਦੀਆਂ ਵਸਤਾਂ 'ਤੇ ਹਿੱਸੇ ਪੁਰਜ਼ਿਆਂ 'ਤੇ ਛੋਟ ਦੇਣਾ ਅਤੇ ਬਰਾਬਰ ਲਿਆਉਣ ਲਈ ਦਰਾਮਦ ਕੀਤੀਆਂ ਇਲੈਕਟ੍ਰਾਨਿਕ ਵਸਤਾਂ 'ਤੇ ਵਿੱਦਿਆ ਸੈਸ ਲਗਾਉਣਾ ਸ਼ਾਮਿਲ ਹੈ।

ਕੈਥੋੜ ਕਿਰਨਾਂ ਵਾਲੇ ਟੀ.ਵੀ. ਸਸਤੇ ਕਰਨ ਲਈ ਦਰਾਮਦ ਡਿਊਟੀ ਤੋਂ ਰੰਗੀਨ ਪਿਕਚਰ ਟਿਊਬਾਂ 'ਤੇ ਛੋਟ ਦਿਤੀ ਗਈ ਹੈ ਤਾਂ ਕਿ ਕਮਜ਼ੋਰ ਤਬਕੇ ਦੇ ਲੋਕ ਇਨ੍ਹਾਂ ਦੀ ਖਰੀਦ ਕਰ ਸਕਣ। ਭਾਰਤ ਵਿਚ 19 ਇੰਚ ਤੋਂ ਘੱਟ ਵਾਲੇ ਐੱਲ ਸੀ ਡੀ ਅਤੇ ਐੱਲ ਈ ਡੀ ਟੀ.ਵੀ. ਸੈੱਟ ਬਣਾਉਣ ਲਈ ਉਤਸ਼ਾਹ ਦੇਣ ਵਾਸਤੇ ਡਿਊਟੀ 10 ਪ੍ਰਤਿਸ਼ਤ ਲਗਦੀ ਸੀ, ਜਿਹੜੀ ਹੁਣ ਖਤਮ ਕੀਤੀ ਗਈ ਹੈ। ਸਟੇਨਲੈੱਸ ਸਟੀਲ ਦੇ ਦਰਾਮਦ ਵਾਲੇ ਫਲੈਟ ਰੋਲ ਮਾਲ 'ਤੇ ਕਸਟਮ ਡਿਊਟੀ 5 ਪ੍ਰਤਿਸ਼ਤ ਤੋਂ ਵਧਾ ਕੇ 7.50 ਪ੍ਰਤਿਸ਼ਤ ਕੀਤੀ ਗਈ ਹੈ ਅਤੇ ਸੂਰਜੀ ਸ਼ਕਤੀ ਪੈਦਾਵਾਰ ਲਈ ਕੋਈ ਪ੍ਰਾਜੈਕਟ ਲਗਾਉਣ ਵਾਸਤੇ ਲੋੜੀਂਦੇ ਯੰਤਰਾਂ ਤੇ ਮਸ਼ੀਨਰੀ ਲਈ 5 ਪ੍ਰਤਿਸ਼ਤ ਦੀ ਰਿਆਇਤੀ ਡਿਊਟੀ ਲਗਾਈ ਗਈ ਹੈ। ਬਜਟ ਵਿਚ ਹਵਾ ਨਾਲ ਚੱਲਣ ਵਾਲੇ ਬਿਜਲੀ ਜਨਰੇਟਰਾਂ ਦੇ ਬੈਰਿੰਗ ਬਣਾਉਣ ਲਈ ਵਰਤੇ ਜਾਂਦੇ ਸਟੀਲ ਦੇ ਰਿੰਗਜ਼ 'ਤੇ ਡਿਊਟੀ 10 ਪ੍ਰਤਿਸ਼ਤ ਤੋਂ ਘਟਾ ਕੇ 5 ਪ੍ਰਤਿਸ਼ਤ ਕਰਨ ਦੀ ਤਜਵੀਜ਼ ਹੈ। ਬਾਇਓਗੈਸ ਪਲਾਂਟ ਲਗਾਉਣ ਲਈ ਲੋੜੀਂਦੀ ਮਸ਼ੀਨਰੀ ਅਤੇ ਯੰਤਰਾਂ 'ਤੇ 5 ਪ੍ਰਤਿਸ਼ਤ ਡਿਊਟੀ ਰਿਆਇਤੀ ਕਸਟਮ ਡਿਊਟੀ ਲਗਾਉਣ ਦੀ ਤਜਵੀਜ਼ ਹੈ।

ਵਸਤਾਂ ਪਕਾਉਣ ਵਾਲੇ ਕੋਲੇ 'ਤੇ ਲਗਦੀ ਡਿਊਟੀ ਵਾਂਗ ਮੈਟਲਰਜੀਕਲ ਕੋਲੇ 'ਤੇ ਕਸਟਮ ਡਿਊਟੀ ਹੁਣ 2.5 ਪ੍ਰਤਿਸ਼ਤ ਕੀਤੀ ਗਈ ਹੈ ਜਦ ਕਿ ਪਹਿਲਾਂ ਇਹ ਡਿਊਟੀ ਨਹੀਂ ਸੀ। ਬਣੇ ਬਣਾਏ ਕੱਪੜਿਆਂ ਲਈ ਬਰਾਮਦ ਡਿਊਟੀ ਮਾਲ ਦੀ ਕੀਮਤ 'ਤੇ 3 ਪ੍ਰਤਿਸ਼ਤ ਤੋਂ ਵਧਾ ਕੇ 5 ਪ੍ਰਤਿਸ਼ਤ ਕੀਤੀ ਗਈ ਹੈ ਤਾਂ ਕਿ ਦਰਾਮਦ ਨੂੰ ਘਟਾਇਆ ਜਾ ਸਕੇ।

ਬੋਕਸਾਈਟ 'ਤੇ ਬਰਾਮਦ ਡਿਊਟੀ 10

ਪ੍ਰਤਿਸ਼ਤ ਤੋਂ ਵਧਾ ਕੇ ਦੁੱਗਣੀ ਯਾਨਿ 20 ਪ੍ਰਤਿਸ਼ਤ ਕੀਤੀ ਗਈ। ਮੁਸਾਫ਼ਰਾਂ ਨੂੰ ਸਹੂਲਤ ਲਈ ਮੁਫ਼ਤ ਸਾਮਾਨ ਭੱਤਾ 35 ਹਜ਼ਾਰ ਰੁਪਏ ਤੋਂ ਵਧਾ ਕੇ 45 ਹਜ਼ਾਰ ਰੁਪਏ ਕੀਤਾ ਗਿਆ ਹੈ। ਡੱਬਾਬੰਦ ਮਾਲ ਬਣਾਉਣ ਦੀ ਸਮਰੱਥਾ ਵਧਾਉਣ ਵਾਸਤੇ ਹੁੰਗਾਰਾ ਦੇਣ ਲਈ ਕੁਝ ਖ਼ਾਸ ਖਾਣ ਦੀਆਂ ਚੀਜ਼ਾਂ ਡੱਬਾਬੰਦ ਕਰਨ ਵਾਲੀਆਂ ਅਤੇ ਪੈਕਿੰਗ ਕਰਨ ਵਾਲੀਆਂ ਮਸ਼ੀਨਾਂ 'ਤੇ ਪੈਦਾਵਾਰੀ ਡਿਊਟੀ 10 ਪ੍ਰਤਿਸ਼ਤ ਤੋਂ ਘਟਾ ਕੇ 6 ਪ੍ਰਤਿਸ਼ਤ ਕਰਨ ਦੀ ਤਜਵੀਜ਼ ਹੈ। ਤੰਬਾਕੂ ਦੀਆਂ ਬਣੀਆਂ ਵਸਤਾਂ 'ਤੇ ਪੈਦਾਵਾਰੀ ਡਿਊਟੀ 50 ਪ੍ਰਤਿਸ਼ਤ ਤੋਂ ਵਧਾ ਕੇ 55 ਪ੍ਰਤਿਸ਼ਤ, ਗੁਟਕਾ ਤੇ ਚਬਾਉਣ ਵਾਲੇ ਤੰਬਾਕੂ 'ਤੇ ਪੈਦਾਵਾਰੀ ਡਿਊਟੀ 60 ਪ੍ਰਤਿਸ਼ਤ ਤੋਂ ਵਧਾ ਕੇ 70 ਪ੍ਰਤਿਸ਼ਤ ਕਰਨ ਦੀ ਤਜਵੀਜ਼ ਹੈ। ਸਾਫ਼-ਸੁਥਰੇ ਵਾਤਾਵਰਨ ਲਈ ਪਹਿਲਕਦਮੀ ਕਰਦਿਆਂ ਵਧੇਰੇ ਪੈਸਾ ਦੇਣ ਵਾਸਤੇ ਸਾਫ਼ ਊਰਜਾ ਸੈਸ ਪ੍ਰਤਿ ਟਨ 50 ਰੁਪਏ ਤੋਂ ਵਧਾ ਕੇ 100 ਰੁਪਏ ਕੀਤਾ ਗਿਆ ਹੈ।

ਵਿੱਤ ਮੰਤਰੀ ਨੇ ਰੇਡੀਓ ਟੈਕਸੀ ਵਲੋਂ ਦਿਤੀਆਂ ਜਾਂਦੀਆਂ ਸੇਵਾਵਾਂ ਨੂੰ ਸਰਵਿਸ ਟੈਕਸ ਦੇ ਦਾਇਰੇ ਵਿਚ ਲਿਆਉਣ ਦਾ ਐਲਾਨ ਵੀ ਕੀਤਾ ਹੈ। ਉਨ੍ਹਾਂ ਕਿਹਾ ਕਿ ਏਅਰਕੰਡੀਸ਼ਨ ਵਾਲੀਆਂ ਠੇਕੇ ਦੀਆਂ ਮੋਟਰ ਗੱਡੀਆਂ ਵਲੋਂ ਦਿਤੀ ਜਾਂਦੀ ਸੇਵਾ ਅਤੇ ਮਨੁੱਖੀ ਵਰਤੋਂ ਲਈ ਨਵੀਆਂ ਵਿਕਸਤ ਕੀਤੀਆਂ ਦਵਾਈਆਂ ਦੀ ਤਕਨੀਕੀ ਪਰਖ ਕਰਨ ਦੀ ਸੇਵਾ ਨੂੰ ਵੀ ਸੇਵਾ ਟੈਕਸ ਦੇ ਦਾਇਰੇ ਵਿਚ ਲਿਆਉਣ ਦੀ ਤਜਵੀਜ਼ ਹੈ। ਬਾਹਰੋਂ ਆਉਂਦੇ ਸੈਲਾਨੀਆਂ ਲਈ ਭਾਰਤੀ ਟੂਰ ਅਪ੍ਰੇਟਰਾਂ ਵਲੋਂ ਦਿਤੀਆਂ ਜਾਂਦੀਆਂ ਸੇਵਾਵਾਂ ਜਿਹੜੀਆਂ ਕਿ ਭਾਰਤ ਤੋਂ ਪੂਰੀ ਤਰ੍ਹਾਂ ਬਾਹਰ ਹੁੰਦੀਆਂ ਹਨ, ਉਨ੍ਹਾਂ ਨੂੰ ਟੈਕਸ ਦੇ ਦਾਇਰੇ ਤੋਂ ਬਾਹਰ ਰੱਖਿਆ ਜਾਵੇਗਾ। ਸ੍ਰੀ ਜੇਤਲੀ ਨੇ ਕਿਹਾ ਕਿ ਕਰਮਚਾਰੀ ਰਾਜ ਬੀਮਾ ਕਾਰਪੋਰੇਸ਼ਨ ਵਲੋਂ ਪਹਿਲੀ ਜੁਲਾਈ 2012 ਤੋਂ ਪਹਿਲਾਂ ਦਿਤੀਆਂ ਸੇਵਾਵਾਂ ਨੂੰ ਸੇਵਾ ਟੈਕਸ ਭੁਗਤਾਨ ਦੀ ਛੋਟ ਦਿਤੀ ਗਈ ਹੈ।

ਸ੍ਰੀ ਜੇਤਲੀ ਨੇ ਕਿਹਾ ਕਿ ਅਪੀਲਾਂ ਨਿਪਟਾਉਣ ਲਈ ਦਰਾਮਦ ਤੇ ਕੇਂਦਰੀ ਪੈਦਾਵਾਰੀ ਐਕਟ ਵਿਚ ਸੋਧ ਕੀਤੀ ਜਾਵੇਗੀ ਤਾਂ ਕਿ ਇਹ ਛੇਤੀ ਨਜਿੱਠੀਆਂ ਜਾ ਸਕਣ। ਉਨ੍ਹਾਂ ਕਿਹਾ ਕਿ ਸਰਕਾਰ ਨੇ ਵਸਤ ਸੇਵਾ ਟੈਕਸ ਛੇਤੀ ਤੋਂ ਛੇਤੀ ਲਾਗੂ ਕਰਨ ਦਾ ਵਚਨ ਦਿਤਾ ਹੋਇਆ ਹੈ ਅਤੇ ਰਾਜਾਂ ਨਾਲ ਪਹਿਲਾਂ ਉਠਾਏ ਮਸਲਿਆਂ ਨੂੰ ਛੇਤੀ ਹੱਲ ਕਰ ਲਿਆ ਜਾਵੇਗਾ।

- ***ਅੰਮ੍ਰਿਤਸਰ ਸਮੇਤ ਪੰਜ ਸੈਰ ਸਪਾਟਾ ਖੇਤਰ ਬਣਾਉਣ ਲਈ 500 ਕਰੋੜ ਰੁਪਏ ਦਾ ਪ੍ਰਬੰਧ***
- ***ਧਾਰਮਿਕ ਅਤੇ ਵਿਰਾਸਤ ਸ਼ਹਿਰਾਂ ਲਈ 'ਪ੍ਰਸਾਦ' ਅਤੇ 'ਹਿਰਦਯ' ਵਿਸ਼ੇਸ਼ ਪ੍ਰੋਗਰਾਮ ਸ਼ੁਰੂ***

ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਣ ਵਿਚ ਅੰਮ੍ਰਿਤਸਰ ਸਮੇਤ ਪੰਜ ਸੈਰ ਸਪਾਟਾ ਖੇਤਰ ਬਣਾਉਣ ਲਈ 500 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ। ਇਸ ਦਾ ਮਕਸਦ ਸੈਰਸਪਾਟਾ ਨੂੰ ਹੱਲਾਸ਼ੇਰੀ ਦੇਣਾ ਹੈ। ਸ਼ਹਿਰਾਂ ਦੀ ਵਿਰਾਸਤ ਦੇ ਬਚਾਅ ਅਤੇ ਸੁਰੱਖਿਆ ਲਈ ਰਾਸ਼ਟਰੀ ਵਿਰਾਸਤ ਸ਼ਹਿਰ ਵਿਕਾਸ ਪ੍ਰੋਤਸਾਹਨ ਯੋਜਨਾ 'ਹਿਰਦਯ' ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ ਹੈ। ਇਸ ਪ੍ਰੋਗਰਾਮ ਵਿਚ ਮਥੁਰਾ, ਅੰਮ੍ਰਿਤਸਰ, ਗਯਾ, ਕਾਂਚੀਪੁਰਮ, ਵੇਲਨਕਣੀ ਅਤੇ ਅਜਮੇਰ ਵਰਗੇ ਸ਼ਹਿਰਾਂ ਵਿਚ ਸ਼ੁਰੂ ਕੀਤਾ ਜਾਵੇਗਾ। ਇਸ ਲਈ ਬਜਟ ਵਿਚ 200 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ।

ਰਾਸ਼ਟਰੀ ਧਾਰਮਿਕ ਕਾਇਆਕਲਪ ਅਤੇ ਅਧਿਆਤਮਿਕ ਪ੍ਰੋਤਸਾਹਨ ਮੁਹਿੰਮ 'ਪ੍ਰਸਾਦ' ਮਿਸ਼ਨ ਸ਼ੁਰੂ ਕੀਤਾ ਜਾਵੇਗਾ। ਇਸ ਲਈ ਬਜਟ ਵਿਚ 100 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਵਿੱਤ ਮੰਤਰੀ ਨੇ ਦੱਸਿਆ ਕਿ ਪੁਰਾਤੱਤਵ ਥਾਵਾਂ ਦੀ ਸਾਂਭ-ਸੰਭਾਲ ਲਈ ਵੀ 100 ਕਰੋੜ ਰੁਪਏ ਦੀ ਵਿਵਸਥਾ ਕੀਤੀ ਹੈ। ਵਿੱਤ ਮੰਤਰੀ ਨੇ ਮੁੱਖ ਅੰਤਰਰਾਸ਼ਟਰੀ ਸੰਮੇਲਨ ਕੇਂਦਰ ਦੇ ਤੌਰ ਤੇ ਉੱਭਰ ਰਹੇ ਗੋਆ ਦੇ ਮਹੱਤਵ ਦਾ ਜ਼ਿਕਰ ਕਰਦਿਆਂ ਕਿਹਾ ਕਿ ਰਾਜ ਵਿਚ ਅੰਤਰਰਾਸ਼ਟਰੀ ਪੱਧਰੀ ਸੰਮੇਲਨ ਸਹੂਲਤਾਂ ਵਿਕਸਤ ਕਰਨ ਦੀ ਲੋੜ ਹੈ।

## ਬੇਟੀ ਬਚਾਓ ਤੇ ਬੇਟੀ ਪੜ੍ਹਾਓ ਯੋਜਨਾ ਸ਼ੁਰੂ ਕਰਨ ਦਾ ਪ੍ਰਸਤਾਵ

ਵਿੱਤ ਮੰਤਰੀ ਨੇ ਦੱਸਿਆ ਕਿ ਭਾਰਤ ਬਾਜ਼ਾਰ ਅਰਥਵਿਵਸਥਾਵਾਂ ਵਿਚ ਪ੍ਰਮੁੱਖ ਦੇਸ਼ ਦੇ ਤੌਰ ਤੇ ਉੱਭਰ ਰਿਹਾ ਹੈ। ਪਰ ਬਾਲੜੀਆਂ ਨਾਲ ਹੁਣ ਵੀ ਦੇਸ਼ ਦੇ ਕਈ ਹਿੱਸਿਆਂ ਵਿਚ ਭੇਦਭਾਵ ਕੀਤਾ ਜਾਂਦਾ ਹੈ। ਇਸ ਲਈ ਬੇਟੀ ਬਚਾਓ ਤੇ ਬੇਟੀ ਪੜ੍ਹਾਓ ਯੋਜਨਾ ਸ਼ੁਰੂ ਕਰਨ ਲਈ 100 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ।

ਮਹਿਲਾ ਸੁਰੱਖਿਆ ਲਈ ਯੋਜਨਾ ਸ਼ੁਰੂ ਕਰਨ ਲਈ ਸੜਕੀ ਆਵਾਜਾਈ ਤੇ ਰਾਜ ਮਾਰਗ ਮੰਤਰਾਲਾ ਵਲੋਂ 50 ਕਰੋੜ ਰੁਪਏ ਖਰਚ ਕੀਤੇ ਜਾਣਗੇ। ਸਰਕਾਰ ਬਾਲੜੀਆਂ ਤੇ ਮਹਿਲਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਬਣਾਉਣ ਲਈ ਵਿਸ਼ੇਸ਼ ਮੁਹਿੰਮ ਚਲਾਏਗੀ। ਮਹਿਲਾ ਪੁਰਸ਼ ਵਿਚਾਲੇ ਭੇਦਭਾਵ ਨੂੰ ਦੂਰ ਕਰਨ ਲਈ ਸਕੂਲਾਂ ਦੇ ਸਿਲੇਬਸ ਵਿਚ ਵਿਸ਼ੇਸ਼ ਅਧਿਆਏ ਸ਼ਾਮਿਲ ਕੀਤਾ ਜਾਵੇਗਾ।

## ਸਮੁਦਾਇਕ ਰੇਡੀਓ ਕੇਂਦਰਾਂ ਵਾਸਤੇ ਨਵੀਂ ਯੋਜਨਾ ਲਈ 100 ਕਰੋੜ ਰੁਪਏ

ਦੇਸ਼ ਵਿਚ ਸਮੁਦਾਇਕ ਰੇਡੀਓ ਕੇਂਦਰਾਂ ਦੀ ਸਥਾਪਨਾ ਲਈ ਲਗਭਗ 400 ਮਨਜ਼ੂਰੀਆਂ ਦਿਤੀਆਂ ਗਈਆਂ ਹਨ। ਵਿੱਤ ਮੰਤਰੀ ਨੇ ਆਮ ਬਜਟ ਪੇਸ਼ ਕਰਦਿਆਂ ਕਿਹਾ ਕਿ ਇਸ ਖੇਤਰ ਦੇ ਵਿਕਾਸ ਨੂੰ ਹੱਲਾਸ਼ੇਰੀ ਦੇਣ ਲਈ 100 ਕਰੋੜ ਰੁਪਏ ਦੀ ਇਕ ਨਵੀਂ ਯੋਜਨਾ ਸ਼ੁਰੂ ਕੀਤੀ ਜਾ ਰਹੀ ਹੈ। ਇਹ ਯੋਜਨਾ ਲਗਭਗ 600 ਨਵੇਂ ਅਤੇ ਮੌਜੂਦਾ ਸਮੁਦਾਇਕ ਰੇਡੀਓ ਸਟੇਸ਼ਨਾਂ ਲਈ ਵਿੱਤੀ ਸਹਾਇਤਾ ਉਪਲਬਧ ਕਰਵਾਏਗੀ।

## ਖੁਰਾਕ ਖੇਤਰ ਵਿਚ ਸੁਧਾਰ ਲਿਆਉਣ ਲਈ ਸਰਕਾਰ ਵਚਨਬੱਧ

ਕੇਂਦਰੀ ਵਿੱਤ ਮੰਤਰੀ ਸ੍ਰੀ ਜੇਤਲੀ ਨੇ ਬਜਟ ਪੇਸ਼ ਕਰਦਿਆਂ ਕਿਹਾ ਕਿ ਸਰਕਾਰ ਖੁਰਾਕ ਖੇਤਰ ਵਿਚ ਸੁਧਾਰ ਲਿਆਉਣ ਲਈ ਵਚਨਬੱਧ ਹੈ। ਭਾਰਤੀ ਖੁਰਾਕ ਨਿਗਮ ਦੀ ਮੁੜ ਸੰਰਚਨਾ ਕਰਨ ਅਤੇ ਜਨਤਕ ਵੰਡ ਪ੍ਰਣਾਲੀ ਸੰਬੰਧੀ ਕਮੀਆਂ ਘੱਟ ਕਰਨ ਅਤੇ ਉਨ੍ਹਾਂ ਦੀ ਸਮਰੱਥਾ ਵਧਾਉਣ ਨੂੰ ਪਹਿਲ ਦਿਤੀ ਜਾਵੇਗੀ। ਸਮਾਜ ਦੇ ਕਮਜ਼ੋਰ ਵਰਗਾਂ ਨੂੰ ਉੱਚਿਤ ਕੀਮਤਾਂ ਉਤੇ ਕਣਕ ਅਤੇ ਚੌਲ ਉਪਲਬਧ ਕਰਵਾਉਣ ਲਈ ਸਰਕਾਰ ਵਚਨਬੱਧ ਹੈ। ਕੀਮਤਾਂ ਨੂੰ ਨਿਯੰਤ੍ਰਣ ਵਿਚ ਰੱਖਣ ਲਈ ਸਰਕਾਰ ਲੋੜ ਪੈਣ 'ਤੇ ਖੁੱਲ੍ਹਾ ਬਾਜ਼ਾਰ ਵਿੱਕਰੀ ਸ਼ੁਰੂ ਕਰੇਗੀ।

## ਪੂਰਬ ਉੱਤਰ ਲਈ 24×7 ਚੈਨਲ 'ਅਰੁਣਪ੍ਰਭਾ' ਸ਼ੁਰੂ ਕੀਤਾ ਜਾਵੇਗਾ

ਕੇਂਦਰੀ ਵਿੱਤ ਮੰਤਰੀ ਨੇ ਲੋਕ ਸਭਾ ਵਿਚ ਬਜਟ ਪੇਸ਼ ਕਰਦਿਆਂ ਕਿਹਾ ਕਿ ਸਭਿਆਚਾਰ

ਅਤੇ ਭਾਸ਼ਾਈ ਦੂਰੀ ਨੂੰ ਸਸ਼ਕਤ ਮਾਧਿਅਮ ਮੁਹੱਈਆ ਕਰਵਾਉਣ ਦੀ ਦ੍ਰਿਸ਼ਟੀ ਨਾਲ 24 ਘੰਟੇ ਦਾ ਚੈਨਲ ਅਰੁਣਪ੍ਰਭਾ ਸ਼ੁਰੂ ਕੀਤਾ ਜਾਵੇਗਾ। ਦੇਸ਼ ਦੀ ਭਿੰਨਤਾ ਪ੍ਰਤਿ ਵੱਧ ਜਾਗਰੂਕਤਾ ਪੈਦਾ ਕਰਨ ਅਤੇ ਸਭਿਆਚਾਰਕ ਪਛਾਣ ਲਈ ਟੈਲੀਵੀਜ਼ਨ ਇਕ ਸਸ਼ਕਤ ਅਤੇ ਪ੍ਰਭਾਵਸ਼ਾਲੀ ਮਾਧਿਅਮ ਹੈ।

## 2022 ਤਕ ਸਭ ਲਈ ਘਰ

ਕੇਂਦਰੀ ਵਿੱਤ ਮੰਤਰੀ ਨੇ ਬਜਟ ਪੇਸ਼ ਕਰਦਿਆਂ ਕਿਹਾ ਕਿ ਸਰਕਾਰ ਘਰਾਂ ਲਈ ਕਰਜ਼ੇ ਉਤੇ ਵਾਧੂ ਕਰ ਪ੍ਰੋਤਸਾਹਨ ਨੂੰ ਵਧਾ ਕੇ ਸਾਲ 2022 ਤਕ ਸਾਰਿਆਂ ਲਈ ਆਵਾਸ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸ਼ਹਿਰੀ ਗਰੀਬੀ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਤੇ ਘੱਟ ਆਮਦਨ ਵਰਗਾਂ ਨੂੰ ਸਸਤੇ ਆਵਾਸ ਲਈ ਸਸਤਾ ਕਰਜ਼ਾ ਪ੍ਰਦਾਨ ਕਰਨ ਦੇ ਉਦੇਸ਼ ਨਾਲ ਰਾਸ਼ਟਰੀ ਆਵਾਸ ਬੈਂਕ ਲਈ 4 ਹਜ਼ਾਰ ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ। ਇਸ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਸਹੂਲਤ ਵਰਗੀਆਂ ਕੁਝ ਹੋਰ ਪਹਿਲਾਂ ਕੀਤੀਆਂ ਗਈਆਂ ਹਨ। ਸਾਲ 2014-15 ਵਿਚ ਗ੍ਰਾਮੀਣ ਆਵਾਸ ਯੋਜਨਾ ਲਈ 8 ਹਜ਼ਾਰ ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ।

## ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਲਈ 1 ਹਜ਼ਾਰ ਕਰੋੜ ਰੁਪਏ

ਸਰਕਾਰ ਨੇ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ ਸ਼ੁਰੂ ਕਰਨ ਦਾ ਪ੍ਰਸਤਾਵ ਕੀਤਾ ਹੈ। ਵਿੱਤ ਮੰਤਰੀ ਨੇ ਲੋਕ ਸਭਾ ਵਿਚ ਐਲਾਨ ਕਰਦਿਆਂ ਕਿਹਾ ਕਿ ਕਿਸਾਨਾਂ ਦੇ ਜੋਖਿਮ ਨੂੰ ਖ਼ਤਮ ਕਰਨ ਲਈ ਨਿਸ਼ਚਿਤ ਸਿੰਜਾਈ ਦੀ ਲੋੜ ਹੈ ਕਿਉਂਕਿ ਖੇਤੀ ਭੂਮੀ, ਮੀਂਹ ਅਤੇ ਮੌਨਸੂਨ ਉਤੇ ਆਧਾਰਿਤ ਹੈ। ਇਸ ਯੋਜਨਾ ਨਾਲ ਸਿੰਜਾਈ ਦੀ ਸਹੂਲਤ ਮਿਲੇਗੀ ਇਸ ਲਈ ਇਕ ਹਜ਼ਾਰ ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ।

## ਕਿਸਾਨ ਟੀ.ਵੀ. ਚੈਨਲ ਸ਼ੁਰੂ ਹੋਵੇਗਾ

ਕੇਂਦਰੀ ਵਿੱਤ ਮੰਤਰੀ ਸ੍ਰੀ ਜੇਤਲੀ ਨੇ ਆਮ ਬਜਟ 2014-15 ਪੇਸ਼ ਕਰਦਿਆਂ ਕਿਹਾ ਕਿ ਕਿਸਾਨਾਂ ਦੀ ਸਹੂਲਤ ਅਤੇ ਉਨ੍ਹਾਂ ਦੇ ਹਿੱਤਾਂ ਲਈ ਚਾਲੂ ਵਿੱਤੀ ਸਾਲ ਵਿਚ ਖੇਤੀ ਅਤੇ ਇਸ ਨਾਲ ਜੁੜੇ ਵੱਖ-ਵੱਖ ਖੇਤਰਾਂ ਲਈ ਸਮਰਪਿਤ ਕਿਸਾਨ ਟੀ.ਵੀ. ਚੈਨਲ ਸ਼ੁਰੂ ਕੀਤਾ ਜਾਵੇਗਾ। ਇਸ ਰਾਹੀਂ ਕਿਸਾਨਾਂ ਨੂੰ ਨਵੀਂ ਖੇਤੀ ਤਕਨੀਕ, ਜਲ ਬਚਾਓ, ਜੈਵਿਕ ਖੇਤੀ ਆਦਿ ਨਾਲ ਸੰਬੰਧਿਤ ਸਹੀ ਅਤੇ ਸਟੀਕ ਜਾਣਕਾਰੀਆਂ ਮਿਲਣਗੀਆਂ। ਚੈਨਲ ਲਈ 100 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ।

***• ਹਰੇਕ ਕਿਸਾਨ ਲਈ ਮਿੱਟੀ ਸਿਹਤ ਕਾਰਡ ਯੋਜਨਾ***

***• ਮਿੱਟੀ ਜਾਂਚ ਲਈ ਚਲਦੀਆਂ ਫਿਰਦੀਆਂ ਪ੍ਰਯੋਗਸ਼ਾਲਾਵਾਂ ਦੀ ਤਜਵੀਜ਼***

ਕੇਂਦਰੀ ਵਿੱਤ ਮੰਤਰੀ ਨੇ ਦੱਸਿਆ ਕਿ ਮਿੱਟੀ ਦੀ ਗੁਣਵੱਤਾ ਵਿਚ ਗਿਰਾਵਟ ਚਿੰਤਾ ਦਾ ਵਿਸ਼ਾ ਹੈ ਇਸ ਲਈ ਖੇਤੀ ਦੇ ਸਰੋਤਾਂ ਦਾ ਸਹੀ ਇਸਤੇਮਾਲ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਸਰਕਾਰ ਹਰੇਕ ਕਿਸਾਨ ਨੂੰ ਮਿੱਟੀ ਗੁਣਵੱਤਾ ਕਾਰਡ ਉਪਲਬਧ ਕਰਵਾਉਣ ਲਈ ਇਕ ਯੋਜਨਾ ਸ਼ੁਰੂ ਕਰੇਗੀ। ਇਸ ਉਦੇਸ਼ ਲਈ 100 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਦੇਸ਼ ਭਰ ਵਿਚ 100 ਮੋਬਾਇਲ ਮਿੱਟੀ ਜਾਂਚ ਪ੍ਰਯੋਗਸ਼ਾਲਾਵਾਂ ਸਥਾਪਤ ਕਰਨ ਲਈ ਵਧੀਕ 56 ਕਰੋੜ ਰੁਪਏ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

## ਪੰਜਾਬ ਸਮੇਤ ਪੰਜ ਰਾਜਾਂ ਵਿਚ ਆਈ ਆਈ ਐੱਮ ਐੱਸ ਸਥਾਪਤ ਕੀਤੇ ਜਾਣਗੇ

ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਨ ਵਿਚ ਦੱਸਿਆ ਕਿ ਪੰਜਾਬ ਸਮੇਤ ਪੰਜ ਰਾਜਾਂ ਵਿਚ ਇਕ-ਇਕ ਭਾਰਤੀ ਪ੍ਰਬੰਧਨ ਸੰਸਥਾਨ ਆਈ ਆਈ ਐੱਮ ਐੱਸ ਖੋਲ੍ਹੇ ਜਾਣਗੇ ਜਿਸ ਵਿਚ ਹਿਮਾਚਲ ਪ੍ਰਦੇਸ਼, ਪੰਜਾਬ, ਬਿਹਾਰ, ਓਡੀਸ਼ਾ ਤੇ ਰਾਜਸਥਾਨ ਸ਼ਾਮਿਲ ਹਨ।

## ਸੁਰੱਖਿਅਤ ਪੀਣਯੋਗ ਪਾਣੀ ਮੁਹੱਈਆ ਕਰਵਾਉਣ ਲਈ 3600 ਕਰੋੜ ਰੁਪਏ

ਕੇਂਦਰੀ ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਨੇ ਦੱਸਿਆ ਕਿ ਦੇਸ਼ ਵਿਚ ਪੀਣਯੋਗ ਪਾਣੀ ਦੇ ਸਰੋਤ ਫਲੋਰਾਈਡ, ਸੰਖੀਆ ਵਰਗੀਆਂ ਅਸ਼ੁੱਧੀਆਂ ਅਤੇ ਮਨੁੱਖੀ ਪ੍ਰਦੂਸ਼ਣ, ਜਲ ਮਲ ਨਿਕਾਸੀ, ਉਦਯੋਗਿਕ ਜ਼ਹਿਰੀਲੇ ਪਦਾਰਥ, ਕੀਟਨਾਸ਼ਕ ਅਤੇ ਖਾਦਾਂ ਦੇ ਕਾਰਨ ਪ੍ਰਦੂਸ਼ਿਤ ਹੈ। ਇਸ ਲਈ ਸ਼ੁੱਧ ਪਾਣੀ ਉਪਲਬਧ ਕਰਵਾਉਣ ਲਈ ਰਾਸ਼ਟਰੀ ਗ੍ਰਾਮੀਣ ਪੀਣਯੋਗ ਪਾਣੀ ਹੇਠ 3600 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ।

***• ਅੰਮ੍ਰਿਤਸਰ-ਕੋਲਕਾਤਾ ਸੱਨਅਤੀ ਗਲਿਆਰਾ ਯੋਜਨਾ ਛੇਤੀ ਮੁਕੰਮਲ***

***• ਸੱਨਅਤੀ ਗਲਿਆਰਿਆਂ ਦੇ ਨਾਲ-ਨਾਲ ਸਮਾਰਟ ਸਿਟੀ ਬਣਨਗੇ***

ਵਿੱਤ ਮੰਤਰੀ ਨੇ ਕਿਹਾ ਕਿ ਅੰਮ੍ਰਿਤਸਰ-ਕੋਲਕਾਤਾ ਸੱਨਅਤੀ ਗਲਿਆਰਾ ਯੋਜਨਾ ਨੂੰ ਛੇਤੀ ਹੀ ਮੁਕੰਮਲ ਕੀਤਾ ਜਾਵੇਗਾ ਤਾਂ ਜੋ ਇਸ ਰਸਤੇ 'ਤੇ ਪੈਂਦੇ ਰਾਜਾਂ ਵਿਚ ਸੱਨਅਤੀ ਤੌਰ ਤੇ ਸਮਾਰਟ ਸ਼ਹਿਰ ਕਾਇਮ ਕੀਤੇ ਜਾ ਸਕਣ। ਲੋਕ ਸਭਾ ਵਿਚ ਬਜਟ ਪੇਸ਼ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਮਕਸਦ ਲਈ ਰਾਸ਼ਟਰੀ ਸੱਨਅਤੀ ਗਲਿਆਰਾ ਅਥਾਰਿਟੀ ਕਾਇਮ ਕੀਤੀ ਜਾਵੇਗੀ ਜਿਸ ਦਾ ਮੁੱਖ ਦਫ਼ਤਰ ਪੁਣੇ ਵਿਚ ਹੋਵੇਗਾ। ਇਕ ਅਰਬ ਦੀ ਲਾਗਤ ਨਾਲ ਕਾਇਮ ਹੋਣ ਵਾਲੀ ਇਹ ਸੰਸਥਾ ਸੱਨਅਤੀ ਗਲਿਆਰਿਆਂ ਦੇ ਵਿਕਾਸ ਲਈ ਤਾਲਮੇਲ ਏਜੰਸੀ ਦਾ ਕੰਮ ਕਰੇਗੀ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਵਲੋਂ ਵੱਡੇ ਸ਼ਹਿਰਾਂ ਵਿਚੋਂ 100 ਸਮਾਰਟ ਸ਼ਹਿਰ ਵਿਕਸਤ ਕੀਤੇ ਜਾਣ ਦੀ ਤਜਵੀਜ਼ ਹੈ।

***ਸੂਖਮ, ਲਘੂ ਅਤੇ ਦਰਮਿਆਨੇ ਉੱਦਮਾਂ ਵਿਚ ਸੁਧਾਰ ਲਿਆਂਦਾ ਜਾਵੇਗਾ***

ਵਿੱਤ ਮੰਤਰੀ ਸ੍ਰੀ ਜੇਤਲੀ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਹੋਰਨਾਂ ਪੱਛੜੀਆਂ ਸ਼੍ਰੇਣੀਆਂ ਵਲੋਂ ਚਲਾਏ ਜਾਣ ਵਾਲੇ ਸੂਖਮ ਅਤੇ ਦਰਮਿਆਨੇ ਦਰਜੇ ਦੇ ਉੱਦਮੀ ਖੇਤਰ ਦੇ ਵਿੱਤੀ ਢਾਂਚੇ ਨੂੰ ਮਜ਼ਬੂਤ ਕੀਤੇ ਜਾਣ ਦੀ ਜ਼ਰੂਰਤ ਹੈ। ਲੋਕ ਸਭਾ ਵਿਚ ਆਪਣੀ ਬਜਟ ਤਕਰੀਰ ਦੌਰਾਨ ਉਨ੍ਹਾਂ ਕਿਹਾ ਕਿ ਇਸ ਮੰਤਵ ਲਈ ਸਰਕਾਰ ਵਲੋਂ ਇਕ ਕਮੇਟੀ ਬਣਾਏ ਜਾਣ ਦੀ ਤਜਵੀਜ਼ ਹੈ ਜਿਸ ਵਿਚ ਵਿੱਤ ਮੰਤਰਾਲਾ ਸੂਖਮ ਅਤੇ ਦਰਮਿਆਨੇ ਦਰਜੇ ਦੇ ਉੱਦਮਾਂ ਬਾਰੇ ਮੰਤਰਾਲਾ ਅਤੇ ਰਿਜ਼ਰਵ ਬੈਂਕ ਤੋਂ ਲਏ ਗਏ ਨੁਮਾਇੰਦੇ ਹੋਣਗੇ, ਜਿਹੜੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਆਪਣੇ ਸੁਝਾਅ ਦੇਣਗੇ। ਇਸ ਤੋਂ ਇਲਾਵਾ, ਇਕ ਤਕਨਾਲੋਜੀ ਵਿਕਾਸ ਫ਼ੰਡ ਕਾਇਮ ਕਰਨ ਲਈ ਸੌ ਕਰੋੜ ਰੁਪਏ ਦੀ ਮੁੱਢਲੀ ਰਕਮ ਰੱਖੀ ਗਈ ਹੈ ਜਿਸ ਨਾਲ ਸਰਕਾਰੀ ਅਤੇ ਨਿੱਜੀ ਖੇਤਰ ਦੀਆਂ ਕੰਪਨੀਆਂ ਨੂੰ ਜ਼ਰੂਰੀ ਵਸੀਲੇ ਮੁਹੱਈਆ ਕਰਵਾਏ ਜਾਣਗੇ।

*- ਪੀ.ਆਈ.ਬੀ. ਜਲੰਧਰ ਤੇ ਚੰਡੀਗੜ੍ਹ*

# ਰੇਲਵੇ ਬਜਟ 2014-15 - ਥੋੜ੍ਹਾ ਕੁ ਯਥਾਰਥਵਾਦ ਦੇ ਆਸ-ਪਾਸ

✍ ਐੱਸ ਸ੍ਰੀਰਮਨ

ਸੰਸਦ ਵਿਚ ਪੇਸ਼ ਕੀਤੇ ਗਏ ਰੇਲ-ਬਜਟ ਨੂੰ ਮਿਲਿਆ-ਜੁਲਿਆ ਹੁੰਗਾਰਾ ਪ੍ਰਾਪਤ ਹੋਇਆ ਹੈ। ਇਕ ਪਾਸੇ, ਇਸ ਬਜਟ ਨੂੰ ਠੀਕ ਸ਼ੁਰੂਆਤ ਕਰਨ ਲਈ ਵਡਿਆਇਆ ਗਿਆ ਹੈ ਜਦ ਕਿ ਇਸੇ ਸਮੇਂ ਹੀ 'ਯਥਾਰਥਵਾਦ ਦੇ ਸੰਕੇਤ', 'ਠੀਕ ਦਿਸ਼ਾ ਵਿਚ ਦ੍ਰਿੜ੍ਹਤਾ ਨਾਲ ਚੱਲਣ' ਵਾਲਾ ਵੀ ਆਖਿਆ ਗਿਆ ਹੈ। ਦੂਜੇ ਪਾਸੇ, ਇਸ ਨੂੰ ਇਸ ਟਿੱਪਣੀ ਨਾਲ ਮੱਠਾ ਹੁੰਗਾਰਾ ਮਿਲਿਆ ਹੈ ਕਿ ਇਹ ਬਜਟ ਘੱਟ ਅਮੀਰ ਵਰਗਾਂ ਦੀ ਕਿਸੇ ਵੀ ਤਰ੍ਹਾਂ ਮਦਦ ਕਰਨ ਵਾਲਾ ਨਹੀਂ, ਜੋ ਪਿਛਲੇ ਦਹਾਕੇ ਵਿਚ ਪੇਸ਼ ਕੀਤੇ ਗਏ ਰੇਲ ਬਜਟਾਂ ਦਾ ਨਮੂਨਾ ਰਿਹਾ ਹੈ। ਅਸੀਂ ਇਨ੍ਹਾਂ ਸਥਿਤੀਆਂ ਦਾ, ਬਜਟ ਅਤੇ ਇਸ ਦੇ ਪ੍ਰਸਤਾਵਾਂ ਦੀ ਸੰਖੇਪ ਸਮੀਖਿਆ ਦੌਰਾਨ, ਮੁੱਲੰਕਣ ਕਰਾਂਗੇ। ਅਸੀਂ ਵਰਤਮਾਨ ਹਾਲਾਤ ਦੇ ਮੱਦੇਨਜ਼ਰ ਸ਼ੁਰੂ ਕਰਾਂਗੇ ਜਿਸ ਨੂੰ ਕਿ ਮੰਤਰੀ ਵਲੋਂ ਚੁਨੌਤੀਆਂ ਵਜੋਂ ਪੇਸ਼ ਕੀਤਾ ਗਿਆ ਹੈ ਅਤੇ ਫਿਰ ਕੁੱਝ ਕੁ ਵਿਸ਼ੇਸ਼ ਪ੍ਰਸਤਾਵਾਂ ਦਾ ਮੁਤਾਲਿਆ ਵੀ ਕਰਾਂਗੇ।

## ਮੁੱਦੇ

ਲਗਭਗ ਇਕ ਦਹਾਕੇ ਵਿਚ ਪਹਿਲੀ ਵਾਰ, ਇਹ ਬਜਟ ਅਸਲੀਅਤ ਬਾਰੇ ਗੰਭੀਰਤਾ ਨਾਲ ਵੇਰਵੇ ਪੇਸ਼ ਕਰਦਾ ਹੈ ਅਤੇ ਸੰਸਥਾ ਦੇ ਸਾਹਮਣੇ ਅਸਲੀ ਚੁਨੌਤੀਆਂ ਬਾਰੇ ਗੱਲ ਨਹੀਂ ਕਰਦਾ ਹੈ। ਇਸ ਵਿਚ ਸਵੀਕਾਰ ਕੀਤਾ ਗਿਆ ਹੈ ਕਿ ਅੱਜ ਵੀ, ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਵੱਡੀ ਗਿਣਤੀ ਵਿਚ ਅਤੇ ਲੰਮੀ ਦੂਰੀ ਲਈ ਸਾਮਾਨ ਦੀ ਢੋ-ਢੁਆਈ ਲਈ ਰੇਲਵੇ ਵਰਗੇ ਪ੍ਰਭਾਵੀ ਸਾਧਨ ਦੀ ਕਮੀ ਹੈ। ਇਸ ਨੂੰ ਸਪੱਸ਼ਟ ਰੂਪ ਵਿਚ ਇਕ ਪ੍ਰਮੁੱਖ ਵਿਕਾਸ ਮੁਖੀ ਚੁਨੌਤੀ ਵਜੋਂ ਲਿਆ ਗਿਆ ਹੈ - ਜਿਸ ਬਾਰੇ ਨੀਤੀ ਨਿਰਮਾਤਾਵਾਂ ਦਾ ਧਿਆਨ ਪੂਰਵ ਕਾਲ ਵਿਚ ਵੀ ਆਕਰਸ਼ਿਤ ਕੀਤਾ ਜਾਂਦਾ ਰਿਹਾ ਹੈ। ਇਸ ਦਾ ਹੁੰਗਾਰਾ, ਵੱਡੀ ਯੋਜਨਾ ਤਹਿਤ ਪਿਛੜੇ ਇਲਾਕਿਆਂ ਦੇ ਵਿਕਾਸ ਲਈ, ਇਹ ਸੰਪਰਕ ਸਥਾਪਤ ਕਰਨ ਲਈ ਸਰਕਾਰ ਦੀ ਨਿਰੰਤਰ ਸਹਾਇਤਾ ਹੋਣਾ ਚਾਹੀਦਾ ਹੈ। ਇਸ ਦਾ ਸਿੱਧਾ ਮਤਲਬ ਹੋਵੇਗਾ ਬਜਟ ਸਹਾਇਤਾ ਵਧਾਉਣਾ ਜੋ ਅਸਲ ਵਿਚ, ਕੁਝ ਸਮੇਂ ਤੋਂ ਘਟਦੀ ਜਾ ਰਹੀ ਹੈ, ਇਸ ਦੇ ਨਾਲ ਹੀ ਅੰਦਰੂਨੀ ਬਚਤਾਂ ਨੂੰ ਵਧਾਉਣਾ ਜਿਨ੍ਹਾਂ 'ਤੇ ਜ਼ੋਰ ਤਾਂ ਬਹੁਤ ਦਿਤਾ ਜਾਂਦਾ ਰਿਹਾ ਹੈ ਪਰ ਕਦੇ ਗੰਭੀਰਤਾ ਨਾਲ ਨਹੀਂ ਲਿਆ ਗਿਆ, ਜਿਸ ਦਾ ਮੁੱਖ ਕਾਰਨ ਤਰਕਸੰਗਤ ਕਰ ਨੀਤੀ ਨੂੰ ਪ੍ਰਭਾਵੀ ਢੰਗ ਨਾਲ ਨਾ ਲਾਗੂ ਕਰਨਾ ਹੈ। ਪਿਛਲਾ ਮੁੱਦਾ ਵਿਸਥਾਰ ਵਿਚ ਚਰਚਾ ਕਰਨ ਲਈ ਲਿਆ ਜਾ ਰਿਹਾ ਹੈ।

ਤਰਕਸੰਗਤ ਕਰ ਨੀਤੀ ਦੀ ਅਣਹੋਂਦ ਨੂੰ ਇਕ ਵੱਡੇ ਮੁੱਦੇ ਵਜੋਂ ਦਿਖਾਇਆ ਗਿਆ ਹੈ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਤਰਕਸੰਗਤ ਪਹੁੰਚ ਹੈ ਕੀ? ਰੇਲਵੇ ਵਰਗੀ ਬਹੁ-ਉਤਪਾਦ ਫਰਮਾਂ ਦੇ ਉਤਪਾਦਾਂ ਦੀ ਕੀਮਤ ਨਿਰਧਾਰਨ ਕਰਨ ਲਈ ਨੀਤੀ ਨਿਰਮਾਤਾਵਾਂ ਨੂੰ ਲੰਮੇ ਸਮੇਂ ਤੋਂ ਕਈ ਮੁੱਦਿਆਂ ਨਾਲ ਜੂਝਣਾ ਪਿਆ ਹੈ ਜੋ ਉਦਯੋਗ ਦੀਆਂ ਮੁਢਲੀਆਂ ਆਰਥਿਕ ਵਿਸ਼ੇਸ਼ਤਾਵਾਂ ਵਿਚੋਂ ਕਰੂਰਤਾ ਪੂਰਵਕ ਬਾਹਰ ਆਉਂਦੇ ਹਨ। ਪੈਮਾਨੇ ਅਤੇ ਗੁੰਜਾਇਸ਼ ਦੀਆਂ ਸਥਾਨਕ ਆਰਥਿਕਤਾਵਾਂ ਜ਼ੋਰ ਦਿੰਦੀਆਂ ਹਨ ਕਿ ਕੀਮਤ ਨਿਰਧਾਰਨ ਲਈ ਲਾਗਤ ਦੇ ਸਿੱਧੇ ਤਰੀਕੇ ਇਸਤੇਮਾਲ ਨਹੀਂ ਕੀਤੇ ਜਾਣਗੇ। ਹੋਰ ਸਾਂਝੀਆਂ ਕੀਮਤਾਂ, ਜੋ ਗੁੰਜਾਇਸ਼ ਦੀ ਆਰਥਿਕਤਾ ਦਾ ਸਹਿਚਾਰ ਹਨ, ਨੂੰ ਨਿੱਜੀ ਉਤਪਾਦਾਂ ਨਾਲ ਬਿਨਾਂ-ਅਭਿਲਾਸ਼ਾ ਤਰੀਕੇ ਨਾਲ ਨਹੀਂ ਜੋੜਿਆ ਜਾ ਸਕਦਾ ਤਾਂ ਜੋ ਸਾਂਝੀਆਂ ਲਾਗਤਾਂ ਨੂੰ ਨਿੱਜੀ ਸੇਵਾਵਾਂ ਨਾਲ ਜੋੜਨ ਵਾਲਾ ਕੋਈ ਵੀ ਕਾਨੂੰਨ ਇਕਪਾਸੜ ਨਾ ਹੋ ਜਾਵੇ। ਅਜਿਹੇ ਇਕਪਾਸੜ ਤਰੀਕੇ ਜੋ ਪੂਰੀ ਤਰ੍ਹਾਂ ਵੰਡਾਈ (ਜਾਂ ਪੂਰੀ ਤਰ੍ਹਾਂ ਵੰਡਾਈ ਲਾਗਤਾਂ) ਸੀਮਾਂਤ ਲਾਗਤ ਦੇ ਉਪਾਵਾਂ ਦੀ ਥਾਂ ਨਹੀਂ ਲੈ ਸਕਦੀਆਂ ਕਿਉਂਕਿ ਉਪਯੁਕਤ ਕੀਮਤ ਨਿਰਧਾਰਨ ਲਈ ਫ਼ੈਸਲਾ ਲੈਣ ਅਤੇ ਸਿਰਫ਼ ਲਾਗਤ ਆਧਾਰਤ ਅਨੁਮਾਨ ਦੀ ਤਲਾਸ਼ ਉੱਤਮ ਮੁਕਾਬਲੇ ਦੇ ਮਾਡਲ ਤੇ ਅਨੁਚਿਤ ਨਿਰਭਰਤਾ ਹੈ।

***ਵਿਕਲਪਿਕ ਤੌਰ ਤੇ, ਕੀਮਤ ਨਿਰਧਾਰਨ ਦੇ ਚੰਗੇ ਨੇਮ ਮੌਜੂਦ ਹਨ ਜੋ ਆਰਥਿਕ ਨਿਪੁੰਨਤਾ ਨੂੰ ਪ੍ਰੋਤਸਾਹਿਤ ਕਰਨ ਦੇ ਨਾਲ-ਨਾਲ ਤਰਕਸੰਗਤ ਸੁਧਾਰਾਂ ਦੇ ਰਾਹ ਦੀਆਂ ਰੁਕਾਵਟਾਂ ਵੀ ਦੂਰ ਕਰਦੇ ਹਨ। ਇਹ ਨੇਮ ਵਿਭਾਜਿਤ ਕੀਮਤਾਂ ਵੱਲ ਲੈ ਜਾਂਦੇ ਹਨ, ਜਿਨ੍ਹਾਂ ਨੂੰ ਰਾਮਸੇ ਲਾਗਤਾਂ ਵੀ ਕਿਹਾ ਜਾਂਦਾ ਹੈ ਜਿਹੜੀ ਰੇਲਵੇ ਦੀ ਨਾ ਮੰਨੀ ਜਾਣ ਵਾਲੀ, ਸਥਿਰ ਅਤੇ ਆਮ ਲਾਗਤਾਂ ਨੂੰ ਇਸ ਦੀਆਂ ਸੇਵਾਵਾਂ ਵਿਚਕਾਰ ਵੰਡ ਦਿੰਦੀ ਹੈ। ਇਸ ਦਾ ਆਧਾਰ ਖਪਤਕਾਰਾਂ ਨੂੰ ਦਿਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਕੀਮਤ ਹੁੰਦਾ ਹੈ - ਜਿਸ ਨੂੰ ਗਣਿਤ ਅਨੁਸਾਰ ਉਨ੍ਹਾਂ ਦੀ ਮੰਗ ਦੀ ਲਚਕ ਕਿਹਾ ਜਾਂਦਾ ਹੈ।***

ਇਹ ਪ੍ਰਦਾਨ ਕਰਕੇ, ਕਿ ਹਰੇਕ ਸੇਵਾ ਦੀ ਕੀਮਤ ਸੀਮਾਂਤ ਲਾਗਤ ਦੇ ਨਿਸ਼ਾਨੇ ਤੋਂ ਉੱਤੇ ਨਿਰਧਾਰਤ ਕੀਤੀ ਗਈ ਹੈ, ਉਸ ਸੇਵਾ ਦੀ ਮੰਗ ਦੀ ਲਚਕ ਦੇ ਵਿਪਰੀਤ ਹੈ, ਆਰਥਿਕ ਤੌਰ ਤੇ ਨਿਪੁੰਨ ਵਿਭਾਜਿਤ ਕੀਮਤਾਂ ਵਿਚ ਲਾਗਤ ਅਤੇ

ਮੰਗ ਪੱਖ ਨੂੰ ਸਰਵੋਤਮ ਤਰੀਕੇ ਨਾਲ ਜੋੜਿਆ ਜਾਂਦਾ ਹੈ।ਇਸ ਕਰਕੇ ਜੇ ਕਿਸੇ ਸੇਵਾ ਲਈ ਮੰਗ ਬੇਹੱਦ ਗ਼ੈਰ-ਲਚਕੀਲੀ ਹੈ ਤਾਂ ਸੀਮਾਂਤ ਲਾਗਤ ਵਿਚ ਕਾਫ਼ੀ ਵਾਧਾ ਕੀਤਾ ਜਾਣਾ ਚਾਹੀਦਾ ਹੈ। ਜਿਥੇ ਮੰਗ ਬਿਲਕੁਲ ਸਹੀ ਲਚਕੀਲੀ ਹੋਵੇ, ਥੋੜ੍ਹਚਿਰੀ ਸੀਮਾਂਤ ਲਾਗਤ ਤੋਂ ਉਪਰਲਾ ਮਾਲੀਆ ਵਿੱਤੀ ਟੀਚੇ ਪ੍ਰਾਪਤ ਕਰਨ ਲਈ ਵਰਤਿਆ ਜਾ ਸਕਦਾ ਹੈ – ਸੇਵਾਵਾਂ ਦੀ ਵੰਡਾਈ ਦੀ ਪ੍ਰਕਿਰਿਆ ਨੂੰ ਖਰਾਬ ਕੀਤੇ ਬਿਨਾਂ। ਦਰਾਂ ਦੇ ਸਮੂਹ ਨੂੰ ਸਥਾਪਤ ਕਰਕੇ ਇਨ੍ਹਾਂ ਨੇਮਾਂ ਨਾਲ ਕੀਮਤਾਂ ਆਮ ਤੌਰ ਤੇ ਘਟ ਜਾਂਦੀਆਂ ਹਨ ਕਿ ਜੋ ਹੋਰ ਰੇਲ ਸੇਵਾਵਾਂ ਦੀ ਖਰੀਦ ਨੂੰ ਉਤਸ਼ਾਹ ਦਿੰਦੀਆਂ ਹਨ ਜਿਸ ਨਾਲ ਵੱਡਾ ਆਧਾਰ ਤਿਆਰ ਹੋ ਜਾਂਦਾ ਹੈ। ਜਿਸ ਉੱਤੇ ਨਾ-ਮੰਨਣਯੋਗ ਲਾਗਤਾਂ ਨੂੰ ਵੰਡਿਆ ਜਾ ਸਕਦਾ ਹੈ।

***ਇਤਿਹਾਸਕ ਤੌਰ ਤੇ, ਇਨ੍ਹਾਂ ਨੇਮਾਂ ਨੇ, ਜਿਸ ਨੂੰ ਪ੍ਰਚਿਲਤ ਭਾਸ਼ਾ ਵਿਚ 'ਸੇਵਾ ਦੀ ਕੀਮਤ ਨਿਰਧਾਰਨ ਦਾ ਮੁੱਲ' ਕਿਹਾ ਜਾਂਦਾ ਹੈ, ਦੇ ਸਿਧਾਂਤਕ ਆਧਾਰ ਦੇ ਤੌਰ ਤੇ ਕੰਮ ਕੀਤਾ ਹੈ ਜਿਸ ਨੂੰ ਬਹੁਤ ਸਾਰੀਆਂ ਰੇਲਵੇ ਪ੍ਰਣਾਲੀਆਂ, ਜਿਸ ਵਿਚ ਭਾਰਤੀ ਰੇਲਵੇ ਵੀ ਸ਼ਾਮਿਲ ਹੈ, ਵਲੋਂ ਆਪਣਾਇਆ ਗਿਆ ਹੈ। ਪਰ ਇਹ ਦੇਖਿਆ ਜਾਣਾ ਚਾਹੀਦਾ ਹੈ ਕਿ ਇਹ ਪਹੁੰਚ ਕਿਸੇ ਪ੍ਰਭਾਵੀ ਮੁਕਾਬਲੇ ਦੇ ਤਰੀਕੇ ਦੀ ਅਣਹੋਂਦ ਵਿਚ ਹੀ ਸੰਭਵ ਸੀ। ਸਮੇਂ ਦੇ ਨਾਲ-ਨਾਲ ਸੜਕੀ ਆਵਾਜਾਈ ਸੇਵਾਵਾਂ ਦੇ ਤੇਜ਼ ਵਿਕਾਸ ਨੇ ਪੱਖਪਾਤੀ ਕੀਮਤਾਂ ਦੀ ਸੰਭਾਵਨਾ ਨੂੰ ਤਿੱਖੇ ਤਰੀਕੇ ਨਾਲ ਸੀਮਤ ਕਰ ਦਿਤਾ ਹੈ (ਕਿਉਂਕਿ ਇਹ ਪੱਖਪਾਤੀ ਕੀਮਤਾਂ ਦੇ ਸਿਧਾਂਤ 'ਤੇ ਆਧਾਰਿਤ ਹਨ) ਜੋ ਪੂੰਜੀ ਲਈ ਤਰਕਸੰਗਤ ਲਾਭ ਅਤੇ ਨਤੀਜੇ ਵਜੋਂ ਵਾਧੂ ਭੰਡਾਰ ਪ੍ਰਦਾਨ ਕਰਦੇ ਰਹੇ ਹਨ।***

ਜ਼ਰੂਰੀ ਗੱਲ ਹੈ ਕਿ ਰੇਲਵੇ ਯੂਜ਼ਰ ਚਾਰਜਜ਼ (ਖ਼ਾਸ ਕਰਕੇ ਵੱਧ ਕੀਮਤ ਵਾਲੀਆਂ ਵਸਤਾਂ) ਇਕ ਹੱਦ ਤੋਂ ਵੱਧ ਨਹੀਂ ਵਧਾਏ ਜਾ ਸਕਦੇ ਜਿਥੇ ਰੇਲਵੇ ਆਵਾਜਾਈ ਲਈ ਮੰਗ ਦੀ ਲਚਕ ਰੇਲਵੇ ਦੇ ਹਿਤਾਂ ਦੇ ਖ਼ਿਲਾਫ਼ ਚਲੀ ਜਾਵੇ। ਦੂਜੇ ਸ਼ਬਦਾਂ ਵਿਚ, ਇਹ ਯਕੀਨ ਕਰਨ ਲਈ ਕੋਈ ਸਬੂਤ ਨਹੀਂ ਹੈ ਕਿ ਸੇਵਾਵਾਂ ਦੀ ਕੀਮਤ ਨਿਰਧਾਰਤ ਕਰਨ ਦਾ ਨੇਮ, ਜੋ ਸਿਧਾਂਤਕ ਹੈ, ਉਹ ਨੇਮ ਹੈ ਜੋ ਅੱਜਕੱਲ੍ਹ ਭਾਰਤੀ ਰੇਲਵੇ ਵਲੋਂ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਇਹ ਇਸ ਟਿੱਪਣੀ ਤੋਂ ਸਪੱਸ਼ਟ ਹੈ ਕਿ ਕੀਮਤ ਨਿਰਧਾਰਨ ਕਰਨ ਦੀ ਪ੍ਰਕਿਰਿਆ ਸਰੋਤਾਂ ਦੇ ਫਾਇਦਿਆਂ ਤੋਂ ਪੂਰੀ ਤਰ੍ਹਾਂ ਅਣਭਿੱਜ ਹੈ (ਜਿਵੇਂ ਕਿ ਲਚਕ ਵਿਚ ਦਿਖਾਈ ਦੇ ਰਿਹਾ ਹੈ) ਜੋ ਕਿ ਉੱਚ ਅਤੇ ਘੱਟ ਕੀਮਤ ਦੀਆਂ ਵਸਤਾਂ ਰੇਲਵੇ ਤੋਂ ਸੜਕੀ ਆਵਾਜਾਈ ਵੱਲ ਜਾਣ ਤੋਂ ਸਪੱਸ਼ਟ ਹੈ। ਉੱਚ ਪੱਧਰੀ ਕੇਮਟੀ ਦੀਆਂ ਸਿਫ਼ਾਰਸ਼ਾਂ ਤੋਂ ਬਾਅਦ, ਪਿਛਲੇ ਤਿੰਨ ਦਹਾਕਿਆਂ ਦੌਰਾਨ ਸਾਮਾਨ ਦੀ ਢੋ-ਢੁਆਈ ਦੇ ਕਿਰਾਏ ਵਿਚ ਵੱਡੇ ਵਾਧੇ ਹੋਏ ਹਨ। ਇਸੇ ਸਮੇਂ ਹੀ, ਬਜਟ ਇਸ ਚੀਜ਼ ਵੱਲ ਸਪੱਸ਼ਟ ਇਸ਼ਾਰਾ ਕਰਦਾ ਹੈ ਕਿ ਯਾਤਰੀ ਕਿਰਾਏ ਲਾਗਤ ਨਾਲੋਂ ਕਿਤੇ ਘੱਟ ਰੱਖੇ ਗਏ ਹਨ। ਪ੍ਰਤਿ ਯਾਤਰੀ ਪ੍ਰਤਿ ਕਿਲੋਮੀਟਰ ਘਾਟਾ 2000-01 ਦੇ 10 ਪੈਸੇ ਦੇ ਮੁਕਾਬਲੇ 2012-13 ਵਿਚ ਵਧ ਕੇ 23 ਪੈਸੇ ਹੋ ਗਿਆ। ਇਹ ਵੀ ਸਪੱਸ਼ਟ ਹੈ ਕਿ ਮਾਲ ਭਾੜੇ ਦੇ ਮੁਕਾਬਲੇ ਯਾਤਰੀ ਕਿਰਾਏ ਵਿਚ ਬਹੁਤ ਘੱਟ ਵਾਧਾ ਹੋਇਆ ਹੈ। ਇਸ ਨੂੰ ਸਮੇਂ ਨਾਲ ਠੀਕ ਕਰਨ ਦੀ ਜ਼ਰੂਰਤ ਹੈ। ਪਰ ਇਸ ਚੀਜ਼ ਨੂੰ ਮੰਨ ਕੇ ਚੱਲਣ ਦੀ ਲੋੜ ਹੈ ਕਿ ਅਜਿਹਾ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਵੱਖ-ਵੱਖ ਸੇਵਾਵਾਂ ਦੀਆਂ ਉਪਯੁਕਤ ਕੀਮਤਾਂ ਦਾ ਅਨੁਮਾਨ ਲਾਉਣ ਲਈ ਕੋਸ਼ਿਸ਼ਾਂ ਕੀਤੀਆਂ ਜਾਣ। ਇਸ ਦਾ ਹੋਰ ਮਤਲਬ ਇਹ ਹੋਵੇਗਾ ਕਿ ਇਹ ਅਨੁਮਾਨ ਨਿਪੁੰਨਤਾ ਦੇ ਨੇਮਾਂ ਨੂੰ ਪੂਰਾ ਧਿਆਨ ਵਿਚ ਰੱਖਦਿਆਂ ਲਗਾਏ ਜਾਣ, ਜੋ ਸਮੇਂ-ਸਮੇਂ ਅਮਲ ਵਿਚ ਆਉਣ ਦੀ ਉਮੀਦ ਹੈ। ਤਾਂ ਹੀ ਇਕ ਤਰਕਸੰਗਤ ਕਰ ਨੀਤੀ ਦਾ ਢਾਂਚਾ ਹੋਂਦ ਵਿਚ ਆ ਸਕੇਗਾ। ਕੋਈ ਵੀ ਸਬਸਿਡੀ, ਜਿਸ ਦੇ ਲਈ ਇਸ ਤੋਂ ਪੈਦਾ ਹੋਣ ਵਾਲੇ ਸਮਾਜਿਕ ਪ੍ਰਭਾਵਾਂ ਨੂੰ ਧਿਆਨ ਵਿਚ ਰੱਖਦਿਆਂ, ਸਪੱਸ਼ਟ ਰੂਪ ਵਿਚ ਪ੍ਰਦਾਨ ਕੀਤਾ ਜਾਵੇ ਤਾਂ ਜੋ 'ਸੁਨਹਿਰੀ ਦੁਵਿਧਾ' – ਵਪਾਰਕ ਅਤੇ ਸਮਾਜਿਕ ਵਿਵਹਾਰਕਤਾ ਵਿਚੋਂ ਕਿਸੇ ਇਕ ਨੂੰ ਚੁਣਨਾ, ਕੋਈ ਮੁੱਦਾ ਨਾ ਰਹਿ ਜਾਵੇ। ਅਰਥਸ਼ਾਸ਼ਤਰੀ ਆਪਣੇ ਵਿਚਾਰ ਵਿਚ ਇਕ ਮਤ ਹਨ ਕਿ ਇਕੁਇਟੀ ਵੰਡ ਆਧਾਰ 'ਤੇ ਪੈਣ ਵਾਲੇ ਸਮਾਜਿਕ ਦਬਾਅ ਦੀ ਵੰਡਾਈ ਨਿਪੁੰਨਤਾ ਦੇ ਆਧਾਰ 'ਤੇ ਕੋਈ ਸਫ਼ਾਈ ਨਹੀਂ ਹੈ। ਪਰ, ਇਕ ਬਾਹਰੀ ਦਲੀਲ ਪੈਦਾ ਹੋ ਸਕਦੀ ਹੈ ਜੋ ਕਰਾਸ ਸਬਸਿਡੀ ਦੇ ਮਾਮਲੇ ਵਿਚ ਇਕ ਵੱਖਰਾ ਪੈਮਾਨਾ ਸਾਹਮਣੇ ਰੱਖਦੀ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ, ਸੜਕੀ ਆਵਾਜਾਈ ਦੇ ਮੁਕਾਬਲੇ ਰੇਲਵੇ ਜ਼ਿਆਦਾ ਵਾਤਾਵਰਨ ਪੱਖੀ ਹੈ, ਰੇਲਵੇ ਸੇਵਾਵਾਂ ਸਸਤੀਆਂ ਹੋ ਸਕਦੀਆਂ ਹਨ ਅਤੇ ਹੋਣ ਵਾਲਾ ਘਾਟਾ ਵਾਤਾਵਰਨ ਨੂੰ ਹਾਨੀ ਪਹੁੰਚਾਉਣ ਵਾਲੇ ਸਾਧਨਾਂ 'ਤੇ ਪੂਰਾ ਕੀਤਾ ਜਾ ਸਕਦਾ ਹੈ ਨਾ ਕਿ ਰੇਲਵੇ ਕੋਲੋਂ (ਕਰਾਸ ਸਬਸਿਡੀ ਵਜੋਂ) ਜਾਂ ਆਮ ਕਰ ਦੇਣ ਵਾਲਿਆਂ ਤੋਂ। ਦੂਜੇ ਸ਼ਬਦਾਂ ਵਿਚ, ਕਰਾਸ ਸਬਸਿਡੀ ਦਾ ਯੁਗ ਜਲਦੀ ਤੋਂ ਜਲਦੀ ਖਤਮ ਹੋਣਾ ਚਾਹੀਦਾ ਹੈ।

## ਬਜਟ ਪ੍ਰਸਤਾਵ

'ਲਗਭਗ-ਯੋਜਨਾ-ਛੁੱਟੀ' ਦੇ ਪ੍ਰਸਤਾਵ ਨੂੰ ਅਪਨਾਉਣ ਦਾ ਸਵਾਗਤ ਹੈ। ਇਹ ਵੇਖਦੇ ਹੋਏ ਕਿ ਬਹੁਤ ਸਾਰੇ ਪ੍ਰਜੈਕਟ ਜਮ੍ਹਾਂ ਪਏ ਹਨ ਅਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਤਾਂ ਆਰੰਭ ਵੀ ਨਹੀਂ ਹੋਏ। ਅਸਲ ਵਿਚ, 2009 ਵਿਚ ਰੇਲਵੇ ਵਲੋਂ ਰੇਲਵੇ ਦੇ ਪ੍ਰਜੈਕਟਾਂ ਬਾਰੇ ਜਾਰੀ ਕੀਤੇ ਗਏ *ਸਫ਼ੈਦ ਪੱਤਰ* ਤੋਂ ਆਸ ਸੀ ਕਿ ਇਹ ਨਵੇਂ ਪ੍ਰਜੈਕਟਾਂ ਦੀ ਕਲਪਨਾ, ਯੋਜਨਾਬੰਦੀ ਅਤੇ ਅਮਲ ਕਰਨ ਬਾਰੇ ਗੰਭੀਰ ਸੋਚ ਵਿਚਾਰ ਨੂੰ ਜਨਮ ਦੇਵੇਗਾ। ਇਹ ਕੋਸ਼ਿਸ਼ ਨਹੀਂ ਕੀਤੀ ਗਈ। ਵਿਸਥਾਰਤ ਸਮੀਖਿਆ ਅਤੇ ਅਜਿਹੀਆਂ ਤਥਾਕਥਿਤ ਲੋੜਾਂ ਵੱਲ ਗੰਭੀਰ ਧਿਆਨ ਦੇਣ ਲਈ ਹਾਲੇ ਵੀ ਜ਼ਿਆਦਾ ਦੇਰ ਨਹੀਂ ਹੋਈ। ਇਨ੍ਹਾਂ ਵਿਚੋਂ ਜਿਹੜੇ ਪ੍ਰਜੈਕਟ ਸ਼ੁਰੂ ਹੀ ਨਹੀਂ ਹੋਏ, ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਖਤਮ ਵੀ ਕੀਤਾ ਜਾ ਸਕਦਾ ਹੈ। ਰਣਨੀਤਕ ਪਟੜੀਆਂ, ਹਾਲੇ ਤਕ ਸੰਪਰਕ ਵਿਚ ਨਹੀਂ ਆਏ ਪਛੜੇ ਇਲਾਕਿਆਂ ਨੂੰ ਨੈੱਟਵਰਕ ਤਹਿਤ ਲਿਆਉਣਾ, ਸਾਮਾਨ ਦੀ ਵੱਡੇ ਪੱਧਰ 'ਤੇ ਢੋ-ਢੁਆਈ ਲਈ ਪਟੜੀਆਂ ਵਿਛਾਉਣੀਆਂ ਆਦਿ ਕੁੱਝ ਅਜਿਹੇ ਪ੍ਰਜੈਕਟ ਹਨ ਜਿਨ੍ਹਾਂ ਨੂੰ ਪਹਿਲ ਦੇਣੀ ਬਣਦੀ ਹੈ। ਜਦ ਕਿ ਇਹ ਗੱਲ ਸਮਝ ਆਉਂਦੀ ਹੈ ਕਿ ਇਨ੍ਹਾਂ ਸੇਵਾਵਾਂ ਵਿਚ ਜ਼ਰੂਰੀ ਸੁਧਾਰ ਕਰਕੇ ਭਾਰੀ ਆਵਾਜਾਈ ਵਾਲੇ ਮਾਰਗਾਂ 'ਤੇ ਰਫ਼ਤਾਰ ਵਧਾਉਣ ਦੀ ਲੋੜ ਹੈ, ਤੇਜ਼ ਰਫ਼ਤਾਰ ਰੇਲ ਕੋਰੀਡੋਰ ਤੇ ਸ਼ੁਰੂਆਤੀ ਕੰਮ ਕਰਨ ਲਈ ਪੈਸਾ ਦੇਣਾ ਆਮ ਸਮਝ ਤੋਂ ਬਾਹਰ ਦੀ ਗੱਲ ਹੈ। ਹਾਲਾਂਕਿ ਇਹ ਵਿਚਾਰ ਪਿਛਲੇ ਕਾਫ਼ੀ

ਸਮੇਂ ਤੋਂ ਚਰਚਾ ਵਿਚ ਹੈ ਅਤੇ ਇਸ ਨੂੰ ਕੁਝ ਵਿਦੇਸ਼ੀ ਸਰਕਾਰਾਂ ਵਲੋਂ ਪੈਸਾ ਦੇਣ ਦੀ ਕੰਨਸੋਅ ਨਾਲ ਹੋਰ ਪ੍ਰੇਰਨਾ ਵੀ ਮਿਲੀ ਹੈ, ਪਰ ਸ਼ਾਇਦ ਇਨ੍ਹਾਂ ਪ੍ਰਾਜੈਕਟਾਂ ਨੂੰ ਅੱਗੇ ਵਧਾਉਣਾ ਕੋਈ ਚੰਗਾ ਵਿਚਾਰ ਨਹੀਂ ਕਿਉਂਕਿ ਇਹ ਬਹੁਤ ਮਹਿੰਗੀਆਂ ਸੇਵਾਵਾਂ ਹਨ। ਰੇਲਵੇ ਇਨ੍ਹਾਂ ਪ੍ਰਾਜੈਕਟਾਂ ਲਈ ਪੈਸਾ ਦੇਣ ਦੀ ਸਥਿਤੀ ਵਿਚ ਨਹੀਂ ਹੈ। ਇਸ ਦਾ ਵਿਕਲਪ ਜਨਤਕ ਨਿੱਜੀ ਭਾਈਵਾਲੀ ਹੈ ਜਿਵੇਂ ਕਿ ਰਾਜ ਮਾਰਗਾਂ ਦੇ ਮਾਮਲੇ ਵਿਚ ਇਸ ਨੂੰ ਅਪਣਾਇਆ ਗਿਆ ਹੈ। ਇਹ ਸਚਾਈ ਹੈ ਕਿ 'ਸੁਨਹਿਰੀ ਚਤਰਭੁਜ' ਦੇ ਬਹੁਤ ਸਾਰੇ ਹਿੱਸੇ ਜੋ ਰਾਸ਼ਟਰੀ ਰਾਜ ਮਾਰਗ ਪ੍ਰਣਾਲੀ ਤਹਿਤ ਹਨ ਅਤੇ ਜਿਨ੍ਹਾਂ ਨੂੰ ਨਿੱਜੀ ਖੇਤਰ ਵਲੋਂ ਸ਼ੁਰੂ ਕੀਤਾ ਗਿਆ ਹੈ, ਹਾਲੇ ਵੀ ਇਹ ਵਿਹਾਰਕਤਾ ਤੋਂ ਪਰੇ ਹਨ ਅਤੇ ਇਨ੍ਹਾਂ ਲਈ ਜਨਤਕ ਖ਼ਜ਼ਾਨੇ ਵਿਚੋਂ ਵੱਡੀ ਪੱਧਰ 'ਤੇ ਪੈਸਾ ਦਿਤਾ ਗਿਆ ਹੈ ਜਿਸ ਨੂੰ ਇਕੱਤਰ ਕਰਨ ਲਈ ਵਾਧੂ ਉਪ ਕਰ ਲਾਉਣ ਅਤੇ ਵਸੂਲੀ ਕਰਨੀ ਪਈ ਹੈ। ਅੰਸ਼ਿਕ ਤੌਰ ਤੇ ਅਜਿਹਾ ਇਸ ਲਈ ਵਾਪਰਿਆ ਹੈ ਕਿ ਆਵਾਜਾਈ ਸੋਚੀ ਗਈ ਹੱਦ ਤਕ ਨਹੀਂ ਹੋ ਸਕੀ। ਸਮੱਸਿਆ ਹਮੇਸ਼ਾ ਇਹੀ ਰਹੀ ਹੈ ਕਿ ਆਵਾਜਾਈ ਦੇ ਅਨੁਮਾਨਾਂ ਨੂੰ ਹਮੇਸ਼ਾ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ। ਇਹ ਰੋਜ਼ਾਨਾ ਸਫ਼ਰ ਦੇ ਅਨੁਮਾਨਾਂ ਬਾਰੇ ਸੱਚ ਹੋ ਸਕਦਾ ਹੈ ਜਿਨ੍ਹਾਂ ਨੂੰ ਬੁਲੇਟ ਟਰੇਨ ਦੇ ਮਾਮਲੇ ਵਿਚ ਆਮ ਤੌਰ ਤੇ ਕੁੱਲ ਆਵਾਜਾਈ ਦਾ ਵੱਡਾ ਹਿੱਸਾ ਮੰਨਿਆ ਜਾਂਦਾ ਹੈ। ਪ੍ਰਸਤਾਵਿਤ ਗਲਿਆਰਿਆਂ ਬਾਰੇ ਪੇਸ਼ੀਨਗੋਈਆਂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਅਜਿਹਾ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਆਵਾਜਾਈ ਨਿਹਾਇਤ ਉਪਯੁਕਤ ਹੋਵੇਗੀ ਜਿਸ ਨਾਲ ਅਜਿਹੀ ਉੱਚ ਲਾਗਤ ਵਾਲੀ ਪ੍ਰਣਾਲੀ ਵਿੱਤੀ ਤੌਰ ਤੇ ਵਿਵਹਾਰਕ ਹੋ ਸਕੇਗੀ। ਨਿਸਚੇ ਹੀ, ਜੇ ਅਜਿਹੇ ਪ੍ਰਾਜੈਕਟ ਵਪਾਰਕ ਫ਼ਾਇਦੇ ਵਾਲੇ ਹੋਣ ਤਾਂ ਨਿੱਜੀ ਖੇਤਰ ਕਿਸੇ ਵੀ ਤਰੀਕੇ ਇਨ੍ਹਾਂ ਨੂੰ ਕਰਨ ਦੀ ਕੋਸ਼ਿਸ਼ ਕਰੇਗਾ। ਹੋਰ, ਜਦੋਂ ਇਹ ਫ਼ੈਸਲਾ ਹੋ ਗਿਆ ਹੈ ਕਿ ਵੱਖ-ਵੱਖ ਮਾਰਗਾਂ 'ਤੇ ਸਾਮਾਨ ਦੀ ਢੋ-ਢੁਆਈ ਲਈ ਸਮਰਪਿਤ ਗਲਿਆਰੇ ਬਣਾਏ ਜਾਣਗੇ ਤਾਂ ਰੇਲਵੇ ਲਈ ਉੱਪਰ ਚੁੱਕੇ ਹੋਏ ਟਰੈਕ ਦੇ ਆਧਾਰ 'ਤੇ ਵੀ ਨਵੇਂ ਮਾਰਗ ਵਿਕਸਤ ਕਰਨਾ ਮੁਸ਼ਕਿਲ ਹੋਵੇਗਾ। ਭਾਰਤ ਨੂੰ ਜੋ ਲੋੜ ਹੈ ਕਿ ਰੇਲਵੇ ਪ੍ਰਣਾਲੀ, ਖ਼ਾਸ ਕਰਕੇ ਲੰਮੀ ਦੂਰੀ ਦੇ ਮਾਰਗਾਂ ਨੂੰ ਆਧੁਨਿਕ ਬਣਾਇਆ ਜਾਵੇ ਜਿਸ ਵਿਚ ਮਹੱਤਵਪੂਰਨ ਵਸਤਾਂ ਦੀ ਅਹਿਮ ਆਵਾਜਾਈ ਹੁੰਦੀ ਹੈ। ਇਸ ਵਾਸਤੇ ਕਲਪਨਾ ਕੀਤੇ ਗਏ ਪੱਧਰ ਨਾਲੋਂ ਜ਼ਿਆਦਾ ਵਿਸ਼ਾਲ ਸਮਰਪਿਤ ਮਾਲ ਢੋ-ਢੁਆਈ ਗਲਿਆਰਿਆਂ ਦੀ ਲੋੜ ਹੋਵੇਗੀ। ਅੰਤਰ-ਖੇਤਰੀ ਆਧਾਰ 'ਤੇ ਲੋਕਾਂ ਦੀ ਨਿਰੰਤਰ ਆਵਾਜਾਈ ਤੋਂ ਇਲਾਵਾ ਯਾਤਰੀ ਪਾਰਗਾਮੀ ਸੇਵਾਵਾਂ ਦਾ ਸ਼ਹਿਰੀ ਖੇਤਰਾਂ ਵਿਚ ਵਿਸਥਾਰ ਕਰਨਾ ਵੀ ਉਨਾ ਹੀ ਮਹੱਤਵਪੂਰਨ ਹੈ। ਇਨ੍ਹਾਂ ਹੁੰਗਾਰਿਆਂ ਨਾਲ ਆਉਣ ਜਾਣ ਦੀਆਂ ਸਮੱਸਿਆਵਾਂ ਦਾ ਹੱਲ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ ਬਜਾਇ ਕਿ ਬੁਲੇਟ ਟਰੇਨ ਜੋ ਕਿ ਕਿਸੇ ਸਮੱਸਿਆ ਵੱਲ ਨੂੰ ਲਿਜਾਂਦਾ ਇਕ ਵਧੀਆ ਹੱਲ ਹੋ ਸਕਦਾ ਹੈ।

ਬਹੁਤ ਸਾਰੀਆਂ ਨਵੀਆਂ ਰੇਲਾਂ ਚਲਾ ਕੇ, ਇਹ ਸਪੱਸ਼ਟ ਹੁੰਦਾ ਹੈ ਕਿ ਉਹ ਸਸਤੀ ਸ਼ੁਹਰਤ ਖੱਟਣ ਲਈ ਪੁਰਾਣੀ ਵਿਰਾਸਤ ਨੂੰ ਹੀ ਅੱਗੇ ਲੈ ਕੇ ਜਾ ਰਹੇ ਹਨ। ਇਸ ਸੰਦਰਭ ਵਿਚ ਮਾਹਰਾਂ ਵਲੋਂ ਅਕਸਰ ਇਹ ਜ਼ੋਰ ਦੇ ਕੇ ਕਿਹਾ ਜਾਂਦਾ ਹੈ ਕਿ ਇਨ੍ਹਾਂ ਸੰਭਾਵਨਾਵਾਂ ਦੇ ਵਿਸਥਾਰ ਵਿਚ ਮੁੱਲੰਕਣ ਕੀਤੇ ਜਾਣ ਦੀ ਸਚਮੁਚ ਲੋੜ ਹੈ ਅਤੇ ਫੌਰੀ ਜ਼ਰੂਰਤਾਂ ਦੀ ਪਹਿਲ ਸਥਾਪਿਤ ਕਰਨ ਦੀ ਵੀ ਅਤਿ ਜ਼ਰੂਰਤ ਹੈ। ਇਸ ਨੈੱਟਵਰਕ ਵਿਚ ਯਾਤਰੀ ਅਤੇ ਮਾਲ ਭਾੜੇ ਸੇਵਾਵਾਂ ਵਲੋਂ ਸਾਂਝੀਆਂ ਸੇਵਾਵਾਂ ਦਾ ਇਸਤੇਮਾਲ ਕਰਨ ਨਾਲ, ਨਵੀਆਂ ਰੇਲਾਂ ਦੀ ਸ਼ੁਰੂਆਤ ਇਨ੍ਹਾਂ ਸਹੂਲਤਾਂ ਦੀ ਉਪਯੁਕਤ ਵਰਤੋਂ ਤੇ ਅਸਰ ਅੰਦਾਜ਼ ਹੋ ਸਕਦੀ ਹੈ। ਇਹ ਇਕ ਅਟੱਲ ਸਚਾਈ ਹੈ ਕਿ ਕੁਝ ਖ਼ਾਸ ਮਾਰਗਾਂ, ਖ਼ਾਸ ਕਰਕੇ ਥੋੜ੍ਹੀ ਦੂਰੀ ਵਾਲੇ ਮਾਰਗ ਸੜਕੀ ਆਵਾਜਾਈ ਨੂੰ ਦਿਤੇ ਜਾ ਸਕਦੇ ਹਨ ਜੋ ਇਸ ਮੰਤਵ ਲਈ ਉਪਯੁਕਤ ਹੈ।

ਉਪ ਨਗਰੀ ਸੇਵਾਵਾਂ ਵਿਚ ਸੁਧਾਰ ਦੀ ਕੋਸ਼ਿਸ਼ ਤਹਿਤ, ਨਿਰੰਤਰ ਅੰਤਰ ਮਾਡਲ ਪਹੁੰਚ ਦਾ ਸ਼ਹਿਰੀ ਯਾਤਰੀਆਂ ਵਲੋਂ ਸਵਾਗਤ ਕੀਤਾ ਜਾਵੇਗਾ, ਖ਼ਾਸ ਕਰਕੇ ਮਹਾਂਨਗਰਾਂ ਵਿਚ ਜਿਥੇ ਆਵਾਜਾਈ ਦੇ ਦੂਸਰੇ ਸਾਧਨਾਂ ਨਾਲ ਤਾਲਮੇਲ ਲਈ ਪਾਰਗਾਮੀ ਅਥਾਰਿਟੀ ਸਥਾਪਤ ਕਰਨ ਦੀਆਂ ਨੀਤੀਗਤ ਕੋਸ਼ਿਸ਼ਾਂ ਦੇ ਬਾਵਜੂਦ, ਅਸਲ ਵਿਚ ਕੋਈ ਤਰੱਕੀ ਨਹੀਂ ਹੋਈ। ਰੇਲਵੇ ਨੂੰ ਅੰਤਰ ਮਾਡਲ ਤਾਲਮੇਲ ਦੀ ਯੋਜਨਾਬੰਦੀ ਕਰਦਿਆਂ, ਸਥਾਨਕ ਸੇਵਾਵਾਂ ਦੇਣ ਵਾਲਿਆਂ ਨੂੰ ਵਿਸ਼ਵਾਸ ਵਿਚ ਲੈਣਾ ਚਾਹੀਦਾ ਹੈ ਜਦ ਕਿ ਅਜਿਹੀਆਂ ਸੇਵਾਵਾਂ ਉਥੇ ਲਾਭਕਾਰੀ ਹੋਣਗੀਆਂ ਜਿਥੇ ਰੇਲਵੇ ਵਲੋਂ ਪਹਿਲਾਂ ਹੀ ਉਪ-ਨਗਰੀ ਸੇਵਾਵਾਂ ਦਿਤੀਆਂ ਜਾ ਰਹੀਆਂ ਹਨ, ਸਾਨੂੰ ਬੰਗਲੋਰ ਵਰਗੇ ਸ਼ਹਿਰ ਵਿਚ ਭਾਰਤੀ ਰੇਲਵੇ ਦੀ ਦੇਖਰੇਖ ਹੇਠ ਉਪ-ਨਗਰੀ ਰੇਲ ਸੇਵਾਵਾਂ ਸ਼ੁਰੂ ਕਰਨ ਦੀਆਂ ਸੰਭਾਵਨਾਵਾਂ ਤਲਾਸ਼ਣ ਦੀ ਸਮਝ ਨਹੀਂ ਆ ਰਹੀ ਜਦ ਕਿ ਬਹੁਤ ਪਹਿਲਾਂ ਇਹ ਫੈਸਲਾ ਹੋ ਚੁੱਕਾ ਹੈ ਕਿ ਜਿਥੋਂ ਤਕ ਨੀਤੀ ਨਿਰਧਾਰਨ ਦਾ ਸੰਬੰਧ ਹੈ, ਅਜਿਹੀਆਂ ਸ਼ਹਿਰੀ ਵਿਕਾਸ ਮੰਤਰਾਲਾ ਦੇ ਅਧਿਕਾਰ ਖੇਤਰ ਵਿਚ ਆਉਂਦੀਆਂ ਹਨ ਅਤੇ ਸੇਵਾਵਾਂ ਪ੍ਰਦਾਨ ਕਰਨ ਦੇ ਮਾਮਲੇ ਵਿਚ ਇਹ ਜ਼ਿੰਮੇਵਾਰੀ ਸਥਾਨਕ ਸਰਕਾਰਾਂ ਜਾਂ ਜਨਤਕ ਨਿੱਜੀ ਭਾਈਵਾਲੀ ਦਾ ਹੈ। ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਸ਼ਹਿਰੀ ਖੇਤਰਾਂ ਵਿਚ ਰੇਲ ਵਰਗੀ ਆਵਾਜਾਈ ਸ਼ੁਰੂ ਕਰਨਾ ਸਥਾਨਕ ਲੋੜਾਂ 'ਤੇ ਨਿਰਭਰ ਕਰਦਾ ਹੈ ਜਿਸ ਦੀ ਪੂਰਤੀ ਸਥਾਨਕ ਪੱਧਰ 'ਤੇ ਹੋਣੀ ਚਾਹੀਦੀ ਹੈ ਨਾ ਕਿ ਭਾਰਤੀ ਰੇਲਵੇ ਵਰਗੀ ਕੇਂਦਰੀ ਸੰਸਥਾ ਵਲੋਂ।

***ਪ੍ਰਾਜੈਕਟ ਤਾਲਮੇਲ ਸਮੂਹ ਬਣਾਉਣ ਨੂੰ ਸਵੀਕਾਰ ਕਰ ਲਿਆ ਗਿਆ ਹੈ। ਇਹ ਇਕ ਜ਼ਰੂਰੀ ਕਦਮ ਹੈ ਕਿਉਂਕਿ ਰਾਜ ਸਰਕਾਰਾਂ ਨਾਲ ਪ੍ਰਾਜੈਕਟ ਪੱਧਰ 'ਤੇ ਨਾਂ ਦੇ ਬਰਾਬਰ ਤਾਲਮੇਲ ਰਿਹਾ ਹੈ ਜਿਸ ਦਾ ਨਤੀਜਾ ਦੇਰੀ ਅਤੇ ਲਾਗਤ ਵਿਚ ਵਾਧਾ ਨਿਕਲਿਆ ਹੈ। ਪਰ ਇੰਨਾ ਹੀ ਕਾਫ਼ੀ ਨਹੀਂ ਹੈ। ਜਿਵੇਂ ਕਿ ਪਹਿਲੀਆਂ ਸਮਿਤੀਆਂ, ਖ਼ਾਸ ਕਰਕੇ ਹਾਲ ਹੀ ਵਿਚ ਨੈਸ਼ਨਲ ਟ੍ਰਾਂਸਪੋਰਟ ਡਿਵੈਲਪਮੈਂਟ ਪਾਲਿਸੀ ਕਮੇਟੀ ਵਲੋਂ ਪ੍ਰਸਤਾਵ ਪੇਸ਼ ਕੀਤਾ ਗਿਆ ਹੈ। ਇਕ ਕੇਂਦਰੀ ਤਾਲਮੇਲ ਅਥਾਰਿਟੀ ਦੀ ਜ਼ਰੂਰਤ ਹੈ ਜੋ ਨੀਤੀਗਤ ਅਤੇ ਲਾਗੂਕਰਨ ਸੰਬੰਧੀ ਮਾਮਲਿਆਂ ਨੂੰ ਵੇਖੇਗੀ। ਇਸ ਦੇ ਇਤਿਹਾਸਕ ਅਤੇ ਉੱਭਰ ਰਹੀ ਭੂਮਿਕਾ, ਜਿਸ ਦੀ ਕਲਪਨਾ ਕੀਤੀ ਜਾ ਰਹੀ ਹੈ, ਨੂੰ ਧਿਆਨ ਵਿਚ ਰੱਖਦਿਆਂ ਭਾਰਤੀ ਰੇਲਵੇ ਅਜਿਹੀ ਅਥਾਰਿਟੀ ਸਥਾਪਤ ਕਰਨ ਵਿਚ ਪਹਿਲ ਕਰ ਸਕਦਾ ਹੈ। ਲਾਜਿਸਟਿਕ ਹਬ ਵਿਚ ਨਿਵੇਸ਼ ਨੂੰ ਵਧਾਉਣ ਵੱਲ ਕਦਮ ਵਧਾਉਣੇ ਲਾਭਕਾਰੀ ਹੋਵੇਗਾ ਤਾਂ ਕਿ ਬਹੁ-ਮਾਡਲੀ ਸੰਕਲਪ ਨੂੰ ਵੱਡੇ ਪੱਧਰ 'ਤੇ ਉਤਸ਼ਾਹਿਤ ਕੀਤਾ ਜਾ ਸਕੇ।***

ਸੁਧਾਰ ਦੇ ਦ੍ਰਿਸ਼ਟੀਕੋਨ ਤੋਂ, ਨੀਤੀ ਨਿਰਧਾਰਨ ਨੂੰ ਲਾਗੂ ਕਰਨ ਨਾਲੋਂ ਵੱਖਰੇ ਰੱਖਣ ਦਾ ਪ੍ਰਸਤਾਵ ਹੈ। ਇਹ ਕੋਈ ਨਵਾਂ ਵਿਚਾਰ ਨਹੀਂ ਹੈ ਅਤੇ ਕਈ ਦਹਾਕਿਆਂ ਤੋਂ ਸਾਹਮਣੇ ਆ ਰਿਹਾ ਹੈ। ਸ਼ੁਰੂਆਤ ਵਿਚ ਬਹੁਤ ਸਾਰੀਆਂ ਉੱਚ-ਤਾਕਤੀ ਕਮੇਟੀਆਂ ਵਲੋਂ ਕੀਤੀਆਂ ਗਈਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ, ਇਕ ਸੋਚੀ ਸਮਝੀ ਰਣਨੀਤੀ ਉਲੀਕਣ ਦੀ ਲੋੜ ਹੈ। ਇਸ ਤਰ੍ਹਾਂ ਰੇਲਵੇ ਵਲੋਂ ਵੱਖ-ਵੱਖ ਵਪਾਰਕ ਸਰਗਮੀਆਂ (ਜੋ ਪ੍ਰਸਤਾਵਿਤ ਵੀ ਹਨ) ਦੇ ਵੱਖ-ਵੱਖ ਪੱਖਾਂ ਨੂੰ ਲਾਗੂ ਕਰਨ ਦੀ ਪੱਧਰ 'ਤੇ ਨਿਖੇੜਨ ਦੀ ਸੰਭਾਵਨਾ ਬਣੇਗੀ। ਅਜਿਹਾ ਧਿਆਨ ਰੇਲਵੇ ਦੇ ਨਿਗਮੀਕਰਨ ਵੱਲ ਬੇਸ਼ਕ ਸਹਾਈ ਹੋਵੇਗਾ ਜੋ ਕਿ ਨਿੱਜੀਕਰਨ ਦੀ ਕਿਸੇ ਵੀ ਤਰ੍ਹਾਂ ਦੀ ਕੋਸ਼ਿਸ਼ ਨਹੀਂ ਹੈ। ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ :-

***ਕਾਫ਼ੀ ਸਮੇਂ ਤੋਂ, ਨਿੱਜੀਕਰਨ ਨੂੰ ਇਕ ਹੱਲ ਵਜੋਂ ਸੁਝਾਇਆ ਜਾ ਰਿਹਾ ਹੈ ਜਦ ਕਿ ਉਤਪਾਦਕ ਨਿਪੁੰਨਤਾ 'ਤੇ ਵੀ ਜ਼ੋਰ ਦਿਤਾ ਗਿਆ ਹੈ। ਭਲਾਈ ਦੇ ਸੰਦਰਭ ਵਿਚ ਦੇਖਿਆਂ ਅਤੇ ਪੈਣ ਵਾਲੇ ਸਮਾਜਿਕ ਬੋਝ ਨੂੰ ਧਿਆਨ ਵਿਚ ਰੱਖਦਿਆਂ ਰੇਲਵੇ ਨੂੰ ਨਿੱਜੀਕਰਨ ਤੋਂ, ਉਤਪਾਦਕ ਨਿਪੁੰਨਤਾ ਤੋਂ ਮਿਲਣ ਵਾਲੇ ਸੰਭਾਵਿਤ ਲਾਭ ਵੰਡਾਈ ਨਿਪੁੰਨਤਾ ਅਤੇ ਜ਼ੀਰੋ-ਵਪਾਰਕ ਉਤਪਾਦਨ ਤੋਂ ਹੋਣ ਵਾਲੀ ਹਾਨੀ ਨਾਲੋਂ ਜ਼ਿਆਦਾ ਹੋਣਗੇ ਜੋ ਰੇਲਵੇ ਦੀ ਇਤਿਹਾਸਕ ਭੂਮਿਕਾ, ਜੋ ਇਸ ਨੇ ਦੇਸ਼ ਦੀ ਸਮਾਜਿਕ ਆਰਥਿਕ ਵਿਕਾਸ ਵਿਚ ਨਿਭਾਈ ਹੈ। ਪਰ ਰਵਾਇਤੀ ਪਹੁੰਚ, ਜੋ ਰੇਲਵੇ ਨੂੰ ਵਿਸ਼ਾਲ ਜਨਤਕ ਹਿੱਤਾਂ ਦੇ ਟ੍ਰਸਟੀ ਸਮਝਦੇ ਹਨ (ਜੋ ਹਮੇਸ਼ਾ ਕਿਸੇ ਸਮਾਜਿਕ ਭਲਾਈ ਦੇ ਕੰਮ ਨੂੰ ਵਧਾਉਣ ਵਿਚ ਯਤਨਸ਼ੀਲ ਹੁੰਦੇ ਹਨ) ਨੂੰ ਛੱਡ ਦੇਣ ਦੀ ਲੋੜ ਹੈ।***

ਰੇਲਵੇ ਨੂੰ ਜਾਇਦਾਦੀ ਹੱਕਾਂ ਦੇ ਸੰਕਲਪ ਤਹਿਤ ਬਣੀ ਉਸ ਦੀ ਭੂਮਿਕਾ ਲਈ ਜਨਤਕ ਨਿਗਮ ਵਜੋਂ ਦੇਖਣਾ ਫ਼ਾਇਦੇਮੰਦ ਹੋਵੇਗਾ। ਜਿਥੇ ਪ੍ਰਬੰਧਕ ਆਪਣੇ ਮਾਲਕਾਂ, ਮਤਲਬ ਸ਼ੇਅਰ ਧਾਰਕਾਂ ਦੇ ਹਿਤਾਂ ਲਈ ਕੰਮ ਕਰਦੇ ਹਨ - ਇਹ ਮੰਨਦਿਆਂ ਕਿ ਨਿੱਜੀ ਖੇਤਰ ਨੂੰ ਰੇਲਵੇ ਦੇ ਸੰਪਤੀ ਆਧਾਰ ਵਿਚ ਭਾਗ ਲੈਣ ਦੀ ਆਗਿਆ ਦਿਤੀ ਜਾਵੇਗੀ। ਇਹ ਪ੍ਰਬੰਧਕੀ ਪ੍ਰਥਾਵਾਂ ਵਿਚ ਇਨਕਲਾਬੀ ਤਬਦੀਲੀਆਂ ਲਿਆਉਣ ਦਾ ਸਬੱਬ ਬਣੇਗੀ। ਸੰਚਾਲਿਤ ਪ੍ਰਕਿਰਿਆਵਾਂ ਵਿਚ ਵੀ ਤਕਨੀਕੀ ਪਰਿਵਰਤਨ ਆਉਣਗੇ ਜੋ ਉਤਪਾਦਕ ਨਿਪੁੰਨਤਾ ਦੇ ਸੁਧਾਰ ਲਈ ਬੇਹੱਦ ਮਹੱਤਵਪੂਰਨ ਹਨ ਜੋ ਨਾਲ ਦੀ ਨਾਲ ਸੰਸਥਾ ਨੂੰ ਵਿੱਤੀ ਅਨੁਸ਼ਾਸਨ ਵਿਚ ਵੀ ਬੰਨ੍ਹਣਗੇ।

ਅਖੀਰ ਵਿਚ, ਇਹ ਕਿਹਾ ਜਾ ਸਕਦਾ ਹੈ ਕਿ ਬਜਟ ਵਿਚ ਦੂਰਦ੍ਰਿਸ਼ਟੀ ਤਾਂ ਹੈ ਪਰ ਇਸ ਨੂੰ ਪੂਰਾ ਕਰਨ ਲਈ ਕੋਈ ਗੰਭੀਰ ਯੋਜਨਾ ਨਹੀਂ ਹੈ। ਇਸ ਨੂੰ ਜਲਦੀ ਦਰੁਸਤ ਕਰਨਾ ਜ਼ਰੂਰੀ ਹੈ ਤਾਂ ਜੋ ਇਸ ਦਾ ਵਿਸਥਾਰ ਅਗਲੇ ਬਜਟ ਵਿਚ ਸਾਹਮਣੇ ਆ ਸਕੇ। ਪਰ ਇਸ ਗੱਲ 'ਤੇ ਜ਼ੋਰ ਦਿਤਾ ਜਾਣਾ ਚਾਹੀਦਾ ਹੈ ਕਿ ਸੰਸਥਾ ਦੀ ਨਿਰੰਤਰਤਾ, ਕਿਸੇ ਵੀ ਯੋਜਨਾ ਦਾ ਮੁੱਖ ਉਦੇਸ਼ ਹੋਣਾ ਚਾਹੀਦਾ ਹੈ।

*(ਲੇਖਕ ਵਾਲਚੰਦ ਹੀਰਾਚੰਦ, ਪ੍ਰੋਫ਼ੈਸਰ ਆਫ਼ ਟਰਾਂਸਪੋਰਟ ਇਕਨਾਮਿਕਸ ਡਿਪਾਰਟਮੈਂਟ ਆਫ਼ ਇਕਨਾਮਿਕ, ਯੂਨੀਵਰਸਿਟੀ ਆਫ਼ ਮੁੰਬਈ ਹੈ।)*

*ਸਫ਼ਾ 10 ਦੀ ਬਾਕੀ*

ਸਨਮਾਨਯੋਗ ਰਕਮ ਅਤੇ ਬੀਮਾ ਉਨ੍ਹਾਂ ਦੇ ਫਲਦੇ ਦਿਨਾਂ ਵਿਚ ਸਨਮਾਨਪੂਰਵਕ ਜ਼ਿੰਦਗੀ ਜਿਉਣ ਵਿਚ ਸਹਾਈ ਹੋ ਸਕਦਾ ਹੈ। ਇਕ ਸਮਾਨ ਪੈਨਸ਼ਨ ਉਮਰ ਦੇ ਵਾਧੇ, ਖ਼ਾਸ ਕਰਕੇ ਔਰਤਾਂ ਲਈ, ਵਧਾਈ ਜਾ ਸਕਦੀ ਹੈ। ਅੰਤ ਵਿਚ, ਭਾਰਤ ਦੀ ਆਬਾਦੀ ਦੇ ਬਦਲਦੇ ਦ੍ਰਿਸ਼ ਮੁਤਾਬਿਕ ਦੋ ਚੀਜ਼ਾਂ ਦਾ ਹੱਲ ਕਰਨ ਦੀ ਲੋੜ ਹੈ। ਪਹਿਲਾ, ਅਜਿਹੀ ਵਿਚਾਰਕ ਟੀਮ ਬਣਾਈ ਜਾਵੇ ਜੋ ਬਜ਼ੁਰਗਾਂ ਦੀਆਂ ਸਮੱਸਿਆਵਾਂ ਅਤੇ ਉਮਰ ਨਾਲ ਸੰਬੰਧਿਤ ਵਿੱਤੀ ਆਰਥਿਕਤਾ ਬਾਰੇ ਅਧਿਐਨ ਕਰੇ। ਦੂਜਾ, ਬਿਰਧ ਅਵਸਥਾ ਨਾਲ ਸੰਬੰਧਿਤ ਮੈਡੀਕਲ ਵਿਗਿਆਨ ਨੂੰ ਵਿਕਸਤ ਕਰਨ ਦੀ ਜ਼ਰੂਰਤ ਹੈ, ਇਕ ਅਜਿਹਾ ਖੇਤਰ ਜੋ ਭਾਰਤ ਵਿਚ ਅਣਗੌਲਿਆ ਰਿਹਾ ਹੈ।

ਨਵੀਂ ਸਰਕਾਰ ਦਾ ਬਜਟ ਪੁਰਾਣੀ ਸਰਕਾਰ ਦੀ ਕੜੀ ਵਿਚ ਨਜ਼ਰ ਆ ਸਕਦਾ ਹੈ, ਪਰ ਇਸ ਦੇ ਵਿਸ਼ਲੇਸ਼ਣਾਤਕ ਅਧਿਐਨ ਨਾਲ ਬਹੁਤ ਕੁਝ ਸਾਹਮਣੇ ਆ ਸਕਦਾ ਹੈ। ਜੇ ਲਾਗੂ ਹੋ ਜਾਵੇ ਤਾਂ ਇਹ ਭਾਰਤੀ ਨੀਤੀ ਦੀ ਰਚਨਾ ਅਤੇ ਵਪਾਰਕ ਸੋਚ ਵਿਚ ਤਬਦੀਲੀ ਲਿਆਉਣ ਦਾ ਕਾਰਨ ਬਣੇਗਾ, ਉਹ ਵੀ ਬਹੁਤ ਥੋੜ੍ਹੇ ਸਮੇਂ ਅੰਦਰ ਕਿਉਂਕਿ ਇਸ ਤਹਿਤ ਆਰਥਿਕਤਾ ਦੇ ਵੱਖ-ਵੱਖ ਖੰਡਾਂ ਵਿਚ ਵੱਡੇ ਪੱਧਰ 'ਤੇ ਬਦਲਾਅ ਲਿਆਉਣ ਦਾ ਪ੍ਰਸਤਾਵ ਹੈ।

ਵਿੱਤ ਮੰਤਰੀ ਨੇ ਠੀਕ ਹੀ, ਬਜਟ ਦੇ ਭੇਦ ਖੋਲ੍ਹਣ ਵਾਲੀ ਪਹੁੰਚ ਅਪਣਾਈ ਹੈ, ਜੋ ਵੱਖ-ਵੱਖ ਦੇਸ਼ਾਂ ਦੁਆਰਾ ਅਪਣਾਈ ਗਈ ਪ੍ਰਥਾ ਦੇ ਮੁਤਾਬਕ ਹੀ ਹੈ ਜਿਸ ਵਿਚ ਬਜਟ ਦਾ ਦਿਨ ਗ਼ੈਰ-ਘਟਨਾ ਵਾਲਾ ਵਿੱਤੀ ਨੀਤੀ ਬਣਾਉਣਾ ਇਕ ਨਿਰੰਤਰ ਮਦ ਹੁੰਦੀ ਹੈ, ਜਿਸ ਨੂੰ ਸਰਕਾਰੀ ਖਾਤਿਆਂ ਦੇ ਲੇਖੇ-ਜੋਖੇ ਤੋਂ ਨਹੀਂ ਜਾਣਿਆ ਜਾਂਦਾ। ਇਹ ਐਲਾਨ, ਕਿ ਵਿੱਤੀ ਨੀਤੀ ਦੇ ਉਪਾਅ ਅਤੇ ਦੂਜੇ ਭਲਾਈ ਮੁਖੀ ਕਦਮ ਜਿਵੇਂ ਕੁਪੋਸ਼ਣ ਨੂੰ ਵੱਖਰੇ ਤੌਰ ਤੇ ਨਜਿੱਠਿਆ ਜਾਵੇਗਾ, ਨਾਲ ਹੀ ਨਾਲ ਇਕ ਆਯੋਗ ਬਣਾ ਕੇ ਸਰਕਾਰ ਦੇ ਸਬਸਿਡੀ ਵਰਗੇ ਖਰਚਿਆਂ ਨੂੰ ਨਿਰੰਤਰ ਤਰਕਸੰਗਤ ਕੀਤਾ ਜਾਵੇਗਾ, ਇਹ ਵਿੱਤੀ ਮੁੱਦਿਆਂ ਪ੍ਰਤਿ ਇਕ ਧਿਆਨ ਕੇਂਦਰਿਤ ਪਹੁੰਚ ਵੱਲ ਇਸ਼ਾਰਾ ਕਰਦਾ ਹੈ, ਇਹ ਧਿਆਨ ਵਿਚ ਰਖਦੇ ਹੋਏ ਕਿ ਕਿੰਨੇ ਘੱਟ ਸਮੇਂ ਵਿਚ ਬਜਟ ਤਿਆਰ ਕੀਤਾ ਗਿਆ ਹੈ। ਵਾਧੂ ਉਧਾਰ ਚੁੱਕਣ ਤੋਂ ਕੰਨੀ ਕਤਰਾਉਣਾ ਅਤੇ ਮੌਜੂਦਾ ਵਿੱਤੀ ਸਰੋਤਾਂ ਦੇ ਬਾਵਜੂਦ, ਉੱਚ ਕਰਜ਼ੇ ਦੀ ਸ਼ਰਤ ਤੋਂ ਕਿਨਾਰਾ ਕਰਨਾ, ਵਿੱਤੀ ਸੁਦ੍ਰਿੜ੍ਹੀਕਰਨ ਪ੍ਰਤਿ ਪ੍ਰਤਿਬਧਤਾ ਦਰਸਾਉਂਦਾ ਹੈ। ਬਜਟ ਨੀਤੀਆਂ ਬਣਾਉਣ ਲਈ ਇਕ ਸਹਿਜ ਅਤੇ ਪ੍ਰੌੜ੍ਹ ਪਹੁੰਚ ਦਾ ਇਸਤੇਮਾਲ ਕੀਤਾ ਗਿਆ ਹੈ, ਬਾਵਜੂਦ ਇਸ ਦੇ ਕਿ ਬਹੁਤ ਵੱਡਾ ਜਨਾਦੇਸ਼ ਮਿਲਿਆ ਹੈ ਜਿਸ ਤਹਿਤ ਵਿੱਤੀ ਅੱਯਾਸ਼ੀ ਨੂੰ ਸਹੀ ਠਹਿਰਾਉਣਾ ਨਾ ਸਹੀ, ਤਰਕਸੰਗਤ ਦੱਸਿਆ ਜਾ ਸਕਦਾ ਸੀ। ਉਸ ਮਾਮਲੇ ਵਿਚ ਬਜਟ ਸਚਮੁਚ ਪ੍ਰਸ਼ੰਸਾਯੋਗ ਅਤੇ ਨਵੇਂ ਮਾਰਗ ਬਣਾਉਣ ਵਾਲਾ ਹੈ ਜੋ ਆਪਸੀ ਸਹਿਮਤੀ ਨਾਲ ਹੋਰ ਸੁਧਾਰਾਂ ਦਾ ਰਾਹ ਪੱਧਰਾ ਕਰਦਾ ਹੈ।

*(ਲੇਖਕ ਬੰਗਲੌਰ ਸਥਿਤ ਇੰਡੀਅਨ ਇਸੰਟੀਚਿਊਟ ਆਫ਼ ਮੈਨੇਜਮੈਂਟ ਵਿਖੇ ਆਰ ਬੀ ਆਈ ਚੇਅਰ ਪ੍ਰੋਫ਼ੈਸਰ ਹੈ।)*

*e-mail :charansingh@iimb.ernet.in*

# ਰੇਲਵੇ ਬਜਟ 2014-15 ਦਾ ਸੰਖੇਪ

**2014-15 ਲਈ 65 ਹਜ਼ਾਰ 445 ਕਰੋੜ ਰੁਪਏ ਖਰਚ ਕਰਨ ਦੀ ਯੋਜਨਾ**

ਰੇਲ ਮੰਤਰੀ ਸ੍ਰੀ ਡੀ.ਵੀ. ਸਦਾਨੰਦ ਗੌੜਾ ਨੇ ਲੋਕ ਸਭਾ ਵਿਚ ਸਾਲ 2014-15 ਦਾ ਰੇਲ ਬਜਟ ਪੇਸ਼ ਕਰਦਿਆਂ ਯਾਤਰੀ ਸਹੂਲਤਾਂ ਵਿਚ ਵਾਧਾ, ਵੱਧ ਸੁਰੱਖਿਆ ਉਪਾਅ, ਪ੍ਰਜੈਕਟਾਂ ਦੀ ਸਮੇਂ ਸਿਰ ਸਮਾਪਤੀ ਅਤੇ ਵਿੱਤੀ ਅਨੁਸ਼ਾਸਨ ਵਧਾਉਣ ਵਰਗੇ ਮੁੱਦਿਆਂ ਉਤੇ ਖ਼ਾਸ ਧਿਆਨ ਦਿਤਾ ਗਿਆ ਹੈ।

ਰੇਲ ਮੰਤਰੀ ਨੇ ਸੁਧਾਰਾਂ ਦੀ ਦਿਸ਼ਾ ਵਿਚ ਕਈ ਕਦਮ ਚੁੱਕਣ ਦਾ ਐਲਾਨ ਕੀਤਾ ਹੈ। ਕੁਪ੍ਰਬੰਧਨ ਨਾਲ ਨਿਪਟਣ ਤੇ ਲੋਕਾਂ ਨੂੰ ਖ਼ੁਸ਼ ਕਰਨ ਦੇ ਉਪਾਵਾਂ ਤੋਂ ਦੂਰੀ ਬਣਾਉਣ ਦਾ ਐਲਾਨ ਕੀਤਾ। ਰੇਲਵੇ ਵਿਚ ਢਾਂਚਾਗਤ ਸੁਧਾਰਾਂ ਨੂੰ ਲਾਗੂ ਕੀਤਾ ਜਾਵੇਗਾ। ਜਨਤਕ ਖੇਤਰ ਦੀਆਂ ਇਕਾਈਆਂ ਦਾ ਯੋਗਦਾਨ ਵਧਾਉਣ ਲਈ ਸਿੱਧੇ ਵਿਦੇਸ਼ੀ ਨਿਵੇਸ਼ ਅਤੇ ਜਨਤਕ-ਨਿੱਜੀ ਸਾਂਝੀਦਾਰੀ ਰਾਹੀਂ ਸਰੋਤਾਂ ਦਾ ਵਿਕਾਸ ਕੀਤਾ ਜਾਵੇਗਾ। ਰੇਲ ਯਾਤਰਾ ਨੂੰ ਸੁਰੱਖਿਅਤ ਅਤੇ ਆਰਾਮਦਾਇਕ ਬਣਾਉਣ ਲਈ ਵੀ ਪ੍ਰਸਤਾਵ ਰੱਖੇ ਗਏ ਹਨ। ਬਜਟ ਵਿਚ ਯਾਤਰੀਆਂ ਨੂੰ ਸਹੂਲਤਾਂ, ਸਵੱਛਤਾ ਅਤੇ ਸਮੁੱਚੇ ਸਟੇਸ਼ਨ ਪ੍ਰਬੰਧ ਉਤੇ ਖ਼ਾਸ ਧਿਆਨ ਦਿਤਾ ਗਿਆ ਹੈ। ਹੁਣ ਸਾਰੇ ਪ੍ਰਮੁੱਖ ਸਟੇਸ਼ਨਾਂ ਉਤੇ ਪੈਦਲ ਪਾਰ ਪਥ ਪੁਲ, ਐਕਸੀਲੇਟਰ ਅਤੇ ਲਿਫਟ ਦੀ ਸਹੂਲਤ ਵੀ ਪ੍ਰਦਾਨ ਕੀਤੀ ਜਾਵੇਗੀ।

ਸੁਰੱਖਿਆ ਅਤੇ ਬਚਾਅ ਦੇ ਮਾਮਲੇ ਵਿਚ ਦੁਰਘਟਨਾਵਾਂ ਦੇ ਕਾਰਨ ਨੂੰ ਰੋਕਣ ਲਈ ਬਜਟ ਵਿਚ ਆਧੁਨਿਕ ਤਕਨੀਕ ਦਾ ਪ੍ਰਸਤਾਵ ਰੱਖਿਆ ਗਿਆ ਹੈ। ਇਸ ਹੇਠ ਉਪ ਨਗਰੀ ਕੋਚਾਂ ਅਤੇ ਮੁੱਖ ਲਾਈਨ ਵਿਚ ਸਵੈ-ਚਲਿਤ ਦਰਵਾਜ਼ੇ ਲਗਾਉਣ ਲਈ ਪਾਇਲਟ ਯੋਜਨਾ ਸ਼ੁਰੂ ਕੀਤੀ ਜਾਵੇਗੀ। ਰੇਲਵੇ ਓਵਰਬ੍ਰਿਜਾਂ ਅਤੇ ਅੰਡਰਬ੍ਰਿਜਾਂ ਲਈ ਵੀ ਕਾਫ਼ੀ ਰਕਮ ਦੀ ਵਿਵਸਥਾ ਕੀਤੀ ਗਈ ਹੈ। ਯਾਤਰਾ ਦੌਰਾਨ ਮਹਿਲਾਵਾਂ ਦੀ ਸੁਰੱਖਿਆ ਉਤੇ ਖ਼ਾਸ ਧਿਆਨ ਰੱਖਦਿਆਂ ਰੇਲਵੇ ਵਿਚ 4 ਹਜ਼ਾਰ ਮਹਿਲਾ ਸਿਪਾਹੀਆਂ ਦੀ ਨਿਯੁਕਤੀ ਕੀਤੀ ਜਾਵੇਗੀ ਅਤੇ ਮਹਿਲਾਵਾਂ ਲਈ ਰਿਜ਼ਰਵ ਡੱਬਿਆਂ ਵਿਚ ਸੁਰੱਖਿਆ ਵਿਵਸਥਾ ਹੋਰ ਮਜ਼ਬੂਤ ਕੀਤੀ ਜਾਵੇਗੀ।

ਰੇਲ ਬਜਟ ਵਿਚ ਸੂਚਨਾ ਤਕਨਾਲੋਜੀ ਪਹਿਲਾਂ ਉਤੇ ਅਹਿਮ ਜ਼ੋਰ ਦਿਤਾ ਗਿਆ ਹੈ। ਇੰਟਰਨੈੱਟ ਉਤੇ ਗ਼ੈਰ ਰਿਜ਼ਰਵ ਟਿਕਟਾਂ ਅਤੇ ਪਲੇਟ ਫਾਰਮ ਟਿਕਟਾਂ ਦੀ ਵੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ, ਅਗਲੀ ਪੀੜ੍ਹੀ ਲਈ ਰੇਲਵੇ ਰਿਜ਼ਰਵੇਸ਼ਨ ਵਿਵਸਥਾ ਵਿਚ ਅਹਿਮ ਸੁਧਾਰ ਕੀਤੇ ਜਾਣ ਦਾ ਪ੍ਰਸਤਾਵ ਹੈ। ਰੇਲਵੇ ਨੇ ਰੇਲਾਂ ਦੇ ਆਉਣ-ਜਾਣ ਦੀ ਸਹੀ ਜਾਣਕਾਰੀ ਅਤੇ ਯਾਤਰੀਆਂ ਲਈ ਮੋਬਾਇਲ ਆਧਾਰਿਤ ਜਾਗਰੂਕਤਾ ਕਾਲ ਪ੍ਰਣਾਲੀ, ਮੋਬਾਇਲ ਆਧਾਰਿਤ ਟੀਚਾ ਪਹੁੰਚ ਅਲਰਟ ਅਤੇ ਏ-1 ਅਤੇ ਏ ਵਰਗ ਦੇ ਸਟੇਸ਼ਨ ਅਤੇ ਚੋਣਵੇਂ ਰੇਲਾਂ ਵਿਚ ਵਾਈ-ਫਾਈ ਸੇਵਾ ਦੇਣ ਦਾ ਵੀ ਪ੍ਰਸਤਾਵ ਹੈ।

- ਰੇਲ ਬਜਟ ਵਿਚ ਸੁਧਾਰਾਂ ਲਈ ਚੁੱਕੇ ਕਈ ਕਦਮ
- ਰੇਲ ਕਿਰਾਏ ਵਿਚ ਵਾਧਾ ਨਹੀਂ
- ਜਨਤਕ ਖੇਤਰ ਦੀਆਂ ਇਕਾਈਆਂ, ਸਿੱਧੇ ਵਿਦੇਸ਼ੀ ਨਿਵੇਸ਼ ਤੇ ਜਨਤਕ-ਨਿੱਜੀ ਸਾਂਝੇਦਾਰੀ
- ਯਾਤਰੀ ਸਹੂਲਤਾਂ, ਸਵੱਛਤਾ ਅਤੇ ਸਟੇਸ਼ਨਾਂ ਦੇ ਪ੍ਰਬੰਧਾਂ ਉਤੇ ਖ਼ਾਸ ਧਿਆਨ
- ਸੁਰੱਖਿਆ ਤੇ ਬਹੁ-ਮੰਤਵੀ ਉਪਾਵਾਂ ਉਤੇ ਜ਼ੋਰ
- 4000 ਮਹਿਲਾ ਆਰ ਪੀ ਐਫ਼ ਸਿਪਾਹੀਆਂ ਦੀ ਭਰਤੀ ਕੀਤੀ ਜਾਵੇਗੀ
- ਈ.ਟਿਕਟਿੰਗ, ਪ੍ਰਮੁੱਖ ਸਟੇਸ਼ਨਾਂ ਅਤੇ ਚੋਣਵੀਆਂ ਰੇਲਾਂ ਵਿਚ ਵਾਈ-ਫਾਈ ਸੇਵਾਵਾਂ
- ਯਾਤਰੀਆਂ ਲਈ ਮੋਬਾਇਲ ਆਧਾਰਿਤ ਜਾਗਰੂਕਤਾ ਕਾਲ ਰਾਹੀਂ ਨਵੀਂ ਪੀੜ੍ਹੀ ਲਈ ਰੇਲਵੇ ਦੀ ਰਿਜ਼ਰਵੇਸ਼ਨ ਪ੍ਰਣਾਲੀ ਵਿਚ ਅਹਿਮ ਬਦਲਾਅ
- 58 ਨਵੀਆਂ ਰੇਲਾਂ ਦੀ ਸ਼ੁਰੂਆਤ, 11 ਮੌਜੂਦਾ ਰੇਲਾਂ ਦਾ ਵਿਸਥਾਰ ਕੀਤਾ ਜਾਵੇਗਾ
- ਰੇਲ ਯੂਨੀਵਰਸਿਟੀ ਅਤੇ ਖੋਜ ਕੇਂਦਰ ਦਾ ਗਠਨ ਕੀਤਾ ਜਾਵੇਗਾ
- ਪਾਰਦਰਸ਼ਿਤਾ ਨੂੰ ਉੱਚ ਪਹਿਲ, ਉੱਚ ਖਰੀਦ ਵਿਚ ਈ.ਖਰੀਦ ਜ਼ਰੂਰੀ ਬਣਾਇਆ ਜਾਵੇਗਾ
- ਅਗਲੇ ਦੋ ਮਹੀਨਿਆਂ ਵਿਚ ਵੈਗਨਾਂ ਦੀ ਆਨ ਲਾਈਨ ਰਜਿਸਟ੍ਰੇਸ਼ਨ

ਰੇਲਵੇ ਪ੍ਰਬੰਧ ਨੂੰ ਹੋਰ ਕੁਸ਼ਲ ਬਣਾਉਣ ਲਈ ਖੋਜ ਅਤੇ ਇਨਕਿਊਬੇਸ਼ਨ ਕੇਂਦਰਾਂ ਦੀ ਸਥਾਪਨਾ ਤੋਂ ਇਲਾਵਾ ਤਕਨੀਕੀ ਤੇ ਗ਼ੈਰ ਤਕਨੀਕੀ ਵਿਸ਼ਿਆਂ ਵਿਚ ਸਿਖਲਾਈ ਲਈ ਰੇਲ ਯੂਨੀਵਰਸਿਟੀ ਦੀ ਸਥਾਪਨਾ ਦੀ ਤਜਵੀਜ਼ ਹੈ।

ਭਾਰਤੀ ਰੇਲ ਨੈੱਟਵਰਕ ਨੂੰ ਆਧੁਨਿਕ ਬਣਾਏ ਜਾਣ ਦੀ ਲੜੀ ਵਿਚ ਚੋਣਵੇਂ 9 ਖੇਤਰਾਂ ਵਿਚ 160-200 ਕਿਲੋਮੀਟਰ ਪ੍ਰਤਿ ਘੰਟਾ ਦੀ ਰਫ਼ਤਾਰ ਵਾਲੀਆਂ ਰੇਲਾਂ ਸਮੇਤ ਮੁੰਬਈ-ਅਹਿਮਦਾਬਾਦ ਖੇਤਰ ਵਿਚ ਇਕ ਬੁਲੇਟ ਟ੍ਰੇਨ ਦਾ ਪ੍ਰਸਤਾਵ ਹੈ। ਰੇਲਵੇ ਨੇ ਦੇਸ਼ ਦੇ ਸਾਰੇ ਪ੍ਰਮੁੱਖ ਮੈਟਰੋ ਅਤੇ ਵਿਕਸਤ ਕੇਂਦਰਾਂ ਨੂੰ ਜੋੜਨ ਲਈ ਤੇਜ਼ ਗਤੀ ਦੇ ਰੇਲ ਸੰਪਰਕ ਨੈੱਟਵਰਕ ਲਈ ਡਾਇਮੰਡ ਕਵਾਡ੍ਰੀ-ਲੇਟਰਲ ਪ੍ਰਜੈਕਟ ਦਾ ਵੀ ਪ੍ਰਸਤਾਵ ਕੀਤਾ ਗਿਆ ਹੈ। ਜਨਤਕ ਨਿੱਜੀ ਸਾਂਝੇਦਾਰੀ ਰਾਹੀਂ ਨਵੇਂ ਵਿਕਸਤ ਹਵਾਈ ਅੱਡਿਆਂ ਦੀ ਤਰਜ਼ ਉਤੇ ਆਧੁਨਿਕ ਸਹੂਲਤਾਂ ਨਾਲ ਚੋਣਵੇਂ ਸਟੇਸ਼ਨਾਂ ਨੂੰ ਅੰਤਰਰਾਸ਼ਟਰੀ ਮਾਨਕਾਂ ਦੇ ਮੁਤਾਬਿਕ ਵਿਕਸਤ ਕੀਤਾ ਜਾਵੇਗਾ। ਰੇਲਵੇ ਨੇ ਆਪਣੇ ਮੁੱਖ ਸਟੇਸ਼ਨਾਂ ਅਤੇ ਰੇਲ ਇਮਾਰਤਾਂ ਦੀਆਂ ਛੱਤਾਂ ਦਾ ਇਸਤੇਮਾਲ ਕਰਦੇ ਹੋਏ ਸੌਰ ਊਰਜਾ ਪ੍ਰਾਪਤ ਕਰਨ ਦਾ ਵੀ ਪ੍ਰਸਤਾਵ ਰੱਖਿਆ ਹੈ।

ਰੇਲ ਸਰੋਤਾਂ ਦਾ ਹੋਰ ਵੱਧ ਇਸਤੇਮਾਲ ਕਰਨ ਲਈ ਬਜਟ ਵਿਚ ਜਨਤਕ-ਨਿੱਜੀ ਭਾਗੀਦਾਰੀ ਨਾਲ ਪਾਰਸਲ ਵੈਨਾਂ ਦੀ ਖਰੀਦ, ਵਿਸ਼ੇਸ਼ ਦੁੱਧ

ਟੈਂਕਰ ਰੇਲਾਂ, ਸਬਜ਼ੀਆਂ ਅਤੇ ਫਲਾਂ ਦੀ ਢੁਆਈ ਵਿਚ ਤੇਜ਼ੀ ਲਿਆਉਣ ਲਈ ਵੇਅਰ ਹਾਊਸਿੰਗ ਨਿਗਮ ਦੇ ਨਾਲ ਸਾਂਝੇਦਾਰੀ ਵਰਗੀਆਂ ਸਹੂਲਤਾਂ ਦਾ ਪ੍ਰਸਤਾਵ ਹੈ।

ਰੇਲ ਮੰਤਰੀ ਨੇ ਪ੍ਰਸ਼ਾਸਨ ਅਤੇ ਪ੍ਰਾਜੈਕਟਾਂ ਦੀ ਕਾਰਗੁਜ਼ਾਰੀ ਵਿਚ ਵੱਧ ਪਾਰਦਰਸ਼ਿਤਾ ਲਿਆਉਣ ਦਾ ਵੀ ਪ੍ਰਸਤਾਵ ਰੱਖਿਆ ਹੈ। ਮੌਜੂਦਾ ਪ੍ਰਾਜੈਕਟ ਦੀ ਸਥਿਤੀ ਨੂੰ ਆਨ ਲਾਈਨ ਕੀਤਾ ਜਾਵੇਗਾ। ਵੱਧ ਰਕਮ ਵਾਲੀ ਖਰੀਦ ਲਈ ਈ-ਖਰੀਦ ਨੂੰ ਲਾਜ਼ਮੀ ਬਣਾਇਆ ਜਾਵੇਗਾ। ਅਗਲੇ ਦੋ ਮਹੀਨਿਆਂ ਵਿਚ ਵੈਗਨਾਂ ਦੀ ਮੰਗ ਨੂੰ ਆਨ ਲਾਈਨ ਰਜਿਸਟ੍ਰੇਸ਼ਨ ਦੀ ਵੀ ਸ਼ੁਰੂਆਤ ਕੀਤੀ ਜਾਵੇਗੀ।

ਬਜਟ ਵਿਚ ਉਪ ਨਗਰੀ ਅਤੇ ਮਹਾਂਨਗਰਾਂ ਵਿਚ ਯਾਤਰੀਆਂ ਦੀਆਂ ਸਹੂਲਤਾਂ ਉਤੇ ਵਿਸ਼ੇਸ਼ ਸਹੂਲਤਾਂ ਦਿੰਦਿਆਂ ਅਗਲੇ ਦੋ ਸਾਲਾਂ ਵਿਚ ਮੁੰਬਈ ਵਿਚ ਆਧੁਨਿਕ 864 ਵਾਧੂ ਟੀ ਐਮ ਯੂ ਰੇਲਾਂ ਚਲਾਈਆਂ ਜਾਣਗੀਆਂ। ਬੈਂਗਲੁਰੂ ਵਿਚ ਬਿਹਤਰ ਸੰਪਰਕ ਦੀਆਂ ਲੋੜਾਂ ਨੂੰ ਧਿਆਨ ਵਿਚ ਰਖਦਿਆਂ ਮੌਜੂਦਾ ਰੇਲ ਨੈੱਟਵਰਕ ਵਿਚ ਵਿਸਥਾਰ ਕਰਨ ਲਈ ਸੰਭਾਵਨਾਵਾਂ ਨੂੰ ਲੱਭਣ ਸੰਬੰਧੀ ਅਧਿਐਨ ਕੀਤਾ ਜਾਵੇਗਾ।

ਰੇਲ ਬਜਟ 2014-15 ਵਿਚ 58 ਨਵੀਆਂ ਰੇਲਾਂ ਸਮੇਤ ਮੌਜੂਦਾ 11 ਰੇਲਾਂ ਦੇ ਵਿਸਤਾਰ ਦਾ ਵੀ ਪ੍ਰਸਤਾਵ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਰੇਲ ਬਜਟ ਵਿਚ ਨਵੀਆਂ ਲਾਈਨਾਂ ਲਈ 28 ਸਰਵੇਖਣ ਅਤੇ ਦੋਹਰਾ ਕਰਨ ਦਾ ਵੀ ਪ੍ਰਸਤਾਵ ਰੱਖਿਆ ਗਿਆ ਹੈ। ਪੂਰਵੀ ਉੱਤਰ ਅਤੇ ਦੂਰ ਦੁਰਾਡੇ ਖੇਤਰਾਂ ਵਿਚ ਚਲ ਰਹੇ ਮੌਜੂਦਾ ਪ੍ਰਾਜੈਕਟਾਂ ਲਈ ਵੀ ਉਚਿਤ ਵੰਡ ਦਾ ਪ੍ਰਸਤਾਵ ਰੱਖਿਆ ਗਿਆ ਹੈ। ਚੋਣਵੀਆਂ ਤੀਰਥ ਯਾਤਰੀ ਥਾਵਾਂ ਉਤੇ ਵਿਸ਼ੇਸ਼ ਪੈਕੇਜ ਰੇਲ ਅਤੇ ਸਵਾਮੀ ਵਿਵੇਕਾਨੰਦ ਦੇ ਜੀਵਨ ਅਤੇ ਕਰਮ ਨੂੰ ਦਰਸਾਉਣ ਲਈ ਇਕ ਵਿਸ਼ੇਸ਼ ਰੇਲ ਦਾ ਵੀ ਪ੍ਰਸਤਾਵ ਰੇਲ ਬਜਟ ਵਿਚ ਰੱਖਿਆ ਗਿਆ ਹੈ। ਬਜਟ ਅਨੁਮਾਨਾਂ ਮੁਤਾਬਿਕ ਵੱਖ-ਵੱਖ ਸਰੋਤਾਂ ਦੇ ਮਾਧਿਅਮਾਂ ਨਾਲ ਰੇਲਵੇ 1 ਲੱਖ 64 ਹਜ਼ਾਰ 374 ਕਰੋੜ ਰੁਪਏ ਦੀ ਕਮਾਈ ਕਰੇਗਾ। ਸਾਲ 2014-15 ਦੌਰਾਨ ਇਕ ਲੱਖ 49 ਹਜ਼ਾਰ 176 ਕਰੋੜ ਰੁਪਏ ਖਰਚ ਕੀਤੇ ਜਾਣਗੇ। ਸੰਚਾਲਨ ਅਨੁਪਾਤ ਦੇ 92.5 ਪ੍ਰਤਿਸ਼ਤ ਰਹਿਣ ਦੀ ਸੰਭਾਵਨਾ ਹੈ ਜੋ ਸਾਲ 2013-14 ਦੇ ਮੁਕਾਬਲੇ ਵਿਚ 1 ਪ੍ਰਤਿਸ਼ਤ ਵੱਧ ਹੈ।

## ਸਾਲ 2014-15 ਵਿਚ ਉੱਨਤ ਸੰਚਾਲਨ ਅਨੁਪਾਤ ਰਾਹੀਂ ਰੇਲਵੇ ਨੂੰ 1.64 ਲੱਖ ਕਰੋੜ ਰੁਪਏ ਦੀ ਆਮਦਨ ਹੋਵੇਗੀ

ਰੇਲ ਮੰਤਰੀ ਸ੍ਰੀ ਡੀ.ਵੀ. ਸੰਦਾਨੰਦ ਗੌੜਾ ਨੇ ਰੇਲ ਬਜਟ ਪੇਸ਼ ਕਰਦਿਆਂ 2014-15 ਲਈ ਬਜਟ ਅਨੁਮਾਨ ਸੰਬੰਧੀ ਵੇਰਵਾ ਪੇਸ਼ ਕੀਤਾ ਜੋ ਇਸ ਤਰ੍ਹਾਂ ਹੈ :

ਅਰਥਵਿਵਸਥਾ ਵਿਚ ਹੋਰ ਜ਼ਿਆਦਾ ਵਾਧੇ ਦੀ ਉਮੀਦ ਕਰਦਿਆਂ 1 ਲੱਖ 64 ਹਜ਼ਾਰ 374 ਕਰੋੜ ਰੁਪਏ ਦੀ ਆਮਦਨ ਦੀ ਆਸ ਪ੍ਰਗਟ ਕੀਤੀ ਅਤੇ 1 ਲੱਖ 49 ਹਜ਼ਾਰ 176 ਕਰੋੜ ਰੁਪਏ ਖਰਚ ਦੇ ਤੌਰ ਤੇ ਮਿੱਥੇ ਗਏ ਹਨ।




ਮਾਲ ਆਵਾਜਾਈ ਵਿਚ 4.9 ਪ੍ਰਤਿਸ਼ਤ ਦਾ ਵਾਧਾ ਜੋ ਪਿਛਲੇ ਸਾਲ ਦੇ ਮੁਕਾਬਲੇ ਵਿਚ 51.07 ਮਿਲੀਅਨ ਟਨ ਵਧ ਕੇ 1 ਲੱਖ 10 ਹਜ਼ਾਰ 125 ਮਿਲੀਅਨ ਟਨ ਹੋ ਜਾਵੇਗਾ। ਜੋ ਪਹਿਲੇ ਦੋ ਮਹੀਨਿਆਂ ਦੇ ਰੁਝਾਨ ਉਤੇ ਆਧਾਰਿਤ ਹੈ। ਮੁਸਾਫਿਰ ਆਵਾਜਾਈ ਵਿਚ 2013-14 ਉਤੇ ਮਾਮੂਲੀ ਵਾਧੇ ਦੀ ਆਸ ਪ੍ਰਗਟ ਕੀਤੀ ਗਈ ਹੈ। ਮਾਲ ਢੋ-ਢੁਆਈ ਤੋਂ 1 ਲੱਖ 5 ਹਜ਼ਾਰ 770 ਕਰੋੜ ਰੁਪਏ ਅਤੇ ਮੁਸਾਫਿਰ ਆਵਾਜਾਈ ਤੋਂ 44 ਹਜ਼ਾਰ 645 ਕਰੋੜ ਰੁਪਏ ਆਮਦਨੀ ਹੋਣ ਦਾ ਅਨੁਮਾਨ ਲਗਾਇਆ ਗਿਆ ਹੈ।

ਮਾਸਿਕ ਟਿਕਟ ਸੀਜ਼ਨ ਦੇ ਕਿਰਾਏ ਵਿਚ ਸੋਧ ਕਰਨ ਸੰਬੰਧੀ ਉਪ ਨਗਰੀ ਯਾਤਰੀਆਂ ਦੀ ਬੇਨਤੀ ਉਤੇ ਵਿਚਾਰ ਕੀਤਾ ਗਿਆ ਹੈ, ਇਸ ਵਜਹ ਨਾਲ 610 ਕਰੋੜ ਰੁਪਏ ਦਾ ਘਾਟਾ ਹੋਵੇਗਾ।

ਮੁਸਾਫਿਰ ਕਿਰਾਏ ਅਤੇ ਮਾਲ ਭਾੜੇ ਵਿਚ ਸੋਧ, ਈਧਣ ਦੀਆਂ ਸੋਧ ਕੀਮਤਾਂ ਨਾਲ ਜੋੜਿਆ ਜਾਵੇਗਾ ਤਾਂ ਕਿ ਈਧਨ ਦੀ ਲਾਗਤ ਵਿਚ ਵਾਧੇ ਨਾਲ ਰੇਲਵੇ ਦੀ ਆਮਦਨ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

ਕੁੱਲ ਖਰਚ ਵਿਚੋਂ ਆਮ ਸੰਚਾਲਨ ਖਰਚ 1 ਲੱਖ 12 ਹਜ਼ਾਰ 649 ਕਰੋੜ ਰੁਪਏ ਪ੍ਰਸਤਾਵਿਤ ਕੀਤਾ ਗਿਆ ਹੈ ਜੋ 2013-14 ਦੇ ਮੁਕਾਬਲੇ ਵਿਚ 15 ਹਜ਼ਾਰ 78 ਕਰੋੜ ਰੁਪਏ ਵੱਧ ਹੈ। ਈਧਣ ਦੀਆਂ ਕੀਮਤਾਂ ਵਿਚ ਵਾਧਾ ਅਤੇ ਕਰਮਚਾਰੀ ਲਾਗਤਾਂ ਵਿਚ ਵਾਧੇ ਦੀ ਵਜਹ, ਅਜਿਹਾ ਕਰਨਾ ਜ਼ਰੂਰੀ ਦੱਸਿਆ ਗਿਆ ਹੈ। ਸਾਲ 2013-14 ਵਿਚ ਪੈਨਸ਼ਨ ਖਰਚ ਵਿਚ ਲਗਭਗ 16 ਪ੍ਰਤਿਸ਼ਤ ਦਾ ਵਾਧਾ ਹੋਇਆ ਸੀ। ਇਸ ਨੂੰ ਧਿਆਨ ਵਿਚ ਰੱਖਦਿਆਂ ਪੈਨਸ਼ਨ ਲਈ 28 ਹਜ਼ਾਰ 850 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ।

## ਲਾਗਤ ਵਧਣ ਦੇ ਬਾਵਜੂਦ ਰੇਲਵੇ ਸਮਾਜਿਕ ਸੇਵਾ ਜ਼ਿੰਮੇਵਾਰੀ ਪੂਰੀ ਕਰਨ ਲਈ ਵਚਨਬੱਧ

ਰੇਲ ਮੰਤਰੀ ਸ੍ਰੀ ਗੌੜਾ ਨੇ ਸਾਲ 2014-15 ਦਾ ਰੇਲ ਬਜਟ ਪੇਸ਼ ਕਰਦਿਆਂ ਕਿਹਾ ਕਿ 2000-01 ਵਿਚ ਸਮਾਜਿਕ ਸੇਵਾ ਜ਼ਿੰਮੇਵਾਰੀ, ਘਰੇਲੂ ਆਵਾਜਾਈ ਪ੍ਰਾਪਤੀਆਂ ਦੇ 9.4 ਪ੍ਰਤਿਸ਼ਤ ਤੋਂ ਵਧ ਕੇ 2010-11 ਵਿਚ 16.6 ਪ੍ਰਤਿਸ਼ਤ ਹੋ ਗਿਆ ਹੈ। 2012-13 ਵਿਚ ਇਸ ਤਰ੍ਹਾਂ ਦੀ ਜ਼ਿੰਮੇਵਾਰੀ 20 ਹਜ਼ਾਰ ਕਰੋੜ ਰੁਪਏ ਤੋਂ ਵੱਧ ਹੋ ਗਈ ਹੈ। ਇਸ ਸਾਲ ਦਾ ਕੁੱਲ ਨਿਵੇਸ਼ ਯਾਨਿ ਬਜਟ ਸਰੋਤਾਂ ਹੇਠ ਯੋਜਨਾ ਖਰਚ 35 ਹਜ਼ਾਰ 241 ਕਰੋੜ ਰੁਪਏ ਸੀ। ਇਸ ਤਰ੍ਹਾਂ ਸਮਾਜਿਕ ਜ਼ਿੰਮੇਵਾਰੀ ਦੇ ਬੋਝ ਦੀ ਰਕਮ ਬਜਟ ਸਰੋਤਾਂ

ਹੇਠ ਸਾਡੀ ਯੋਜਨਾ ਖਰਚ ਦੇ ਅੱਧ ਤੋਂ ਵੱਧ ਹੈ।

## ਊਰਜਾ ਬਚਾਉਣ ਲਈ ਸੂਰਜੀ ਊਰਜਾ ਅਤੇ ਬਾਇਓ ਡੀਜ਼ਲ ਦਾ ਇਸਤੇਮਾਲ

ਰੇਲ ਮੰਤਰੀ ਸ੍ਰੀ ਗੌੜਾ ਨੇ ਰੇਲਵੇ ਸਟੇਸ਼ਨਾਂ, ਰੇਲਵੇ ਇਮਾਰਤਾਂ ਦੀਆਂ ਛੱਤਾਂ ਅਤੇ ਜ਼ਮੀਨ ਦਾ ਜਨਤਕ ਅਤੇ ਨਿੱਜੀ ਸਾਂਝੇਦਾਰੀ ਰਾਹੀਂ ਇਸਤੇਮਾਲ ਕਰਕੇ 500 ਮੈਗਾਵਾਟ ਸੂਰਜੀ ਊਰਜਾ ਸਿਰਜਨ ਕਰਨ ਦਾ ਪ੍ਰਸਤਾਵ ਰੱਖਿਆ ਹੈ। ਸ੍ਰੀ ਗੌੜਾ ਨੇ ਕਿਹਾ ਕਿ ਭਾਰਤੀ ਰੇਲ ਡੀਜ਼ਲ ਇੰਜਣਾਂ ਦੇ ਕੁੱਲ ਈਧਣ ਖਪਤ ਦਾ 5 ਪ੍ਰਤਿਸ਼ਤ ਤਕ ਬਾਇਓ ਡੀਜ਼ਲ ਦਾ ਇਸਤੇਮਾਲ ਕਰਨਾ ਸ਼ੁਰੂ ਕਰੇਗੀ।

## ਰੇਲ ਬਜਟ ਦਾ ਉਦੇਸ਼ ਸਮੁੱਚਾ ਵਿਕਾਸ : ਪ੍ਰਧਾਨ ਮੰਤਰੀ

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵਲੋਂ 2014-15 ਦੇ ਰੇਲ ਬਜਟ ਦੇਸ਼ ਨੂੰ ਵੱਧ ਗਤੀ ਦੇਣ ਵਾਲਾ ਬਜਟ ਦੱਸਿਆ ਗਿਆ ਹੈ। ਉਨ੍ਹਾਂ ਹੋਰ ਕਿਹਾ ਕਿ ਰੇਲ ਬਜਟ ਰੇਲਵੇ ਨੂੰ ਜ਼ਿਆਦਾ ਆਧੁਨਿਕ ਬਣਾਉਣ ਵਾਲਾ, ਨਾਗਰਿਕਾਂ ਨੂੰ ਵੱਧ ਸੁਰੱਖਿਆ ਅਤੇ ਸੇਵਾ ਦੇਣ ਵਾਲਾ ਸਿੱਧ ਹੋਵੇਗਾ।

ਇਕ ਲੰਬੇ ਅਰਸੇ ਤੋਂ ਬਾਅਦ ਦੇਸ਼ ਮਹਿਸੂਸ ਕਰੇਗਾ ਕਿ ਸਹੀ ਅਰਥਾਂ ਵਿਚ ਸਾਡੀ ਰੇਲਵੇ, ਇਹ ਭਾਰਤੀ ਰੇਲਵੇ ਹੈ। ਪਿਛਲੇ ਕੁਝ ਦਹਾਕਿਆਂ ਤੋਂ ਇਕ ਵਿਖਰੇਵਾਂ ਮਹਿਸੂਸ ਹੁੰਦਾ ਸੀ। ਟੁਕੜਿਆਂ ਵਿਚ ਸੋਚਿਆ ਜਾਂਦਾ ਸੀ। ਪਹਿਲੀ ਵਾਰ ਸਮੁੱਚੇ ਭਾਰਤ ਦੇ ਵਿਕਾਸ ਨੂੰ ਧਿਆਨ ਵਿਚ ਰੱਖ ਕੇ ਰੇਲਵੇ ਬਜਟ ਉਤੇ ਜ਼ੋਰ ਦਿਤਾ ਗਿਆ, 21ਵੀਂ ਸਦੀ ਦਾ ਭਾਰਤ, ਇਸ ਦੀ ਨੀਂਹ, ਇਸ ਆਧੁਨਿਕ ਰੇਲ ਬਜਟ ਵਿਚ ਦਿਖਾਈ ਦਿੰਦੀ ਹੈ। ਵਿਗਿਆਨ ਅਤੇ ਤਕਨਾਲੋਜੀ ਦੀ ਭਰਪੂਰ ਵਰਤੋਂ, ਆਉਣ ਵਾਲੇ ਦਿਨਾਂ ਵਿਚ ਹੋਵੇਗੀ। ਰੇਲਵੇ ਵਰਗਾ ਤੰਤਰ ਅਸਥਾਈ ਤੌਰ ਤੇ ਨਹੀਂ ਚਲ ਸਕਦਾ। ਹਰ ਤਰ੍ਹਾਂ ਦੇ ਫੈਸਲੇ ਪ੍ਰਕਿਰਿਆ ਲਈ ਨਵੇਂ ਸੁਪਨੇ ਲਈ ਨਵੀਆਂ ਪਹਿਲਾਂ ਲਈ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਰੇਲਵੇ ਦਾ ਇਹ ਬਜਟ ਸੰਸਥਾਗਤ ਪ੍ਰਣਾਲੀ ਨੂੰ ਬਲ ਦਿੰਦਾ ਹੈ। ਚੁਫੇਰੇ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਆਮ ਆਦਮੀ ਦਾ ਰੋਸ ਹੈ। ਇਹ ਬਜਟ ਪਾਰਦਰਸ਼ਤਾ ਅਤੇ ਅਖੰਡਤਾ ਨੂੰ ਬਲ ਦਿੰਦਾ ਹੈ। ਨਾਲ ਹੀ ਜ਼ੋਰ ਦਿੰਦਾ ਹੈ ਕਿ ਰੇਲਵੇ ਦਾ ਵਿਸਥਾਰ ਵੀ ਹੋਵੇ। ਰੇਲ ਦਾ ਵਿਕਾਸ ਵੀ ਹੋਵੇ, ਯਾਤਰੀਆਂ ਦੀ ਗਿਣਤੀ ਵੀ ਵਧੇ, ਯਾਤਰੀਆਂ ਦੀ ਸੁਰੱਖਿਆ ਵੀ ਵਧੇ।

ਰੇਲਵੇ ਸਿਰਫ਼ ਆਵਾਜਾਈ ਦਾ ਸਾਧਨ ਨਹੀਂ ਹੈ ਸਗੋਂ ਭਾਰਤ ਦੀ ਵਿਕਾਸ ਯਾਤਰਾ ਦਾ ਵਿਕਾਸ ਇੰਜਣ ਹੈ। ਇਸ ਵਾਰ ਦਾ ਰੇਲਵੇ ਬਜਟ, ਇਸ ਗੱਲ ਨੂੰ ਸਿੱਧ ਕਰੇਗਾ ਕਿ ਦੇਸ਼ ਦੇ ਵਿਕਾਸ ਵਿਚ, ਰੇਲ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਆਜ਼ਾਦੀ ਤੋਂ ਬਾਅਦ ਜੇ ਰੇਲਵੇ ਉਤੇ ਅਸੀਂ ਜ਼ੋਰ ਦਿਤਾ ਹੁੰਦਾ ਤਾਂ ਅੱਜ ਵਿਕਾਸ ਦੀਆਂ ਨਵੀਆਂ ਉੱਚਾਈਆਂ ਪਹੁੰਚਾਉਣ ਵਿਚ ਰੇਲਵੇ ਸਹਾਇਕ ਹੁੰਦਾ। ਅਸੀਂ 2014 ਤੋਂ ਵਿਕਾਸ ਦੀ ਇਸ ਗਤੀ ਨੂੰ, ਵਿਕਾਸ ਦੀ ਇਸ ਉੱਚਾਈ ਨੂੰ, ਸ਼ੁਰੂ ਕੀਤਾ ਹੈ। ਮੈਨੂੰ ਵਿਸ਼ਵਾਸ ਹੈ ਕਿ ਰੇਲ ਯਾਤਰਾ ਵਿਚ ਸਫ਼ਰ ਕਰਨ ਵਾਲੇ ਯਾਤਰੀਆਂ ਨੂੰ ਆਰਾਮ ਮਹਿਸੂਸ ਹੋਵੇਗਾ ਅਤੇ ਦੇਸ਼ ਦੇ ਵਿਕਾਸ ਨਾਲ ਜੁੜੇ ਹੋਏ ਲੋਕਾਂ ਲਈ ਇਹ ਵਿਕਾਸ ਦਾ ਵਿਸ਼ਵਾਸ ਦੇਵੇਗਾ।

ਭਾਰਤ ਵਿਚ ਰੇਲਵੇ ਵਿਕਾਸ ਦੇ ਕੁਝ ਨਵੇਂ ਉੱਦਮਾਂ 'ਤੇ ਵੀ ਜ਼ੋਰ ਦਿਤਾ ਗਿਆ ਹੈ। 125 ਕਰੋੜ ਲੋਕਾਂ ਦਾ ਦੇਸ਼, ਯਾਤਰੀਆਂ ਦਾ ਦੇਸ਼ ਹੈ। ਵੱਖ-ਵੱਖ ਧਰਮਾਂ ਦੇ ਸਮੁਦਾਇ ਯਾਤਰਾ ਕਰਨ ਦੇ ਆਦੀ ਹਨ। ਉਨ੍ਹਾਂ ਲਈ ਵਿਸ਼ੇਸ਼ ਵਿਵਸਥਾਵਾਂ ਦੀ ਲੋੜ ਨੂੰ ਰੇਲਵੇ ਪੂਰਾ ਕਰਨ ਜਾ ਰਿਹਾ ਹੈ। ਵਿਸ਼ਵ ਅਰਥਚਾਰੇ ਦਾ ਇਹ ਯੁੱਗ ਹੈ। ਵਿਸ਼ਵੀਕਰਨ ਦਾ ਹੁਣ ਯੁੱਗ ਹੈ, ਸਾਡੀਆਂ ਬੰਦਰਗਾਹਾਂ ਨੂੰ ਰੇਲ ਨਾਲ ਜੋੜਨ ਦੀ ਬਹੁਤ ਲੋੜ ਹੈ। ਵਿਸ਼ਵ ਵਪਾਰ ਲਈ ਨਵੇਂ ਇਹ ਜੋ ਉੱਦਮ ਲਏ ਗਏ ਹਨ ਉਹ ਭਾਰਤ ਦਾ ਆਰਥਿਕ ਸੰਪ੍ਰਭੁਤਾ ਲਈ ਇਕ ਬਹੁਤ ਹੀ ਤਾਕਤ ਬਣੇਗਾ, ਅਜਿਹਾ ਮੇਰਾ ਵਿਸ਼ਵਾਸ ਹੈ।

ਇਹ ਰੇਲ ਬਜਟ ਅੰਤ੍ਰਿਮ ਬਜਟ ਆਉਣ ਦੇ ਬਾਅਦ ਦਾ ਬਜਟ ਹੈ। ਬਹੁਤ ਘੱਟ ਸਮਾਂ ਹੈ, ਪਰ ਜੋ ਉੱਦਮ ਲਏ ਗਏ ਹਨ ਉਹ ਇਸ ਦਿਸ਼ਾ ਨੂੰ ਦਰਸਾਉਂਦੇ ਹਨ ਕਿ ਅਸੀਂ ਰੇਲ ਨੂੰ ਕਿੱਥੇ ਲੈ ਜਾਣਾ ਚਾਹੁੰਦੇ ਹਾਂ, ਨਾਲ-ਨਾਲ ਰੇਲ ਦੇ ਮਾਧਿਅਮ ਨਾਲ ਅਸੀਂ ਦੇਸ਼ ਨੂੰ ਕਿੱਥੇ ਲੈ ਜਾਣਾ ਚਾਹੁੰਦੇ ਹਾਂ, ਨਾ ਸਿਰਫ਼ ਰੇਲ ਨੂੰ ਕਿੱਥੇ ਪਹੁੰਚਾਉਣਾ ਹੈ, ਇਹ ਸਾਡਾ ਮਕਸਦ ਨਹੀਂ ਹੈ। ਰੇਲਵੇ ਦੇ ਮਾਧਿਅਮ ਨਾਲ ਦੇਸ਼ ਨੂੰ ਕਿੰਨੀਆਂ ਉੱਚਾਈਆਂ ਤਕ ਪਹੁੰਚਾਉਣਾ ਹੈ, ਇਹ ਵੀ ਸਾਡਾ ਮਕਸਦ ਹੈ ਅਤੇ ਇਹ ਸਰਕਾਰ ਦਾ ਇਹ ਸੁਪਨਾ ਪੂਰਾ ਹੋਵੇਗਾ।

## ਮਾਤਾ ਵੈਸ਼ਨੋ ਦੇਵੀ ਕੱਟੜਾ-ਊਧਮਪੁਰ ਰੇਲ ਲਾਈਨ ਰਾਸ਼ਟਰ ਨੂੰ ਸਮਰਪਿਤ

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸ੍ਰੀ ਮਾਤਾ ਵੈਸ਼ਨੋ ਦੇਵੀ ਕੱਟੜਾ-ਊਧਮਪੁਰ ਰੇਲ ਲਾਈਨ ਰਾਸ਼ਟਰ ਨੂੰ ਸਮਰਪਿਤ ਕੀਤੀ। ਉਨ੍ਹਾਂ ਕੱਟੜਾ ਰੇਲਵੇ ਸਟੇਸ਼ਨ ਤੋਂ ਊਧਮਪੁਰ ਲਈ ਪਹਿਲੀ ਰੇਲ ਸੇਵਾ ਨੂੰ ਹਰੀ ਝੰਡੀ ਦਿਖਾਈ। ਪ੍ਰਧਾਨ ਮੰਤਰੀ ਨੇ ਰੇਲਵੇ ਸਟੇਸ਼ਨ ਦਾ ਵੀ ਦੌਰਾ ਕੀਤਾ ਅਤੇ ਸੁਝਾਅ ਦਿਤੇ ਕਿ ਸਟੇਸ਼ਨ ਦੀਆਂ ਊਰਜਾ ਲੋੜਾਂ ਨੂੰ ਸੌਰ ਊਰਜਾ ਰਾਹੀਂ ਪੂਰਾ ਕੀਤਾ ਜਾਣਾ ਚਾਹੀਦਾ ਹੈ, ਜਿਸ ਨਾਲ ਸੌਰ ਊਰਜਾ ਦੇ ਇਸਤੇਮਾਲ ਨੂੰ ਉਤਸ਼ਾਹ ਮਿਲੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜੰਮੂ ਅਤੇ ਕਸ਼ਮੀਰ ਦਾ ਵਿਕਾਸ ਬਿਨਾਂ ਰੁਕਾਵਟ ਜਾਰੀ ਰਹੇਗਾ। ਉਨ੍ਹਾਂ ਨੇ ਕਿਹਾ ਕਿ ਕੱਟੜਾ ਵਿਚ ਨਵੇਂ ਰੇਲਵੇ ਸਟੇਸ਼ਨ ਦੇ ਨਾਲ ਰਾਜ ਵਿਚ ਹੋਰ ਜ਼ਿਆਦਾ ਸ਼ਾਨਦਾਰ ਵਿਕਾਸ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਜੰਮੂ-ਕਸ਼ਮੀਰ ਤੋਂ ਪੂਰਬ ਉੱਤਰ ਤਕ ਦੇ ਹਿਮਾਲਿਆ ਰਾਜਾਂ ਲਈ ਸਮਾਨ ਵਿਕਾਸ ਮਾਡਲ ਦੀ ਦਿਸ਼ਾ ਵਿਚ ਕੰਮ ਕਰੇਗੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੱਟੜਾ ਹੁਣ ਜੰਮੂ-ਕਸ਼ਮੀਰ ਦੇ ਵਿਕਾਸ ਵਿਚ ਕੇਂਦਰ ਬਿੰਦੂ ਬਣ ਚੁੱਕਿਆ ਹੈ ਅਤੇ ਇਹ ਰਾਜ ਦੇ ਵਿਕਾਸ ਦੀ ਗਤੀ ਦਾ ਇੰਜਣ ਬਣੇਗਾ। ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਬਨਿਹਾਲ ਤਕ ਰੇਲ ਸੇਵਾ ਦੇ ਵਿਸਤਾਰ ਦੇ ਮਾਧਿਅਮ ਨਾਲ ਸ੍ਰੀ ਵਾਜਪਾਈ ਦੇ ਸੁਪਨੇ ਨੂੰ ਪੂਰਾ ਕਰਨ ਦੀ ਦਿਸ਼ਾ ਵਿਚ ਕੰਮ ਕਰੇਗੀ।

ਰੇਲ ਮੰਤਰੀ ਸ੍ਰੀ ਸਦਾਨੰਦ ਗੌੜਾ ਨੇ ਕਿਹਾ ਕਿ ਮਾਤਾ ਵੈਸ਼ਣੋ ਦੇਵੀ ਦੇ ਭਗਤਾਂ ਦੀ ਇੱਛਾ ਨੂੰ ਇਕ ਲੰਬੇ ਸਮੇਂ ਬਾਅਦ ਪੂਰਾ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਦਫ਼ਤਰ ਵਿਚ ਰਾਜ ਮੰਤਰੀ ਸ੍ਰੀ ਜਤਿੰਦਰ ਸਿੰਘ ਨੇ ਕਿਹਾ ਕਿ ਮਾਤਾ ਵੈਸ਼ਣੋ ਦੇਵੀ ਦੇ ਭਗਤਾਂ ਦੀ ਇੱਛਾ ਨੂੰ ਪ੍ਰਧਾਨ ਮੰਤਰੀ ਬਣਨ ਦੇ ਬਾਅਦ ਸ੍ਰੀ ਨਰੇਂਦਰ ਮੋਦੀ ਦੇ ਰਾਜ ਵਿਚ ਪਹਿਲੇ ਦੌਰੇ ਰਾਹੀਂ ਪੂਰਾ ਕੀਤਾ ਗਿਆ ਹੈ।

ਆਪਣੇ ਸਮਾਪਤੀ ਸੰਬੋਧਨ ਵਿਚ ਰੇਲਵੇ ਬੋਰਡ ਦੇ ਚੇਅਰਮੈਨ ਸ੍ਰੀ ਅਰੁਣੇਂਦਰ ਕੁਮਾਰ ਨੇ ਪ੍ਰਧਾਨ ਮੰਤਰੀ ਨੂੰ ਭਰੋਸਾ ਦਿਤਾ ਕਿ ਕੱਟੜਾ ਰੇਲਵੇ ਸਟੇਸ਼ਨ ਨੂੰ ਇਕ ਮਾਡਲ ਸੌਰ ਊਰਜਾ ਸਟੇਸ਼ਨ ਦੇ ਤੌਰ ਤੇ ਵਿਕਸਤ ਕੀਤਾ ਜਾਵੇਗਾ।

*– ਪੀ.ਆਈ.ਬੀ. ਜਲੰਧਰ*

# ਪੰਜਾਬ ਬਜਟ 2014-15 : ਇਕ ਝਾਤ

ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਪੰਜਾਬ ਵਿਧਾਨ ਸਭਾ ਵਿਚ ਸਾਲ 2014-15 ਦਾ ਬਜਟ ਪੇਸ਼ ਕੀਤਾ ਜੋ 4,252 ਕਰੋੜ ਰੁਪਏ ਦੇ ਮਾਲੀ ਘਾਟੇ ਵਾਲਾ ਹੈ। ਬਜਟ ਵਿਚ ਨਾ ਤਾਂ ਕੋਈ ਕਰ ਲਗਾਇਆ ਗਿਆ ਤੇ ਨਾ ਹੀ ਕਿਸੇ ਵਰਗ ਨੂੰ ਰਾਹਤ ਦਿਤੀ ਗਈ ਹੈ।

ਬਜਟ ਵਿਚ ਮਾਲੀ ਪ੍ਰਾਪਤੀਆਂ ਅਤੇ ਮਾਲੀ ਖਰਚਿਆਂ ਦਾ ਜੋ ਲੇਖਾ-ਜੋਖਾ ਦਿਤਾ ਗਿਆ ਹੈ, ਉਸ ਅਨੁਸਾਰ ਸਾਰੀ ਕਮਾਈ ਬੱਝਵੇਂ ਖਰਚਿਆਂ ਲਈ ਵਧੇਰੇ ਹੈ। ਸਰਕਾਰ ਨੂੰ ਇਸ ਮਾਲੀ ਸਾਲ ਦੌਰਾਨ ਮਾਲੀ ਸਰੋਤਾਂ ਤੇ ਕੇਂਦਰ ਸਰਕਾਰ ਦੇ ਕਰਾਂ ਤੋਂ ਕੁੱਲ 44,893 ਕਰੋੜ ਰੁਪਏ ਦੀ ਆਮਦਨ ਹੋਣੀ ਹੈ। ਇਸ ਦੇ ਉਲਟ ਖਰਚੇ 49,145 ਕਰੋੜ ਰੁਪਏ ਦੇ ਮਿਥੇ ਗਏ ਹਨ। ਵਿੱਤ ਮੰਤਰੀ ਨੇ ਕੁੱਲ 73,593 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ। ਇਸ ਅਨੁਸਾਰ ਸਾਲਾਨਾ ਯੋਜਨਾ 20100 ਕਰੋੜ ਰੁਪਏ ਦੀ ਹੋਵੇਗੀ। ਸਰਕਾਰ ਦਾ ਮਾਲੀ ਘਾਟਾ ਕੁੱਲ ਘਰੇਲੂ ਉਤਪਾਦ ਦਾ 1.66 ਪ੍ਰਤਿਸ਼ਤ ਬਣਦਾ ਹੈ ਜਦ ਕਿ ਰਾਜਕੋਸ਼ੀ ਘਾਟਾ, ਜੋ ਕਿ 10273 ਕਰੋੜ ਰੁਪਏ ਹੈ, ਕੁੱਲ ਘਰੇਲੂ ਉਤਪਾਦ ਦਾ 2.84 ਪ੍ਰਤਿਸ਼ਤ ਬਣਦਾ ਹੈ। ਵਿੱਤ ਮੰਤਰੀ ਵਲੋਂ ਬਜਟ ਵਿਚ ਵਿਭਾਗੀ ਸਕੀਮਾਂ ਲਈ ਮਾਲੀ ਸਾਲ ਦੌਰਾਨ ਖਰਚੇ ਕਰਨ ਦੀ ਜੋ ਤਜਵੀਜ਼ ਰੱਖੀ ਗਈ ਹੈ, ਉਹ ਜ਼ਿਆਦਾਤਰ ਕੇਂਦਰੀ ਸਕੀਮਾਂ 'ਤੇ ਨਿਰਭਰ ਹਨ। ਬਜਟ ਅਨੁਮਾਨਾਂ ਅਨੁਸਾਰ ਪੰਜਾਬ ਸਰਕਾਰ ਸਿਰ ਮਾਲੀ ਸਾਲ ਦੇ ਅੰਤ ਤਕ ਕਰਜ਼ੇ ਦਾ ਭਾਰ ਵਧ ਕੇ 1,13,053 ਕਰੋੜ ਰੁਪਏ ਹੋ ਜਾਵੇਗਾ। ਸਰਕਾਰ ਨੂੰ ਇਸ ਸਾਲ ਦੌਰਾਨ ਕੰਮ ਚਲਾਉਣ ਲਈ 13,448 ਕਰੋੜ ਰੁਪਏ ਦਾ ਕਰਜ਼ਾ ਲੈਣਾ ਪਵੇਗਾ। ਪੰਜਾਬ ਸਰਕਾਰ ਨੂੰ ਵੈਟ ਤੋਂ 17,760 ਕਰੋੜ ਰੁਪਏ, ਸ਼ਰਾਬ ਤੋਂ 4600 ਕਰੋੜ ਰੁਪਏ, ਅਸ਼ਟਾਮ 'ਤੇ ਰਜਿਸਟਰੀਆਂ ਤੋਂ 2760 ਕਰੋੜ ਰੁਪਏ, ਵਾਹਨਾਂ ਦੀ ਵਿੱਕਰੀ ਤੋਂ 1350 ਕਰੋੜ ਰੁਪਏ, ਬਿਜਲੀ 'ਤੇ ਐਕਸਾਈਜ਼ ਡਿਊਟੀ ਤੋਂ 1860 ਕਰੋੜ ਰੁਪਏ, ਕੇਂਦਰੀ ਕਰਾਂ ਵਿਚੋਂ ਹਿੱਸੇ ਵਜੋਂ 5400 ਕਰੋੜ ਰੁਪਏ, ਕੇਂਦਰੀ ਗਰਾਂਟਾਂ ਦੇ ਰੂਪ ਵਿਚ 8230 ਕਰੋੜ ਰੁਪਏ, ਸ਼ਹਿਰੀ ਵਿਕਾਸ ਤੋਂ 150 ਕਰੋੜ ਰੁਪਏ, ਪੰਜਾਬ ਰੋਡਵੇਜ਼ ਤੋਂ 229 ਕਰੋੜ ਰੁਪਏ ਦੀ ਆਮਦਨ ਦਾ ਅਨੁਮਾਨ ਹੈ। ਹੋਰ ਛੋਟੀ-ਮੋਟੀ ਆਮਦਨ ਮਿਲਾ ਕੇ ਕੁੱਲ 44893 ਕਰੋੜ ਰੁਪਏ ਸਰਕਾਰ ਨੂੰ ਆਉਣ ਦੀ ਉਮੀਦ ਹੈ। ਇਸ ਦੇ ਮੁਕਾਬਲੇ ਖਰਚ ਵੱਧ ਲੰਮਾ-ਚੌੜਾ ਹੈ। ਤਨਖ਼ਾਹਾਂ 15841.28 ਕਰੋੜ ਰੁਪਏ, ਪੈਨਸ਼ਨਾਂ ਤੇ ਸੇਵਾਮੁਕਤੀ ਲਾਭ 6886 ਕਰੋੜ ਰੁਪਏ, ਬਿਜਲੀ ਸਬਸਿਡੀ 5300 ਕਰੋੜ ਰੁਪਏ, ਕਰਜ਼ੇ 'ਤੇ ਵਿਆਜ ਦੀ ਅਦਾਇਗੀ 8380 ਕਰੋੜ ਰੁਪਏ ਅਤੇ ਸਰਕਾਰੀ ਰਿਣਾਂ ਦੀਆਂ ਅਦਾਇਗੀਆਂ 3562.93 ਕਰੋੜ ਰੁਪਏ ਰਹਿਣਗੀਆਂ। ਇਸ ਤਰ੍ਹਾਂ ਸਰਕਾਰ ਦੇ ਹੋਰ ਛੋਟੇ-ਮੋਟੇ ਖਰਚੇ ਮਿਲਾ ਕੇ ਇਸ ਮਾਲੀ ਸਾਲ ਦੌਰਾਨ ਕੁੱਲ 49145 ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ।

ਵਿੱਤ ਮੰਤਰੀ ਵਲੋਂ ਸਿੱਖਿਆ, ਸਿਹਤ, ਖੇਤੀਬਾੜੀ, ਸਿੰਜਾਈ, ਸੜਕਾਂ ਤੇ ਪੁਲਾਂ ਦਾ ਨਿਰਮਾਣ, ਪੁਲਿਸ, ਸ਼ਹਿਰੀ ਵਿਕਾਸ, ਦਿਹਾਤੀ ਵਿਕਾਸ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਆਦਿ ਯੋਜਨਾਵਾਂ ਲਈ ਜੋ ਖਰਚ ਕਰਨ ਦੀ ਵਿਵਸਥਾ ਰੱਖੀ ਗਈ ਹੈ ਉਹ ਜ਼ਿਆਦਾਤਰ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਹਨ। ਰਾਜ ਸਰਕਾਰ ਵਲੋਂ ਆਪਣੇ ਬਜਟ ਵਿਚੋਂ ਬਹੁਤ ਘੱਟ ਵਿਵਸਥਾ ਕੀਤੀ ਗਈ ਹੈ। ਸਰਕਾਰ ਨੇ ਨਸ਼ਿਆਂ ਆਦਿ ਵਿਰੁੱਧ ਮੁਹਿੰਮ ਚਲਾਉਣ ਦਾ ਐਲਾਨ ਕੀਤਾ ਹੈ। ❑❑

**ਬਜਟ : ਮੁੱਖ ਝਲਕੀਆਂ**

- ਸਕੂਲ ਸਿੱਖਿਆ ਲਈ 1859 ਕਰੋੜ ਰੁਪਏ
- ਪੰਜਾਬੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਲਈ 161 ਕਰੋੜ ਰੁਪਏ
- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲਈ 310 ਕਰੋੜ ਰੁਪਏ
- ਸਿਹਤ ਲਈ 1022 ਕਰੋੜ ਰੁਪਏ
- ਮੈਡੀਕਲ ਸਿੱਖਿਆ ਲਈ 200 ਕਰੋੜ ਰੁਪਏ
- ਖੇਤੀ ਖੇਤਰ ਵਿਚ ਆਰ.ਕੇ. ਵੀ. ਵਾਈ. ਲਈ 500 ਕਰੋੜ ਰੁਪਏ
- ਆਟਾ-ਦਾਲ ਯੋਜਨਾ ਲਈ 400 ਕਰੋੜ ਰੁਪਏ
- ਖੇਡਾਂ ਲਈ 33 ਕਰੋੜ ਰੁਪਏ।

**ਪੰਜਾਬ ਬਜਟ 2014-15**

| ਪੈਸਾ ਕਿੱਥੋਂ ਆਵੇਗਾ | ਪੈਸਾ ਕਿੱਥੇ ਜਾਵੇਗਾ |
|---|---|
| • ਰਾਜ ਦੀ ਆਪਣੇ ਕਰਾਂ ਤੋਂ ਆਮਦਨ 48.64 ਪ੍ਰਤਿਸ਼ਤ | • ਪੇਸ਼ਗੀਆਂ 0.45 ਪ੍ਰਤਿਸ਼ਤ |
| • ਰਾਜ ਦੀ ਆਪਣੇ ਗੈਰ ਕਰਾਂ ਤੋਂ ਆਮਦਨ 4.75 ਪ੍ਰਤਿਸ਼ਤ | • ਵੇਤਨ ਅਤੇ ਭੱਤੇ 33.71 ਪ੍ਰਤਿਸ਼ਤ |
| • ਕੇਂਦਰੀ ਕਰਾਂ ਦਾ ਹਿੱਸਾ 9.22 ਪ੍ਰਤਿਸ਼ਤ | • ਪੈਨਸ਼ਨ ਤੇ ਸੇਵਾ ਨਵਿਰਤੀ ਲਾਭ 11.75 ਪ੍ਰਤਿਸ਼ਤ |
| • ਕੇਂਦਰ ਤੋਂ ਸਹਾਇਤਾ ਗ੍ਰਾਂਟਾਂ 14.06 ਪ੍ਰਤਿਸ਼ਤ | • ਬਿਜਲੀ ਸਬਸਿਡੀ 9.05 ਪ੍ਰਤਿਸ਼ਤ |
| • ਸਰਕਾਰੀ ਕਰਜ਼ੇ ਸਿਵਾਏ ਉਪਾਅ ਅਤੇ ਸਾਧਨ 19.89 ਪ੍ਰਤਿਸ਼ਤ | • ਵਿਆਜ ਅਦਾਇਗੀਆਂ 14.30 ਪ੍ਰਤਿਸ਼ਤ |
| • ਲੋਕ ਲੇਖਾ ਨਿਰੋਲ 3.08 ਪ੍ਰਤਿਸ਼ਤ | • ਹੋਰ ਮਾਲੀ ਖਰਚੇ 15.07 ਪ੍ਰਤਿਸ਼ਤ |
| • ਕਰਜ਼ਾ ਵਸੂਲੀਆਂ 0.36 | • ਪੂੰਜੀਗਤ ਖਰਚਾ 10.35 ਪ੍ਰਤਿਸ਼ਤ |
| | • ਸਰਕਾਰੀ ਕਰਜ਼ੇ ਸਿਵਾਏ ਉਪਾਅ ਅਤੇ ਸਾਧਨ ਕਰਜ਼ੇ ਦੀਆਂ ਅਦਾਇਗੀਆਂ 5.32 ਪ੍ਰਤਿਸ਼ਤ |

# ਯਮੁਨਾ ਦਰਿਆ ਦੀ ਸਫ਼ਾਈ
# ਪ੍ਰਚਲਿਤ ਮੁੱਦੇ ਤੇ ਹੱਲ ਵਾਸਤੇ ਉਪਰਾਲੇ

ਦੀਪਸ਼ਿਖਾ ਸ਼ਰਮਾ

**ਜਾਣ-ਪਛਾਣ**

ਦੁਨੀਆਂ ਦੇ ਬਹੁਤ ਸਾਰੇ ਦਰਿਆ ਪ੍ਰਦੂਸ਼ਿਤ ਹਨ ਜਿਵੇਂ ਕਿ ਰਾਈਨ (ਯੂਰਪ), ਦਿ ਸੀਨ (ਫ਼ਰਾਂਸ), ਦਾ ਮਿਨੀਸੋਟਾ (ਅਮਰੀਕਾ) ਅਤੇ ਸਕੈਂਡੇਨੀਵੀਅਨ ਦੇਸ਼ਾਂ ਦੇ ਦਰਿਆ ਆਦਿ (ਗੁਰਜਰ ਅਤੇ ਜਾਟ 2008)। ਦਰਿਆਵਾਂ ਦੇ ਪ੍ਰਦੂਸ਼ਣ ਨੇ ਭਾਰਤ ਨੂੰ ਵੀ ਪ੍ਰਭਾਵਿਤ ਕੀਤਾ ਹੈ, ਗੰਗਾ ਅਤੇ ਬ੍ਰਹਮਪੁੱਤਰ ਆਦਿ ਨਦੀਆਂ ਦੀਆਂ ਘਾਟੀਆਂ ਪ੍ਰਦੂਸ਼ਿਤ ਹੋਈਆਂ ਹਨ (ਸੀ ਪੀ ਸੀ ਬੀ, 2006-07)। ਦਰਿਆਵਾਂ ਦੇ ਪ੍ਰਦੂਸ਼ਣ ਦਾ ਮੁੱਖ ਕਾਰਨ ਵਰਤਮਾਨ ਢਾਂਚੇ ਅਤੇ ਨੀਤੀ ਤੰਤਰਾਂ ਦੀ ਅਸਫਲਤਾ ਹੈ। ਸੰਯੁਕਤ ਰਾਸ਼ਟਰ ਦਿ ਵਰਲਡ ਵਾਟਰ ਅਸੈਸਮੈਂਟ ਪ੍ਰੋਗਰਾਮ (ਯੂ ਐੱਨ ਡਬਲਯੂ ਡਬਲਯੂ ਏ ਪੀ) 2003 ਦੇ ਮੁਤਾਬਕ ਡੈਮ ਅਤੇ ਇਹੋ ਜਿਹੇ ਦੂਸਰੇ ਢਾਂਚਿਆਂ ਕਰਕੇ ਦੁਨੀਆਂ ਦੇ 227 ਵੱਡੇ ਦਰਿਆਵਾਂ ਵਿਚੋਂ 60 ਪ੍ਰਤਿਸ਼ਤ ਵਿਚ ਵਹਿਣ ਵਿਚ ਰੁਕਾਵਟ ਆਈ ਹੈ। ਇਹ ਵਹਿਣ ਦੀ ਦਰ ਹੇਠਾਂ ਜਾਂਦਿਆਂ ਘਟਦੀ ਜਾਂਦੀ ਹੈ ਜਿਸ ਨਾਲ ਤਲਹੱਟੀ ਤੇ ਪੋਸ਼ਕ ਤੱਤਾਂ ਦੀ ਆਵਾਜਾਈ ਪ੍ਰਭਾਵਿਤ ਹੁੰਦੀ ਹੈ, ਜਿਸ ਕਰਕੇ ਪਾਣੀ ਦੀ ਗੁਣਵੱਤਾ ਘਟਦੀ ਹੈ ਅਤੇ ਵਾਤਾਵਰਨ ਦੀ ਸਿਹਤ 'ਤੇ ਅਸਰ ਪੈਂਦਾ ਹੈ। ਇਸੇ ਤਰ੍ਹਾਂ ਭਾਰਤ ਦੀ ਰਾਜਧਾਨੀ ਦਿੱਲੀ ਰੋਜ਼ਾਨਾ 3 ਬਿਲੀਅਨ ਲਿਟਰ ਗੰਦਾ ਪਾਣੀ ਪੈਦਾ ਕਰਦੀ ਹੈ ਜਿਸ ਵਿਚੋਂ ਸਿਰਫ਼ ਅੱਧਾ ਹੀ ਸੋਧਿਆ ਜਾਂਦਾ ਹੈ ਅਤੇ ਬਾਕੀ ਦਾ ਅਣਸੋਧਿਆ ਪਾਣੀ ਗੰਗਾ ਦਰਿਆ ਦੀ ਉੱਪ-ਘਾਟੀ, ਯਮੁਨਾ ਦਰਿਆ ਵਿਚ ਛੱਡ ਦਿਤਾ ਜਾਂਦਾ ਹੈ (ਯੂਨੀਸੈਫ਼, 2008)।

ਭਾਰਤ ਦੀਆਂ ਦਰਿਆਵਾਂ ਨੂੰ ਸਾਫ਼ ਕਰਨ ਦੀਆਂ ਯੋਜਨਾਵਾਂ 1985 ਵਿਚ ਗੰਗਾ ਐਕਸ਼ਨ ਪਲਾਨ ਤਹਿਤ ਗੰਗਾ ਦਰਿਆ ਦੇ ਪਾਣੀ ਦੀ ਗੁਣਵੱਤਾ ਨੂੰ ਠੀਕ ਕਰਨ ਨਾਲ ਸ਼ੁਰੂ ਹੋਈਆਂ। ਕੇਂਦਰੀ ਪ੍ਰਦੂਸ਼ਨ ਨਿਯੰਤ੍ਰਣ ਬੋਰਡ ਦੀਆਂ ਖੋਜਾਂ ਦੇ ਆਧਾਰ 'ਤੇ, ਭਾਰਤ ਸਰਕਾਰ ਨੇ 1993 ਵਿਚ ਯਮੁਨਾ ਐਕਸ਼ਨ ਪਲਾਨ-1 ਦੀ ਸ਼ੁਰੂਆਤ ਕੀਤੀ (ਸੀ ਪੀ ਸੀ ਬੀ-2007)। ਇਹ ਯੋਜਨਾ ਜਾਪਾਨ ਬੈਂਕ ਫਾਰ ਇੰਟਰਨੈਸ਼ਨਲ ਕੁਆਪਰੇਸ਼ਨ ਦੀ ਵਿੱਤੀ ਸਹਾਇਤਾ ਨਾਲ ਆਰੰਭ ਕੀਤੀ ਗਈ। ਨੈਸ਼ਨਲ ਰਿਵਰ ਕੰਜ਼ਰਵੇਸ਼ਨ ਡਾਇਰੈਕਟੋਰੇਟ, ਭਾਰਤ ਸਰਕਾਰ ਦੇ ਵਾਤਾਵਰਨ ਅਤੇ ਜੰਗਲਾਤ ਮੰਤਰਾਲਾ ਤਹਿਤ, ਯਮੁਨਾ ਐਕਸ਼ਨ ਪਲਾਨ ਨੂੰ ਲਾਗੂ ਕਰਨ ਵਾਲੀ ਏਜੰਸੀ ਹੈ। ਉੱਤਰ ਪ੍ਰਦੇਸ਼ ਜਲ ਨਿਗਮ, ਦਿੱਲੀ ਜਲ ਬੋਰਡ ਅਤੇ ਦਿੱਲੀ ਨਗਰ ਨਿਗਮ ਇਸ ਐਕਸ਼ਨ ਪਲਾਨ ਨੂੰ ਲਾਗੂ ਕਰਨ ਵਾਲੀਆਂ ਸਹਾਇਕ ਏਜੰਸੀਆਂ ਹਨ। ਯਮੁਨਾ ਐਕਸ਼ਨ ਪਲਾਨ ਤਹਿਤ ਤਿੰਨ ਰਾਜ - ਹਰਿਆਣਾ, ਉੱਤਰ ਪ੍ਰਦੇਸ਼ ਅਤੇ ਦਿੱਲੀ ਆਉਂਦੇ ਹਨ (ਯੋਜਨਾ ਆਯੋਗ, 2007)।

ਯਮੁਨਾ ਐਕਸ਼ਨ ਪਲਾਨ-1 ਅਪ੍ਰੈਲ 2002 ਵਿਚ ਪੂਰਾ ਹੋਣਾ ਸੀ ਪਰ ਯੋਜਨਾ ਤਹਿਤ ਪ੍ਰਾਜੈਕਟ 2003 ਤਕ ਚੱਲਦੇ ਰਹੇ। ਸ਼ੁਰੂਆਤ ਵਿਚ ਪ੍ਰਦੂਸ਼ਣ ਖਤਮ ਕਰਨ ਦੀ ਯੋਜਨਾ ਦਾ ਕੰਮ 15 ਸ਼ਹਿਰਾਂ (ਹਰਿਆਣਾ ਵਿਚ ਛੇ, ਉੱਤਰ ਪ੍ਰਦੇਸ਼ ਵਿਚ ਅੱਠ ਅਤੇ ਦਿੱਲੀ ਵਿਚ ਇਕ) ਤਕ ਹੀ ਸੀਮਤ ਸੀ ਜਿਸ ਦੇ ਵਾਸਤੇ ਜਾਪਾਨ ਬੈਂਕ ਫਾਰ ਇੰਟਰਨੈਸ਼ਨਲ ਕੁਆਪਰੇਸ਼ਨ ਵਲੋਂ 17.77 ਬਿਲੀਅਨ ਯੇਨ ਦਾ ਸੁਲਭ ਕਰਜ਼ਾ ਮਨਜ਼ੂਰ ਕੀਤਾ ਗਿਆ। ਫ਼ਾਇਦਾ ਲੈਣ ਵਾਲੇ ਰਾਜ ਸਨ - ਹਰਿਆਣਾ (6 ਬਿਲੀਅਨ ਯੇਨ), ਉੱਤਰ ਪ੍ਰਦੇਸ਼ (8 ਬਿਲੀਅਨ ਯੇਨ) ਅਤੇ ਦਿੱਲੀ (3.77 ਬਿਲੀਅਨ ਯੇਨ)। ਪਰ ਅਪ੍ਰੈਲ 1996 ਨੂੰ ਸੁਪਰੀਮ ਕੋਰਟ ਨੇ ਹਰਿਆਣਾ ਦੇ ਹੋਰ ਛੇ ਸ਼ਹਿਰਾਂ ਨੂੰ ਯਮੁਨਾ ਐਕਸ਼ਨ ਪਲਾਨ-1 ਵਿਚ ਸ਼ਾਮਿਲ ਕਰਨ ਦਾ ਆਦੇਸ਼ ਦਿਤਾ, ਜਿਸ ਲਈ ਪੈਸਾ ਵਾਤਾਵਰਨ ਤੇ ਜੰਗਲਾਤ ਮੰਤਰਾਲਾ ਦੇ ਯੋਜਨਾਬਧ ਫ਼ੰਡ ਰਾਹੀਂ ਦਿਤਾ ਗਿਆ। ਯਮੁਨਾ ਐਕਸ਼ਨ ਪਲਾਨ-1 ਵਿਚ ਕੁੱਲ 21 ਸ਼ਹਿਰਾਂ ਨੂੰ ਸ਼ਾਮਿਲ ਕੀਤਾ ਗਿਆ (ਯੋਜਨਾ ਆਯੋਗ, 2007)। ਇਸ ਯੋਜਨਾ ਤਹਿਤ 753 ਐੱਮ ਐੱਲ ਡੀ ਦੀ ਪ੍ਰਸਤਾਵਿਤ ਸੋਧ ਸਮਰੱਥਾ ਤਿਆਰ ਕੀਤੀ ਗਈ ਅਤੇ ਮਾਰਚ 2003 ਵਿਚ ਇਸ ਦੇ ਸੰਪੂਰਨ ਹੋਣ ਦਾ ਐਲਾਨ ਕੀਤਾ ਗਿਆ।

ਯਮੁਨਾ ਐਕਸ਼ਨ ਪਲਾਨ-1 ਦੀ ਮਨਜ਼ੂਰਸ਼ੁਦਾ ਲਾਗਤ 5.09 ਬਿਲੀਅਨ ਸੀ। ਰੁਪਏ ਦੇ ਮੁਕਾਬਲੇ ਯੇਨ ਦੀ ਕੀਮਤ ਵਧਣ ਕਰਕੇ ਜੇ ਬੀ ਆਈ ਸੀ ਦੇ ਸਹਾਇਤਾ ਪੈਕੇਜ ਵਿਚ 8 ਬਿਲੀਅਨ ਯੇਨ (3 ਬਿਲੀਅਨ ਰੁਪਏ ਦੇ ਬਰਾਬਰ) ਬਚਤ ਉਪਲਬਧ ਹੋ ਗਈ। ਇਹ ਰਕਮ ਜੇ ਬੀ ਆਈ ਸੀ ਵਲੋਂ ਪਹਿਲਾਂ ਵਾਲੇ 15 ਸ਼ਹਿਰਾਂ ਵਿਚ ਕੰਮ ਵਾਸਤੇ ਦੇ ਦਿਤੀ ਗਈ ਅਤੇ ਉਸ ਤੋਂ ਬਾਅਦ ਯਮੁਨਾ ਐਕਸ਼ਨ ਪਲਾਨ-1 ਫ਼ਰਵਰੀ 2003 ਤਕ ਵਧਾ ਦਿਤਾ ਗਿਆ। ਮਈ 2001 ਨੂੰ, ਇਸ ਪ੍ਰਸਤਾਵ ਤਹਿਤ 2.22 ਬਿਲੀਅਨ ਰਕਮ ਵਧਾਏ ਗਏ ਕੰਮ ਵਾਸਤੇ ਮਨਜ਼ੂਰ ਕੀਤੀ ਗਈ। ਇਸ ਰਕਮ ਵਿਚੋਂ 222.8 ਮਿਲੀਅਨ ਰੁਪਏ ਹਰਿਆਣਾ, 1.66 ਬਿਲੀਅਨ ਦਿੱਲੀ ਅਤੇ 296.5 ਬਿਲੀਅਨ ਉੱਤਰ ਪ੍ਰਦੇਸ਼ ਨੂੰ ਦਿਤੇ ਗਏ। ਇਸ ਦੇ ਨਾਲ ਹੀ, 40.5 ਮਿਲੀਅਨ ਰੁਪਏ, ਇੰਡੋ-ਜਾਪਾਨੀ ਸਲਾਹਕਾਰ ਸੰਘ ਨੂੰ ਫ਼ੀਸ ਵਜੋਂ ਦੇਣ ਲਈ ਵੀ ਮੁਹੱਈਆ ਕਰਵਾਏ ਗਏ। ਵਾਧੂ ਪੈਕੇਜ ਸਮੇਤ ਯਮੁਨਾ ਐਕਸ਼ਨ ਪਲਾਨ-1 ਦੀ ਕੁੱਲ ਲਾਗਤ 7.32 ਬਿਲੀਅਨ ਰੁਪਏ ਸੀ। ਐਕਸ਼ਨ ਪਲਾਨ ਦਾ ਖਰਚਾ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਬਰਾਬਰ

| ਤਾਲਿਕਾ-1 : ਰਾਜ ਅਨੁਸਾਰ ਨਿਵੇਸ਼ ਅਤੇ ਸਕੀਮਾਂ, ਯਮੁਨਾ ਐਕਸ਼ਨ ਪਲਾਨ-1 ਅਤੇ ਯਮੁਨਾ ਐਕਸ਼ਨ ਪਲਾਨ-2 ਤਹਿਤ | | | | | | |
|---|---|---|---|---|---|---|
| | ਯਮੁਨਾ ਐਕਸ਼ਨ ਪਲਾਨ-1 | | | ਯਮੁਨਾ ਐਕਸ਼ਨ ਪਲਾਨ-2 | | |
| | ਦਿੱਲੀ | ਹਰਿਆਣਾ | ਯੂ.ਪੀ. | ਦਿੱਲੀ | ਹਰਿਆਣਾ | ਯੂ.ਪੀ. |
| ਮਨਜ਼ੂਰਸ਼ੁਦਾ ਲਾਗਤ (ਆਈ ਐੱਨ ਆਰ ਬਿਲੀਅਨ) | 1.81 | 2.42 | 2.82 | 4.69 | 6.34 | 1.15 |
| ਭਾਰਤ ਸਰਕਾਰ ਵਲੋਂ ਦਿਤਾ ਪੈਸਾ (ਆਈ ਐੱਨ ਆਰ ਬਿਲੀਅਨ) | 1.77 | 1.78 | 2.40 | 1.21 | 0.48 | 0.58 |
| ਮਨਜ਼ੂਰਸ਼ੁਦਾ ਸਕੀਮਾਂ ਦੀ ਗਿਣਤੀ | 12 | 111 | 146 | 11 | 16 | 5 |
| ਪੂਰੀਆਂ ਹੋਈਆਂ ਸਕੀਮਾਂ ਦੀ ਗਿਣਤੀ | 12 | 111 | 146 | 0 | 6 | 1 |

ਉਠਾਇਆ ਗਿਆ। ਪਰ ਕੇਂਦਰ ਸਰਕਾਰ ਵਲੋਂ ਮਿਲਣ ਵਾਲਾ ਪੈਸਾ 2001 ਵਿਚ ਦੁੱਗਣਾ ਹੋ ਗਿਆ ਜਦੋਂ ਰਾਜ ਸਰਕਾਰਾਂ ਦੀ ਹਿੱਸੇਦਾਰੀ ਵੀ 30 ਪ੍ਰਤਿਸ਼ਤ ਵਧ ਗਈ (ਯੋਜਨਾ ਆਯੋਗ, 2007)।

ਯਮੁਨਾ ਐਕਸ਼ਨ ਪਲਾਨ-1 ਤਹਿਤ ਵਿਭਿੰਨ ਸਰਗਰਮੀਆਂ ਦੇ ਬਾਵਜੂਦ, ਦਰਿਆ ਦੀ ਗੁਣਵੱਤਾ ਇੱਛਤ ਪੱਧਰ ਦੀ ਨਹੀਂ ਸੀ (ਸੀ ਪੀ ਸੀ ਬੀ, 2006-07)। ਇਹ ਵੇਖਿਆ ਗਿਆ ਕਿ ਦਿੱਲੀ ਵਿਚ ਮਲ (ਸੀਵਰੇਜ) ਦੀ ਮਾਤਰਾ ਨੂੰ ਘਟਾ ਕੇ ਆਂਕਿਆ ਗਿਆ ਅਤੇ ਦਿੱਲੀ ਸਰਕਾਰ ਦੁਆਰਾ ਬਣਾਈ ਗਈ ਐੱਸ ਟੀ ਪੀ ਸਮਰੱਥਾ, ਜੋ ਯਮੁਨਾ ਐਕਸ਼ਨ ਪਲਾਨ ਦੇ ਨਾਲ ਬਣਾਈ ਗਈ ਸੀ, ਉਸ ਦੀ ਪੂਰੀ ਵਰਤੋਂ ਨਹੀਂ ਹੋ ਸਕੀ (ਸੀ ਪੀ ਸੀ ਬੀ, 2006-07)।

ਇਸ ਕਰਕੇ, ਦਰਿਆਵਾਂ ਦੇ ਇੱਛਤ ਮਾਨਕ ਪੱਧਰ ਪ੍ਰਾਪਤ ਕਰਨ ਲਈ, ਵਾਤਾਵਰਨ ਅਤੇ ਜੰਗਲਾਤ ਮੰਤਰਾਲਾ, ਭਾਰਤ ਸਰਕਾਰ ਵਲੋਂ ਦਸੰਬਰ 2004 ਵਿਚ ਯਮੁਨਾ ਐਕਸ਼ਨ ਪਲਾਨ-2 ਦਾ ਆਰੰਭ ਕੀਤਾ ਗਿਆ। ਯਮੁਨਾ ਐਕਸ਼ਨ ਪਲਾਨ-1 ਵਿਚ ਕੀਤੇ ਕੰਮਾਂ ਦੇ ਆਧਾਰ 'ਤੇ ਜੇ ਬੀ ਆਈ ਸੀ ਨੇ 31 ਮਾਰਚ, 2003 ਨੂੰ ਭਾਰਤ ਸਰਕਾਰ ਦੇ ਵਾਤਾਵਰਨ ਤੇ ਜੰਗਲਾਤ ਮਹਿਕਮੇ ਨਾਲ ਕਰਜ਼ੇ ਦਾ ਇਕ ਨਵਾਂ ਸਮਝੌਤਾ ਸਹੀਬੰਦ ਕੀਤਾ ਅਤੇ 13.33 ਬਿਲੀਅਨ ਯੇਨ ਦੀ ਰਕਮ ਮਨਜ਼ੂਰ ਕੀਤੀ ਜੋ ਯਮੁਨਾ ਐਕਸ਼ਨ ਪਲਾਨ-2 ਦੇ ਕੁੱਲ ਅਨੁਮਾਨਤ ਖਰਚੇ ਦਾ 85 ਪ੍ਰਤਿਸ਼ਤ ਸੀ। ਯਮੁਨਾ ਐਕਸ਼ਨ ਪਲਾਨ-2 ਦਾ ਕੁੱਲ ਮਨਜ਼ੂਰਸ਼ੁਦਾ ਖਰਚ 6.24 ਬਿਲੀਅਨ ਰੁਪਏ ਸੀ, ਜੋ ਦਿੱਲੀ (3.87 ਬਿਲੀਅਨ ਰੁਪਏ), ਉੱਤਰ ਪ੍ਰਦੇਸ਼ (1.24 ਬਿਲੀਅਨ ਰੁਪਏ), ਹਰਿਆਣਾ (630 ਮਿਲੀਅਨ ਰੁਪਏ) ਅਤੇ ਸਮਰੱਥਾ ਦੇ ਵਿਕਾਸ ਲਈ (500 ਮਿਲੀਅਨ) ਦਿਤੇ ਗਏ ਕਿਉਂਕਿ ਕੰਮ ਪੂਰਾ ਨਹੀਂ ਸੀ ਹੋਇਆ। ਸਿੱਟੇ ਵਜੋਂ, ਇਸ ਨੂੰ ਯਮੁਨਾ ਐਕਸ਼ਨ ਪਲਾਨ-2 ਦਾ ਵਿਸਤਾਰ ਕੀਤਾ ਗਿਆ। ਇਹ ਵੀ ਦੇਖਿਆ ਗਿਆ ਕਿ ਭਾਵੇਂ ਸਮਾਂ ਤੇ ਧਨ ਖਰਚ ਹੋਏ ਪਰ ਪ੍ਰਦੂਸ਼ਨ ਬੋਝ ਦਰਿਆ ਵਿਚ ਵਧਦਾ ਗਿਆ। ਬੀ ਡੀ ਓ ਲੋਡ ਜੋ 1980 ਵਿਚ ਰੋਜ਼ਾਨਾ (ਟੀ ਪੀ ਡੀ) 117 ਟਨ ਸੀ, ਵਧ ਕੇ 2008 ਵਿਚ 270 ਟੀ ਪੀ ਡੀ ਹੋ ਗਿਆ (ਸੀ ਐੱਸ ਈ 2009)। ਇਸ ਯੋਜਨਾ ਨੂੰ ਮਾਰਚ 2011 ਤਕ ਵਧਾ ਦਿਤਾ ਗਿਆ। ਕੁੱਲ ਮਨਜ਼ੂਰਸ਼ੁਦਾ ਐੱਸ ਪੀ ਡੀ ਸਮਰੱਥਾ 189 ਐੱਮ ਐੱਲ ਡੀ ਸੀ।

| **ਤਾਲਿਕਾ-2** : ਯਮੁਨਾ ਦਰਿਆ ਤੋਂ ਪਾਣੀ ਦੀ ਗੁਣਵੱਤਾ ਦੇ ਅੰਕੜੇ (ਗਰਮੀਆਂ ਦੀ ਔਸਤ, ਮਤਲਬ ਮਾਰਚ ਤੋਂ ਜੂਨ) | | | | |
|---|---|---|---|---|
| ਸਟੇਸ਼ਨ/ਥਾਂ | 1996 | | 2009 | |
| | ਡੀ.ਓ. (ਐੱਮ.ਜੀ/1) | ਬੀ.ਡੀ.ਓ. (ਐੱਮ.ਜੀ/1) | ਡੀ.ਓ. (ਐੱਮ.ਜੀ/1) | ਬੀ.ਡੀ.ਓ. (ਐੱਮ.ਜੀ/1) |
| **ਹਰਿਆਣਾ** | | | | |
| ਤਾਜੇਵਾਲਾ | 11.70 | 1.20 | 9.22 | 1.25 |
| ਕਲਾਨੌਰ | 10.40 | 1.05 | 9.10 | 2.33 |
| ਸੋਨੀਪਤ | 9.75 | 3.00 | 7.60 | 7.00 |
| **ਦਿੱਲੀ** | | | | |
| ਨਿਜ਼ਾਮੂਦੀਨ | 0.30 | 25.00 | 0.0 | 23.00 |
| **ਉੱਤਰ ਪ੍ਰਦੇਸ਼** | | | | |
| ਆਗਰਾ ਨਹਿਰ | 0.35 | 26.50 | 0.00 | 14.75 |
| ਮਝਾਵਾਲੀ | 0.50 | 22.00 | 2.75 | 16.75 |
| ਮਥੁਰਾ | 8.10 | 4.00 | 5.28 | 8.50 |
| ਮਥੁਰਾ ਡੀ/ਐੱਸ | 8.50 | 2.50 | 6.30 | 8.75 |
| ਆਗਰਾ ਡੀ/ਐੱਸ | [illegible] | 9.00 | 4.67 | 16.25 |
| ਉੜੀ | 9.71 | 2.00 | 9.00 | 1.00 |
| ਔਰੈਯਾ ਜੂਹੀਕਾ | 8.14 | 5.00 | 11.05 | 4.75 |

*ਸਰੋਤ : ਕੇਂਦਰੀ ਪ੍ਰਦੂਸ਼ਨ ਨਿਯੰਤ੍ਰਣ ਬੋਰਡ*

ਤਾਲਿਕਾ-1 ਤੋਂ ਇਹ ਵੇਖਿਆ ਜਾ ਸਕਦਾ ਹੈ ਕਿ ਯਮੁਨਾ ਐਕਸ਼ਨ ਪਲਾਨ-2 ਤਹਿਤ ਤਿੰਨਾਂ ਵਿਚੋਂ ਕਿਸੇ ਵੀ ਰਾਜ ਵਿਚ ਯੋਜਨਾ ਪੂਰੀ ਨਹੀਂ ਹੋ ਸਕੀ, ਸਿੱਟੇ ਵਜੋਂ ਯਮੁਨਾ ਐਕਸ਼ਨ ਪਲਾਨ-2 ਦੀ ਮਿਆਦ ਵਧਾਉਣੀ ਪਈ।

ਯਮੁਨਾ ਐਕਸ਼ਨ ਪਲਾਨ-2 ਦੇ ਪ੍ਰਭਾਵ ਨੂੰ ਵੇਖਦਿਆਂ ਭਾਰਤ ਸਰਕਾਰ ਨੇ ਯਮੁਨਾ ਐਕਸ਼ਨ ਪਲਾਨ-3 ਦੀ ਦਸੰਬਰ 2011 ਵਿਚ, 16.56 ਬਿਲੀਅਨ ਰੁਪਏ ਦੀ ਅਨੁਮਾਨਤ ਲਾਗਤ ਨਾਲ ਮਨਜ਼ੂਰੀ ਦਿਤੀ ਹੈ ਜਿਸ ਦਾ ਕੇਂਦਰ ਬਿੰਦੂ ਦਿੱਲੀ ਹੋਵੇਗਾ। ਇਸ ਲਈ, ਦਿੱਲੀ ਵਿਚੋਂ ਦੀ ਵਹਿੰਦੇ ਯਮੁਨਾ ਦਰਿਆ ਲਈ ਪ੍ਰਦੂਸ਼ਿਤ ਨਿਯੰਤ੍ਰਤ ਕਰਨ ਦੇ ਵੱਖ-ਵੱਖ ਉਪਾਵਾਂ ਨੂੰ ਪੜਚੋਲਣਾ ਅਤੇ ਮੁੱਲਂਕਣ ਕਰਨਾ ਅਤਿ ਜ਼ਰੂਰੀ ਹੋ ਜਾਂਦਾ ਹੈ।

***2. ਦਿੱਲੀ ਵਿਚ ਯਮੁਨਾ ਦਰਿਆ –*** ਦਿੱਲੀ ਵਿਚੋਂ ਲੰਘਦਾ ਯਮੁਨਾ ਦਰਿਆ ਦਾ ਹਿੱਸਾ ਵੀ ਉੱਚ ਪ੍ਰਦੂਸ਼ਿਤ ਹੈ (ਤਾਲਿਕਾ-3)

ਜਿਵੇਂ ਕਿ ਤਾਲਿਕਾ-3 ਵਿਚ ਦਿਖਾਇਆ ਗਿਆ ਹੈ, ਯਮੁਨਾ ਐਕਸ਼ਨ ਪਲਾਨ-1 ਅਤੇ 2 ਮੁਕੰਮਲ ਹੋਣ ਤੋਂ ਬਾਅਦ ਵੀ, ਦਰਿਆ ਦੇ ਪਾਣੀ ਦੀ ਗੁਣਵੱਤਾ ਲੋੜੀਂਦੇ ਪੱਧਰ ਤਕ ਨਹੀਂ ਪਹੁੰਚ ਸਕੀ। ਪਾਣੀ ਦੀ ਗੁਣਵੱਤਾ ਵਿਚ ਸੁਧਾਰ ਅਤੇ ਲਾਗਤ ਅਤੇ ਸਮੇਂ ਦੇ ਨਿਵੇਸ਼ ਨੂੰ ਧਿਆਨ ਵਿਚ ਰੱਖ ਕੇ, ਯਮੁਨਾ ਐਕਸ਼ਨ ਪਲਾਨ ਦੇ ਪ੍ਰਭਾਵ ਬਾਰੇ ਦਰਿਆ ਦੇ ਐਕਸ਼ਨ ਪਲਾਨ ਨੂੰ ਨਵੇਂ

ਸਿਰਿਉਂ ਵਿਉਂਤਣ ਦੀ ਲੋੜ ਹੈ, ਵੱਖ-ਵੱਖ ਪੈਣ ਵਾਲੇ ਪ੍ਰਭਾਵਾਂ ਅਤੇ ਦਖਲਾਂ ਨੂੰ ਧਿਆਨ ਵਿਚ ਰੱਖਦਿਆਂ।

224 ਕਿਲੋਮੀਟਰ ਦਾ ਪੰਧ ਤਹਿ ਕਰਕੇ ਦਰਿਆ ਪੱਲਾ ਪਿੰਡ ਨੇੜੇ ਦਿੱਲੀ ਵਿਚ ਦਾਖਲ ਹੁੰਦਾ ਹੈ ਅਤੇ ਇਸ ਨੂੰ ਵਜ਼ੀਰਾਬਾਦ ਕੋਲ ਇਕ ਬੰਨ੍ਹ ਬਣਾ ਕੇ, ਦਿੱਲੀ ਨੂੰ ਪੀਣ ਵਾਲਾ ਪਾਣੀ ਉਪਲਬਧ ਕਰਵਾਉਣ ਲਈ ਰੋਕਿਆ ਜਾਂਦਾ ਹੈ। ਬੰਨ੍ਹ ਤੋਂ ਅੱਗੇ ਇਸ ਦਾ ਵਹਾਅ ਸਿਫ਼ਰ ਜਾਂ ਬਹੁਤ ਹੀ ਮਾਮੂਲੀ ਹੁੰਦਾ ਹੈ। ਬਾਅਦ ਵਿਚ, ਦਰਿਆ ਵਿਚ ਬਿਨਾਂ ਸੋਧਿਆ ਅਤੇ ਘੱਟ ਸੋਧਿਆ ਘਰੇਲੂ ਅਤੇ ਉਦਯੋਗਿਕ ਪਾਣੀ ਛੱਡਿਆ ਜਾਂਦਾ ਹੈ। ਫਿਰ, ਲਗਭਗ 25 ਕਿਲੋਮੀਟਰ ਦਾ ਸਫ਼ਰ (ਵਜ਼ੀਰਾਬਾਦ ਤੋਂ ਅੱਗੇ) ਤਹਿ ਕਰਨ ਤੋਂ ਬਾਅਦ ਦਰਿਆ ਦਾ ਪਾਣੀ ਸਿੰਜਾਈ ਵਾਸਤੇ ਆਗਰਾ ਨਹਿਰ ਵੱਲ ਮੋੜ ਦਿਤਾ ਜਾਂਦਾ ਹੈ ਅਤੇ ਦਰਿਆ ਨੂੰ ਓਖਲਾ ਵਿਖੇ ਬੰਨ੍ਹ ਲਾ ਕੇ ਪਾਣੀ ਦਾ ਵਹਾਅ ਰੋਕਿਆ ਜਾਂਦਾ ਹੈ। ਸਿੱਟੇ ਵਜੋਂ, ਗਰਮੀਆਂ ਦੌਰਾਨ ਬੰਨ੍ਹ ਤੋਂ ਮਾਮੂਲੀ ਜਾਂ ਨਾ ਦੇ ਬਰਾਬਰ ਪਾਣੀ ਹੀ ਛੱਡਿਆ ਜਾਂਦਾ ਹੈ। ਓਖਲਾ ਬੰਨ੍ਹ ਤੋਂ ਅੱਗੇ, ਦਰਿਆ ਵਿਚ ਪੂਰਬੀ ਦਿੱਲੀ, ਨੋਇਡਾ ਅਤੇ ਸਾਹਿਬਾਬਾਦ ਤੋਂ ਘਰੇਲੂ ਉਦਯੋਗਿਕ ਗੰਦਾ ਪਾਣੀ ਛੱਡਿਆ ਜਾਂਦਾ ਹੈ। ਇਹ ਇਲਾਕੇ ਸ਼ਾਹਦਰਾ ਡਰੇਨ ਰਾਹੀਂ ਯਮੁਨਾ ਨਾਲ ਜੁੜੇ ਹੋਏ ਹਨ। ਅਖੀਰ ਵਿਚ ਯਮੁਨਾ ਦਰਿਆ ਨੂੰ ਦੂਜੀਆਂ ਮਹੱਤਵਪੂਰਨ ਸਹਾਇਕ ਨਦੀਆਂ ਤੋਂ ਪਾਣੀ ਮਿਲਦਾ ਹੈ ਅਤੇ ਇਹ ਦਰਿਆ ਲਗਭਗ 1370 ਕਿਲੋਮੀਟਰ (ਸੀ ਪੀ ਸੀ ਬੀ, 2001-02 ਏ) ਦਾ ਸਫ਼ਰ ਮੁਕਾ ਕੇ, ਧਰਤੀ ਹੇਠਾਂ ਵਹਿੰਦੇ ਦਰਿਆ ਸਰਸਵਤੀ ਸਮੇਤ ਪਰਿਯਾਗ (ਅਲਾਹਾਬਾਦ) ਦੇ ਸਥਾਨ 'ਤੇ ਗੰਗਾ ਦਰਿਆ ਵਿਚ ਮਿਲ ਜਾਂਦਾ ਹੈ।

ਨਦੀ ਘਾਟੀ ਦੇਸ਼ ਦੇ ਖੇਤਰ ਦਾ 10.7 ਪ੍ਰਤਿਸ਼ਤ ਆਪਣੇ ਘੇਰੇ ਹੇਠ ਲੈਂਦੀ ਹੈ। ਦਰਿਆ 'ਤੇ ਪੰਜ ਬੰਨ੍ਹਾਂ ਦੀ ਮੌਜੂਦਗੀ ਸਾਰਾ ਸਾਲ ਦਰਿਆ ਦੇ ਅਨਿਯਮਤ ਵਹਾਅ ਦਾ ਕਾਰਨ ਬਣਦੀ ਹੈ। ਅਕਤੂਬਰ ਤੋਂ ਜੂਨ ਤਕ ਦਰਿਆ ਸੁੱਕਾ ਰਹਿੰਦਾ ਹੈ ਜਾਂ ਕਿਸੇ-ਕਿਸੇ ਥਾਂ ਬਹੁਤ ਮਾਮੂਲੀ ਪਾਣੀ ਵੇਖਿਆ ਜਾਂਦਾ ਹੈ ਜਿਥੇ ਮੌਨਸੂਨ (ਜੁਲਾਈ-ਸਤੰਬਰ) ਦੌਰਾਨ ਹੜ੍ਹ ਆਉਂਦੇ ਹਨ। ਸਾਰੀ ਘਾਟੀ ਵਿਚ ਲਗਭਗ 6 ਮਿਲੀਅਨ ਹੈਕਟੇਅਰ ਭੂਮੀ ਦੀ ਸਿੰਜਾਈ ਦਰਿਆ ਦੇ ਪਾਣੀ ਨਾਲ

| ਤਾਲਿਕਾ-3 : ਨਿਜ਼ਾਮੂਦੀਨ, ਦਿੱਲੀ, ਵਿਖੇ ਯਮੁਨਾ ਦਰਿਆ ਵਿਚ ਪਾਣੀ ਦੀ ਸਾਲਾਨਾ ਔਸਤਨ ਗੁਣਵੱਤਾ | | | |
|---|---|---|---|
| ਸਾਲ | ਡੀ.ਓ. (ਐੱਮ.ਜੀ/1) | ਬੀ.ਓ.ਡੀ. (ਐੱਮ.ਜੀ/1) | ਟੀ.ਸੀ.(ਐੱਮ.ਪੀ.ਐੱਨ./100 ਐੱਮ.ਐੱਲ) |
| ਏ 1995 | 3.4 | 9.6 | 386091 |
| ਏ 2005 | 1.6 | 10.00 | 12200000 |
| ਏ 2009 | 0.0 | 23.00 | 22516660 |
| ਸਟੈਂਡਰਡ | ≥ 4 | ≥ 3 | ≥ 5000 |

ਇਹ ਮਾਪਦੰਡ ਸੀ ਪੀ ਸੀ ਬੀ ਅਤੇ ਸੀ ਡਬਲਯੂ ਤੋਂ ਲਏ ਗਏ ਹਨ।

*ਸਰੋਤ : CPCB 2000; CPCB 2006-07; TC: total coliforms; [a] Units: DO and BOD: mg/l and TC: MPN 100 ml; CPCB standard for class C: DO>4mg/l; BOD<3mg/l; TC<5000MPN/100ml*

ਕੀਤੀ ਜਾਂਦੀ ਹੈ। ਦਰਿਆ ਦਾ ਪਾਣੀ ਭਾਵਾਤਮਕ ਅਤੇ ਨਦੀ ਦੀ ਧਾਰਾ, ਜਿਸ ਵਿਚ ਸਿੰਜਾਈ, ਘਰੇਲੂ ਅਤੇ ਉਦਯੋਗਿਕ ਖਪਤ ਸ਼ਾਮਿਲ ਹੈ, ਲਈ ਵਰਤਿਆ ਜਾਂਦਾ ਹੈ (ਸੀ ਪੀ ਸੀ ਬੀ, 2001-02 ਏ)।

ਇਹ ਦੇਖਿਆ ਗਿਆ ਹੈ ਕਿ ਬਿੰਦੂ ਅਤੇ ਗ਼ੈਰ ਬਿੰਦੂ ਸਰੋਤ ਦਰਿਆ ਦੇ ਪ੍ਰਦੂਸ਼ਣ ਵਿਚ ਵਾਧਾ ਕਰਦੇ ਹਨ, ਜਿਸ ਵਿਚ ਦਿੱਲੀ ਦਾ ਸਭ ਤੋਂ ਵੱਡਾ ਹਿੱਸਾ ਹੈ, ਇਸ ਤੋਂ ਬਾਅਦ ਆਗਰਾ ਅਤੇ ਮਥੁਰਾ ਦਾ ਨੰਬਰ ਆਉਂਦਾ ਹੈ।

## 2.1 ਦਿੱਲੀ ਦਾ ਪਾਣੀ ਅਤੇ ਜ਼ਾਇਆ ਪਾਣੀ ਦਾ ਬੁਨਿਆਦੀ ਢਾਂਚਾ

ਰਾਜਧਾਨੀ ਨੂੰ ਤਿੰਨ ਪ੍ਰਮੁੱਖ ਸਰੋਤਾਂ ਤੋਂ ਪਾਣੀ ਪ੍ਰਾਪਤ ਹੁੰਦਾ ਹੈ, ਜਿਵੇਂ ਸਤਹੀ ਪਾਣੀ, ਜ਼ਮੀਨ ਹੇਠਲਾ ਪਾਣੀ ਅਤੇ ਬਾਰਸ਼। ਘਰੇਲੂ ਅਤੇ ਉਦਯੋਗਿਕ ਖੇਤਰ ਵਲੋਂ ਪੈਦਾ ਕੀਤਾ ਗਿਆ ਜ਼ਾਇਆ ਪਾਣੀ ਗੰਦੇ ਨਾਲਿਆਂ ਰਾਹੀਂ ਐੱਸ ਟੀ ਪੀ ਐੱਸ ਅਤੇ ਸੀ ਈ ਟੀ ਪੀ ਐੱਸ ਤਕ ਪੁੱਜ ਜਾਂਦਾ ਹੈ। ਪਰ, ਖੇਤੀ ਖੇਤਰ ਦਾ ਜ਼ਾਇਆ ਪਾਣੀ ਮਿੱਟੀ ਵਿਚ ਵੜ ਕੇ ਜ਼ਮੀਨ ਹੇਠਲੇ ਪਾਣੀ ਵਿਚ ਰਚ ਜਾਂਦਾ ਹੈ। ਸੀ ਈ ਟੀ ਪੀ ਐੱਸ ਤੋਂ ਸਾਰਾ ਪਾਣੀ ਫਿਰ ਐੱਸ ਟੀ ਪੀਜ਼ ਤਕ ਜਾਂਦਾ ਹੈ। ਬਾਅਦ ਵਿਚ, ਐੱਸ ਟੀ ਪੀਜ਼ ਤੋਂ ਸਾਰਾ ਜ਼ਾਇਆ ਪਾਣੀ ਖੁੱਲ੍ਹੇ ਬਰਸਾਤੀ ਨਾਲਿਆਂ ਦੁਆਰਾ ਯਮੁਨਾ ਦਰਿਆ ਵਿਚ ਵਾਪਸ ਚਲਾ ਜਾਂਦਾ ਹੈ, ਜਿਸ ਨਾਲ ਦਰਿਆ ਵਿਚ ਪ੍ਰਦੂਸ਼ਣ ਪੈਦਾ ਹੁੰਦਾ ਹੈ। ਨਾਲ ਹੀ, ਮੌਨਸੂਨ ਦੌਰਾਨ, ਸ਼ਹਿਰੀ ਪਾਣੀ ਦਾ ਪ੍ਰਵਾਹ ਬਰਸਾਤੀ ਨਾਲਿਆਂ ਵਿਚ ਮਿਲ ਜਾਂਦਾ ਹੈ ਜੋ ਅੱਗੇ ਜਾ ਕੇ ਯਮੁਨਾ ਵਿਚ ਖਤਮ ਹੋ ਜਾਂਦਾ ਹੈ। ਇਸ ਕਰਕੇ, ਇਹ ਦੇਖਿਆ ਜਾ ਸਕਦਾ ਹੈ ਕਿ ਬਿੰਦੂ ਅਤੇ ਗ਼ੈਰ ਬਿੰਦੂ ਸਰੋਤ, ਦੋਵੇਂ ਮਿਲ ਕੇ ਦਰਿਆ ਦੇ ਪ੍ਰਦੂਸ਼ਣ ਪੱਧਰ ਦਾ ਨਿਰਮਾਣ ਕਰਦੇ ਹਨ। ਸ਼ਹਿਰ ਦਾ ਜ਼ਾਇਆ ਪਾਣੀ ਸਪਲਾਈ ਕੀਤੇ ਪਾਣੀ ਦਾ 80 ਪ੍ਰਤਿਸ਼ਤ ਹੁੰਦਾ ਹੈ ਅਤੇ ਇਸ ਨੂੰ 17 ਐੱਸ ਟੀ ਪੀਜ਼ ਅਤੇ 13 ਸੀ ਈ ਟੀ ਪੀਜ਼ ਨਾਲ ਸੋਧਿਆ ਜਾਂਦਾ ਹੈ। ਬਾਅਦ ਵਿਚ ਇਹ ਪਾਣੀ ਯਮੁਨਾ ਦਰਿਆ ਵਿਚ ਚਲਾ ਜਾਂਦਾ ਹੈ (ਸੀ ਡੀ ਪੀ-ਦਿੱਲੀ, 2006)।

ਦਿੱਲੀ ਵਿਚ ਵਜ਼ੀਰਾਬਾਦ ਤੋਂ ਅੱਗੇ ਦਰਿਆ ਦੀ ਗੁਣਵੱਤਾ ਵਿਚ ਵੱਡੀ ਖਰਾਬੀ ਆਉਂਦੀ ਹੈ ਅਤੇ ਇਸ ਵਿਚ ਅਰਧ ਸੋਧਿਆ ਜਾਂ ਗੰਦੇ ਪਾਣੀ ਦੇ 13 ਨਾਲਿਆਂ ਦਾ ਪਾਣੀ ਪੈਣ ਨਾਲ ਇਸ ਦਾ ਇੱਛਤ ਪੱਧਰ ਪ੍ਰਾਪਤ ਨਹੀਂ ਹੁੰਦਾ। ਇਸ ਵਿਚ ਘਰੇਲੂ, ਉਦਯੋਗਿਕ ਅਤੇ ਜ਼ਾਇਆ ਪਾਣੀ ਮਿਲ ਜਾਂਦਾ ਹੈ ਅਤੇ ਦਰਿਆ ਵਿਚ ਤਾਜ਼ੇ ਪਾਣੀ ਦਾ ਵਹਾਅ ਵੀ ਘੱਟ ਹੁੰਦਾ ਹੈ। ਸ਼ਹਿਰ ਵਿਚ 655.5 ਐੱਮ ਜੀ ਡੀ ਗੰਦਾ ਪਾਣੀ ਬਣਦਾ ਹੈ ਅਤੇ ਸਿਰਫ਼ 316.7 ਐੱਮ ਜੀ ਡੀ ਪਾਣੀ ਹੀ ਰਾਜਧਾਨੀ ਵਿਚਲੇ ਐੱਸ ਟੀ ਪੀਜ਼ ਦੁਆਰਾ ਸੋਧਿਆ ਜਾਂਦਾ ਹੈ (ਜਾਮਵਾਲ ਅਤੇ ਮਿੱਤਲ, 2010)। ਦਿੱਲੀ ਵਿਚ ਮੌਜੂਦਾ ਸਮੇਂ ਚੱਲ ਰਹੇ ਸੀ ਈ ਟੀ ਪੀ ਐੱਸ ਦਾ ਬਿਉਰਾ ਤਾਲਿਕਾ 3.4 ਅਤੇ ਐੱਸ ਟੀ ਪੀ ਐੱਸ ਦਾ ਤਾਲਿਕਾ-4 ਵਿਚ ਦਿਤਾ ਗਿਆ ਹੈ। ਇਹ ਦੇਖਿਆ ਜਾ ਸਕਦਾ ਹੈ ਕਿ ਦਿੱਲੀ ਵਿਚਲੇ ਜ਼ਿਆਦਾਤਰ ਸੀ ਈ ਟੀ ਪੀਜ਼ ਅਤੇ ਐੱਸ ਟੀ ਪੀਜ਼ ਦਾ ਸਮਰੱਥਾ ਅਨੁਸਾਰ ਇਸਤੇਮਾਲ ਨਹੀਂ ਹੋ ਰਿਹਾ। ਜਲ ਸੋਧਕ ਯੰਤਰਾਂ ਨਾਲ ਸੰਬੰਧਿਤ ਗੰਦੇ ਨਾਲੇ ਅਤੇ ਉਨ੍ਹਾਂ ਦੇ ਖੇਤਰ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ।

ਬੇਕਾਰ ਪਾਣੀ ਦੀਆਂ ਨਦੀਆਂ, ਜੋ ਜਲ ਸੋਧਕ ਯੰਤਰਾਂ ਤੋਂ ਹੋ ਕੇ ਵੱਖ-ਵੱਖ ਥਾਵਾਂ 'ਤੇ ਦਰਿਆ ਵਿਚ ਮਿਲਦੀਆਂ ਹਨ, ਤਾਲਿਕਾ-4 ਵਿਚ ਦਿਖਾਈਆਂ ਗਈਆਂ ਹਨ। ਦਰਿਆ ਵਿਚ *ਹਿੰਡਨ ਕੱਟ* ਤੋਂ ਵੀ ਪ੍ਰਦੂਸ਼ਿਤ ਪਾਣੀ ਸਿੱਧਾ ਮਿਲਦਾ ਹੈ। ਦਿੱਲੀ ਤੋਂ ਨਿਕਲਣ ਵਾਲੇ ਗੰਦੇ ਨਾਲੇ, ਜੋ ਓਖਲਾ

**ਤਾਲਿਕਾ-4 : ਦਿੱਲੀ ਵਿਚ ਐੱਸ ਟੀ ਪੀਜ਼**

| ਸੀਵਰੇਜ਼ ਜ਼ੋਨ | ਗੰਦੇ ਨਾਲੇ | ਐੱਸ ਟੀ ਪੀ | ਮੌਜੂਦਾ ਸਥਿਤੀ |
|---|---|---|---|
| ਸ਼ਾਹਦਰਾ | ਸ਼ਾਹਦਰਾ | ਯਮੁਨਾ ਵਿਹਾਰ<br>ਕੋਂਡਲੀ | ਸਮਰੱਥਾ ਤੋਂ ਘੱਟ<br>- ਓਹੀ - |
| ਰਿਠਾਲਾ-ਰੋਹਨੀ | ਨਜਫ਼ਗੜ੍ਹ+ਸਪਲੀਮੈਂਟਰੀ | ਨਰੇਲਾ<br>ਰਿਠਾਲਾ<br>ਰੋਹਿਨੀ | - ਉਹੀ -<br>- ਉਹੀ -<br>- ਉਹੀ - |
| | ਮੈਗਜ਼ੀਨ ਰੋਡ, ਸਵੀਪਰ ਕਾਲੋਨੀ, ਖ਼ੈਬਰ ਪਾਸ, ਮੈਟਕਾਫ ਹਾਊਸ, ਬੱਸ ਅੱਡਾ+ਮੋਰੀ ਗੇਟ, ਟਾਂਗਾ ਸਟੈਂਡ, ਸਿਵਲ ਮਿੱਲ, ਨੰ:14, ਪਾਵਰ ਹਾਊਸ, ਦਿੱਲੀ ਗੇਟ, ਸੇਨ ਨਰਸਿੰਗ ਹੋਮ, ਬਾਰਾਪੁਲਾ, ਮਹਾਂਰਾਣੀ ਬਾਗ਼, ਕਾਲਕਾਜੀ, ਸਰਿਤਾ ਵਿਹਾਰ, ਤੁਗ਼ਲਕਾਬਾਦ, ਨੇੜੇ ਐੱਲ ਪੀ ਜੀ ਸਿਲੰਡਰ ਪਲਾਂਟ, ਨੇੜੇ ਸਰਿਤਾ ਵਿਹਾਰ ਪੁਲ, ਅਤੇ ਤੇਹਖੰਡ। | | |
| ਓਖਲਾ | | ਵਸੰਤ ਕੁੰਜ 1 ਤੇ 2<br>ਮਹਿਰੌਲੀ<br>ਓਖਲਾ<br>ਸੇਨ ਨਰਸਿੰਗ ਹੋਮ<br>ਦਿੱਲੀ ਗੇਟ<br>ਘਿਟੋਰਨੀ | - ਉਹੀ -<br>- ਉਹੀ -<br>- ਉਹੀ -<br>ਪੂਰੀ ਸਮਰੱਥਾ<br>ਪੂਰੀ ਸਮਰੱਥਾ<br>ਚਾਲੂ ਨਹੀਂ |
| ਕੇਸ਼ੋਪੁਰ | ਨਜਫ਼ਗੜ੍ਹ+ਸਪਲੀਮੈਂਟਰੀ | ਪੱਪਨਕਲਾਂ<br>ਨਜਫ਼ਗੜ੍ਹ<br>ਕੇਸ਼ੋਪੁਰ<br>ਨਿਲੋਠੀ | - ਉਹੀ -<br>- ਉਹੀ -<br>- ਉਹੀ -<br>- ਉਹੀ - |
| ਕੋਰੋਨੇਸ਼ਨ ਪਿੱਲਰ | ਨਜਫ਼ਗੜ੍ਹ+ਸਪਲੀਮੈਂਟਰੀ | ਕੋਰੋਨੇਸ਼ਨ ਪਿੱਲਰ1,2,3,<br>ਆਕਸੀਡੇਸ਼ਨ ਤਲਾਬ<br>ਤਿਮਾਰਪੁਰ | - ਉਹੀ -<br>ਪੂਰੀ ਸਮਰੱਥਾ |

ਸਰੋਤ :*http://www.dpcc.delhigovt.nic.in*

ਬੰਨ੍ਹ ਤੋਂ ਅੱਗੇ ਦਰਿਆ ਵਿਚ ਮਿਲਦੇ ਹਨ, ਉਨ੍ਹਾਂ ਵਿਚ ਕਾਲਕਾਜੀ, ਸਰਿਤਾ ਵਿਹਾਰ, ਤੁਗਲਕਾਬਾਦ, ਸ਼ਾਹਦਰਾ, ਐੱਲ ਪੀ ਜੀ ਪਲਾਂਟ ਦੇ ਨੇੜੇ, ਸਰਿਤਾ ਵਿਹਾਰ ਪੁਲ ਦੇ ਨੇੜੇ ਅਤੇ ਤੇਹਖੰਡ ਸ਼ਾਮਿਲ ਹਨ ਜੋ ਇਸ ਅਧਿਐਨ ਦੇ ਦਾਇਰੇ ਤੋਂ ਬਾਹਰ ਹਨ। ਨਜਫਗੜ੍ਹ ਡਰੇਨ ਕੁੱਲ ਬੇਕਾਰ ਪਾਣੀ ਦੇ ਵਹਾਅ ਵਿਚ 72.7 ਪ੍ਰਤਿਸ਼ਤ ਅਤੇ ਬੀ ਓ ਡੀ ਦੀ ਦਰਿਆ ਵਿਚ ਕੁੱਲ ਮਾਤਰਾ ਦਾ ਦਿੱਲੀ ਵਿਚ 61 ਪ੍ਰਤਿਸ਼ਤ ਹਿੱਸਾ ਪਾਉਂਦੀ ਹੈ (ਸੀ ਪੀ ਸੀ ਬੀ, 2001)। ਪਾਣੀ ਨੂੰ ਦੁਬਾਰਾ ਵਰਤੋਂ ਵਿਚ ਲਿਆਉਣ ਲਈ ਕੋਰੋਨੇਸ਼ਨ ਪਿੱਲਰ ਐੱਸ ਟੀ ਪੀ (37.7 ਐੱਮ ਜੀ ਡੀ), ਕੇਸ਼ੋਪੁਰ ਐੱਸ ਟੀ ਪੀ (19.91 ਐੱਮ ਜੀ ਡੀ), ਰਿਠਾਲਾ ਐੱਸ ਟੀ ਪੀ (5 ਐੱਮ ਜੀ ਡੀ) ਅਤੇ ਸੇਨ ਨਰਸਿੰਗ ਹੋਮ ਐੱਸ ਟੀ ਪੀ(2.2 ਐੱਮ ਜੀ ਪੀ), ਦਾ ਕਾਰਜ ਕੀਤਾ ਜਾਂਦਾ ਹੈ।

ਦਿੱਲੀ ਦੇ 2021 ਦੇ ਮਾਸਟਰ ਪਲਾਨ ਅਨੁਸਾਰ, ਦਿੱਲੀ ਜਲ ਬੋਰਡ ਸ਼ਹਿਰ ਦੀ ਐੱਸ ਟੀ ਪੀ , ਸੀ ਈ ਟੀ ਪੀ ਅਤੇ ਪਾਣੀ ਨੂੰ ਦੁਬਾਰਾ ਵਰਤੋਂ ਵਿਚ ਲਿਆਉਣ ਦੀ ਸਮਰੱਥਾ ਨੂੰ ਵਧਾਉਣ ਦੀ ਯੋਜਨਾ ਬਣਾ ਰਿਹਾ ਹੈ ਜਿਸ ਨਾਲ ਯਮੁਨਾ ਦਰਿਆ ਵਿਚ ਡਿੱਗਣ ਵਾਲੇ ਗੰਦੇ/ਬੇਕਾਰ ਪਾਣੀ ਦੀ ਮਾਤਰਾ ਘਟੇਗੀ। ਮਾਸਟਰ ਪਲਾਨ 2021 ਤਹਿਤ ਹਰੇਕ ਜ਼ੋਨ ਵਿਚ ਪ੍ਰਸਤਾਵਿਤ 'ਹਰੀ ਪੱਟੀ' ਦਾ ਵੀ ਹਿਸਾਬ ਲਾਇਆ ਗਿਆ ਹੈ (ਐੱਮ ਪੀ ਡੀ-2021, 2007)। ਅਜਿਹੇ ਖੇਤਰ ਖੇਤੀਬਾੜੀ, ਫਾਰਮ ਹਾਊਸ ਜਾਂ ਸੜਕਾਂ ਦੁਆਲੇ ਦਰੱਖ਼ਤ ਲਾਉਣ ਲਈ ਵਰਤੇ ਜਾਂਦੇ ਹਨ। ਦਿੱਲੀ ਜਲ ਬੋਰਡ ਨੇ ਦਰਿਆ ਦਾ ਪ੍ਰਦੂਸ਼ਣ ਘੱਟ ਕਰਨ ਲਈ ਇਕ ਇੰਟਰਸੈਪਟਰ ਸੀਵਰ ਯੋਜਨਾ ਵੀ ਪ੍ਰਸਤਾਵਿਤ ਕੀਤੀ ਹੈ।

## 3. ਦਿੱਲੀ ਵਿਚ ਯਮੁਨਾ ਦਰਿਆ ਨੂੰ ਸਾਫ਼ ਕਰਨ ਦੇ ਉਪਰਾਲੇ

- ਐੱਸ ਟੀ ਪੀ, ਸੀ ਈ ਟੀ ਪੀ ਨੂੰ ਵਧਾਉਣਾ
- ਇੰਟਰਸੈਪਟਰ ਸੀਵਰੇਜ ਪ੍ਰਣਾਲੀ
- ਉੱਪ-ਸੋਧਕ ਯੰਤਰ ਲਗਾਉਣੇ
- ਰੀਸਾਈਕਲਿੰਗ ਅਤੇ ਦੁਬਾਰਾ ਵਰਤੋਂ ਦਾ ਵਿਕਲਪ
- ਵਹਾਅ ਵਧਾਉਣਾ।

ਪਰ, ਉਪ-ਸੋਧਕ ਯੰਤਰ ਵਿਕਲਪ ਅਤੇ ਰੀਸਾਈਕਲਿੰਗ ਅਤੇ ਦੁਬਾਰਾ ਵਰਤੋਂ ਦੇ ਉਪਰਾਲਿਆਂ ਦੇ ਪਰਿਪੇਖ ਵਿਚ ਦਰਿਆ ਦੇ ਪਾਣੀ ਦੀ ਗੁਣਵੱਤਾ 'ਤੇ ਪੈਣ ਵਾਲੇ ਪ੍ਰਭਾਵਾਂ ਦੀ ਗੱਲ ਕਰੀਏ ਤਾਂ ਇਹ ਦੇਖਿਆ ਜਾਂਦਾ ਹੈ ਕਿ ਦਰਿਆ ਇੱਛਤ ਪੱਧਰ ਤਕ ਨਹੀਂ ਪਹੁੰਚ ਪਾਉਂਦੇ (ਸ਼ਰਮਾ, ਡੀ. 2013)। ਇਸ ਕਰਕੇ, ਇਹ ਜ਼ਰੂਰੀ ਹੋ ਜਾਂਦਾ ਹੈ ਕਿ ਦਰਿਆ ਵਿਚ ਤਾਜ਼ੇ ਪਾਣੀ ਦਾ ਵਹਾਅ ਵਧਾਇਆ ਜਾਵੇ ਤਾਂ ਜੋ 'ਸੀ' ਪੱਧਰ ਪ੍ਰਾਪਤ ਕੀਤਾ ਜਾ ਸਕੇ। ਪਾਣੀ ਦੀ ਮੰਗ ਦਾ ਵਧਦਾ ਦਬਾਅ ਅਤੇ ਦਰਿਆਈ ਪਾਣੀ ਦੇ ਝਗੜਿਆਂ ਨੂੰ ਨਿਪਟਾਉਣ ਵਿਚ ਸਫਲਤਾ ਦੇ ਮੱਦੇ ਨਜ਼ਰ, ਦਿੱਲੀ ਲਈ ਇੰਨੀ ਮਾਤਰਾ ਵਿਚ ਦਰਿਆ ਵਿਚ ਤਾਜ਼ੇ ਪਾਣੀ ਦੇ ਵਹਾਅ ਨੂੰ ਹਾਸਲ ਕਰਨਾ ਮੁਸ਼ਕਿਲ ਹੈ।


ਸੋ, ਇਹ ਅਤਿ ਮਹੱਤਵਪੂਰਨ ਹੈ ਕਿ ਦੁਬਾਰਾ ਵਰਤੋਂ ਦੇ ਵਿਕਲਪ ਵਾਲੇ ਜਲ ਸੋਧਕ ਯੰਤਰ ਬਣਾ ਕੇ ਦਰਿਆ ਵਿਚ ਗੰਦੇ ਅਤੇ ਬੇਕਾਰ ਪਾਣੀ ਦੇ ਵਹਾਅ ਨੂੰ ਘੱਟ ਤੋਂ ਘੱਟ ਕੀਤਾ ਜਾਵੇ ਕਿਉਂਕਿ ਇਸ ਨਾਲ ਸ਼ਹਿਰ ਵਿਚੋਂ ਸੀਵਰੇਜ਼ ਦੇ ਬੁਨਿਆਦੀ ਢਾਂਚੇ ਵਿਚ ਸੁਧਾਰ ਅਤੇ ਦਰਿਆ ਵਿਚ ਪ੍ਰਦੂਸ਼ਣ ਦੀ ਮਾਤਰਾ ਘੱਟ ਹੋ ਜਾਵੇਗੀ। ਪਰ, ਬੇਕਾਰ ਪਾਣੀ ਦਰਿਆ ਵਿਚ ਜ਼ਿਆਦਾ ਜਾਣ ਕਰਕੇ, ਇੱਛਤ 'ਸੀ' ਪੱਧਰ ਪ੍ਰਾਪਤ ਕਰਨਾ ਫਿਰ ਵੀ ਮੁਸ਼ਕਿਲ ਹੋਵੇਗਾ। ਇਸ ਕਰਕੇ ਯਮੁਨਾ ਐਕਸ਼ਨ ਪਲਾਨ ਲਈ ਪੈਸੇ ਦੀ ਉਪਲਬਧਤਾ ਨੂੰ ਧਿਆਨ ਵਿਚ ਰੱਖਦਿਆਂ, ਦਿੱਲੀ ਵਿਚੋਂ ਲੰਘਦੇ ਯਮੁਨਾ ਦਰਿਆ ਦੇ ਹਿੱਸੇ ਵਿਚ 'ਸੀ' ਪੱਧਰ ਪ੍ਰਾਪਤ ਕਰਨ ਦੀ ਲੋੜ 'ਤੇ ਦੁਬਾਰਾ ਗੌਰ ਕਰਨ ਦੀ ਜ਼ਰੂਰਤ ਹੈ।

## 4. ਸਿਫ਼ਾਰਸ਼ਾਂ

ਯਮੁਨਾ ਐਕਸ਼ਨ ਪਲਾਨ ਤਹਿਤ ਉਠਾਏ ਜਾ ਰਹੇ ਕਦਮ ਸਹੀ ਦਿਸ਼ਾ ਵਿਚ ਹਨ, ਪਰ ਪ੍ਰਭਾਵੀ ਅਮਲ ਦੇ ਸੰਕਲਪ ਨੂੰ ਪੂਰਾ ਕਰਨ ਲਈ ਇੰਜੀਨੀਅਰਿੰਗ ਇਨਪੁਟ, ਜਿਸ ਵਿਚ ਦਰਿਆ ਅੰਦਰ ਤਾਜ਼ੇ ਪਾਣੀ ਦੇ ਵਹਾਅ ਨੂੰ ਵਧਾਉਣਾ ਵੀ ਹੈ, ਨੂੰ ਹੋਰ ਅੱਗੇ ਵਧਾਉਣਾ ਪਵੇਗਾ। ਅਗਲੇ ਭਾਗ ਵਿਚ ਦਰਿਆ ਦੇ ਪਾਣੀ ਦੀ ਗੁਣਵੱਤਾ ਨੂੰ ਬਹਾਲ ਕਰਨ ਲਈ ਕੁੱਝ ਰਣਨੀਤੀਆਂ ਦੀ ਗੱਲ ਕਰਾਂਗੇ।

### 4.1 ਸੀਵਰੇਜ਼ ਪ੍ਰਣਾਲੀ ਵਿਚ ਸੁਧਾਰ

ਸਮੁੱਚੀ ਰਾਜਧਾਨੀ ਵਿਚ ਸੀਵਰ ਪਾਉਣੇ ਚਾਹੀਦੇ ਹਨ ਅਤੇ ਸਾਰਾ ਬੇਕਾਰ ਪਾਣੀ (ਜੇ ਲੋੜ ਪਵੇ ਤਾਂ ਪੰਪਾਂ ਰਾਹੀਂ) ਸੋਧ ਅਤੇ ਨਿਕਾਸੀ ਤੋਂ ਬਾਅਦ ਛੱਡਿਆ ਜਾਵੇ ਤਾਂ ਜੋ ਦਰਿਆ ਵਿਚ 'ਸਿਫ਼ਰ' ਨਿਕਾਸੀ ਪੁੱਜੇ। ਅਜਿਹੇ ਮੌਜੂਦਾ ਐੱਸ ਟੀ ਪੀਜ਼ ਨੂੰ ਅੱਪਗਰੇਡ ਕਰਕੇ ਕੀਤਾ ਜਾ ਸਕਦਾ ਹੈ ਜੋ ਨਿਕਾਸੀ ਦੇ ਮਾਨਕਾਂ ਦੀ ਲੋੜ ਪੂਰੀ ਨਹੀਂ ਕਰਦੇ। ਇਸ ਨੂੰ ਹਾਸਲ ਕਰਨ ਲਈ ਦਰਿਆ




ਚਿੱਤਰ-1 : ਯਮੁਨਾ ਦਰਿਆ ਦੀ ਵਿਆਖਿਆ (ੳ) ਘਾਟੀ ਦਾ ਨਕਸ਼ਾ (ਅ) ਪ੍ਰਦੂਸ਼ਣ ਦੇ ਲਿਹਾਜ਼ ਨਾਲ ਦਰਿਆ ਦਾ ਵਰਗੀਕਰਨ (ੲ) ਬੰਨ੍ਹ ਦੀ ਥਾਂ

**ਅੰਕੜੇ ਸੀ ਪੀ ਸੀ ਬੀ (2006-07) ਤੋਂ ਲਏ ਅਤੇ ਸੋਧੇ ਗਏ ਹਨ।*

ਦੇ ਦੋਵੇਂ ਕਿਨਾਰਿਆਂ ਤੇ ਵਿਕਲਪਿਕ ਨਿਕਾਸੀ ਪ੍ਰਣਾਲੀ, ਜਿਵੇਂ ਨਹਿਰਾਂ ਅਤੇ ਬੰਨ੍ਹ ਬਣਾ ਲੈਣੇ ਚਾਹੀਦੇ ਹਨ। ਸਭ ਤੋਂ ਮਹੱਤਵਪੂਰਨ ਸੀਵਰੇਜ਼ ਪੰਪ ਸਟੇਸ਼ਨਾਂ ਨੂੰ 24 ਘੰਟੇ ਨਿਰਵਿਘਨ ਬਿਜਲੀ ਪੂਰਤੀ ਮਿਲਣੀ ਚਾਹੀਦੀ ਹੈ।

ਦਰਿਆਵਾਂ ਦੇ ਵਿਕਾਸ ਨੂੰ ਆਰਥਿਕ ਤੌਰ ਤੇ ਵਾਰਾ ਖਾਣ ਵਾਲੇ ਵਾਤਾਵਰਨ ਪੱਖੀ ਨੁਕਤੇ ਤੋਂ ਦੇਖਣ ਦੀ ਲੋੜ ਹੈ ਤਾਂ ਜੋ 'ਹਰੇ ਸ਼ਹਿਰ' ਦੇ ਸੰਕਲਪ ਨੂੰ ਉਤਸ਼ਾਹ ਦਿਤਾ ਜਾ ਸਕੇ। ਦਰਿਆ ਦੇ ਕਿਨਾਰਿਆਂ ਨੂੰ ਪਾਰਕਾਂ ਦੇ ਤੌਰ ਤੇ ਵਿਕਸਤ ਕਰਨਾ ਚਾਹੀਦਾ ਹੈ ਜਿਥੇ ਫੁਆਰੇ, ਬਨਾਓਟੀ ਝਰਨੇ, ਖੇਤ ਦੇ ਮੈਦਾਨ, ਘਾਹ ਦੇ ਮੈਦਾਨ, ਪਾਣੀ ਦੀਆਂ ਖੇਡਾਂ, ਵਗਦੇ ਪਾਣੀ ਦੀਆਂ ਛਾਲਾਂ, ਤਾਲਾਬ, ਦਰੱਖ਼ਤ ਆਦਿ ਲਗਾਏ ਗਏ ਹੋਣ ਜਿਨ੍ਹਾਂ ਨੂੰ ਮਸਨੂਈ ਵਾਯੂ ਮਿਸ਼ਰਣ ਸਹੂਲਤਾਂ ਵਜੋਂ ਵਰਤਿਆ ਜਾ ਸਕੇ।

### *4.2 ਸਮਾਵੇਸ਼ੀ ਸਮਰੱਥਾ ਨੂੰ ਵਧਾਉਣਾ ਅਤੇ ਪ੍ਰਦੂਸ਼ਣ ਦੇ ਸਰੋਤਾਂ ਨੂੰ ਕਾਬੂ ਕਰਨਾ*

ਅਜਿਹਾ ਪਾਣੀ ਦੇ ਵਹਾਅ ਨੂੰ ਵਧਾ ਕੇ (ਦਰਿਆ ਵਿਚ ਅਵਰੋਧ ਬਣਾ ਕੇ), ਮੌਨਸੂਨ ਦੌਰਾਨ ਇਕੱਠਾ ਕੀਤੇ ਪਾਣੀ ਨੂੰ ਸੋਕੇ ਦੇ ਸਮੇਂ ਦਰਿਆ ਵਿਚ ਛੱਡ ਕੇ ਕੀਤਾ ਜਾ ਸਕਦਾ ਹੈ। ਨਦੀਆਂ ਵਿਚ ਬਨਾਓਟੀ ਮਿਸ਼ਰਣ ਕੀਤਾ ਜਾਣਾ ਚਾਹੀਦਾ ਹੈ। ਅਜਿਹਾ ਇਸ ਦੀਆਂ ਸਹਾਇਕ ਨਦੀਆਂ ਅਤੇ ਬੇਕਾਰ ਪਾਣੀ ਦੀਆਂ ਖੁੱਲ੍ਹੀਆਂ ਡਰੇਨਾਂ ਵਿਚ ਦੂਰ ਤਕ ਫੈਲੇ ਵਾਯੂ ਮਿਸ਼ਰਣ ਯੰਤਰ, ਮਸ਼ੀਨੀ ਸਤਹੀ ਵਾਯੂ ਮਿਸ਼ਰਣ ਯੰਤਰ ਨਦੀ ਦੇ ਤਲ 'ਤੇ ਲਾ ਕੇ ਅਤੇ ਨਦੀ ਵਿਚ ਬਨਾਓਟੀ ਝਰਨੇ ਬਣਾ ਕੇ ਕੀਤਾ ਜਾ ਸਕਦਾ ਹੈ।

ਇਸ ਕਰਕੇ, ਯਮੁਨਾ ਐਕਸ਼ਨ ਪਲਾਨ ਤਹਿਤ ਪ੍ਰਦੂਸ਼ਣ ਘਟਾਉਣ ਲਈ ਕੋਈ ਹੋਰ ਡਿਜ਼ਾਈਨ ਤਿਆਰ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਪਾਣੀ ਦੀ ਗੁਣਵੱਤਾ ਦਾ ਪ੍ਰਤਿਰੂਪਣ ਕਰ ਲਿਆ ਜਾਵੇ। ਇਹ ਪ੍ਰਤਿਰੂਪਣ ਯੋਜਨਾਬੰਦੀ ਕਰਨ ਵਾਲਿਆਂ ਨੂੰ ਇਸ ਨੂੰ ਲਾਗੂ ਕਰਨ ਵਾਲੇ ਦਖ਼ਲਾਂ ਦਾ ਮੁੱਲੰਕਣ ਕਰਨ ਵਿਚ ਸਹਾਈ ਹੋਵੇਗਾ। ਪਾਣੀ ਨੂੰ ਰੀਸਾਈਕਲ ਕਰਨਾ ਅਤੇ ਸੋਧੇ ਹੋਏ ਪਾਣੀ ਨੂੰ ਦੁਬਾਰਾ ਵਰਤੋਂ ਵਿਚ ਲਿਆਉਣਾ ਵੀ ਇਕ ਪ੍ਰਮੁੱਖ ਮੌਕਾ ਹੋ ਸਕਦਾ ਹੈ ਜਿਸ ਨਾਲ ਪਾਣੀ ਸਿੰਜਾਈ, ਬਾਗ਼ਬਾਨੀ ਅਤੇ ਉਦਯੋਗਿਕ ਜ਼ਰੂਰਤਾਂ ਲਈ ਵਰਤਿਆ ਜਾ ਸਕੇਗਾ। ਇਹ ਬਿਜਲੀ ਘਰਾਂ ਵਿਚ ਕੂਲਿੰਗ ਟਾਵਰਾਂ ਲਈ ਵੀ ਵਰਤਿਆ ਜਾ ਸਕਦਾ ਹੈ। ਇਸ ਦੇ ਦੂਸਰੇ ਫ਼ਾਇਦੇ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨਾ ਅਤੇ ਮੈਲੇ ਪਾਣੀ ਨੂੰ ਸਾਫ਼ ਕਰਕੇ ਵਰਤਣਾ ਵੀ ਹੋ ਸਕਦਾ ਹੈ। ਹੋਰ, ਗ਼ੈਰ-ਬਿੰਦੂ ਸਰੋਤਾਂ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਨਾਲ ਨਜਿੱਠਣਾ ਵੀ ਮਹੱਤਵਪੂਰਨ ਹੈ, ਜਿਵੇਂ ਕਿ ਖੇਤੀਬਾੜੀ ਦੀਆਂ ਪੈਲੀਆਂ, ਇਨਸਾਨਾਂ ਅਤੇ ਜਾਨਵਰਾਂ ਵਲੋਂ ਸਿੱਧੇ ਦਰਿਆਵਾਂ ਵਿਚ ਨਹਾਉਣਾ, ਮੂਰਤੀਆਂ ਜਲ ਪ੍ਰਵਾਹ ਕਰਨੀਆਂ ਆਦਿ। ਖੇਤੀਬਾੜੀ ਪਰਵਾਹ ਅਤੇ ਸ਼ਹਿਰੀ ਪ੍ਰਦੂਸ਼ਣ ਨੂੰ ਬਾਰਸ਼ ਦੇ ਪਾਣੀ ਦੀ ਸਾਂਭ-ਸੰਭਾਲ ਰਾਹੀਂ ਸ਼ਹਿਰ ਵਿਚ ਸ਼ਹਿਰੀ ਡਰੇਨੇਜ਼ ਸਿਸਟਮ ਦੁਆਰਾ ਵੀ ਘੱਟ ਕੀਤਾ ਜਾਂਦਾ ਹੈ। ਖੇਤੀ ਦਾ ਪਰਵਾਹ, ਜੋ ਸਿੱਧਾ ਦਰਿਆ ਵਿਚ ਦਾਖ਼ਲ ਹੁੰਦਾ ਹੈ, ਨੂੰ ਦਰਿਆ ਦੇ ਕਿਨਾਰੇ ਵਾਲੇ ਖੇਤਾਂ ਵਿਚ ਪੁਣ-ਛਾਣ ਤੇ ਪ੍ਰਤਿਰੋਧੀ ਭੂ ਭਾਗ ਬਣਾ ਕੇ ਘੱਟ ਕੀਤਾ ਜਾ ਸਕਦਾ ਹੈ।

*(ਲੇਖਿਕਾ ਕੁਦਰਤੀ ਸਰੋਤ ਪ੍ਰਬੰਧਨ ਵਿਚ ਤਕਨੀਕੀ ਵਿਸ਼ੇਸ਼ੱਗ ਵਜੋਂ 10 ਸਾਲ ਦਾ ਅਨੁਭਵ ਰੱਖਦੀ ਹੈ।)*

*e-mail :deepshikha.k.sharma@gmial.com*

# ਨਾਗਾਲੈਂਡ ਦੇ ਸੰਦਰਭ ਵਿਚ ਹਿਮਾਲਿਆ ਦੇ ਉੱਤਰ-ਪੂਰਬੀ ਖੇਤਰ ਦੀ ਪਰਿਸਥਿਤੀ ਪ੍ਰਣਾਲੀ ਦੀ ਆਰਥਿਕ ਸਥਿਰਤਾ

ਪਬੀ.ਕੇ. ਕੌਂਵਰ

ਹਿਮਾਲਿਆਈ ਪਰਿਸਥਿਤੀ ਤਹਿਤ 51 ਮਿਲੀਅਨ ਤੋਂ ਵੱਧ ਲੋਕ ਆਉਂਦੇ ਹਨ। ਇਹ ਉੱਤਰ ਅਤੇ ਉੱਤਰ-ਪੂਰਬੀ ਖੇਤਰਾਂ ਦੀ ਪਰਿਸਥਿਤੀ ਸੁਰੱਖਿਆ ਲਈ ਬੇਹੱਦ ਅਹਿਮ ਹਨ ਜੋ ਘਣੇ ਜੰਗਲ, ਸਦਾ ਬਹਾਰ ਦਰਿਆਵਾਂ ਲਈ ਪਾਣੀ, ਪੀਣ ਵਾਲਾ ਪਾਣੀ, ਸਿੰਜਾਈ, ਪਣ-ਬਿਜਲੀ, ਜੈਵਿਕ ਵਿਭਿੰਨਤਾ ਦੀ ਰੱਖਿਆ, ਖੇਤੀਬਾੜੀ ਲਈ ਉਪਜਾਊ ਜ਼ਮੀਨ ਅਤੇ ਸੈਰਸਪਾਟੇ ਵਾਸਤੇ ਬੇਹੱਦ ਹਸੀਨ ਕੁਦਰਤੀ ਦ੍ਰਿਸ਼ ਸਾਡੀ ਝੋਲੀ ਪਾਉਂਦੇ ਹਨ। ਇਹ ਪਰਿਸਥਿਤੀ ਪ੍ਰਣਾਲੀ ਬਹੁਤ ਨਾਜ਼ੁਕ ਅਤੇ ਵਿਭਿੰਨਤਾ ਵਾਲੀ ਹੈ। ਇਸ ਪਰਿਸਥਿਤੀ ਖੇਤਰ ਵਿਚ ਰਹਿਣ ਵਾਲੇ ਲੋਕ ਪਹਾੜੀ ਖੇਤੀ ਕਰਦੇ ਹਨ ਅਤੇ ਵੱਖ-ਵੱਖ ਭੂਗੋਲਿਕ ਖ਼ਤਰਿਆਂ ਦਾ ਸਾਹਮਣਾ ਕਰਦੇ ਹਨ।

***ਹਿਮਾਲਿਆ ਪਰਬਤ ਬਰਫ਼ ਦੇ ਸਭ ਤੋਂ ਵੱਡੇ ਭੰਡਾਰ ਹਨ ਅਤੇ ਇਸ ਦੇ ਗਲੇਸ਼ੀਅਰ ਸਦਾ ਬਹਾਰ ਦਰਿਆਵਾਂ ਜਿਵੇਂ ਇੰਡਸ, ਗੰਗਾ ਅਤੇ ਬ੍ਰਹਮਪੁੱਤਰ ਲਈ ਤਾਜ਼ਾ ਪਾਣੀ ਦੇ ਸਰੋਤ ਹਨ। ਗਲੇਸ਼ੀਅਰ ਪਿਘਲਣ ਨਾਲ ਦਰਿਆਵਾਂ ਦੇ ਸੁੱਕੇ ਮੌਸਮ ਵਾਲੀ ਵਗਣ ਸਮਰਥਾ 'ਤੇ ਅਸਰ-ਅੰਦਾਜ਼ ਹੋਵੇਗਾ ਜਿਸ ਦਾ ਪ੍ਰਭਾਵ ਆਰਥਿਕਤਾ 'ਤੇ ਪਾਣੀ ਦੀ ਉਪਲਬਧਤਾ ਅਤੇ ਪਣ-ਬਿਜਲੀ ਉਤਪਾਦਨ ਦੇ ਰੂਪ ਵਿਚ ਪਵੇਗਾ। ਵਧਦੇ ਵਿਸ਼ਵ ਤਾਪਮਾਨ ਅਤੇ ਗਰੀਨ ਹਾਊਸ ਗੈਸਾਂ ਕਰਕੇ ਹਿਮਾਲੀਅਨ ਗਲੇਸ਼ੀਅਰ ਦਾ ਪਿਘਲਣਾ ਦੇਸ਼, ਖ਼ਾਸ ਕਰਕੇ ਇਸ ਖਿੱਤੇ ਲਈ ਖ਼ਤਰੇ ਦੀ ਘੰਟੀ ਹੈ।***

## ਪੂਰਬੀ-ਦੱਖਣੀ ਹਿਮਾਲਿਆਈ ਖੇਤਰ

ਭਾਰਤ ਦਾ ਉੱਤਰ-ਪੂਰਬੀ ਖੇਤਰ ਬਹੁਤ ਔਖੀਆਂ ਹਾਲਤਾਂ ਅਤੇ ਕੁਦਰਤੀ ਸੁੰਦਰਤਾ ਨਾਲ ਭਰਪੂਰ ਹੈ। ਇਸ ਦੇ 2,55,997 ਵਰਗ ਕਿਲੋਮੀਟਰ ਖੇਤਰ ਵਿਚ ਇਕ ਪਾਸੇ ਅਰੁਣਾਚਲ ਪ੍ਰਦੇਸ਼ ਦੀਆਂ ਤਿੱਖੀਆਂ, ਉੱਬੜ-ਖਾਬੜ ਅਤੇ ਅਪਹੁੰਚ ਪਹਾੜੀਆਂ ਹਨ, ਜਿਨ੍ਹਾਂ ਦੀ ਸਮੁੰਦਰ ਤਲ ਤੋਂ ਉੱਚਾਈ 6000 ਮੀਟਰ ਹੈ ਅਤੇ ਔਸਤ ਤੋਂ ਲੈ ਕੇ ਕਾਫ਼ੀ ਠੰਢਾ ਮੌਸਮ ਹੈ, ਦੂਜੇ ਪਾਸੇ ਬ੍ਰਹਮਪੁੱਤਰ ਦੇ ਵਿਸ਼ਾਲ ਹੜ੍ਹਾਂ ਵਾਲੇ ਮੈਦਾਨ ਹਨ ਜਿਸ ਦਾ ਖੇਤਰ 90,000 ਵਰਗ ਕਿਲੋਮੀਟਰ ਹੈ। ਇਥੋਂ ਦਾ ਮੌਸਮ ਉਪ-ਊਸ਼ਣ ਕਟੀਬੰਧ ਵਾਲਾ ਹੈ ਅਤੇ ਖੇਤੀਬਾੜੀ ਉਤੇ ਨਿਰਭਰ ਵੱਡੀ ਵਸੋਂ ਗਿਣਤੀ ਨਿਵਾਸ ਕਰਦੀ ਹੈ। ਮੇਘਾਲਿਆ ਦੇ ਦੱਖਣੀ ਸਿਰੇ ਵਾਲੇ ਹਿੱਸੇ (ਸਮੁੰਦਰ ਤਲ ਤੋਂ 600 ਤੋਂ 1800 ਮੀਟਰ ਉੱਚਾਈ) ਦੱਖਣ ਵਿਚ ਬੰਗਲਾਦੇਸ਼ ਦੇ ਮੈਦਾਨਾਂ ਅਤੇ ਉੱਤਰ ਵਿਚ ਬ੍ਰਹਮਪੁੱਤਰ ਘਾਟੀ ਵਿਚਕਾਰ ਵਧਿਆ ਹੋਇਆ ਹੈ। ਇਥੇ ਡੂੰਘੀਆਂ ਖਾਈਆਂ ਅਤੇ ਚੌੜੀਆਂ ਘਾਟੀਆਂ ਹਨ। ਦੁਨੀਆਂ ਦਾ ਸਭ ਤੋਂ ਵੱਧ ਵਰਖਾ ਵਾਲਾ ਸਥਾਨ ਮੇਵਸਨਰਾਮ ਇਥੇ ਹੀ ਸਥਿਤ ਹੈ। ਵੱਖ-ਵੱਖ ਭੂਗੋਲਿਕ ਯੁਗਾਂ ਦੀਆਂ ਚਟਾਨਾਂ, ਜਿਵੇਂ ਆਰਕਾਈਨ ਅਤੇ ਕੁਆਰਟਨੇਰੀ ਇਸ ਖਿੱਤੇ ਦੇ ਪਰਿਆਵਰਨ ਦਾ ਹਿੱਸਾ ਹਨ।

## ਖਿੱਤੇ ਤਕ ਪਹੁੰਚ

ਘਾਟੀ ਦੇ ਖੇਤਰਾਂ ਨੂੰ ਛੱਡ ਕੇ, ਖਿੱਤੇ ਦੇ ਵੱਡੇ ਖੇਤਰ ਵਿਚ ਸੰਚਾਰ ਸਾਧਨਾਂ ਦੀ ਭਾਰੀ ਕਮੀ ਹੈ। ਜ਼ਿਆਦਾਤਰ ਹਵਾਈ ਅੱਡੇ, ਰੇਲ ਪਟੜੀਆਂ ਅਤੇ ਸੜਕਾਂ ਬ੍ਰਹਮਪੁੱਤਰ ਅਤੇ ਬਰਾਕ ਘਾਟੀਆਂ ਵਿਚ ਪੈਂਦੀਆਂ ਹਨ। ਪਹਾੜੀਆਂ ਵਿਚ ਬਹੁਤ ਘੱਟ ਰੇਲ ਪਟੜੀਆਂ ਹਨ। ਇਨ੍ਹਾਂ ਖੇਤਰਾਂ ਨੂੰ ਮੈਦਾਨਾਂ ਨਾਲ ਜੋੜਨ ਵਾਲੀਆਂ ਸੜਕਾਂ ਵੀ ਬਹੁਤ ਘੱਟ ਹਨ। ਬੁਨਿਆਦੀ ਢਾਂਚੇ ਵਿਚ ਅਜਿਹੀ ਕਮੀ ਕਾਰਨ ਇਸ ਖੇਤਰ ਦਾ ਖਣਿਜ ਅਤੇ ਉਦਯੋਗਿਕ ਵਿਕਾਸ ਸੰਭਵ ਨਹੀਂ ਹੋ ਰਿਹਾ।

## ਖੇਤਰ ਵਿਚ ਖਣਿਜ ਭੰਡਾਰਾਂ ਦੇ ਇਲਾਕੇ

ਉੱਤਰ-ਪੂਰਬ ਭਾਰਤ ਗ਼ੈਰ-ਧਾਤੂ ਖਣਿਜ ਪਦਾਰਥਾਂ ਨਾਲ ਭਰਪੂਰ ਹੈ, ਖ਼ਾਸ ਕਰਕੇ ਉੱਚ ਕਿਸਮ ਦਾ ਚੂਨਾ ਪੱਥਰ ਅਤੇ ਕੋਲਾ ਜਿਸ ਵਿਚ ਸਲਫਰ ਦੀ ਮਾਤਰਾ ਵੱਧ ਅਤੇ ਸੁਆਹ ਘੱਟ ਹੁੰਦੀ ਹੈ। ਇਥੇ ਕਾਫ਼ੀ ਮਾਤਰਾ ਵਿਚ ਡੋਲੋਮਾਈਟ ਚੀਕਣੀ ਮਿੱਟੀ, ਹਲਕੇ ਕਿਸਮਾਂ ਦੀ ਸ਼ੀਸ਼ਾ ਰੇਤ ਅਤੇ ਗ੍ਰੈਫਾਈਟ ਪਾਏ ਜਾਂਦੇ ਹਨ। ਨਿਰਮਾਣ ਸਮੱਗਰੀ ਦਾ ਸਾਮਾਨ, ਜਿਵੇਂ ਬਜਰੀ, ਰੇਤ, ਗਾਰੇ ਵਾਲੀ ਮਿੱਟੀ ਚਟਾਨਾਂ ਦੇ ਛੋਟੇ-ਛੋਟੇ ਟੁਕੜੇ ਆਦਿ ਵੱਡੀ ਮਾਤਰਾ ਵਿਚ ਮਿਲਦੇ ਹਨ। ਇਥੋਂ ਦੇ ਧਰਾਤਲ ਦੇ ਹਾਲਾਤ ਜਿਵੇਂ ਅਪਹੁੰਚ, ਉੱਬੜ-ਖਾਬੜ ਮਾਨ-ਚਿੱਤਰ ਡੂੰਘੇ ਭਿੱਜਣ ਵਾਲੇ ਹਾਲਾਤ ਅਤੇ ਘਣੀ ਬਨਸਪਤੀ ਖਣਿਜ ਪਦਾਰਥ ਲੱਭਣ ਦੇ ਰਵਾਇਤੀ ਢੰਗ ਨਾਲ ਧਾਤੂ ਦੇ ਭੰਡਾਰ ਲੱਭਣ ਵਿਚ ਮੁਸ਼ਕਿਲਾਂ ਖੜ੍ਹੀਆਂ ਕਰਦੇ ਹਨ।

## ਪੈਟਰੋਲੀਅਮ

ਅਸਮ ਰਾਜ ਕੱਚੇ ਤੇਲ ਦੇ ਉਤਪਾਦਨ ਲਈ ਦੇਸ਼ ਭਰ ਵਿਚ ਸਭ ਤੋਂ ਅਮੀਰ ਮੰਨਿਆ ਜਾਂਦਾ ਹੈ। ਅਸਲ ਵਿਚ, ਕੱਚਾ ਤੇਲ ਪਹਿਲੀ ਵਾਰ ਉੱਪਰੀ ਅਸਮ ਦੇ ਡਿਗਬੋਈ ਵਿਚ ਲੱਭਿਆ ਗਿਆ ਸੀ ਅਤੇ ਭਾਰਤ ਦਾ ਪਹਿਲਾ ਤੇਲ ਸੋਧਕ ਕਾਰਖ਼ਾਨਾ 1892 ਵਿਚ ਸਮਾਪਤ ਕੀਤਾ ਗਿਆ

ਸੀ। ਗੁਜਰਾਤ ਦੇ ਨਦੀ ਖੇਤਰਾਂ ਅਤੇ ਅਰਬ ਸਾਗਰ ਦੇ ਬੰਬੇ ਹਾਈ ਵਿਚ ਤੇਲ ਭੰਡਾਰਨ ਮਿਲਣ ਤੋਂ ਪਹਿਲਾਂ ਇਕੱਲਾ ਅਸਮ ਦੇਸ਼ ਦਾ 54 ਪ੍ਰਤਿਸ਼ਤ ਤੇਲ ਉਤਪਾਦਨ ਕਰਦਾ ਸੀ। ਪਿਛਲੇ 10-15 ਸਾਲਾਂ ਤੋਂ ਤੇਲ ਦੀ ਖੋਜ ਦਾ ਕੰਮ ਅਰੁਣਾਚਲ ਪ੍ਰਦੇਸ਼, ਤ੍ਰਿਪੁਰਾ ਅਤੇ ਨਾਗਾਲੈਂਡ ਤਕ ਵਧਾਇਆ ਗਿਆ ਹੈ।

## ਖੇਤਰ ਦੀ ਆਰਥਿਕਤਾ

ਜੰਗਲੀ ਉਤਪਾਦ, ਦਰਿਆ, ਜੰਗਲ ਦਾ ਕੁਦਰਤੀ ਸੈਰਸਪਾਟਾ, ਸੀਮਿੰਟ ਉਦਯੋਗ, ਪੈਟਰੋਲ, ਕੋਲੇ ਦੀਆਂ ਖਾਣਾਂ, ਚੌਲ, ਸਬਜ਼ੀਆਂ ਅਤੇ ਚਾਹ ਦੀ ਖੇਤੀ ਅਸਮ ਦੇ ਪ੍ਰਮੁੱਖ ਆਰਥਿਕ ਉਦਯੋਗ ਹਨ। ਉੱਤਰ-ਪੂਰਬ ਦੇ ਪਹਾੜੀ ਰਾਜਾਂ, ਜਿਨ੍ਹਾਂ ਵਿਚ ਅਰੁਣਾਚਲ ਪ੍ਰਦੇਸ਼, ਮੇਘਾਲਿਆ, ਮਿਜ਼ੋਰਮ, ਨਾਗਾਲੈਂਡ ਅਤੇ ਸਿੱਕਮ ਸ਼ਾਮਿਲ ਹਨ, ਵਿਚ ਜੰਗਲ ਉਤਪਾਦ, ਕੋਲੇ ਦੀਆਂ ਖਾਣਾਂ (ਮੇਘਾਲਿਆ ਨੂੰ ਛੱਡ ਕੇ ਕਿਸੇ ਰਾਜ ਵਿਚ ਸੰਗਠਿਤ ਖੇਤਰ ਨਹੀਂ), ਕੱਟ ਕੇ ਅਤੇ ਸਾੜ ਕੇ ਖੇਤੀ, ਫਲਾਂ ਦੀ ਬਿਜਾਈ, ਨਿਰਮਾਣ ਸਮੱਗਰੀ (ਪੱਥਰ ਦੇ ਟੁਕੜੇ) ਅਤੇ ਸੈਰਸਪਾਟਾ ਕੁੱਝ ਹੱਦ ਤਕ ਰਾਜ ਦੀ ਆਰਥਿਕਤਾ ਵਿਚ ਹਿੱਸਾ ਪਾਉਂਦੇ ਹਨ।

## ਨਾਗਾਲੈਂਡ

ਨਾਗਾਲੈਂਡ ਆਰਾਕਾਨ – ਯੋਮਾ ਪਰਬਤ ਲੜੀ ਦੇ ਦੂਰ ਉੱਤਰ ਵਿਚ ਸਥਿਤ ਹੈ। ਅਸਮ ਦੇ ਮੈਦਾਨਾਂ ਨਾਲ ਲਗਦੇ ਖੇਤਰਾਂ ਨੂੰ ਛੱਡ ਕੇ ਤਕਰੀਬਨ ਸਾਰਾ ਰਾਜ ਪਹਾੜੀ ਹੈ। ਇਸ ਦੀ ਰਣਨੀਤਕ ਹੋਂਦ ਕਰਕੇ ਇਹ ਰਾਜ ਪੂਰਬੀ ਏਸ਼ੀਆਈ ਖੇਤਰ ਵਿਚ ਅੰਤਰਰਾਸ਼ਟਰੀ ਵਪਾਰ ਦਾ ਧੁਰਾ ਬਣਨ ਦੀ ਸਮਰੱਥਾ ਰੱਖਦਾ ਹੈ।

## ਨਾਗਾਲੈਂਡ ਵਿਚ ਖੇਤੀਬਾੜੀ

ਭਾਰਤ ਵਿਚ ਬਦਲਵੀਂ ਜਾਂ ਚੁੱਕਵੀਂ ਖੇਤੀ ਨਾਗਾਲੈਂਡ ਸਮੇਤ ਭਾਰਤ ਦੇ ਉੱਤਰ-ਪੂਰਬੀ ਰਾਜਾਂ ਦੇ ਆਦਿਵਾਸੀ ਬਹੁਲ ਪਹਾੜੀ, ਜੰਗਲੀ ਧਰਾਤਲ ਵਾਲੇ ਖੇਤਰਾਂ ਵਿਚ ਕੀਤੀ ਜਾਂਦੀ ਹੈ। ਨਾਗਾ ਆਦਿਵਾਸੀ ਜੀਵਨ ਵਿਚ ਪਿੰਡ ਦੇ ਵਡੇਰੇ ਵੱਡੀ ਜੰਗਲੀ ਜ਼ਮੀਨ ਝੂਮ ਦੀ ਖੇਤੀ ਲਈ ਤਲਾਸ਼ਦੇ ਹਨ ਅਤੇ ਉਸ ਨੂੰ ਪਿੰਡ ਦੇ ਪਰਿਵਾਰਾਂ ਵਿਚ ਇਕ ਬਰਾਬਰ ਵੰਡ ਦਿੰਦੇ ਹਨ। ਘਣੇ ਜੰਗਲ ਦੀ ਛੱਤਰੀ ਨੂੰ ਮੌਨਸੂਨ ਤੋਂ ਪਹਿਲਾਂ ਛਾਂਗ ਦਿਤਾ ਜਾਂਦਾ ਹੈ ਅਤੇ ਕੁੱਝ ਸਮੇਂ ਲਈ ਸੁੱਕਣ ਦਿਤਾ ਜਾਂਦਾ ਹੈ। ਇਸ ਦੌਰਾਨ ਵੱਡੇ ਦਰੱਖ਼ਤ ਦੇ ਤਣਿਆਂ ਨੂੰ ਕੱਟ ਲਿਆ ਜਾਂਦਾ ਹੈ। ਇਸ ਤੋਂ ਬਾਅਦ ਛਾਂਗੀ ਹੋਈ ਜੰਗਲੀ ਛੱਤਰੀ ਅਤੇ ਧਰਤੀ 'ਤੇ ਉੱਗੀ ਬਨਸਪਤੀ ਨੂੰ ਅੱਗ ਲਾ ਦਿਤੀ ਜਾਂਦੀ ਹੈ। ਮੌਨਸੂਨ ਦੇ ਦਸਤਕ ਦੇਣ ਤੋਂ ਪਹਿਲਾਂ ਧਰਤੀ ਨੂੰ ਸਮਤਲਤਾ ਦੇ ਲਿਹਾਜ਼ ਨਾਲ ਬਿਜਾਈ ਲਈ ਤਿਆਰ ਕੀਤਾ ਜਾਂਦਾ ਹੈ। ਮੌਨਸੂਨ ਸ਼ੁਰੂ ਹੁੰਦਿਆਂ ਹੀ ਝੋਨੇ ਅਤੇ ਹੋਰ ਫ਼ਸਲਾਂ ਦੇ ਬੀਜ ਖੇਤਾਂ ਵਿਚ ਬੀਜ ਦਿਤੇ ਜਾਂਦੇ ਹਨ। ਸਾਰਾ ਮਜ਼ਦੂਰੀ ਦਾ ਕੰਮ ਭਾਈਚਾਰਕ ਪ੍ਰਕਿਰਿਆ ਤਹਿਤ ਹੁੰਦਾ ਹੈ। ਕੀਟਨਾਸ਼ਕ ਅਤੇ ਰਸਾਇਣਕ ਖਾਦਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਪਾਣੀ ਵੀ ਨਹੀਂ ਦਿਤਾ ਜਾਂਦਾ ਪਰ ਗੋਡੀ ਅਤੇ ਛਟਾਈ ਕੀਤੀ ਜਾਂਦੀ ਹੈ। ਖੇਤਾਂ ਦੇ ਕਿਨਾਰਿਆਂ 'ਤੇ ਸਬਜ਼ੀਆਂ ਅਤੇ ਨਗਦ ਫ਼ਸਲਾਂ, ਜਿਵੇਂ ਫਲੀਆਂ, ਟਮਾਟਰ, ਪਿਆਜ਼, ਅਦਰਕ, ਅਰਾਇਡ, ਮਿਰਚਾਂ, ਕੱਦੂ, ਕੇਲਾ, ਅਨਾਨਾਸ, ਨਾਸ਼ਪਾਤੀ ਅਤੇ ਪੈਸ਼ਨ ਫਲ ਆਦਿ ਬੀਜੇ ਜਾਂਦੇ ਹਨ। ਝੋਨੇ ਦੇ ਨਾਲ-ਨਾਲ ਮੱਕੀ ਅਤੇ ਜੌਂ ਦੀ ਖੇਤੀ ਵੀ ਕੀਤੀ ਜਾਂਦੀ ਹੈ। ਝੋਨੇ ਦੀ ਕਟਾਈ ਵੀ ਇਕ ਸਮੁਦਾਇਕ ਪ੍ਰਕਿਰਿਆ ਹੈ ਜੋ ਸਤੰਬਰ-ਅਕਤੂਬਰ ਦੇ ਮਹੀਨਿਆਂ ਦੌਰਾਨ ਕੀਤੀ ਜਾਂਦੀ ਹੈ। ਆਮ ਤੌਰ ਤੇ ਛਾਂਗਣ ਦੇ ਦੋ ਤਿੰਨ ਸਾਲ ਤਕ ਇਕ ਖੇਤ ਵਿਚ ਫ਼ਸਲਾਂ ਬੀਜੀਆਂ ਜਾਂਦੀਆਂ ਹਨ ਜਿਸ ਤੋਂ ਬਾਅਦ ਖੇਤੀ ਨੂੰ ਕਿਸੇ ਦੂਜੇ ਜੰਗਲੀ ਖੇਤਰ ਵਿਚ ਤਬਦੀਲ ਕਰ ਦਿਤਾ ਜਾਂਦਾ ਹੈ। 2-3 ਲਗਾਤਾਰ ਫ਼ਸਲਾਂ ਲੈਣ ਉਪਰੰਤ ਝਾੜ ਘਟਣਾ ਸ਼ੁਰੂ ਹੋ ਜਾਂਦਾ ਹੈ, ਉਸ ਤੋਂ ਬਾਅਦ ਕਈ ਸਾਲ ਤਕ ਜ਼ਮੀਨ ਦੀ ਵਾਹੀ ਕੀਤੀ ਜਾਂਦੀ ਹੈ (ਮੌਜੂਦਾ ਸਮੇਂ ਝੂਮ ਦਾ ਗੇੜ 4 ਤੋਂ 5 ਸਾਲ ਦਾ ਹੁੰਦਾ ਹੈ)। ਪੁਰਾਣੇ ਸਮਿਆਂ ਵਿਚ ਇਕ ਵਕਫਾ 20 ਤੋਂ 30 ਵਰ੍ਹਿਆਂ ਦਾ ਹੁੰਦਾ ਸੀ। ਇਸੇ ਦੌਰਾਨ ਇਕ ਦੂਸਰਾ ਜੰਗਲ ਦਾ ਖੇਤਰ ਛਾਂਗ ਕੇ, ਅੱਗ ਨਾਲ ਸਾੜ ਕੇ ਉਸ ਨੂੰ ਖੇਤੀ ਲਈ ਤਿਆਰ ਕੀਤਾ ਜਾਂਦਾ ਹੈ। ਇਸ ਤਰੀਕੇ ਨਾਲ ਹਜ਼ਾਰਾਂ ਏਕੜ ਜੰਗਲ ਦੇ ਖੇਤਰ ਵਿਚ ਬਿਨਾਂ ਕਿਸੇ ਨਿਯੰਤਰਣ ਦੇ ਬਦਲਵੀਂ ਜਾਂ ਚੱਕਵੀਂ ਖੇਤੀ ਚੱਲਦੀ ਰਹਿੰਦੀ ਹੈ ਜਿਸ ਨਾਲ ਜ਼ਮੀਨ ਦੀ ਵਰਤੋਂ ਦੇ ਕਈ ਅਣਚਾਹੇ ਵਰਤਾਰੇ ਸਾਹਮਣੇ ਆਉਂਦੇ ਹਨ।

ਝੂਮ ਦੀ ਖੇਤੀ ਅਧੀਨ ਰਕਬਾ ਕਰੀਬ 87,339 ਹੈਕਟੇਅਰ ਹੈ ਜਦ ਕਿ ਪੌੜੀਦਾਰ ਖੇਤੀ ਥੱਲੇ 62,091 ਹੈਕਟੇਅਰ ਹੈ। ਜੰਗਲਾਂ ਨੂੰ ਕੱਟ ਕੇ ਸਾੜਿਆ ਜਾਂਦਾ ਹੈ ਅਤੇ ਸੁਆਹ ਨਾਲ ਉਪਜਾਊ ਬਣੀ ਧਰਤੀ 'ਤੇ ਫ਼ਸਲਾਂ ਬੀਜੀਆਂ

ਤਾਲਿਕਾ-1 : ਉੱਤਰ ਪੂਰਬੀ ਖੇਤਰ ਅਤੇ ਨਾਗਾਲੈਂਡ ਦੇ ਮੂਲ ਅੰਕੜੇ

| ਮਾਪਦੰਡ | ਉੱਤਰ-ਪੂਰਬੀ ਖੇਤਰ | ਨਾਗਾਲੈਂਡ |
|---|---|---|
| ਸੜਕਾਂ ਦੀ ਲੰਬਾਈ | 1,16,551 ਕਿ.ਮੀ. | 8,805 ਕਿ.ਮੀ. |
| ਜਨਸੰਖਿਆ | 3,65,47,314 | 19,79,000 |
| ਜੰਗਲ ਤਹਿਤ ਰਕਬਾ | 1,66,270 ਕਿ.ਮੀ. | 14,360 ਕਿ.ਮੀ. |
| ਖੇਤਰ | 2,55,997 ਕਿ.ਮੀ. | 16,527 ਕਿ.ਮੀ. |
| ਕੁੱਲ ਸਖ਼ਤ ਚਟਾਨਾਂ ਦਾ ਖੇਤਰ | 1,87,621 ਕਿ.ਮੀ. | 15,700 ਕਿ.ਮੀ. |
| ਵਸੋਂ ਦੀ ਘਣਤਾ | 124 ਵਿਅਕਤੀ ਪ੍ਰਤਿ ਕਿ.ਮੀ. | 75 ਵਿਅਕਤੀ ਪ੍ਰਤਿ ਕਿ.ਮੀ. |
| ਵਰਗ ਖੇਤਰ | 67,376 ਕਿ.ਮੀ. | 827 ਕਿ.ਮੀ. |
| ਪਿੰਡ | 39720 | 963 |
| ਸਾਖਰਤਾ | 47 ਪ੍ਰਤਿਸ਼ਤ | 70 ਪ੍ਰਤਿਸ਼ਤ |
| ਮੁੱਖ ਖਣਿਜ ਪਦਾਰਥ | ਕੋਲਾ, ਡੋਲੋਮਾਈਟ, ਚੂਨਾ, ਪੱਥਰ, ਮੈਗਨੇਟਾਈਟ, ਕੁਦਰਤੀ ਗੈਸ, ਤੇਲ, ਸਿਲੀਮੇਨਾਈਟ ਅਤੇ ਯੂਰੇਨੀਅਮ | ਕੋਲਾ, ਚੂਨਾ, ਮੈਗਨੇਟਾਈਟ |
| ਛੋਟੇ ਖਣਿਜ ਪਦਾਰਥ | ਐਪਾਟਾਈਟ, ਐਸਬੈਸਟਾਸ, ਇਮਾਰਤੀ ਪੱਥਰ, ਚੀਕਣੀ ਮਿੱਟੀ, ਕ੍ਰੋਮਾਈਟ, ਕੋਬਾਲਟ, ਤਾਂਬਾ, ਕਾਲੀ ਮਿੱਟੀ, ਮੁਲਤਾਨੀ ਮਿੱਟੀ, ਸ਼ੀਸ਼ੇ ਵਾਲੀ ਮਿੱਟੀ, ਸੋਨਾ, ਗ੍ਰੇਫਾਈਟ, ਕੱਚਾ ਲੋਹਾ, ਕਾਓਨਿਨ, ਫ਼ਸਿੱਕਾ-ਜਿਸਤ, ਲਿਗਨਾਈਟ, ਸੰਗਮਰਮਰ, ਨਿਕਲ, ਫਾਸਫੇਟ, ਪਲੈਟੀਨਾਇਡਜ਼, ਕਿਸੇ ਖ਼ਾਸ ਧਾਤ ਦਾ ਆਕਸਾਈਡ, ਸਿਲੀਮੇਨਾਈਟ, ਪਾਊਡਰ, ਟਿਨ ਅਤੇ ਟੰਗਸਟਨ | ਬੇਸ ਮੈਟਲ ਸਲਫਾਈਡ, ਕ੍ਰੋਮਾਈਟ, ਕੋਬਾਲਟ, ਨਿੱਕਲ, ਪਲੈਟੀਨਾਇਡਜ਼ |

ਜਾਂਦੀਆਂ ਹਨ। ਖੇਤਾਂ ਨੂੰ ਪੂਰੀ ਤਰ੍ਹਾਂ ਬਦਲਣ 'ਤੇ 4-5 ਸਾਲ ਲੱਗ ਜਾਂਦੇ ਹਨ ਜੋ ਖੇਤ ਦੇ ਆਕਾਰ 'ਤੇ ਨਿਰਭਰ ਕਰਦਾ ਹੈ। ਇਹ ਵਕਫਾ ਜਿੰਨਾ ਜ਼ਿਆਦਾ ਹੋਵੇਗਾ, ਧਰਤੀ ਉਨੀ ਉਪਜਾਊ ਹੁੰਦੀ ਹੈ ਅਤੇ ਫ਼ਸਲਾਂ ਵੀ ਜ਼ਿਆਦਾ ਹੁੰਦੀਆਂ ਹਨ।

## ਰਾਜ ਦੀ ਆਰਥਿਕਤਾ

ਨਾਗਾਲੈਂਡ ਦੀ ਆਰਥਿਕਤਾ ਮੁੱਖ ਤੌਰ ਤੇ ਖੇਤੀ ਆਧਾਰਿਤ ਹੈ। ਆਰਥਿਕਤਾ ਦਾ ਕਮਾਲ ਦਾ ਪਹਿਲੂ ਹੈ ਕਿ ਨਾ ਤਾਂ ਕੋਈ ਵੱਡਾ ਜ਼ਮੀਂਦਾਰ ਹੈ ਅਤੇ ਨਾ ਹੀ ਕੋਈ ਭੂਮੀਹੀਣ ਕਿਸਾਨ। ਪਿੰਡਾਂ ਦਾ ਭਾਈਚਾਰਾ ਇੰਨਾ ਸੰਗਠਿਤ ਹੈ ਕਿ ਸਭ ਮੈਂਬਰਾਂ ਨੂੰ ਮੁਢਲੀਆਂ ਲੋੜਾਂ ਦੀਆਂ ਵਸਤਾਂ ਜਿਵੇਂ ਖਾਣਾ, ਕੱਪੜਾ ਅਤੇ ਰਹਿਣ ਲਈ ਸਥਾਨ ਮੁਹੱਈਆ ਕਰਵਾਏ ਜਾਂਦੇ ਹਨ। ਸਾਰੀ ਵਸੋਂ ਉਸਾਰੂ ਸਰਗਰਮੀਆਂ ਵਿਚ ਰੁਜ਼ਗਾਰ ਪ੍ਰਾਪਤ ਕਰਦੀ ਹੈ ਅਤੇ ਕੋਈ ਵਾਧੂ ਕਿਰਤ ਨਹੀਂ ਹੁੰਦੀ। ਸਮੁਦਾਇਕ ਮਜ਼ਦੂਰੀ ਮੁਹੱਈਆ ਕਰਵਾਉਣ ਦੀ ਪ੍ਰਣਾਲੀ ਹੈ ਜਿਸ ਤਹਿਤ ਪਿੰਡ ਦੇ ਮਰਦ ਅਤੇ ਔਰਤਾਂ ਨੂੰ ਕੰਮ ਲਈ ਭੇਜਿਆ ਜਾਂਦਾ ਹੈ। ਸਮੂਹ ਦਾ ਹਰ ਮੈਂਬਰ ਵਾਰੀ ਸਿਰ ਮਜ਼ਦੂਰੀ ਦਾ ਮਿਹਨਤਾਨਾ ਪ੍ਰਾਪਤ ਕਰਦਾ ਹੈ।

ਨਾਗਾਲੈਂਡ ਵਰਗੇ ਆਦਿਵਾਸੀ ਖੇਤਰਾਂ ਵਿਚ ਆਰਥਿਕ ਵਿਕਾਸ ਦੇ ਰਾਹ ਵਿਚ ਪਰਾ-ਭੌਤਿਕ ਅਤੇ ਸਮਾਜਿਕ-ਆਰਥਿਕ ਹਾਲਾਤ ਅੜਿੱਕਾ ਬਣਦੇ ਹਨ। ਪਰਾ-ਭੌਤਿਕ ਹਾਲਤਾਂ ਵਿਚ ਪਹਾੜੀ ਧਰਾਤਲ, ਸੰਘਣੇ ਜੰਗਲ ਅਤੇ ਆਵਾਜਾਈ ਦੇ ਕਠਿਨ ਸਾਧਨ ਸ਼ਾਮਿਲ ਹਨ। ਸਮਾਜਿਕ ਰੁਕਾਵਟਾਂ ਵਿਚ ਅਜੋਕੀ ਜਾਣਕਾਰੀ ਦੀ ਕਮੀ ਅਤੇ ਉਤਪਾਦਨ ਦੇ ਪੁਰਾਣੇ ਤਰੀਕੇ ਸ਼ਾਮਿਲ ਹਨ। ਆਰਥਿਕ ਮੁਸ਼ਕਿਲਾਂ ਵਿਚ ਸਰਮਾਏ ਦੀ ਘਾਟ, ਬਾਜ਼ਾਰ ਦੀ ਅਣਹੋਂਦ ਅਤੇ ਅਜਿਹੇ ਹੋਰ ਪਹਿਲੂ ਸ਼ਾਮਿਲ ਹਨ।

ਸੜਕਾਂ ਦੀ ਕੁੱਲ ਲੰਬਾਈ 9,315 ਕਿਲੋਮੀਟਰ ਹੈ। ਦੀਮਾਪੁਰ ਰੇਲ ਅਤੇ ਹਵਾਈ ਸੇਵਾਵਾਂ ਨਾਲ ਜੁੜਿਆ ਹੋਇਆ ਹੈ। ਰਾਜ ਦਾ ਜੰਗਲੀ ਖੇਤਰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ : ਰਾਖਵਾਂ, ਸੁਰੱਖਿਅਤ ਅਤੇ ਨਿੱਜੀ ਜੰਗਲ। ਜੰਗਲ ਦਾ ਖੇਤਰ ਕੁੱਲ ਰਕਬੇ ਦਾ 33 ਪ੍ਰਤਿਸ਼ਤ ਹੈ। ਖਣਿਜ ਪਦਾਰਥਾਂ ਬਾਰੇ ਕਰਵਾਇਆ ਵੱਡਾ ਅਤੇ ਘਣਾ ਸਰਵੇ ਇਹ ਦਰਸਾਉਂਦਾ ਹੈ ਕਿ ਰਾਜ ਵਿਚ ਖਣਿਜ ਪਦਾਰਥਾਂ ਦੀ ਬਹੁਤਾਤ ਹੈ। ਮਹੱਤਵਪੂਰਨ ਖਣਿਜ ਪਦਾਰਥਾਂ ਵਿਚ ਚੰਗੀ ਕਿਸਮ ਦਾ ਚੂਨਾ ਪੱਥਰ, ਕੋਲਾ, ਤਾਂਬਾ, ਕਰੋਨੀਅਮ, ਸਲੇਟ, ਤੇਲ ਅਤੇ ਕੁਦਰਤੀ ਗੈਸ ਸ਼ਾਮਿਲ ਹਨ।

## ਖੇਤੀਬਾੜੀ ਵਪਾਰ ਅਤੇ ਆਰਥਿਕਤਾ

ਨਾਗਾਲੈਂਡ ਦੀ ਆਰਥਿਕਤਾ ਵੀ ਜੰਗਲਾਤ, ਘਰੇਲੂ ਉਦਯੋਗ ਅਤੇ ਸੈਰਸਪਾਟੇ 'ਤੇ ਆਧਾਰਿਤ ਹੈ। 2009 ਵਿਚ ਰਾਜ ਦਾ ਕੁੱਲ ਘਰੇਲੂ ਉਤਪਾਦ 9,288 ਕਰੋੜ ਰੁਪਏ ਸੀ। ਆਰਥਿਕਤਾ ਦਾ ਬੇਮਿਸਾਲ ਪਹਿਲੂ ਇਹ ਹੈ ਕਿ ਰਾਜ ਵਿਚ ਕੋਈ ਵੀ ਬੇਜ਼ਮੀਨਾ ਕਿਸਾਨ ਨਹੀਂ। ਨਾਗਾਲੈਂਡ ਵਿਚ ਵੱਖ-ਵੱਖ ਫ਼ਸਲਾਂ ਬੀਜੀਆਂ ਜਾਂਦੀਆਂ ਹਨ, ਜਿਵੇਂ ਮੱਕੀ, ਦਾਲਾਂ, ਤੇਲ ਬੀਜ, ਗੰਨਾ, ਕੋਲੇਕੇਸ਼ੀਆ, ਤੰਬਾਕੂ, ਜੌਂ ਅਤੇ ਚੌਲ ਸ਼ਾਮਿਲ ਹਨ। ਘਰੇਲੂ ਉਤਪਾਦਨ ਪੂਰਾ ਨਾ ਹੋਣ ਕਰਕੇ ਰਾਜ ਨੂੰ ਦੂਸਰੇ ਰਾਜਾਂ ਤੋਂ ਖਾਣ ਪੀਣ ਦਾ ਸਾਮਾਨ ਆਯਾਤ ਕਰਨਾ ਪੈਂਦਾ ਹੈ। ਇਸ ਦਾ ਮੁੱਖ ਕਾਰਨ ਹੈ ਕਿ ਜ਼ਿਆਦਾਤਰ ਲੋਕ ਖੇਤੀ ਲਈ ਝੂਮ ਤਰੀਕਾ ਅਪਣਾਉਂਦੇ ਹਨ ਜੋ ਗ਼ੈਰ ਵਾਜਿਬ ਤਾਂ ਹੈ ਹੀ, ਧਰਾਤਲ ਦੀ ਕਟਾਈ ਅਤੇ ਪਾਣੀ ਦੇ ਨਿਕਾਸ ਕਰਕੇ ਜ਼ਮੀਨ ਦਾ ਉਪਜਾਊਪਨ ਵੀ ਆਉਂਦਾ ਹੈ। ਇਸ ਨੇ ਰਾਜ ਦੇ ਆਰਥਿਕ ਵਿਕਾਸ ਵਿਚ ਰੁਕਾਵਟ ਪਾਈ ਹੈ। ਆਰਥਿਕਤਾ ਜੰਗਲਾਂ 'ਤੇ ਵੀ ਨਿਰਭਰ ਹੈ ਕਿਉਂਕਿ ਰਾਜ ਦਾ 33 ਪ੍ਰਤਿਸ਼ਤ ਹਿੱਸਾ ਜੰਗਲਾਂ ਨਾਲ ਢਕਿਆ ਹੋਇਆ ਹੈ। ਵੱਖ-ਵੱਖ ਜੰਗਲੀ ਉਤਪਾਦਨ ਖੇਤਰੀ ਅਤੇ ਅੰਤਰਰਾਸ਼ਟਰੀ ਬਾਜ਼ਾਰ ਵਿਚ ਵੇਚਣ ਨਾਲ ਰਾਜ ਨੂੰ ਆਮਦਨੀ ਹੁੰਦੀ ਹੈ। ਨਾਗਾਲੈਂਡ ਦੀ ਆਰਥਿਕਤਾ ਨੂੰ ਘਰੇਲੂ ਉਦਯੋਗਾਂ ਤੋਂ ਵੀ ਹੁਲਾਰਾ ਮਿਲਦਾ ਹੈ। ਘਰੇਲੂ ਉਦਯੋਗਾਂ ਵਲੋਂ ਮਿੱਟੀ ਦੇ ਬਰਤਨ, ਹੱਥ-ਖੱਡੀ ਦੇ ਉਤਪਾਦ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਬਾਜ਼ਾਰ ਵਿਚ ਵੇਚੇ ਜਾਂਦੇ ਹਨ।

## ਨਾਗਾਲੈਂਡ ਵਿਚ ਬਾਗ਼ਬਾਨੀ ਫ਼ਸਲਾਂ

ਪਿਛਲੇ ਸਮੇਂ ਤਕ ਬਾਗ਼ਬਾਨੀ ਕਿਸਾਨਾਂ ਲਈ ਘਰਾਂ ਦੇ ਪਿਛਵਾੜੇ ਵਿਚ ਕੀਤਾ ਜਾਣ ਵਾਲਾ ਕੰਮ ਸੀ ਕਿਉਂਕਿ ਉਹ ਸਾਰਾ ਸਾਲ ਖਾਧ-ਪਦਾਰਥਾਂ ਵਾਲੀਆਂ ਫ਼ਸਲਾਂ ਉੱਗਾਉਣ ਵਿਚ ਹੀ ਰੁੱਝੇ ਰਹਿੰਦੇ ਸਨ ਅਤੇ ਵਪਾਰਕ ਪੱਧਰ 'ਤੇ ਬਾਗ਼ਬਾਨੀ ਦੀਆਂ ਫ਼ਸਲਾਂ ਦੇ ਵਿਕਾਸ ਲਈ ਉਨ੍ਹਾਂ ਕੋਲ ਸਮਾਂ ਨਹੀਂ ਸੀ। ਦੂਜਾ, ਬਾਗ਼ਬਾਨੀ ਫ਼ਸਲਾਂ ਬੀਜਣ ਅਤੇ ਪੱਕਣ ਵਿਚਾਲੇ ਲੰਮੇ ਸਮੇਂ ਕਾਰਨ ਇਹ ਫ਼ਸਲਾਂ ਘਰਾਂ ਦੇ ਪਿੱਛੇ ਬਣਾਏ ਗਏ ਬਗੀਚੇ ਤਕ ਹੀ ਸੀਮਤ ਰਹਿ ਗਈਆਂ। ਪਿਛਲੇ ਦਹਾਕੇ ਤੋਂ ਰਾਜ ਵਿਚ ਬਾਗ਼ਬਾਨੀ ਦੇ ਵਿਕਾਸ ਵੱਲ ਉਚੇਚਾ ਧਿਆਨ ਦਿਤਾ ਗਿਆ ਹੈ। ਰਾਜ ਦੀ ਪੇਂਡੂ ਅਰਥਵਿਵਸਥਾ ਵਿਚ ਦਰੱਖ਼ਤ ਲਗਾਉਣਾ ਅਤੇ ਬਾਗ਼ਬਾਨੀ ਖੇਤਰ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਖੇਤੀ ਲਈ ਵਿਭਿੰਨ ਮੌਸਮੀ ਹਾਲਾਤ, ਵੱਖ-ਵੱਖ ਕਿਸਮ ਦੀ ਮਿੱਟੀ ਅਤੇ ਰਾਜ ਵਿਚ ਬਾਰਸ਼ ਦੀ ਬਹੁਤਾਤ ਵੱਖ-ਵੱਖ ਕਿਸਮਾਂ ਦੀਆਂ ਫ਼ਸਲਾਂ ਜਿਵੇਂ ਫਲ, ਸਬਜ਼ੀਆਂ, ਮਸਾਲੇ, ਫੁੱਲ, ਖੁੰਬਾਂ, ਦਵਾਈਆਂ ਅਤੇ ਸੁੰਗੰਧੀ ਆਦਿ ਫ਼ਸਲਾਂ ਦੀ ਬਿਜਾਈ ਕੀਤੀ ਜਾਂਦੀ ਹੈ। ਭੂਗੋਲਿਕ ਹਾਲਾਤ ਰਾਜ ਵਿਚ ਬਾਗ਼ਬਾਨੀ ਦੇ ਵਿਕਾਸ ਲਈ ਜ਼ਬਰਦਸਤ ਸੰਭਾਵਨਾਵਾਂ ਹਨ।

## ਬਾਗ਼ਬਾਨੀ ਫ਼ਸਲਾਂ ਹੇਠ ਖੇਤਰ

ਬਾਗ਼ਬਾਨੀ ਹੇਠ ਕੁੱਲ ਰਕਬਾ 36,177 ਹੈਕਟੇਅਰ ਹੈ ਜਿਹੜਾ ਫ਼ਸਲਾਂ ਹੇਠਲੇ ਕੁੱਲ ਖੇਤਰ (3 ਲੱਖ 63 ਹਜ਼ਾਰ ਹੈਕਟੇਅਰ) ਦਾ 9.95 ਪ੍ਰਤਿਸ਼ਤ ਹੈ। ਰਾਜ ਵਿਚ 1 ਲੱਖ 57 ਹਜ਼ਾਰ ਟਨ ਫਲ, 1 ਲੱਖ 40 ਹਜ਼ਾਰ ਟਨ ਸਬਜ਼ੀਆਂ ਅਤੇ 0.08 ਲੱਖ ਮੀਟਰਿਕ ਟਨ ਬਾਕੀ ਫ਼ਸਲਾਂ ਦਾ ਉਤਪਾਦਨ ਹੁੰਦਾ ਹੈ। ਰਾਜ ਵਿਚ ਲਗਭਗ 58,370 ਹੈਕਟੇਅਰ ਵਾਧੂ ਜਾਂ ਬਰਾਨੀ ਅਤੇ 1,57,210 ਹੈਕਟੇਅਰ ਖਾਲੀ ਜ਼ਮੀਨ ਪਈ ਹੈ ਜਿਸ ਵਿਚੋਂ 29000 ਹੈਕਟੇਅਰ ਜ਼ਮੀਨ ਨੂੰ ਬਾਗ਼ਬਾਨੀ ਫ਼ਸਲਾਂ ਲਈ ਵਰਤਿਆ ਜਾ ਸਕਦਾ ਹੈ। ਇਸ ਦੇ ਨਾਲ ਹੀ, ਧਰਤੀ ਉੱਪਰ ਮੌਜੂਦ ਪਾਣੀ ਦੀ ਸੁਚੱਜੀ ਵਰਤੋਂ ਕਰਕੇ 10 ਪ੍ਰਤਿਸ਼ਤ ਵਾਧੂ ਖੇਤਰ ਸਿੰਜਾਈ ਅਧੀਨ ਲਿਆਂਦਾ ਜਾ ਸਕਦਾ ਹੈ ਜਿਸ ਦੀ ਵਰਤੋਂ ਉੱਚ ਕੀਮਤ ਵਾਲੀਆਂ ਬਾਗ਼ਬਾਨੀ ਫ਼ਸਲਾਂ ਅਤੇ ਸਬਜ਼ੀਆਂ ਉੱਗਾਉਣ ਲਈ ਕੀਤੀ ਜਾ ਸਕਦੀ ਹੈ।

ਉੱਚਾਈ ਦੇ ਲਿਹਾਜ਼ ਨਾਲ ਉਪ-ਊਸ਼ਣਕਟੀਬੰਧੀ ਫਲ ਜਿਵੇਂ ਅਨਾਨਾਸ, ਕੇਲਾ, ਨਿੰਬੂ, ਅਮਰੂਦ ਅਤੇ ਟੈਂਪਰੇਟ ਫਲ ਜਿਵੇਂ ਆੜੂ, ਨਾਸ਼ਪਾਤੀ, ਪੈਸ਼ਨ ਫਰੂਟ ਅਤੇ ਵੱਖ-ਵੱਖ ਤਰ੍ਹਾਂ ਦੀ ਸੁਪਾਰੀ ਆਦਿ ਦੀ ਖੇਤੀ ਦੀਆਂ ਵਿਸ਼ਾਲ ਸੰਭਾਵਨਾਵਾਂ ਹਨ। ਉੱਗਾਈਆਂ ਜਾਣ ਵਾਲੀਆਂ ਮਹੱਤਵਪੂਰਨ ਸਬਜ਼ੀਆਂ ਵਿਚ ਆਲੂ, ਸ਼ਕਰਕੰਦੀ, ਪਾਨ, ਬੰਦ ਗੋਭੀ, ਫੁੱਲ ਗੋਭੀ, ਮਟਰ, ਖੀਰਾ ਆਦਿ ਉੱਗਾਏ ਜਾਂਦੇ ਹਨ ਜਦ ਕਿ ਮਸਾਲਿਆਂ ਵਾਲੀਆਂ ਫ਼ਸਲਾਂ ਵਿਚ ਅਦਰਕ, ਮਿਰਚਾਂ, ਇਲਾਇਚੀ ਅਤੇ ਕਾਲੀ

ਮਿਰਚ ਪ੍ਰਮੁੱਖ ਹਨ। ਦਰੱਖ਼ਤ ਲਾਉਣ ਵਾਲੀਆਂ ਫ਼ਸਲਾਂ ਵਿਚ ਸੁਪਾਰੀ, ਨਾਰੀਅਲ, ਚਾਹ ਅਤੇ ਰਬੜ ਵਪਾਰਕ ਪੱਧਰ 'ਤੇ ਵਧੀਆ ਸੰਭਾਵਨਾਵਾਂ ਦਿੰਦੇ ਹਨ। ਫਲਾਂ ਵਾਲੀਆਂ ਫ਼ਸਲਾਂ ਵਿਚ ਅਨਾਨਾਸ, ਸੰਤਰਾ ਅਤੇ ਪੈਸ਼ਨ ਫਰੂਟ ਦਾ ਪਹਿਲਾਂ ਹੀ ਵਪਾਰਕ ਪੱਧਰ 'ਤੇ ਉਤਪਾਦਨ ਹੋ ਰਿਹਾ ਹੈ। ਮੌਸਮ ਦੀ ਅਨੁਕੂਲਤਾ, ਭੂਗੋਲਿਕ ਸਥਿਤੀ ਅਤੇ ਬਾਜ਼ਾਰ ਦੀਆਂ ਸੰਭਾਵਨਾਵਾਂ ਦੇ ਆਧਾਰ 'ਤੇ ਬਾਗ਼ਬਾਨੀ ਵਿਭਾਗ ਨੇ ਨਾਗਾਲੈਂਡ ਵਿਚ ਹੇਠ ਲਿਖੀਆਂ ਫ਼ਸਲਾਂ ਦੇ ਵਪਾਰਕ ਵਿਕਾਸ ਲਈ ਪਛਾਣ ਕੀਤੀ ਹੈ।

## ਨਾਗਾਲੈਂਡ ਵਿਚ ਸੰਭਾਵਤ ਫ਼ਸਲਾਂ

- **ਫਲ** : ਪੈਸ਼ਨ ਫਰੂਟ, ਸੰਤਰਾ, ਅਨਾਨਾਸ ਅਤੇ ਕੇਲਾ।
- **ਸਬਜ਼ੀਆਂ** : ਘੀਆ, ਸ਼ਰਬਤ, ਕੱਦੂ, ਬੰਦ ਗੋਭੀ, ਆਲੂ, ਫਲੀਆਂ ਅਤੇ ਪਿਆਜ਼।
- **ਫੁੱਲ** : ਗਲੈਡੀਓਲਿਸ, ਗੁਲਾਬ, ਲਿੱਲੀ, ਆਰਚਿਡ, ਅਤੇ ਐਨਥੂਰੀਅਮ।
- **ਮਸਾਲੇ** : ਅਦਰਕ, ਇਲਾਇਚੀ, ਹਲਦੀ ਅਤੇ ਕਾਲੀ ਮਿਰਚ।
- **ਦਵਾਈ ਅਤੇ ਸੁਗੰਧ** : ਸੁਗੰਧਰਾ, ਨਿੰਮ, ਅਗਰ ਅਤੇ ਜਿਨਸੇਂਗ।
- **ਪਨੀਰੀ-ਫ਼ਸਲਾਂ** : ਸੁਪਾਰੀ, ਅਨਾਨਾਸ, ਚਾਹ ਅਤੇ ਕਾਜੂ।

## ਬਾਗ਼ਬਾਨੀ ਦੇ ਸੰਭਾਵਤ ਪ੍ਰੋਗਰਾਮ

- **ਫਲਾਂ ਦੀ ਖੇਤੀ** : ਫਲਾਂ, ਜਿਵੇਂ ਅਨਾਨਾਸ, ਸੰਤਰਾ, ਪੈਸ਼ਨ ਫਰੂਟ, ਕਿਵੀ ਫਰੂਟ ਅਤੇ ਕੇਲੇ ਦੇ ਵਪਾਰਕ ਪੱਧਰ 'ਤੇ ਖੇਤੀ ਕਰਨ ਨਾਲ ਰਾਜ ਦੀ ਆਰਥਿਕਤਾ ਵਿਚ ਕਾਫ਼ੀ ਸੁਧਾਰ ਹੋ ਸਕਦਾ ਹੈ।

***ਮਸਾਲਿਆਂ ਦਾ ਵਿਕਾਸ*** : ਮਸਾਲਿਆਂ ਵਿਚ ਅਦਰਕ, ਲਸਣ, ਕਾਲੀ ਮਿਰਚ, ਇਲਾਇਚੀ ਅਤੇ ਮਿਰਚਾਂ ਵਿਕਾਸ ਦੀਆਂ ਮੁੱਖ ਫ਼ਸਲਾਂ ਹਨ। ਇਨ੍ਹਾਂ ਫ਼ਸਲਾਂ ਦੇ ਵਿਕਾਸ ਲਈ ਖੇਤੀ ਅਧਾਰਿਤ ਮੌਸਮ ਬਹੁਤ ਅਨੁਕੂਲ ਹੈ। ਸਰਵੇ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਕਿਸਾਨ ਵਪਾਰਕ ਮੁੱਲ ਅਤੇ ਪੱਕਾ ਬਾਜ਼ਾਰ ਦੀ ਹੋਂਦ ਕਾਰਨ ਅਦਰਕ ਅਤੇ ਮਿਰਚਾਂ ਦਾ ਕਾਫ਼ੀ ਵੱਡੇ ਪੱਧਰ 'ਤੇ ਉਤਪਾਦਨ ਕਰ ਰਹੇ ਹਨ।

- ***ਚਾਹ ਦੀ ਖੇਤੀ*** : ਰਾਜ ਵਿਚ ਉੱਚ ਕਿਸਮ ਦੀ ਚਾਹ, ਵੱਖ-ਵੱਖ ਉੱਚਾਈ ਵਾਲੇ ਇਲਾਕਿਆਂ ਵਿਚ ਉੱਗਾਉਣ ਦੀ ਸਮਰਥਾ ਹੈ। ਇਹ ਸਮਰਥਾ ਵਪਾਰਕ ਪੱਧਰ 'ਤੇ ਪਹਾੜੀ ਅਤੇ ਪਹਾੜਾਂ ਦੇ ਅਸਮ ਰਾਜ ਨਾਲ ਲਗਦੇ ਹੇਠਲੇ ਖੇਤਰਾਂ ਵਿਚ ਹੈ। ਟੁਕੜਿਆਂ ਵਿਚ ਜ਼ਮੀਨ ਹੋਣ ਕਰਕੇ ਨਾਗਾਲੈਂਡ ਵਿਚ ਚਾਹ ਉਤਪਾਦਨ ਛੋਟੇ ਕਿਸਾਨਾਂ ਦਾ ਕੰਮ ਮੰਨਿਆ ਜਾਂਦਾ ਹੈ। ਚਾਹ ਉਤਪਾਦਨ ਸਮੁਦਾਇਕ ਪੱਧਰ 'ਤੇ ਪਿੰਡਾਂ ਦੇ ਸਮੂਹ ਬਣਾ ਕੇ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਮਜ਼ਦੂਰਾਂ ਦੀ ਕਮੀ ਦੀ ਸਮੱਸਿਆ ਵੀ ਹੱਲ ਹੋ ਜਾਏਗੀ ਅਤੇ ਉਦਯੋਗ ਸਥਾਪਤ ਕਰਕੇ ਹਰੇ ਪੱਤਿਆਂ ਦੀ ਪ੍ਰਕਿਰਿਆ ਕੀਤੀ ਜਾ ਸਕਦੀ ਹੈ। ਨਾਲ ਹੀ ਸਹਾਇਕ ਸਹੂਲਤਾਂ ਵੀ ਸਹਿਕਾਰਤਾ ਪੱਧਰ 'ਤੇ ਸਥਾਪਤ ਕੀਤੀਆਂ ਜਾ ਸਕਦੀਆਂ ਹਨ। ਜਦੋਂ ਤਕ ਪੂਰੀ ਫੈਕਟਰੀ ਜੋਗਾ ਉਤਪਾਦਨ ਨਹੀਂ ਹੋ ਜਾਂਦਾ, ਉਤਪਾਦਕਾਂ ਨੂੰ ਆਪਣੀ ਫ਼ਸਲ ਅਸਮ ਦੇ ਨੇੜਲੇ ਚਾਹ ਬਾਗਾਨਾਂ ਨੂੰ ਵੇਚ ਦੇਣੀ ਚਾਹੀਦੀ ਹੈ। ਫ਼ਸਲ ਦੀ ਪ੍ਰਾਸੈਸਿੰਗ ਸਹੂਲਤਾਂ ਦੀ ਘਾਟ, ਮਜ਼ਦੂਰਾਂ ਦਾ ਉੱਚਾ ਮਿਹਨਤਾਨਾ, ਕੁਸ਼ਲ ਕਾਰੀਗਰਾਂ ਦੀ ਅਣਹੋਂਦ ਅਤੇ ਜ਼ਮੀਨ ਦੀ ਮਾਲਕੀ ਦੀ ਮੌਜੂਦਾ ਪ੍ਰਣਾਲੀ ਰੁਕਾਵਟਾਂ ਖੜ੍ਹੀਆਂ ਕਰਦੀਆਂ ਹਨ। ਰਾਜ ਵਿਚ ਛੋਟੇ ਚਾਹ ਉਤਪਾਦਕਾਂ ਦੀ ਸੰਖਿਆ ਵਧ ਰਹੀ ਹੈ ਅਤੇ ਜ਼ਿਆਦਾ ਕਿਸਾਨ ਚਾਹ ਦੇ ਬਾਗ਼ ਵਿਕਸਤ ਕਰ ਰਹੇ ਹਨ। ਦੂਜੇ ਜ਼ਿਲ੍ਹੇ, ਜਿੱਥੇ ਚਾਹ ਦੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ, ਉਹ ਹਨ ਵੋਖਾ ਅਤੇ ਮੋਨ।

- ***ਰਬੜ ਦੀ ਕਾਸ਼ਤ*** : ਰਬੜ ਵਰਖਾ ਨਾਲ ਪਲਣ ਵਾਲੀ ਫ਼ਸਲ ਹੈ ਜਿਹੜੀ ਖੇਤੀ ਪ੍ਰਬੰਧਨ ਤਰੀਕਿਆਂ ਨਾਲ ਕਮਜ਼ੋਰ ਮਿੱਟੀ ਵਿਚ ਵੀ ਹੋ ਸਕਦੀ ਹੈ। ਰਬੜ ਦੀ ਕਾਸ਼ਤ ਪਹਾੜੀਆਂ ਦੇ ਹੇਠਲੀ ਜ਼ਮੀਨ, ਜਿਹੜੀ ਦਰੱਖ਼ਤ ਨਾ ਹੋਣ ਅਤੇ ਵਾਧੂ ਝੂਮ ਦੀ ਖੇਤੀ ਕਰਕੇ ਬਰਾਨੀ ਪਈ ਹੁੰਦੀ ਹੈ, ਵਿਚ ਕੀਤੀ ਜਾ ਸਕਦੀ ਹੈ ਜਿਸ ਨੂੰ ਆਰਥਿਕ ਸਰਗਰਮੀਆਂ ਲਈ ਖਾਲੀ ਛੱਡ ਦਿਤਾ ਜਾਂਦਾ ਹੈ। ਇਕ ਸੰਗਠਿਤ ਖੇਤਰ ਵਿਚ ਸਮੂਹਿਕ ਰੂਪ ਵਿਚ ਰਬੜ ਦੀ ਕਾਸ਼ਤ ਦੇ ਵਿਕਾਸ ਲਈ ਯਤਨ ਕੀਤੇ ਜਾ ਸਕਦੇ ਹਨ।

- ***ਖੁੰਬਾਂ ਦੀ ਖੇਤੀ*** : ਅਨੁਕੂਲ ਖੇਤੀ ਯੋਗ ਵਾਤਾਵਰਨ ਅਤੇ ਪੱਕੇ ਬਾਜ਼ਾਰ ਦੀ ਜ਼ਾਮਨੀ ਨਾਲ ਇਸ ਫ਼ਸਲ ਦੇ ਉਤਪਾਦਨ ਦੀਆਂ ਕਾਫ਼ੀ ਸੰਭਾਵਨਾਵਾਂ ਹਨ। ਖੁੰਬਾਂ ਦੀ ਪਨੀਰੀ ਵਿਭਾਗ ਵਲੋਂ ਬਹੁਤ ਘੱਟ ਕੀਮਤ 'ਤੇ ਦਿਲਚਸਪੀ ਰੱਖਣ ਵਾਲੇ ਉਤਪਾਦਕਾਂ ਨੂੰ ਮੁਹੱਈਆ ਕਰਵਾਈ ਜਾਂਦੀ ਹੈ।

- **ਪ੍ਰਕ੍ਰਿਆਕਰਨ ਅਤੇ ਗੁਣਵੱਤਾ ਵਿਚ ਵਾਧਾ** : ਭਾਵੇਂ ਕਿ ਅਨਾਨਾਸ, ਅਮਰੂਦ, ਸੰਤਰੇ, ਪੈਸ਼ਨ ਫਰੂਟ ਆਦਿ ਕਾਫ਼ੀ ਵੱਡੀ ਮਾਤਰਾ ਵਿਚ ਉੱਗਾਏ ਜਾਂਦੇ ਹਨ ਪਰ ਇਨ੍ਹਾਂ ਦੇ ਉਤਪਾਦਨ ਦਾ ਸਮਾਂ ਕਾਫ਼ੀ ਘੱਟ ਅਤੇ ਭੰਡਾਰ ਦੀ ਸਹੂਲਤ, ਆਵਾਜਾਈ ਅਤੇ ਸੰਚਾਰ ਦੇ ਨਾਕਾਫੀ ਸਾਧਨ, ਉਪਯੁਕਤ ਬਾਜ਼ਾਰੀਕਰਨ ਦੀ ਅਣਹੋਂਦ ਅਤੇ ਬੁਨਿਆਦੀ ਢਾਂਚੇ ਦੀ ਘਾਟ ਨੇ ਇਸ ਖੇਤਰ ਦੇ ਵਿਕਾਸ ਵਿਚ ਅੜਿੱਕਾ ਡਾਹਿਆ ਹੈ। ਇਨ੍ਹਾਂ ਕਾਰਨਾਂ ਕਰਕੇ ਸਥਾਨਕ ਪੱਧਰ 'ਤੇ ਫ਼ਸਲ ਜ਼ਿਆਦਾ ਇਕੱਠੀ ਹੋ ਜਾਂਦੀ ਹੈ, ਕੀਮਤਾਂ ਵਿਚ ਭਾਰੀ ਘਾਟਾ ਹੁੰਦਾ ਹੈ ਅਤੇ ਉਤਪਾਦਕਾਂ ਵਿਚ ਨਿਰਾਸ਼ਾ ਫ਼ੈਲਦੀ ਹੈ। ਸਭ ਤੋਂ ਵਧੀਆ ਵਿਕਲਪ ਪ੍ਰਾਸੈਸਿੰਗ ਅਤੇ ਕੀਮਤਾਂ ਵਿਚ ਵਾਧੇ ਵਾਲੇ ਉਤਪਾਦ ਜਿਵੇਂ ਜੂਸ, ਡੱਬੇ-ਬੰਦ ਜੂਸ, ਸੁੱਕੇ ਉਤਪਾਦ ਅਤੇ ਜੈਮ ਆਦਿ ਬਣਾਉਣ ਵਿਚ ਹਨ।

- ***ਦਵਾਈਆਂ 'ਤੇ ਸੁਗੰਧ ਵਾਲੇ ਬੂਟੇ*** : ਰਾਜ ਜੈਵਿਕ ਭਿੰਨਤਾ ਪੱਖੋਂ ਕਾਫ਼ੀ ਸਮਰਿਧ ਹੈ। ਇਸ ਖਿੱਤੇ ਦਾ ਇਕ ਆਪਣਾ ਵਿਲੱਖਣ ਮੌਸਮ, ਹਰੇ ਭਰੇ ਜੰਗਲਾਂ ਵਾਲੀਆਂ ਘਾਟੀਆਂ ਅਤੇ ਬਰਫ਼ ਦੀਆਂ ਪਰਤਾਂ ਦੇ ਨਾਲ ਤਰ੍ਹਾਂ-ਤਰ੍ਹਾਂ ਦੀਆਂ ਫੁੱਲ-ਪੱਤੀਆਂ ਅਤੇ ਬਨਸਪਤੀ ਜਲਵਾਗਾਰ ਹੈ। ਸਦਾ ਬਹਾਰ ਜੰਗਲ ਹਨ ਜਿਥੇ ਜੜੀਆਂ-ਬੂਟੀਆਂ ਅਤੇ ਝਾੜੀਆਂ ਵਿਚ ਦਵਾਈਆਂ ਜਾਂ ਤੇਲ ਵਾਲੇ ਗੁਣ ਹਨ ਜਿਨ੍ਹਾਂ ਦਾ ਠੀਕ ਉਪਯੋਗ ਨਹੀਂ ਹੋ ਰਿਹਾ।

- ***ਖਵੀ ਦੀ ਕਾਸ਼ਤ*** : ਖਵੀ ਔਸ਼ਧੀ ਅਤੇ ਸੁਗੰਧ ਵਾਲਾ ਇਕ ਮਹੱਤਵਪੂਰਨ ਪੌਦਾ ਹੈ। ਇਹ ਰਾਜ ਵਿਚ ਵਪਾਰਕ ਪੱਧਰ 'ਤੇ ਉਗਾਇਆ ਜਾਂਦਾ ਹੈ। ਜਾਵਾ ਖਵੀ ਦੇ ਤੇਲ ਦਾ ਸਭ ਤੋਂ ਉੱਤਮ ਸਰੋਤ ਹੈ। ਜੇਰੇਨੀਅਮ ਤੇਲ, ਖਵੀ ਦਾ ਤੇਲ, ਹਾਈਡਰੋਕਸਿਲ ਖਵੀ ਦੂਸਰੇ ਕੀਮਤੀ ਸੁਗੰਧ ਦੇਣ ਵਾਲੇ ਉਤਪਾਦ ਹਨ। ਇਹ ਤੇਲ ਸੁਗੰਧ ਵਾਲੇ ਸਾਬਣ, ਸਪਰੇਅ, ਡੀਓਡ੍ਰੈਂਟ, ਕੱਪੜੇ ਧੋਣ ਵਾਲੇ ਪਾਊਡਰ, ਪਾਲਿਸ਼ ਅਤੇ ਮੱਛਰ ਭਜਾਉਣ ਵਾਲੇ ਪਦਾਰਥਾਂ ਵਿਚ ਵਰਤੇ ਜਾਣ ਵਾਲੇ ਰਸਾਇਣਾਂ ਵਿਚ ਮੁਢਲੇ ਪਦਾਰਥ ਵਜੋਂ ਵਰਤੇ ਜਾਂਦੇ ਹਨ। ਇਸ ਤੇਲ ਦੀ ਦੇਸ਼ ਵਿਚ ਕਾਫ਼ੀ

ਮੰਗ ਹੈ। ਸੀ ਐਸ ਆਈ ਆਰ – ਐਨ ਈ ਆਈ ਐਸ ਟੀ (ਆਰ ਆਰ ਐਲ), ਜੋਰਹਟ, ਅਸਮ ਵਿਚ ਖਵੀ ਦੀ ਕਾਸ਼ਤ ਸ਼ੁਰੂ ਕਰਨ ਵਾਲੀ ਪਹਿਲੀ ਏਜੰਸੀ ਸੀ ਜਦੋਂ ਇਸ ਵਲੋਂ ਸੱਤਰਵਿਆਂ ਵਿਚ ਯਾਊਂਗੀਮਸੇਨ ਪਿੰਡ, ਜੋ ਮੋਕੋਕਚੁੰਗ ਜ਼ਿਲ੍ਹੇ ਵਿਚ ਪੈਂਦਾ ਹੈ, ਵਿਚ ਤਜਰਬੇ ਅਤੇ ਪ੍ਰਦਰਸ਼ਨੀ ਲਈ ਪਹਿਲੀ ਫੈਕਟਰੀ ਲਾਈ ਗਈ। ਕਿਸਾਨ ਇਸ ਨੂੰ ਬਦਲਵੀਂ ਖੇਤੀ ਨਾਲੋਂ ਜ਼ਿਆਦਾ ਕਮਾਈ ਵਾਲਾ ਸਾਧਨ ਮੰਨਦੇ ਹਨ। ਉਹ ਖਵੀ ਦੀ ਕਾਸ਼ਤ ਹੇਠ ਹੋਰ ਰਕਬਾ ਲਿਆ ਰਹੇ ਹਨ।

● ***ਲੈਮਨ ਘਾਹ ਦੀ ਖੇਤੀ :*** ਲੈਮਨ ਘਾਹ ਤੋਂ ਨਿਕਲਣ ਵਾਲਾ ਤੇਲ ਵਿਟਾਮਿਨ ਏ ਦਾ ਮੁੱਖ ਸਰੋਤ ਹੈ। ਇਹ ਤਕਨਾਲੋਜੀ ਆਰ ਆਰ ਐਲ ਵਲੋਂ 1980 ਵਿਚ ਕਿਸਾਨਾਂ ਵਾਸਤੇ ਜਾਰੀ ਕੀਤੀ ਗਈ ਅਤੇ ਥੋੜ੍ਹੇ ਹੀ ਸਮੇਂ ਵਿਚ ਕਾਫ਼ੀ ਕਿਸਾਨਾਂ ਵਲੋਂ ਇਸ ਘਾਹ ਦੀ ਕਾਸ਼ਤ ਸ਼ੁਰੂ ਕਰ ਦਿਤੀ ਗਈ। ਆਰ ਆਰ ਐਲ ਨੇ ਨਾਗਾਲੈਂਡ ਵਿਚ ਇਸ ਘਾਹ ਦੀਆਂ ਪ੍ਰਜਾਤੀਆਂ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਗਤੀਵਿਧੀਆਂ ਆਰੰਭੀਆਂ ਹਨ ਅਤੇ ਕਿਸਾਨਾਂ ਨੂੰ ਇਸ ਘਾਹ ਦੀ ਕਾਸ਼ਤ ਵਾਸਤੇ ਪ੍ਰੇਰਿਤ ਕੀਤਾ ਹੈ।

● ***ਪਚੌਲੀ ਦੀ ਕਾਸ਼ਤ :*** ਨਾਗਾਲੈਂਡ ਦੀਆਂ ਖੇਤੀ ਲਈ ਮੌਸਮ ਦੀਆਂ ਹਾਲਤਾਂ ਪਚੌਲੀ ਦੀ ਕਾਸ਼ਤ ਦੇ ਅਨੁਕੂਲ ਹਨ। ਪਚੌਲੀ ਦਾ ਤੇਲ ਉੱਚ ਮਿਆਰੀ ਸੁਗੰਧ ਉਤਪਾਦਾਂ ਲਈ ਵਰਤਿਆ ਜਾਂਦਾ ਹੈ। ਇਸ ਵਿਚ ਜੋੜਨ ਦੀ ਤਕੜੀ ਸਮਰਥਾ ਹੁੰਦੀ ਹੈ। ਜਿਸ ਨਾਲ ਪ੍ਰਫਿਊਮ ਦੀ ਦ੍ਰਿੜ੍ਹਤਾ ਵਧਦੀ ਹੈ। ਇਸ ਬੇਸ਼-ਕੀਮਤੀ ਪੌਦੇ ਦੀਆਂ ਪ੍ਰਜਾਤੀਆਂ ਨੂੰ ਰਾਜ ਵਿਚ ਬਦਲਵੀਂ ਵਪਾਰਕ ਫ਼ਸਲ ਵਜੋਂ ਉਭਾਰਿਆ ਗਿਆ ਹੈ। ਇਸ ਫ਼ਸਲ ਨੇ ਸਥਾਨਕ ਕਿਸਾਨਾਂ ਦੇ ਮਨਾਂ ਵਿਚ ਕਾਫ਼ੀ ਦਿਲਚਸਪੀ ਪੈਦਾ ਕੀਤੀ ਹੈ ਅਤੇ ਦੀਮਾਪੁਰ ਜ਼ਿਲ੍ਹੇ ਦੇ ਕਾਫ਼ੀ ਕਿਸਾਨਾਂ ਨੇ ਵਪਾਰਕ ਪੱਧਰ 'ਤੇ ਇਸ ਦੀ ਕਾਸ਼ਤ ਸ਼ੁਰੂ ਕੀਤੀ ਹੈ। ਕਾਫ਼ੀ ਥਾਵਾਂ 'ਤੇ ਵਪਾਰਕ ਸੋਧ ਪਲਾਂਟ ਵੀ ਹੋਂਦ ਵਿਚ ਆ ਰਹੇ ਹਨ।

● ***ਸੁੰਦਰਤਾ/ਫੁੱਲਾਂ ਵਾਲੇ ਪੌਦੇ :*** ਖੇਤੀ ਵਪਾਰ ਖੇਤਰ ਵਿਚ ਫੁੱਲਾਂ ਦੀ ਖੇਤੀ ਇਕ ਵੱਡੀ ਵਿਭਿੰਨਤਾ ਦੇ ਵਿਕਲਪ ਦੇ ਰੂਪ ਵਿਚ ਉੱਭਰ ਰਹੀ ਹੈ। ਫੁੱਲਾਂ ਦੀ ਖੇਤੀ ਵਿਚ ਸਮੂਹ ਅਨੁਸਾਰ ਤਾਜ਼ੇ ਫੁੱਲ, ਡੋਡੀਆਂ ਅਤੇ ਕੰਦ ਦਾ ਉਤਪਾਦਨ ਕੀਤਾ ਜਾਂਦਾ ਹੈ। ਗਮਲੇ ਵਿਚ ਲਗਾਏ ਪੌਦੇ, ਸੁੱਕੇ ਹੋਏ ਪੌਦੇ, ਸੁੱਕੇ ਫੁੱਲ ਆਦਿ ਦਾ ਵਪਾਰ ਵੀ ਕੀਤਾ ਜਾਂਦਾ ਹੈ। ਰਾਜ ਵਿਚ ਫੁੱਲਾਂ ਦੀ ਖੇਤੀ ਨਾਲ ਖੇਤੀਬਾੜੀ ਖੇਤਰ ਨੂੰ ਆਰਥਿਕ ਮਜ਼ਬੂਤੀ ਮਿਲਣ ਦੀਆਂ ਸੰਭਾਵਨਾਵਾਂ ਹਨ। ਰਾਜ ਦੇ ਬਾਗ਼ਬਾਨੀ ਵਿਭਾਗ ਵਲੋਂ ਨਿਰਯਾਤ ਨੂੰ ਧਿਆਨ ਵਿਚ ਰੱਖਦਿਆਂ ਕੁਝ ਫੁੱਲਾਂ ਦੇ ਵਪਾਰਕ ਉਤਪਾਦਨ ਦੀ ਪਛਾਣ ਕੀਤੀ ਗਈ ਹੈ। ਇਨ੍ਹਾਂ ਫੁੱਲਾਂ ਵਿਚ ਲਿਲੀ, ਐਨਥੁਰੀਆ, ਕਾਰਨੇਸ਼ਨ ਅਤੇ ਗੁਲਾਬ ਸ਼ਾਮਿਲ ਹਨ। ਗੁਲਾਬ ਅਤੇ ਲਿਲੀ ਦਾ ਵਪਾਰਕ ਉਤਪਾਦਨ ਸ਼ੁਰੂ ਹੋ ਚੁੱਕਾ ਹੈ ਅਤੇ ਇਹ ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਨੂੰ ਨਿਰਯਾਤ ਕੀਤੇ ਜਾ ਰਹੇ ਹਨ। ਬਾਗ਼ਬਾਨੀ, ਫ਼ਸਲਾਂ, ਬਿਜਾਈ ਵਾਲੀਆਂ ਫ਼ਸਲਾਂ, ਫੁੱਲ, ਔਸ਼ਧੀ ਅਤੇ ਸੁਗੰਧ ਵਾਲੇ ਪੌਦੇ, ਸੁੰਦਰਤਾ ਵਾਲੇ ਬੂਟਿਆਂ ਦੇ ਉਤਪਾਦਨ ਲਈ ਵਪਾਰਕ ਨਰਸਰੀਆਂ ਸਥਾਪਤ ਕਰਨ ਦੀਆਂ ਚੰਗੀਆਂ ਸੰਭਾਵਨਾਵਾਂ ਹਨ। ਰਾਜ ਵਿਚ ਬਾਗ਼ਬਾਨੀ ਦੇ ਵਿਕਾਸ ਵਿਚ ਵੱਡੀ ਰੁਕਾਵਟ ਚੰਗੀ ਕਿਸਮ ਦੇ ਪੌਦਿਆਂ, ਖ਼ਾਸ ਕਰਕੇ ਫਲ ਅਤੇ ਦਰੱਖ਼ਤ ਲਾਉਣ ਵਾਲੀਆਂ ਫ਼ਸਲਾਂ ਦਾ ਨਾ ਮਿਲਣਾ ਹੈ। ਵਪਾਰਕ ਨਰਸਰੀ ਇਕਾਈਆਂ ਕਿਫ਼ਾਇਤੀ ਅਤੇ ਵੱਡਾ ਮੁਨਾਫ਼ਾ ਦੇਣ ਵਾਲੀਆਂ ਹਨ ਅਤੇ ਨਿੱਜੀ ਉੱਦਮੀ ਰਾਜ ਵਿਚ ਅਜਿਹੀਆਂ ਇਕਾਈਆਂ ਨੂੰ ਉਤਸ਼ਾਹਿਤ ਕਰ ਸਕਦੇ ਹਨ।

ਫਲਾਂ, ਫੁੱਲਾਂ ਅਤੇ ਸਬਜ਼ੀਆਂ ਦੀ ਸੰਭਾਲ, ਗ੍ਰੇਡਿੰਗ, ਪੈਕਿੰਗ, ਭਿਜਵਾਉਣ ਅਤੇ ਵੇਚਣ ਲਈ ਉਤਪਾਦਕ ਕੰਪਨੀਆਂ ਅਤੇ ਕਿਸਾਨ ਸਭਾਵਾਂ ਬਣਾਉਣ ਵੱਲ ਸੋਚਣ ਦੀ ਲੋੜ ਹੈ। ਇਨ੍ਹਾਂ ਫ਼ਸਲਾਂ ਦੀ ਵਪਾਰਕ ਪੱਧਰ 'ਤੇ ਵੱਡੀ ਕਾਸ਼ਤ ਨਾਲ ਰਾਜ ਦੇ ਲੋਕਾਂ ਦੀ ਜ਼ਿੰਦਗੀ ਵਿਚ ਮਹੱਤਵਪੂਰਨ ਬਦਲਾਅ ਆਉਣਗੇ। ਪਿਛਲੇ ਕੁਝ ਸਾਲਾਂ ਤਕ ਨਾਗਾਲੈਂਡ ਫੁੱਲਾਂ ਦਾ ਆਯਾਤ ਕਰਦਾ ਸੀ ਪਰ ਰਾਜ ਹੁਣ ਮਾਣ ਨਾਲ ਕਹਿ ਸਕਦਾ ਹੈ ਕਿ ਵਧੀਆ ਕਿਸਮ ਦੇ ਘਰੇਲੂ ਉੱਗਾਏ ਫੁੱਲ ਰਾਜ ਤੋਂ ਬਾਹਰਲੇ ਬਾਜ਼ਾਰਾਂ ਵਿਚ ਆਪਣੀ ਥਾਂ ਬਣਾ ਰਹੇ ਹਨ।

ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਰਾਜ ਵਿਚ ਗੰਡੋਇਆ ਖਾਦ ਉਦਯੋਗ ਦੀਆਂ ਵਧੀਆ ਸੰਭਾਵਨਾਵਾਂ ਹਨ। ਨਾਗਾਲੈਂਡ ਨੂੰ ਫੁੱਲਾਂ, ਫਲਾਂ, ਸਬਜ਼ੀਆਂ ਅਤੇ ਵਰਮੀ ਕੰਪੋਸਟ ਦੇ ਅੰਦਰੂਨੀ ਅਤੇ ਬਾਹਰੀ ਬਾਜ਼ਾਰਾਂ ਦੇ ਉਤਪਾਦਕ ਵਜੋਂ ਪੇਸ਼ ਕਰਨ ਨਾਲ ਰਾਜ ਦੀ ਪੇਂਡੂ ਆਰਥਿਕਤਾ ਨੂੰ ਤਗੜਾ ਹੁਲਾਰਾ ਮਿਲ ਸਕਦਾ ਹੈ।

## ਜਲਵਾਯੂ ਪਰਿਵਰਤਨ ਕਾਰਜ ਯੋਜਨਾ

ਹਿਮਾਲਿਆ ਦੀਆਂ ਭੂਗੋਲਿਕ ਸਥਿਤੀਆਂ ਨੂੰ ਬਚਾਈ ਰੱਖਣ ਲਈ ਐਨ ਏ ਪੀ ਆਰ ਸੀ ਦੀ ਤਰਜ਼ 'ਤੇ ਜਲਵਾਯੂ ਪਰਿਵਰਤਨ ਸੰਬੰਧੀ ਰਾਜ ਕਾਰਜ ਯੋਜਨਾ ਬਣਾਉਣ ਦੀ ਲੋੜ ਹੈ। ਇਸ ਯੋਜਨਾ ਤਹਿਤ ਹੇਠ ਲਿਖੇ ਮੁੱਦਿਆਂ ਵੱਲ ਧਿਆਨ ਦਿਤਾ ਜਾ ਸਕਦਾ ਹੈ :

● ਜੈਵਿਕ ਵਿਭਿੰਨਤਾ ਅਤੇ ਜੰਗਲੀ ਜੀਵਨ ਦੀ ਸੰਭਾਲ ਅਤੇ ਸੁਰੱਖਿਆ।

● ਰਵਾਇਤੀ ਜਾਣਕਾਰੀ ਸਭਾਵਾਂ ਅਤੇ ਉਨ੍ਹਾਂ ਦੀ ਜੀਵਿਕਾ।

● ਹਿਮਾਲਿਆ ਦੀਆਂ ਭੂਗੋਲਿਕ ਸਥਿਤੀਆਂ ਦੀ ਸੰਭਾਲ।

● ਵਾਤਾਵਰਨ ਪੱਖੀ ਖੇਤੀ ਅਤੇ ਉਦਯੋਗ।

● ਧਰਤੀ ਅਤੇ ਮਿੱਟੀ ਦੀ ਸੰਭਾਲ

## ਵੱਖ-ਵੱਖ ਸਮਰਥਾਵਾਂ ਦੇ ਨਿਰਮਾਣ ਲਈ ਅਪਣਾਈਆਂ ਜਾ ਸਕਣ ਵਾਲੀਆਂ ਨੀਤੀਆਂ :

● ਲੋਕਾਂ ਦੀ ਜਾਣਕਾਰੀ ਸਮਰਥਾ ਦਾ ਵਿਕਾਸ।

● ਸੰਸਥਾਗਤ ਸਮਰਥਾ ਦਾ ਵਿਕਾਸ

● ਜਾਣਕਾਰੀ ਦੇਣ ਵਾਲੀਆਂ ਸੰਸਥਾਵਾਂ ਵਿਚਕਾਰ ਬੇਹਤਰ ਤਾਲਮੇਲ

● ਸਮਾਂਬਧ ਸੀਮਾ ਵਿਚ ਜਾਣਕਾਰੀ ਦੇ ਆਭਾਵ ਵਾਲੇ ਖੇਤਰਾਂ ਵਿਚ ਸੰਸਥਾਵਾਂ ਦਾ ਨਿਰਮਾਣ ਕਰਨਾ

● ਰਵਾਇਤੀ ਜਾਣਕਾਰੀ ਪ੍ਰਣਾਲੀ ਵਾਲੇ ਖੇਤਰਾਂ ਵਿਚ ਸੰਸਥਾਗਤ ਸਮਰਥਾ ਦਾ ਵਿਕਾਸ ਅਤੇ ਹਿਮਾਲਿਆਈ ਖੇਤੀ, ਕੁਦਰਤ ਭਾਵੀ ਸੈਰਸਪਾਟਾ ਅਤੇ ਜੈਵਿਕ ਵਿਭਿੰਨਤਾ ਨੂੰ ਉਤਸ਼ਾਹ।

● ਲਗਾਤਾਰ ਸਿੱਖਿਆ ਅਤੇ ਅਗਾਊਂ ਵਿਕਾਸ ਨੀਤੀਆਂ ਬਣਾਉਣ ਲਈ ਸਮਰਥਾ ਦਾ ਵਿਕਾਸ।

***(ਲੇਖਕ ਵਾਈਸ ਚਾਂਸਲਰ, ਨਾਗਾਲੈਂਡ ਯੂਨੀਵਰਸਿਟੀ (ਸੈਂਟਰਲ) ਹੈ।)***

***e-mail :vicechancellornu@yahoo.com***

# ਮੌਨਸੂਨ ਅਤੇ ਖੇਤੀਬਾੜੀ

✍ ਲਖਵੀਰ ਕੌਰ ਧਾਲੀਵਾਲ ਅਤੇ ਪਵਨੀਤ ਕੌਰ ਕਿੰਗਰਾ

ਮੌਨਸੂਨ ਵਰਖਾ ਭਾਰਤ ਦੀ ਆਰਥਿਕਤਾ ਨੂੰ ਸਿੱਧੇ ਤੌਰ ਤੇ ਪ੍ਰਭਾਵਿਤ ਕਰਦੀ ਹੈ। ਇਸ ਦਾ ਦੇਸ਼ ਦੇ ਖੇਤੀ ਉਤਪਾਦਨ ਵਿਚ ਅਹਿਮ ਸਥਾਨ ਹੈ। ਦੇਸ਼ ਦੇ 235 ਮਿਲੀਅਨ ਕਿਸਾਨਾਂ ਲਈ ਸਿੰਜਾਈ ਦਾ ਸਾਧਨ ਸਿਰਫ਼ ਮੌਨਸੂਨ ਵਰਖਾ ਹੈ। ਦੇਸ਼ ਦਾ ਖੇਤੀ ਉਤਪਾਦਨ ਅਤੇ ਅਰਥਵਿਵਸਥਾ ਬਹੁਤ ਹੱਦ ਤਕ ਮੌਨਸੂਨ ਵਰਖਾ 'ਤੇ ਨਿਰਭਰ ਕਰਦੀ ਹੈ। ਦੇਸ਼ ਦਾ 63 ਪ੍ਰਤਿਸ਼ਤ ਹਿੱਸਾ ਫ਼ਸਲਾਂ ਦੀ ਬਿਜਾਈ ਲਈ ਸਿਰਫ਼ ਵਰਖਾ 'ਤੇ ਨਿਰਭਰ ਹੈ ਕਿਉਂਕਿ ਉਥੇ ਸਿੰਜਾਈ ਦੇ ਹੋਰ ਸਾਧਨ ਉਪਲਬਧ ਨਹੀਂ ਹਨ। ਜੇ ਮੌਨਸੂਨ ਵਧੀਆ ਰਹੇ ਤਾਂ ਸਾਉਣੀ ਦੀਆਂ ਫ਼ਸਲਾਂ ਦਾ ਉਤਪਾਦਨ ਚੰਗਾ ਹੋ ਜਾਂਦਾ ਹੈ। ਆਮ ਕਰਕੇ 70-75 ਪ੍ਰਤਿਸ਼ਤ ਵਰਖਾ ਜੂਨ ਤੋਂ ਸਤੰਬਰ ਮਹੀਨਿਆਂ ਵਿਚ ਹੀ ਹੋ ਜਾਂਦੀ ਹੈ। ਬਦਲ ਰਹੇ ਮੌਸਮੀ ਹਾਲਾਤ ਵਿਚ ਮੌਨਸੂਨ ਬਾਰਿਸ਼ ਵਿਚ ਅਨਿਸ਼ਚਿਤਤਾ ਵਧ ਗਈ ਹੈ। ਕਈ ਵਾਰ ਤਾਂ ਮੌਨਸੂਨ ਦੀ ਬਾਰਿਸ਼ ਇਕ ਦਿਨ ਵਿਚ ਹੀ ਹੋ ਜਾਂਦੀ ਹੈ ਜਿਸ ਕਾਰਨ ਮੀਂਹ ਪੈਣ ਦੇ ਦਿਨ ਘਟ ਰਹੇ ਹਨ। ਇਸ ਤਰ੍ਹਾਂ ਬਾਰਿਸ਼ ਪੈਣ ਦਾ ਫ਼ਸਲਾਂ ਨੂੰ ਫ਼ਾਇਦਾ ਨਹੀਂ ਹੁੰਦਾ ਸਗੋਂ ਨੁਕਸਾਨ ਹੁੰਦਾ ਹੈ। ਮੌਨਸੂਨ ਵਰਖਾ ਦੀ ਵੰਡ ਦੇਸ਼ ਦੇ ਸਾਰੇ ਭਾਗਾਂ ਵਿਚ ਇਕੋ ਜਿਹੀ ਨਹੀਂ ਹੈ। ਬਹੁਤੀ ਵਾਰ ਦੇਸ਼ ਦੇ ਇਕ ਹਿੱਸੇ ਵਿਚ ਹੜ੍ਹ ਆ ਜਾਂਦੇ ਹਨ ਜਦ ਕਿ ਦੂਸਰੇ ਹਿੱਸੇ ਵਿਚ ਸੋਕਾ ਪੈ ਜਾਂਦਾ ਹੈ। ਦੇਸ਼ ਦੇ ਬਹੁਤੇ ਭਾਗਾਂ 'ਚ ਕਿਸਾਨ ਸਾਉਣੀ ਦੀਆਂ ਫ਼ਸਲਾਂ ਦੀ ਬਿਜਾਈ ਲਈ ਮੌਨਸੂਨ 'ਤੇ ਹੀ ਨਿਰਭਰ ਕਰਦੇ ਹਨ। ਜੇ ਮੌਨਸੂਨ ਪੌਣਾਂ ਸਮੇਂ ਸਿਰ ਆ ਜਾਣ ਤਾਂ ਸਾਉਣੀ ਦੀਆਂ ਫ਼ਸਲਾਂ ਦੀ ਬਿਜਾਈ ਸਮੇਂ ਸਿਰ ਹੋ ਜਾਂਦੀ ਹੈ।

ਬਾਰਿਸ਼ ਦੀ ਮਾਤਰਾ ਅਤੇ ਵੰਡ ਫ਼ਸਲਾਂ ਦੇ ਵਾਧੇ, ਵਿਕਾਸ ਅਤੇ ਉਤਪਾਦਨ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਜੇ ਬਾਰਿਸ਼ ਫ਼ਸਲਾਂ ਦੀ ਲੋੜ ਮੁਤਾਬਿਕ ਸਹੀ ਮਾਤਰਾ ਵਿਚ ਅਤੇ ਸਹੀ ਸਮੇਂ ਸਿਰ ਹੁੰਦੀ ਰਹੇ ਤਾਂ ਫ਼ਸਲ ਉਤਪਾਦਨ ਵਧ ਜਾਂਦਾ ਹੈ। ਪਰ ਮੌਨਸੂਨ ਬਾਰਿਸ਼ ਵਿਚ ਹਰ ਸਾਲ ਭਿੰਨਤਾ ਪਾਈ ਜਾਂਦੀ ਹੈ, ਜਿਸ ਕਾਰਨ ਹਰ ਸਾਲ ਫ਼ਸਲ ਉਤਪਾਦਨ ਘਟਦਾ ਜਾਂ ਵਧਦਾ ਰਹਿੰਦਾ ਹੈ ਕਿਉਂਕਿ ਕਿਸੇ ਸਾਲ ਹੜ੍ਹ ਆ ਜਾਂਦੇ ਹਨ ਤੇ ਕਿਸੇ ਸਾਲ ਸੋਕਾ ਪੈ ਜਾਂਦਾ ਹੈ। ਕਮਜ਼ੋਰ ਮੌਨਸੂਨ ਕਾਰਨ ਮਹਿੰਗਾਈ ਵਧ ਜਾਂਦੀ ਹੈ। ਇਹੀ ਕਾਰਨ ਹੈ ਕਿ ਸਾਡੇ ਦੇਸ਼ ਦਾ ਖੇਤੀ ਉਤਪਾਦਨ ਅਤੇ ਆਰਥਵਿਵਸਥਾ ਬਹੁਤ ਹੱਦ ਤਕ ਮੌਨਸੂਨ ਦੀ ਬਾਰਿਸ਼ ਉਪਰ ਨਿਰਭਰ ਕਰਦੇ ਹਨ।

ਭਾਰਤ ਦੀ ਔਸਤਨ ਮੌਨਸੂਨ ਬਾਰਿਸ਼ 870 ਮਿਲੀਮੀਟਰ ਹੈ। ਦੇਸ਼ ਦਾ 30 ਪ੍ਰਤਿਸ਼ਤ ਹਿੱਸਾ ਜ਼ਿਆਦਾ ਤਕ ਸੋਕੇ ਦੀ ਮਾਰ ਹੇਠ ਰਹਿੰਦਾ ਹੈ। ਇਸ ਲਈ ਮੌਨਸੂਨ ਦੇ ਸਮੇਂ ਸਿਰ ਆਉਣ ਅਤੇ ਵਰਖਾ ਦੀ ਸਹੀ ਮਾਤਰਾ ਅਤੇ ਵੰਡ ਹੋਣ ਨਾਲ ਦੇਸ਼ ਦੇ ਖੇਤੀ ਉਤਪਾਦਨ ਅਤੇ ਅਰਥਵਿਵਸਥਾ ਉਪਰ ਵਧੀਆ ਅਸਰ ਪੈਂਦਾ ਹੈ। ਜਿਵੇਂ ਕਿ ਅਗਸਤ ਮਹੀਨੇ ਵਿਚ ਝੋਨੇ ਦੀ ਫ਼ਸਲ ਦਾ ਵਿਕਾਸ ਪੂਰੇ ਜ਼ੋਰ 'ਤੇ ਹੁੰਦਾ ਹੈ ਅਤੇ ਫ਼ਸਲ ਨੂੰ ਵੱਧ ਪਾਣੀ ਦੀ ਲੋੜ ਹੁੰਦੀ ਹੈ। ਜੇ ਇਸ ਸਮੇਂ ਬਾਰਿਸ਼ ਸਹੀ ਮਾਤਰਾ ਵਿਚ ਨਾ ਹੋਵੇ ਤਾਂ ਹਵਾ ਅਤੇ ਮਿੱਟੀ ਵਿਚ ਨਮੀ ਘਟ ਜਾਂਦੀ ਹੈ ਅਤੇ ਤਾਪਮਾਨ ਵਧ ਜਾਂਦਾ ਹੈ, ਜਿਸ ਦਾ ਫ਼ਸਲ ਦੇ ਉਤਪਾਦਨ 'ਤੇ ਮਾੜਾ ਅਸਰ ਪੈਂਦਾ ਹੈ ਅਤੇ ਹਲਕੀਆਂ ਤੇ ਰੇਤਲੀਆਂ ਜ਼ਮੀਨਾਂ ਵਿਚ ਇਹ ਅਸਰ ਹੋਰ ਵੀ ਵਧ ਜਾਂਦਾ ਹੈ।

## ਮੌਨਸੂਨ

ਮੌਨਸੂਨ ਸ਼ਬਦ ਤੋਂ ਭਾਵ ਹੈ ਮੌਸਮ ਜਾਂ (ਬਰਸਾਤ) ਰੁੱਤ। ਮੌਨਸੂਨ ਪੌਣਾਂ ਅਜਿਹੀਆਂ ਰੁੱਤਵਾਰ ਪੌਣਾ ਹਨ ਜੋ ਰੁੱਤ ਦੇ ਬਦਲਣ ਨਾਲ ਆਪਣੀ ਦਿਸ਼ਾ ਬਦਲ ਲੈਂਦੀਆਂ ਹਨ। ਗਰਮੀ ਰੁੱਤ ਦੀ ਆਮਦ ਤੋਂ ਬਾਅਦ, ਉੱਤਰ-ਪੱਛਮੀ ਭਾਰਤ ਵਿਚ ਪੱਛਮੀ ਪੌਣਾਂ ਦੀ ਜਗਹ ਪੂਰਬੀ ਪੌਣਾਂ ਲੈ ਲੈਂਦੀਆਂ ਹਨ। ਕਿਉਂਕਿ ਅਪ੍ਰੈਲ, ਮਈ ਅਤੇ ਜੂਨ ਦੇ ਮਹੀਨਿਆਂ ਵਿਚ ਉੱਤਰ-ਪੱਛਮੀ ਭਾਰਤ ਵਿਚ ਬਹੁਤ ਗਰਮੀ ਪੈਂਦੀ ਹੈ, ਜਿਸ ਕਾਰਨ ਉੱਤਰ-ਪੱਛਮੀ ਭਾਰਤ ਨਾਲ ਲੱਗਦੇ ਪਾਕਿਸਤਾਨੀ ਇਲਾਕਿਆਂ ਵਿਚ ਹਵਾ ਦਾ ਦਬਾਅ ਘਟ ਜਾਂਦਾ ਹੈ। ਪਰ ਪਾਣੀ ਧਰਤੀ ਵਾਂਗ ਤੇਜ਼ੀ ਨਾਲ ਠੰਢਾ ਜਾਂ ਗਰਮ ਨਹੀਂ ਹੁੰਦਾ, ਇਸ ਲਈ ਅਰਬ ਸਾਗਰ ਅਤੇ ਬੰਗਾਲ ਦੀ ਖਾੜੀ ਵਿਚ ਤਾਪਮਾਨ ਘੱਟ ਹੁੰਦਾ ਹੈ, ਜਿਸ ਕਾਰਨ ਉਥੇ ਹਵਾ ਦਾ ਦਬਾਅ ਵਧ ਜਾਂਦਾ ਹੈ। ਕਿਉਂਕਿ ਪੌਣਾਂ ਵੱਧ ਦਬਾਅ ਤੋਂ ਘੱਟ ਦਬਾਅ ਦੇ ਖੇਤਰ ਵੱਲ ਜਾਂਦੀਆਂ ਹਨ, ਇਸ ਲਈ ਗਰਮੀ ਦੀ ਰੁੱਤ ਵਿਚ ਇਹ ਪੌਣਾਂ ਸਮੁੰਦਰ ਤੋਂ ਧਰਤੀ ਵੱਲ ਨੂੰ ਚੱਲਦੀਆਂ ਹਨ। ਸਮੁੰਦਰ ਤੋਂ ਉੱਠਣ ਕਾਰਨ ਇਨ੍ਹਾਂ ਵਿਚ ਨਮੀ ਚੰਗੀ ਮਾਤਰਾ ਵਿਚ ਹੁੰਦੀ ਹੈ ਅਤੇ ਇਹ ਸਾਰੇ ਦੇਸ਼ ਵਿਚ ਬਾਰਿਸ਼ ਪ੍ਰਦਾਨ ਕਰਦੀਆਂ ਹਨ। ਸਾਡੇ ਦੇਸ਼ ਦੇ ਬਹੁਤੇ ਭਾਗਾਂ ਵਿਚ ਸਾਉਣੀ ਰੁੱਤ ਦੀਆਂ ਫ਼ਸਲਾਂ ਦੀ ਬਿਜਾਈ ਮੌਨਸੂਨ ਪੌਣਾਂ ਦੀ ਆਮਦ 'ਤੇ ਨਿਰਭਰ ਕਰਦੀ ਹੈ। ਕਿਉਂਕਿ ਇਹ ਪੌਣਾਂ ਦੱਖਣ-ਪੱਛਮੀ ਦਿਸ਼ਾ ਵਲੋਂ ਆਉਂਦੀਆਂ ਹਨ ਅਤੇ ਸਭ ਤੋਂ ਪਹਿਲਾਂ ਪੱਛਮੀ ਤੱਟ 'ਤੇ ਪਹੁੰਚਦੀਆਂ ਹਨ, ਇਸ ਲਈ ਇਨ੍ਹਾਂ ਨੂੰ ਦੱਖਣ-ਪੱਛਮੀ ਮੌਨਸੂਨ ਪੌਣਾਂ ਵੀ ਕਿਹਾ ਜਾਂਦਾ ਹੈ।

ਦੇਸ਼ ਦੇ ਦੱਖਣੀ ਭਾਗਾਂ ਵਿਚ ਇਹ ਪੌਣਾਂ ਜੂਨ ਦੇ ਪਹਿਲੇ ਹਫ਼ਤੇ ਪਹੁੰਚ ਜਾਂਦੀਆਂ ਹਨ

ਅਤੇ ਲਗਭਗ ਇਕ ਮਹੀਨੇ ਵਿਚ ਦੇਸ਼ ਦੇ ਸਾਰੇ ਭਾਗਾਂ ਤਕ ਪਹੁੰਚ ਜਾਂਦੀਆਂ ਹਨ। ਭਾਰਤ ਵਿਚ ਮੌਨਸੂਨ ਪੌਣਾਂ ਦੀਆਂ ਦੋ ਸ਼ਾਖਾਵਾਂ ਹਨ – ਅਰਬ ਸਾਗਰ ਸ਼ਾਖਾ ਅਤੇ ਖਾੜੀ ਬੰਗਾਲ ਸ਼ਾਖਾ। ਅਰਬ ਸਾਗਰ ਸ਼ਾਖਾ ਪਹਿਲਾਂ ਪੱਛਮੀ ਬੰਗਾਲ ਅਤੇ ਉੱਤਰ-ਪੂਰਬੀ ਰਾਜਾਂ ਵਿਚ ਵਰਖਾ ਪ੍ਰਦਾਨ ਕਰਦੀ ਹੈ। ਇਸ ਤੋਂ ਬਾਅਦ ਇਹ ਹਿਮਾਲਿਆ ਪਰਬਤ ਨਾਲ ਟਕਰਾ ਕੇ ਪੱਛਮ ਵਲ ਵੱਧਦੀ ਹੈ ਅਤੇ ਦੇਸ਼ ਦੇ ਉੱਤਰ-ਪੱਛਮੀ ਭਾਗਾਂ ਵਿਚ ਬਾਰਿਸ਼ ਪ੍ਰਦਾਨ ਕਰਦੀ ਹੈ। ਜੂਨ ਮਹੀਨੇ ਤਕ ਹਵਾ ਦੇ ਘੱਟ ਦਬਾਅ ਦਾ ਖੇਤਰ ਉੱਤਰ-ਪੱਛਮ ਤੋਂ ਲੈ ਕੇ ਬੰਗਾਲ ਤਕ ਪੂਰੀ ਤਰ੍ਹਾਂ ਸਥਾਪਿਤ ਹੋ ਜਾਂਦਾ ਹੈ, ਜਿਸ ਨੂੰ ਮੌਨਸੂਨ ਟਰੱਫ ਕਿਹਾ ਜਾਂਦਾ ਹੈ। ਸਾਡੇ ਦੇਸ਼ ਵਿਚ, ਖ਼ਾਸ ਕਰਕੇ ਉੱਤਰੀ ਅਤੇ ਉੱਤਰ-ਪੱਛਮੀ ਭਾਗਾਂ ਵਿਚ ਮੌਨਸੂਨ ਵਰਖਾ ਦੀ ਮਾਤਰਾ ਮੌਨਸੂਨ ਟਰੱਫ 'ਤੇ ਵੀ ਬਹੁਤ ਹੱਦ ਤਕ ਨਿਰਭਰ ਕਰਦੀ ਹੈ। ਜੇ ਮੌਨਸੂਨ ਟਰੱਫ ਆਪਣੀ ਠੀਕ ਜਗਹ ਉੱਪਰ ਜਾਂ ਫਿਰ ਥੋੜ੍ਹਾ ਦੱਖਣ ਦਿਸ਼ਾ ਵੱਲ ਬਣ ਜਾਵੇ ਤਾਂ ਮੌਨਸੂਨ ਬਾਰਿਸ਼ ਵਧੇਰੇ ਹੁੰਦੀ ਹੈ, ਪਰ ਜੇ ਮੌਨਸੂਨ ਟਰੱਫ ਉੱਤਰ ਦਿਸ਼ਾ ਵੱਲ ਬਣ ਜਾਵੇ ਤਾਂ ਮੌਨਸੂਨ ਬਾਰਿਸ਼ ਘੱਟ ਹੁੰਦੀ ਹੈ। ਮੌਨਸੂਨ ਪੌਣਾਂ ਸਭ ਤੋਂ ਪਹਿਲਾਂ ਦੇਸ਼ ਦੇ ਦੱਖਣੀ ਭਾਗਾਂ ਵਿਚ ਆਉਂਦੀਆਂ ਹਨ ਅਤੇ ਇਨ੍ਹਾਂ ਦੀ ਵਾਪਸੀ ਸਭ ਤੋਂ ਪਹਿਲਾਂ ਉੱਤਰੀ ਭਾਗਾਂ ਵਿਚ ਘੱਟ ਸਮਾਂ ਰਹਿੰਦੀਆਂ ਹਨ। ਪਰ ਇਨ੍ਹਾਂ ਦੀ ਆਮਦ ਅਤੇ ਵਾਪਸੀ ਵਿਚ ਹਰ ਸਾਲ ਥੋੜ੍ਹੀ ਭਿੰਨਤਾ ਪਾਈ ਜਾਂਦੀ ਹੈ।

ਮੌਨਸੂਨ ਦੀ ਭਵਿੱਖਬਾਣੀ ਹਰ ਸਾਲ ਭਾਰਤ ਮੌਸਮ ਵਿਗਿਆਨ ਵਿਭਾਗ, ਨਵੀਂ ਦਿੱਲੀ ਵਲੋਂ ਕੀਤੀ ਜਾਂਦੀ ਹੈ। ਕਈ ਤਰ੍ਹਾਂ ਦੇ ਕੰਪਿਊਟਰ ਮਾਡਲਾਂ ਦੀ ਮਦਦ ਨਾਲ ਇਹ ਭਵਿੱਖਬਾਣੀ ਮੱਧ-ਅਪ੍ਰੈਲ ਅਤੇ ਜੂਨ ਵਿਚ ਕੀਤੀ ਜਾਂਦੀ ਹੈ। ਮੌਨਸੂਨ ਦੇ ਦੌਰਾਨ ਵੀ ਭਵਿੱਖਬਾਣੀ ਵੱਖ-ਵੱਖ ਸਮੇਂ 'ਤੇ ਕੀਤੀ ਜਾਂਦੀ ਹੈ ਤਾਂ ਕਿ ਮੌਨਸੂਨ ਦੀ ਭਵਿੱਖਬਾਣੀ ਦੇ ਆਧਾਰ 'ਤੇ ਕਿਸਾਨ ਆਪਣੇ ਖੇਤੀ ਦੇ ਕੰਮਾਂ ਦੀ ਯੋਜਨਾਬੰਦੀ ਕਰ ਸਕਣ। ਮੌਨਸੂਨ ਵਰਖਾ ਦੀ ਲੰਬੇ ਸਮੇਂ ਦੀ ਭਵਿੱਖਬਾਣੀ ਦੀ ਸ਼ੁਰੂਆਤ ਸੰਨ 1886 ਵਿਚ ਸੰਸਾਰ ਦੇ ਵੱਖ-ਵੱਖ ਭਾਗਾਂ ਦੇ ਪੁਰਾਣੇ ਅਤੇ ਭਵਿੱਖ ਦੇ ਮੌਸਮੀ ਅੰਕੜਿਆਂ ਦੁਆਰਾ ਕੀਤੀ ਗਈ। ਇਨ੍ਹਾਂ ਅੰਕੜਿਆਂ ਦੀ ਵਰਤੋਂ ਇਸ ਵੱਡੇ ਪੱਧਰ ਦੇ ਮੌਨਸੂਨ ਪੌਣਾਂ ਦੇ ਸਿਸਟਮ ਨੂੰ ਸਮਝਣ ਅਤੇ ਕਈ ਮਹੀਨੇ ਪਹਿਲਾਂ ਉਨ੍ਹਾਂ ਦੀ ਭਵਿੱਖਬਾਣੀ ਲਈ ਕੀਤੀ ਗਈ ਹੈ। ਜਿਵੇਂ ਕਿ ਜਨਵਰੀ ਤੋਂ ਮਈ ਮਹੀਨੇ ਤਕ ਹਿਮਾਲਿਆ ਉਤੇ ਬਰਫ਼ਵਾਰੀ ਹਵਾ ਦੇ ਦਬਾਅ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਇਹ ਸਾਡੇ ਦੇਸ਼ ਵਿਚ ਮੌਨਸੂਨ ਦੀ ਆਮਦ ਲਈ ਸਹਾਇਕ ਸਿੱਧ ਹੁੰਦੀ ਹੈ। ਸਰ ਗਿਲਬਰਟ ਵਾਕਰ ਪਹਿਲੇ ਵਿਗਿਆਨੀ ਸਨ ਜਿਨ੍ਹਾਂ ਨੇ ਇਹ ਸਮਝਿਆ ਕਿ ਮੌਨਸੂਨ ਬਾਰਿਸ਼ ਦਾ ਧਰਤੀ ਦੇ ਵੱਖ-ਵੱਖ ਦੁਰਾਡੇ ਭਾਗਾਂ ਦੇ ਮੌਸਮੀ ਅੰਕੜਿਆਂ ਨਾਲ ਸੰਬੰਧ ਹੈ ਅਤੇ ਸੰਨ 1924 ਵਿਚ ਉਨ੍ਹਾਂ ਨੇ 'ਵਾਕਰ ਸਰਕੁਲੇਸ਼ਨ' ਅਤੇ 'ਦੱਖਣੀ ਔਸੀਲੇਸ਼ਨਜ਼' ਦੀ ਖੋਜ ਕੀਤੀ, ਜਿਹੜੇ ਕਿ ਮੌਨਸੂਨ ਵਰਖਾ ਨੂੰ ਕਾਫ਼ੀ ਹੱਦ ਤਕ ਪ੍ਰਭਾਵਿਤ ਕਰਦੇ ਹਨ। ਉਨ੍ਹਾਂ ਨੇ ਮੌਨਸੂਨ ਦੀ ਲੰਬੇ ਸਮੇਂ ਦੀ ਭਵਿੱਖਬਾਣੀ ਵਾਸਤੇ ਇਨ੍ਹਾਂ ਮੌਸਮੀ ਅੰਕੜਿਆਂ ਅਤੇ ਮੌਨਸੂਨ ਬਾਰਿਸ਼ ਵਿਚ ਸੰਬੰਧਾਂ ਦੀ ਵੀ ਵਰਤੋਂ ਕੀਤੀ।

ਪੁਰਾਣੇ ਸਮੇਂ ਵਿਚ ਮੌਨਸੂਨ ਬਾਰਿਸ਼ ਦੀ ਲੰਬੇ ਸਮੇਂ ਦੀ ਭਵਿੱਖਬਾਣੀ ਲਈ ਕਈ ਤਰ੍ਹਾਂ ਦੀਆਂ ਅੰਕੜਾ ਵਿਗਿਆਨ ਤਕਨੀਕਾਂ ਵਰਤੀਆਂ ਗਈਆਂ, ਪਰ ਪੂਰੇ ਅੰਕੜਿਆਂ ਦੀ ਘਾਟ ਕਰਕੇ ਇਹ ਜ਼ਿਆਦਾ ਫਾਇਦੇਮੰਦ ਸਿੱਧ ਨਹੀਂ ਹੋ ਸਕੀਆਂ। ਇਸ ਤੋਂ ਬਾਅਦ ਮੌਨਸੂਨ ਬਾਰਿਸ਼ ਦੀ ਲੰਬੇ ਸਮੇਂ ਦੀ ਭਵਿੱਖਬਾਣੀ ਲਈ, ਇਕ ਪਾਵਰ ਰਿਗਰੈਸ਼ਨ ਮਾਡਲ ਤਿਆਰ ਕੀਤਾ ਗਿਆ, ਜਿਹੜਾ ਕਿ ਧਰਤੀ ਦੇ ਵੱਖ-ਵੱਖ ਭਾਗਾਂ ਦੇ 16 ਮੌਸਮੀ ਅੰਕੜਿਆਂ 'ਤੇ ਆਧਾਰਤ ਹੈ ਅਤੇ ਭਾਰਤ ਮੌਸਮ ਵਿਗਿਆਨ ਵਿਭਾਗ ਸੰਨ 1988 ਤੋਂ ਮੌਨਸੂਨ ਬਾਰਿਸ਼ ਦੀ ਲੰਬੇ ਸਮੇਂ ਦੀ ਭਵਿੱਖਬਾਣੀ ਲਈ ਇਸ ਮਾਡਲ ਦੀ ਵਰਤੋਂ ਕਰ ਰਿਹਾ ਹੈ। ਭਾਰਤ ਮੌਸਮ ਵਿਗਿਆਨ ਵਿਭਾਗ ਇਸ ਮਾਡਲ ਦੀ ਵਰਤੋਂ ਦੁਆਰਾ 16 ਮੌਸਮੀ ਅੰਕੜਿਆਂ ਨਾਲ ਹਰ ਸਾਲ 16 ਅਪ੍ਰੈਲ ਨੂੰ ਮੌਨਸੂਨ ਬਾਰੇ ਭਵਿੱਖਬਾਣੀ ਕਰ ਦਿੰਦਾ ਹੈ। ਇਨ੍ਹਾਂ ਅੰਕੜਿਆਂ ਵਿਚੋਂ ਮੁੱਖ ਰੂਪ ਵਿਚ ਹਿਮਾਲਿਆ ਖੇਤਰ ਵਿਚ ਤਾਪਮਾਨ, ਵਰਖਾ, ਹਵਾ ਅਤੇ ਬਰਫ਼ਬਾਰੀ ਮੌਨਸੂਨ ਵਰਖਾ ਨਾਲ ਸੰਬੰਧਿਤ ਹਨ।

ਮੌਨਸੂਨ ਨੂੰ ਪ੍ਰਭਾਵਿਤ ਕਰਨ ਵਾਲੀ ਇਕ ਹੋਰ ਪ੍ਰਕਿਰਿਆ ਹੈ – ਐਲਨੀਨੋ, ਜਿਹੜਾ ਕਿ ਪੂਰੀ ਧਰਤੀ 'ਤੇ ਪੌਣਾਂ ਦੀ ਵਿਵਸਥਾ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ ਅਤੇ ਮੌਨਸੂਨ ਬਾਰਿਸ਼ ਨੂੰ ਪ੍ਰਭਾਵਤ ਕਰਦਾ ਹੈ। ਆਮ ਤੌਰ ਤੇ ਇਹ ਦੇਖਿਆ ਗਿਆ ਹੈ ਕਿ ਜਿਨ੍ਹਾਂ ਸਾਲਾਂ ਵਿਚ ਐਲਨੀਨੋ ਹੁੰਦਾ ਹੈ, ਉਨ੍ਹਾਂ ਸਾਲਾਂ ਵਿਚ ਮੌਨਸੂਨ ਕਮਜ਼ੋਰ ਹੁੰਦੀ ਹੇ ਅਤੇ ਬਹੁਤ ਭਾਗਾਂ ਵਿਚ ਸੋਕਾ ਪੈਂਦਾ ਹੈ। ਪਰ ਇਸ ਦੇ ਉਲਟ ਜਿਨ੍ਹਾਂ ਸਾਲਾਂ ਵਿਚ ਐਲਨੀਨੋ ਪ੍ਰਭਾਵ ਨਹੀਂ ਹੁੰਦਾ, ਉਨ੍ਹਾਂ ਸਾਲਾਂ ਵਿਚ ਮੌਨਸੂਨ ਬਾਰਿਸ਼ ਵਧੀਆ ਹੁੰਦੀ ਹੈ। ਆਮ ਕਰਕੇ ਐਲਨੀਨੋ ਵਾਲੇ ਸਾਲਾਂ ਵਿਚ ਜਾਂ ਤਾਂ ਸੋਕਾ ਪੈਂਦਾ ਹੈ ਜਾਂ ਘੱਟ ਬਾਰਿਸ਼ ਹੁੰਦੀ ਹੈ ਪਰ ਸੰਨ 1994 ਅਤੇ 1997 ਜਿਹੜੇ ਕਿ ਪ੍ਰਭਾਵਸ਼ਾਲੀ ਐਲਨੀਨੋ ਵਾਲੇ ਸਨ, ਵਿਚ ਬਾਰਿਸ਼ ਸਾਧਾਰਨ ਨਾਲੋਂ ਵਧੇਰੇ ਹੋਈ ਸੀ। ਇਸ ਸਾਲ ਭਾਵ 2014 ਵਿਚ ਵੀ ਐਲਨੀਨੋ ਦਾ ਪ੍ਰਭਾਵ ਦੇਖਿਆ ਗਿਆ ਹੈ। ਇਸ ਸਾਲ ਲਈ ਭਾਰਤ ਮੌਸਮ ਵਿਗਿਆਨ ਵਿਭਾਗ ਵਲੋਂ ਕਮਜ਼ੋਰ ਮੌਨਸੂਨ ਦੀ ਭਵਿੱਖਬਾਣੀ ਕੀਤੀ ਗਈ ਹੈ। ਭਾਰਤ ਮੌਸਮ ਦੀ ਭਵਿੱਖਬਾਣੀ ਮੁਤਾਬਿਕ ਇਸ ਸਾਲ ਸਾਧਾਰਨ ਨਾਲੋਂ 5 ਪ੍ਰਤਿਸ਼ਤ ਘੱਟ ਵਰਖਾ ਹੋਣ ਦਾ ਅਨੁਮਾਨ ਹੈ। ਸਾਰੇ ਦੇਸ਼ ਵਿਚ ਜੂਨ ਮਹੀਨੇ ਵਿਚ ਲਗਭਗ 43 ਪ੍ਰਤਿਸ਼ਤ ਬਾਰਿਸ਼ ਘੱਟ ਹੋਈ ਹੈ ਅਤੇ ਪੰਜਾਬ ਵਿਚ 42 ਪ੍ਰਤਿਸ਼ਤ ਬਾਰਿਸ਼ ਜੂਨ ਮਹੀਨੇ ਵਿਚ ਘੱਟ ਹੋਈ ਹੈ। ਮੌਨਸੂਨ ਦੀ ਇਕ ਤਾਜ਼ਾ ਭਵਿੱਖਬਾਣੀ ਦੇ ਅਨੁਸਾਰ ਪੰਜਾਬ ਵਿਚ ਜੁਲਾਈ ਦੇ ਮਹੀਨੇ ਸਾਧਾਰਨ ਨਾਲੋਂ 30-40 ਪ੍ਰਤਿਸ਼ਤ ਬਾਰਿਸ਼ ਘੱਟ ਹੋਣ ਦਾ ਅਨੁਮਾਨ ਹੈ। ਜੇ ਪੰਜਾਬ ਵਿਚ ਮੌਨਸੂਨ ਦੀ ਬਾਰਸ਼ ਘੱਟ ਹੁੰਦੀ ਹੈ ਤਾਂ ਇਹ ਝੋਨੇ ਦੀ ਫ਼ਸਲ ਲਈ ਠੀਕ ਨਹੀਂ ਹੈ।

***ਘੱਟ ਬਾਰਿਸ਼ ਹੋਣ ਨਾਲ ਧਰਤੀ ਹੇਠਲੇ ਪਾਣੀ ਦੀ ਵੱਧ ਵਰਤੋਂ ਕਰਨੀ ਪਵੇਗੀ ਜਿਸ ਕਾਰਨ ਪਾਣੀ ਦਾ ਪੱਧਰ ਹੋਰ ਥੱਲੇ ਚਲਾ ਜਾਵੇਗਾ। ਉਂਝ ਵੀ ਆਉਣ ਵਾਲੇ ਸਾਲਾਂ ਵਿਚ ਪਾਣੀ ਦੀ ਘਾਟ ਸਾਡੇ ਸਾਰਿਆਂ ਸਾਹਮਣੇ ਇਕ ਗੰਭੀਰ ਚਿੰਤਾ ਹੈ। ਸੋ, ਲੋੜ ਹੈ ਕਿ ਫ਼ਸਲਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀਆਂ ਸਿਫ਼ਾਰਸ਼ਾਂ ਦੇ ਮੁਤਾਬਿਕ ਹੀ ਪਾਣੀ ਲਗਾਈਏ ਅਤੇ ਘਰੇਲੂ ਵਰਤੋਂ ਲਈ ਵੀ ਪਾਣੀ ਦੀ ਸੰਕੋਚ ਨਾਲ ਵਰਤੋਂ ਕਰੀਏ, ਨਹੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਮੁਆਫ਼ ਨਹੀਂ ਕਰਨਗੀਆਂ।***

*(ਲੇਖਿਕਾਵਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨਾਲ ਸੰਬੰਧਿਤ ਹਨ।)*

# ਭਾਰਤ ਵਿਚ ਜੈਵਿਕ ਖੇਤੀ ਦੀ ਮਹੱਤਤਾ

ਸਰਤਾਜ ਸਿੰਘ

ਵੀਹਵੀਂ ਸਦੀ ਦੇ ਅੱਧ ਤੋਂ ਪਹਿਲਾਂ, ਖੇਤੀ ਉਪਜ ਵਧਾਉਣ ਲਈ ਰਸਾਇਣਕ ਪਦਾਰਥਾਂ ਦੀ ਵਰਤੋਂ ਸ਼ੁਰੂ ਹੋ ਗਈ ਜਿਸ ਕਰਕੇ, ਉਤਪਾਦਨ ਵਿਚ ਤਾਂ ਬਹੁਤ ਵੱਡਾ ਵਾਧਾ ਹੋਇਆ ਪਰ ਇਸ ਨਾਲ ਵਾਤਾਵਰਨ ਦਾ ਜਿਹੜਾ ਨੁਕਸਾਨ ਹੋਇਆ ਉਸ ਦੇ ਪ੍ਰਭਾਵ ਨੂੰ ਵੀਹਵੀਂ ਸਦੀ ਦੇ ਅਖੀਰ ਵਿਚ ਮਹਿਸੂਸ ਕੀਤਾ ਗਿਆ। ਵਿਕਸਤ ਦੇਸ਼ਾਂ ਵਿਚ ਇਨ੍ਹਾਂ ਰਸਾਇਣਕ ਪਦਾਰਥਾਂ ਦੀ ਵਰਤੋਂ ਬਹੁਤ ਵੱਡੀ ਮਾਤਰਾ ਵਿਚ ਕੀਤੀ ਜਾਂਦੀ ਸੀ ਪਰ ਪਛੜੇ ਦੇਸ਼ਾਂ ਵਿਚ ਅਤੇ ਭਾਰਤ ਵਿਚ 1960 ਤਕ ਇਸ ਦੀ ਸੀਮਤ ਜਿਹੀ ਵਰਤੋਂ ਕੀਤੀ ਜਾਂਦੀ ਸੀ। ਭਾਰਤ ਦੀ ਵਸੋਂ ਦੇ ਆਕਾਰ ਦੇ ਹਿਸਾਬ, ਭਾਰਤ ਦੀ ਖੇਤੀ ਤੋਂ ਖੁਰਾਕ ਵਸਤੂਆਂ ਦਾ ਉਤਪਾਦਨ ਵੀ ਪੂਰਾ ਨਹੀਂ ਸੀ ਹੁੰਦਾ। ਇਸ ਲਈ ਖੇਤੀ ਵਿਭਾਗ ਅਤੇ ਖੇਤੀ ਵਿਗਿਆਨਕਾਂ ਵਲੋਂ, ਖੇਤੀ ਵਿਚ ਰਸਾਇਣਕ ਪਦਾਰਥਾਂ ਦੀ ਵਰਤੋਂ ਲਈ ਪ੍ਰਚਾਰ ਕੀਤਾ ਜਾਂਦਾ ਸੀ ਅਤੇ ਪ੍ਰੇਰਿਆ ਜਾਂਦਾ ਸੀ। ਇਥੋਂ ਤਕ ਕਿ ਅਜੇ ਵੀ ਇਨ੍ਹਾਂ ਖਾਦਾਂ, ਨਦੀਨ-ਨਾਸ਼ਕਾਂ ਅਤੇ ਕੀੜੇਮਾਰ ਦਵਾਈਆਂ ਲਈ ਸਰਕਾਰ ਵਲੋਂ ਸਬਸਿਡੀ ਦੀ ਵਿਵਸਥਾ ਜਾਰੀ ਹੈ। ਭਾਵੇਂ ਕਿ ਹਰੇ ਇਨਕਲਾਬ ਦੇ ਸਮੇਂ ਵਿਚ ਇਨ੍ਹਾਂ ਰਸਾਇਣਕ ਪਦਾਰਥਾਂ ਦੀ ਵਰਤੋਂ ਨਾਲ ਉਪਜ ਵਿਚ ਤਾਂ ਬਹੁਤ ਵੱਡਾ ਵਾਧਾ ਹੋ ਗਿਆ ਪਰ ਇਸ ਦਾ ਹਵਾ, ਪਾਣੀ ਅਤੇ ਧਰਤੀ ਦੇ ਵਾਤਾਵਰਨ 'ਤੇ ਬਹੁਤ ਬੁਰਾ ਪ੍ਰਭਾਵ ਪਿਆ। ਇਸ ਦੀ ਮੁੱਖ ਵਜਹ ਇਨ੍ਹਾਂ ਪਦਾਰਥਾਂ ਵਿਚ ਜ਼ਹਿਰੀਲਾ ਮਾਦਾ ਸ਼ਾਮਿਲ ਹੁੰਦਾ ਹੈ ਅਤੇ ਜਦੋਂ ਇਨ੍ਹਾਂ ਦਾ ਛਿੜਕਾਅ ਕੀਤਾ ਜਾਂਦਾ ਹੈ ਤਾਂ ਇਸ ਦਾ ਪ੍ਰਭਾਵ ਨਾ ਸਿਰਫ਼ ਉਸ ਖੇਤ 'ਤੇ ਹੀ ਪੈਂਦਾ ਹੈ ਸਗੋਂ ਨਾਲ ਦੇ ਖੇਤਾਂ ਵਿਚ ਦੂਰ-ਦੂਰ ਤਕ ਚਲਾ ਜਾਂਦਾ ਹੈ।

ਰਸਾਇਣਕ ਪਦਾਰਥਾਂ ਦੀ ਵਰਤੋਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਕਾਫ਼ੀ ਮਾਤਰਾ ਵਿਚ ਸਿੰਜਾਈ ਮਿਲਦੀ ਹੋਵੇ। ਇਸ ਲਈ ਉਨ੍ਹਾਂ ਰਾਜਾਂ ਅਤੇ ਖੇਤਰਾਂ ਵਿਚ ਇਨ੍ਹਾਂ ਨੂੰ ਜ਼ਿਆਦਾ ਵਰਤਿਆ ਗਿਆ ਜਿਥੇ ਪਾਣੀ ਦੀ ਜ਼ਿਆਦਾ ਪੂਰਤੀ ਸੀ। ਇਸ ਨਾਲ ਧਰਤੀ ਹੇਠਲੇ ਪਾਣੀ ਨੂੰ ਸਿੰਜਾਈ ਸਾਧਨ ਵਜੋਂ ਜ਼ਿਆਦਾ ਵਰਤਿਆ ਗਿਆ, ਜਿਸ ਨਾਲ ਦੋਹਰਾ ਨੁਕਸਾਨ ਹੋਇਆ। ਇਕ ਤਾਂ ਪਾਣੀ ਦੀ ਪੱਧਰ ਬਹੁਤ ਨੀਵੀਂ ਚਲੀ ਜਾਣ ਕਰਕੇ, ਟਿਊਬਵੈੱਲ ਦਾ ਪਾਣੀ ਮਹਿੰਗਾ ਹੋ ਗਿਆ ਅਤੇ ਦੂਸਰਾ ਬਹੁਤ ਥੱਲੇ ਦੇ ਪਾਣੀ, ਪੀਣ ਯੋਗ ਨਾ ਹੋਣ ਕਰਕੇ, ਇਸ ਨਾਲ ਬਹੁਤ ਸਾਰੀਆਂ ਬੀਮਾਰੀਆਂ ਸ਼ੁਰੂ ਹੋ ਗਈਆਂ। ਇਸ ਪ੍ਰਕਾਰ ਰਸਾਇਣਕ ਪਦਾਰਥਾਂ ਨੇ ਪਾਣੀ, ਧਰਤੀ ਅਤੇ ਹਵਾ ਨੂੰ ਪ੍ਰਦੂਸ਼ਿਤ ਕਰ ਦਿਤਾ।

ਰਸਾਇਣਕ ਪਦਾਰਥਾਂ ਦੇ ਪ੍ਰਭਾਵ ਨਾਲ ਫੈਲਣ ਵਾਲੇ ਪ੍ਰਦੂਸ਼ਿਤ ਵਾਤਾਵਰਨ ਦੀ ਚੇਤਨਾ ਵੀ ਪਹਿਲਾਂ ਵਿਕਸਤ ਦੇਸ਼ਾਂ ਵਿਚ ਆਈ। ਸੰਨ 2000 ਤੋਂ ਬਾਅਦ ਇਸ ਸੰਬੰਧੀ ਲਗਾਤਾਰ ਇਕ ਲਹਿਰ ਦੇ ਰੂਪ ਵਿਚ ਰਸਾਇਣਕ ਪਦਾਰਥਾਂ ਦੀ ਵਰਤੋਂ ਦੇ ਖ਼ਿਲਾਫ਼ ਇਕ ਹੋਰ ਵੱਡਾ ਕਾਰਨ ਇਹ ਵੀ ਸੀ ਕਿ ਭਾਵੇਂ ਹਰ ਸਾਲ ਰਸਾਇਣਕ ਪਦਾਰਥਾਂ ਦੀ ਵਰਤੋਂ ਵਧ ਰਹੀ ਸੀ ਪਰ ਘਟਦੇ ਹੋਏ ਝਾੜ ਦੇ ਕਰਕੇ, ਅਨੁਪਾਤਕ ਉਤਪਾਦਨ ਘਟਦਾ ਜਾ ਰਿਹਾ ਸੀ। ਜੇ ਇਸ ਸਾਲ ਦੋ ਬੋਰੀਆਂ ਖਾਦ ਪਾਈ ਹੈ ਤਾਂ ਅਗਲੇ ਸਾਲ ਤਿੰਨ ਅਤੇ ਉਸ ਤੋਂ ਅਗਲੇ 4 ਫਿਰ 5 ਅਤੇ ਇਸ ਤਰ੍ਹਾਂ ਬਹੁਤ ਸਾਰੀਆਂ ਥਾਵਾਂ 'ਤੇ ਇਹ ਸਥਿਤੀ ਬਣ ਗਈ ਹੈ ਕਿ ਵੱਧ ਤੋਂ ਵੱਧ ਖਾਦਾਂ ਪਾਉਣ ਦੇ ਬਾਵਜੂਦ ਵੀ ਉਤਪਾਦਨ ਵਿਚ ਕੋਈ ਵਾਧਾ ਨਹੀਂ ਹੋ ਰਿਹਾ। ਕੁਝ ਇਲਾਕਿਆਂ ਵਿਚ ਉਤਪਾਦਨ ਘਟਦਾ ਵੀ ਵੇਖਿਆ ਗਿਆ। ਇਸ ਪ੍ਰਕਾਰ ਬਹੁਤੇ ਕਿਸਾਨਾਂ ਵਲੋਂ ਇਸ ਗੱਲ ਵਲ ਧਿਆਨ ਦਿਤਾ ਗਿਆ ਕਿ ਵਾਤਾਵਰਨ ਦੇ ਇੰਨੇ ਵੱਡੇ ਨੁਕਸਾਨ ਦੇ ਬਾਵਜੂਦ ਜੇ ਉਤਪਾਦਨ ਨਹੀਂ ਵਧ ਰਿਹਾ ਤਾਂ ਇਨ੍ਹਾਂ ਦੀ ਵਰਤੋਂ ਇਕਦਮ ਬੰਦ ਕਰਕੇ, ਖੇਤੀ ਵਿਚ ਕੁਦਰਤੀ ਵਿਧੀਆਂ ਅਪਣਾਉਣੀਆਂ ਚਾਹੀਦੀਆਂ ਹਨ ਤਾਂ ਕਿ ਕੁਦਰਤੀ ਵਾਤਾਵਰਨ ਬਣਿਆ ਰਹੇ ਜੋ ਮਨੁੱਖਤਾ ਦੇ ਅਨੁਕੂਲ ਹੈ। ਰਸਾਇਣਾਂ ਰਾਹੀਂ ਫੈਲ ਰਹੇ ਪ੍ਰਦੂਸ਼ਣ ਨਾਲ ਜਿਹੜੀਆਂ ਬੀਮਾਰੀਆਂ ਫੈਲ ਰਹੀਆਂ ਹਨ ਅਤੇ ਆਉਣ ਵਾਲੇ ਵੱਡੇ ਨੁਕਸਾਨ ਦੀਆਂ ਸੰਭਾਵਨਾਵਾਂ ਜੋ ਹਨ ਉਨ੍ਹਾਂ 'ਤੇ ਰੋਕ ਲੱਗ ਸਕੇ।

ਰਸਾਇਣਕ ਖੇਤੀ ਨੂੰ ਅਪਣਾਉਣ ਦਾ ਇਕ ਹੋਰ ਨੁਕਸਾਨ ਇਹ ਹੋਇਆ ਕਿ ਬਹੁਤ ਸਾਰੇ ਪੰਛੀ, ਛੋਟੇ ਜਾਨਵਰ ਅਤੇ ਕੀੜੇ-ਮਕੌੜੇ ਵੀ ਖਤਮ ਹੋ ਗਏ। ਨਦੀਨ-ਨਾਸ਼ਕਾਂ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਨਾਲ ਜਿਥੇ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜੇ-ਮਕੌੜੇ ਮਰਦੇ ਸਨ ਉਥੇ ਉਹ ਜੀਵ ਵੀ ਮਰ ਜਾਂਦੇ ਸਨ ਜਿਹੜੇ ਫ਼ਸਲਾਂ ਦੀ ਵੱਧ ਉਪਜ ਲੈਣ ਵਿਚ ਧਰਤੀ ਦੀ ਉਪਜਾਊ ਸ਼ਕਤੀ ਵਧਾਉਣ ਲਈ ਮਦਦ ਕਰਦੇ ਸਨ। ਇਸ ਕਿਰਿਆ ਵਿਚ ਇਹ ਗੱਲ ਸਾਹਮਣੇ ਆਈ ਕਿ ਜੇ 100 ਵਿਚੋਂ 15 ਉਹ ਜੀਵ ਮਰਦੇ ਸਨ ਜਿਹੜੇ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਂਦੇ ਸਨ ਤਾਂ 85 ਉਹ ਮਰ ਜਾਂਦੇ ਸਨ ਜਿਹੜੇ ਫ਼ਸਲਾਂ ਲਈ ਮਦਦ ਕਰ ਸਕਦੇ ਹਨ। ਫ਼ਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਦੇ ਮਰਨ ਦੀ ਗਿਣਤੀ ਫ਼ਸਲਾਂ ਨੂੰ ਲਾਭ ਪਹੁੰਚਾਉਣ ਵਾਲੇ ਕੀੜਿਆਂ ਦੀ ਗਿਣਤੀ ਤੋਂ ਕਿਤੇ ਘੱਟ ਸੀ। ਗੰਡੋਆ ਇਕ ਛੋਟਾ ਜਿਹਾ ਜੀਵ ਹੈ ਜਿਸ ਨੂੰ ਧਰਤੀ ਦਾ ਵਾਹਕ ਕਿਹਾ ਜਾਂਦਾ ਹੈ ਅਤੇ ਉਸ ਸਾਲ ਪੈਦਾ ਹੋਣ ਵਾਲੀ ਖਾਦ ਫ਼ਸਲਾਂ ਲਈ ਬਹੁਤ ਲਾਭਦਾਇਕ ਹੁੰਦੀ ਹੈ। ਪਰ ਜਦੋਂ ਰਸਾਇਣਕ ਪਦਾਰਥਾਂ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਉਹ ਮਰ ਜਾਂਦੇ ਹਨ ਜਿਸ

ਕਾਰਨ ਉਨ੍ਹਾਂ ਦੀ ਕਿਰਿਆ ਖਤਮ ਹੋ ਜਾਂਦੀ ਹੈ ਜਿਸ ਕਰਕੇ ਧਰਤੀ ਦੀ ਉਪਜਾਊ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਇਸ ਤਰ੍ਹਾਂ ਹੀ ਗੋਹੇ ਵਿਚ ਬਹੁਤ ਸਾਰੇ ਛੋਟੇ ਜੀਵ ਪੈਦਾ ਹੋ ਜਾਂਦੇ ਹਨ ਜੋ ਕੁਦਰਤੀ ਤੌਰ ਤੇ ਫ਼ਸਲਾਂ ਦੀ ਉਪਜਾਊ ਸ਼ਕਤੀ ਵਧਾਉਣ ਲਈ ਸਹਾਈ ਹੁੰਦੇ ਹਨ ਪਰ ਰਸਾਇਣਕ ਕਿਰਿਆ ਵਿਚ ਉਹ ਵੀ ਮਰ ਜਾਂਦੇ ਹਨ। ਇਸ ਤਰ੍ਹਾਂ ਹੋਰ ਜੀਵਾਂ ਦੇ ਖਤਮ ਹੋਣ ਨਾਲ ਧਰਤੀ 'ਤੇ ਕੁਦਰਤੀ ਮਾਹੌਲ ਦੀ ਜਗਹ ਬਨਾਵਟੀ ਮਾਹੌਲ ਬਣ ਜਾਂਦਾ ਹੈ ਜੋ ਫ਼ਸਲਾਂ ਦੀ ਵੱਧ ਉਪਜ ਲਈ ਸਹਾਇਕ ਨਹੀਂ ਹੁੰਦਾ। ਅੱਜਕੱਲ੍ਹ ਚਿੜੀਆਂ ਤੇ ਛੋਟੇ-ਛੋਟੇ ਕਈ ਤਰ੍ਹਾਂ ਦੇ ਪੰਛੀ ਲਗਾਤਾਰ ਨਜ਼ਰ ਨਹੀਂ ਆ ਰਹੇ ਜਿਹੜੇ ਰਸਾਇਣਕ ਪਦਾਰਥਾਂ ਦੇ ਬੁਰੇ ਪ੍ਰਭਾਵ ਕਰਕੇ ਖਤਮ ਹੋ ਰਹੇ ਹਨ।

ਰਸਾਇਣਾਂ ਦਾ ਜ਼ਹਿਰ ਜ਼ਮੀਨ, ਹਵਾ ਅਤੇ ਪਾਣੀ ਵਿਚ ਜਾਣ ਕਰਕੇ ਉਹ ਖੁਰਾਕ ਵਸਤੂਆਂ ਵਿਚ ਵੀ ਚਲਾ ਜਾਂਦਾ ਹੈ ਜਿਸ ਕਰਕੇ ਤਰ੍ਹਾਂ-ਤਰ੍ਹਾਂ ਦੀਆਂ ਬੀਮਾਰੀਆਂ ਫੈਲ ਜਾਂਦੀਆਂ ਹਨ। ਵੇਖਿਆ ਗਿਆ ਹੈ ਕਿ ਕੁਝ ਖੇਤਰਾਂ ਵਿਚ ਫੈਲੀਆਂ ਬਹੁਤ ਸਾਰੀਆਂ ਬੀਮਾਰੀਆਂ ਦਾ ਕਾਰਨ ਰਸਾਇਣਕ ਪਦਾਰਥ ਜਾਂ ਕੁਦਰਤੀ ਮਾਹੌਲ ਦੀ ਜਗਹ ਬਨਾਵਟੀ ਮਾਹੌਲ ਦਾ ਆ ਜਾਣਾ ਹੈ। ਪਿਛਲੇ ਸਮਿਆਂ ਵਿਚ ਇਸ ਤਰ੍ਹਾਂ ਦੀਆਂ ਬੀਮਾਰੀਆਂ ਦੀ ਮਾਤਰਾ ਅਤੇ ਪ੍ਰਭਾਵ ਘੱਟ ਸੀ ਪਰ ਹੁਣ ਇਹ ਦਿਨ-ਪੁਰ-ਦਿਨ ਵਧ ਰਿਹਾ ਹੈ ਅਤੇ ਇਹ ਹਰ ਪਾਸੇ ਫੈਲ ਰਿਹਾ ਹੈ। ਇਸੇ ਕਰਕੇ ਦੁਨੀਆਂ ਦੇ ਵਿਕਸਤ ਦੇਸ਼ ਜਿਹੜੇ ਇਨ੍ਹਾਂ ਰਸਾਇਣਕ ਪਦਾਰਥਾਂ ਦੀ ਵਰਤੋਂ ਦੇ ਇੰਨਾ ਹੱਕ ਵਿਚ ਸਨ ਕਿ ਉਹ ਹੀ ਹੁਣ ਇਨ੍ਹਾਂ ਦੀ ਵਰਤੋਂ ਦੇ ਖ਼ਿਲਾਫ਼ ਹੋ ਗਏ ਹਨ। ਇਥੋਂ ਤਕ ਕਿ ਅੱਜਕੱਲ੍ਹ 141 ਦੇਸ਼ਾਂ ਵਿਚ ਜੈਵਿਕ ਖੇਤੀ ਨੂੰ ਵਪਾਰਕ ਤੌਰ ਤੇ ਅਪਣਾਇਆ ਜਾਣ ਲੱਗ ਪਿਆ ਹੈ। ਜੈਵਿਕ ਖੇਤੀ ਵਿਚ ਕਿਸੇ ਵੀ ਤਰ੍ਹਾਂ ਦੀਆਂ ਰਸਾਇਣਕ ਖਾਦਾਂ ਅਤੇ ਹੋਰ ਦਵਾਈਆਂ ਦੀ ਵਰਤੋਂ ਦੀ ਮਨਾਹੀ ਹੈ। 2008 ਤਕ ਦੁਨੀਆਂ ਦੇ 37 ਲੱਖ ਏਕੜ ਖੇਤਰ ਵਿਚ ਜੈਵਿਕ ਖੇਤੀ ਨੂੰ ਅਪਣਾ ਲਿਆ ਗਿਆ ਸੀ ਅਤੇ ਉਸ ਤੋਂ ਬਾਅਦ ਹਰ ਦੇਸ਼ ਵਿਚ ਇਸ ਜੈਵਿਕ ਖੇਤਰ ਵਿਚ ਹਰ ਸਾਲ ਹੀ ਵਾਧਾ ਦਰਜ ਕੀਤਾ ਜਾ ਰਿਹਾ ਹੈ ਜੋ ਕਿ 2011 ਤਕ ਹੀ ਵਧ ਕੇ ਦੁੱਗਣਾ ਹੋ ਗਿਆ ਸੀ। 2004 ਤਕ ਇੰਗਲੈਂਡ ਦਾ 4.2 ਪ੍ਰਤਿਸ਼ਤ, ਜਰਮਨੀ ਦਾ 4.10 ਪ੍ਰਤਿਸ਼ਤ, ਅਮਰੀਕਾ ਤੇ ਇੰਗਲੈਂਡ ਦਾ 4.2 ਪ੍ਰਤਿਸ਼ਤ, ਅਸਟ੍ਰੇਲੀਆ ਦਾ 2.20 ਪ੍ਰਤਿਸ਼ਤ, ਜਪਾਨ ਦਾ 0.10 ਪ੍ਰਤਿਸ਼ਤ ਅਤੇ ਸਵਿਟਰਜ਼ਰਲੈਂਡ ਦਾ 7.94 ਪ੍ਰਤਿਸ਼ਤ ਖੇਤਰ ਜੈਵਿਕ ਖੇਤੀ ਅਧੀਨ ਆ ਗਿਆ ਸੀ ਜਦ ਕਿ ਅੱਜਕੱਲ੍ਹ ਇਨ੍ਹਾਂ ਦੇਸ਼ਾਂ ਦਾ 10 ਪ੍ਰਤਿਸ਼ਤ ਖੇਤਰ ਜੈਵਿਕ ਖੇਤੀ ਤੇ ਤਹਿਤ ਆ ਗਿਆ ਹੈ।

ਭਾਰਤ ਵੱਡੀ ਵਸੋਂ ਵਾਲਾ ਦੇਸ਼ ਹੈ ਜਿਸ ਦੀਆਂ ਜ਼ਿਆਦਾਤਰ ਜੋਤਾਂ ਛੋਟੀਆਂ ਹਨ। ਬਹੁਤੇ ਕਿਸਾਨ ਜਿਨ੍ਹਾਂ ਦੀ ਰੋਜ਼ੀ-ਰੋਟੀ ਇਨ੍ਹਾਂ ਜੋਤਾਂ ਉਤੇ ਨਿਰਭਰ ਕਰਦੀ ਹੈ ਉਹ ਰਸਾਇਣਕ ਪਦਾਰਥਾਂ ਦੀ ਵਰਤੋਂ ਨੂੰ ਇਸ ਕਰਕੇ ਅਪਣਾਈ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਇਨ੍ਹਾਂ ਦੀ ਵਰਤੋਂ ਛੱਡਣ ਨਾਲ ਉਨ੍ਹਾਂ ਦੀ ਉਪਜ ਬਹੁਤ ਘਟ ਜਾਵੇਗੀ ਜੋ ਉਨ੍ਹਾਂ ਦੇ ਜੀਵਨ ਮਿਆਰ 'ਤੇ ਬਹੁਤ ਬੁਰਾ ਪ੍ਰਭਾਵ ਪਾਵੇਗੀ।

***ਇਥੇ ਇਹ ਗੱਲ ਵਰਨਣਯੋਗ ਹੈ ਕਿ ਜੇ ਜੈਵਿਕ ਖੇਤੀ ਨੂੰ ਦੱਸੇ ਗਏ ਠੀਕ ਢੰਗ ਨਾਲ ਨਾ ਅਪਣਾਇਆ ਜਾਵੇ ਤਾਂ ਪਹਿਲੇ ਇਕ ਦੋ ਸਾਲ ਉਪਜ ਘਟਦੀ ਹੈ ਅਤੇ ਬਾਅਦ ਵਿਚ ਹੌਲੀ-ਹੌਲੀ ਉਪਜ ਦਾ ਪਹਿਲਾ ਪੱਧਰ ਬਣ ਜਾਂਦਾ ਹੈ। ਅੱਜ ਤਕ ਭਾਰਤ ਵਿਚ ਜੈਵਿਕ ਖੇਤੀ ਦੇ ਤਹਿਤ ਸਿਰਫ਼ 0.10 ਪ੍ਰਤਿਸ਼ਤ ਖੇਤਰ ਹੀ ਆਇਆ ਹੈ ਪਰ ਇਸ ਸੰਬੰਧੀ ਹੁਣ ਹਰ ਰਾਜ ਵਿਚ ਚੇਤਨਾ ਵਧ ਰਹੀ ਹੈ ਅਤੇ ਰਾਸ਼ਟਰ ਦੀ ਪੱਧਰ 'ਤੇ ਜੈਵਿਕ ਖੇਤੀ ਸੰਸਥਾ ਸਥਾਪਤ ਕੀਤੀ ਗਈ ਹੈ ਜਿਸ ਦੇ ਤਹਿਤ ਰਾਸ਼ਟਰੀ ਜੈਵਿਕ ਖੇਤੀ ਪ੍ਰਾਜੈਕਟ ਚਲਾਇਆ ਜਾ ਰਿਹਾ ਹੈ ਤੇ ਹਰ ਉਹ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਨਾਲ ਵੱਧ ਤੋਂ ਵੱਧ ਖੇਤਰ 'ਤੇ ਜੈਵਿਕ ਖੇਤੀ ਨੂੰ ਅਪਣਾਇਆ ਜਾਵੇ ਅਤੇ ਵੱਧ ਤੋਂ ਵੱਧ ਜੈਵਿਕ ਖੇਤੀ ਉਪਜ ਪੈਦਾ ਕੀਤੀ ਜਾਵੇ। ਇਸ ਸੰਬੰਧੀ ਸਰਕਾਰ ਤੋਂ ਇਲਾਵਾ, ਬਹੁਤ ਸਾਰੀਆਂ ਸਵੈ-ਸੇਵੀ ਸੰਸਥਾਵਾਂ ਵੀ ਆਪਣੇ ਤੌਰ ਤੇ ਜੈਵਿਕ ਖੇਤੀ ਵਧਾਉਣ ਦੇ ਜਤਨ ਕਰ ਰਹੀਆਂ ਹਨ।***

ਜੈਵਿਕ ਖੇਤੀ ਦੀ ਉਪਜ ਅਤੇ ਆਮਦਨ ਸੰਬੰਧੀ ਬਹੁਤ ਸਾਰੀਆਂ ਖੋਜਾਂ ਹੋਈਆਂ ਹਨ। ਇਹ ਗੱਲ ਸਾਹਮਣੇ ਆਈ ਹੈ ਕਿ ਕੁਝ ਕਿਸਾਨ ਜੈਵਿਕ ਖੇਤੀ ਅਪਣਾ ਕੇ ਰਸਾਇਣਕ ਖੇਤੀ ਤੋਂ ਵੀ ਜ਼ਿਆਦਾ ਪ੍ਰਤਿ ਏਕੜ ਉਪਜ ਲੈ ਰਹੇ ਹਨ। ਉਦਾਹਰਣ ਵਜੋਂ, ਆਲੂਆਂ ਦੀ ਰਸਾਇਣਕ ਖੇਤੀ ਨਾਲ ਵੱਧ ਤੋਂ ਵੱਧ 150 ਕੁਇੰਟਲ ਆਲੂ ਪ੍ਰਤਿ ਏਕੜ ਉਪਜ ਲਈ ਗਈ ਹੈ ਜਦ ਕਿ ਜੈਵਿਕ ਖੇਤੀ ਵਿਚ ਕੁੱਝ ਕਿਸਾਨਾਂ ਨੇ 200 ਕੁਇੰਟਲ ਤਕ ਉਪਜ ਲਈ ਹੈ। ਇਸ ਤਰ੍ਹਾਂ ਹੀ ਰਸਾਇਣਕ ਖੇਤੀ ਵਿਚ ਗੰਨੇ ਦੀ ਵੱਧ ਤੋਂ ਵੱਧ 320 ਕੁਇੰਟਲ ਤਕ ਉਪਜ ਲਈ ਗਈ ਹੈ ਜਦ ਕਿ ਜੈਵਿਕ ਖੇਤੀ ਵਿਚ ਕਈ ਕਿਸਾਨਾਂ ਨੇ 400 ਕੁਇੰਟਲ ਤਕ ਵੀ ਉਪਜ ਲਈ ਹੈ। ਇਸ ਤਰ੍ਹਾਂ ਹੋਰ ਫ਼ਸਲਾਂ ਵਾਲੀ ਜੈਵਿਕ ਖੇਤੀ ਦੀ ਉਪਜ ਰਸਾਇਣਕ ਖੇਤੀ ਤੋਂ ਜ਼ਿਆਦਾ ਹੈ। ਭਾਵੇਂ ਕਿ ਔਸਤ ਉਪਜ ਰਸਾਇਣਕ ਖੇਤੀ ਵਿਚ ਜ਼ਿਆਦਾ ਦੀਆਂ ਰਿਪੋਰਟਾਂ ਮਿਲੀਆਂ ਹਨ। ਇਸ ਦਾ ਕਾਰਨ ਹੈ ਕਿ ਜੈਵਿਕ ਖੇਤੀ ਕਰਨ ਵਾਲੇ, ਉਨ੍ਹਾਂ ਲਈ ਲੋੜੀਂਦੀ ਖਾਦ ਜਾਂ ਹੋਰ ਆਗਤਾਂ ਦੀ ਵਰਤੋਂ ਦੇ ਦੱਸੇ ਹੋਏ ਢੰਗ ਨਾਲ ਜਾਂ ਲੋੜ ਤੋਂ ਘੱਟ ਮਾਤਰਾ ਵਿਚ ਕਰਦੇ ਹਨ। ਇਸ ਦੇ ਨਾਲ ਹੀ ਇਹ ਵੀ ਵਰਨਣ ਯੋਗ ਹੈ ਕਿ ਕੁਝ ਜੈਵਿਕ ਖੇਤੀ ਵਾਲੇ ਕਿਸਾਨ ਆਗਤਾਂ ਬਾਰੇ ਵੀ ਵੱਖਰੇ-ਵੱਖਰੇ ਭੁਲੇਖੇ ਰਖਦੇ ਹਨ। ਜਿਸ ਤਰ੍ਹਾਂ ਮੁਰਗੀਆਂ ਦੀਆਂ ਬਿੱਠਾਂ ਤੋਂ ਬਣੀ ਖਾਦ ਵਿਚ ਬਹੁਤ ਜ਼ਿਆਦਾ ਉਪਜਾਊ ਤੱਤ ਹਨ ਪਰ ਬਹੁਤ ਸਾਰੇ ਕਿਸਾਨ ਇਸ ਨੂੰ ਜੈਵਿਕ ਖਾਦ ਨਹੀਂ ਮੰਨਦੇ। ਇਸੇ ਤਰ੍ਹਾਂ ਕਈ ਹੋਰ ਭੁਲੇਖੇ ਹਨ ਜਿਨ੍ਹਾਂ ਨੂੰ ਦੂਰ ਕਰਨ ਦੀ ਲੋੜ ਹੈ। ਕੁੱਝ ਭੁਲੇਖੇ ਰਸਾਇਣਕ ਪਦਾਰਥਾਂ ਦੀ ਵਿੱਕਰੀ ਕਰਨ ਵਾਲੀਆਂ ਕੰਪਨੀਆਂ ਵਲੋਂ ਪਾਏ ਜਾਂਦੇ ਹਨ ਜਿਨ੍ਹਾਂ ਨੇ ਇਸ ਪ੍ਰਚਾਰ ਲਈ ਪੇਸ਼ਾਵਰ ਵਿਅਕਤੀਆਂ ਦੀ ਨਿਯੁਕਤੀ ਕੀਤੀ ਹੋਈ ਹੈ ਜੋ ਇਹ ਨਹੀਂ ਚਾਹੁੰਦੇ ਕਿ ਜੈਵਿਕ ਖੇਤੀ ਨੂੰ ਅਪਣਾ ਲਿਆ ਜਾਵੇ ਕਿਉਂਕਿ ਇਸ ਨਾਲ ਸਿੱਧੇ ਤੌਰ ਤੇ ਉਨ੍ਹਾਂ ਦੀਆਂ ਰਸਾਇਣਕ ਖਾਦਾਂ ਅਤੇ ਹੋਰ ਪਦਾਰਥਾਂ ਦੀ ਵਿੱਕਰੀ ਘਟਦੀ ਹੈ।

ਇਕ ਹੋਰ ਵੱਡਾ ਭੁਲੇਖਾ ਇਹ ਪਾਇਆ ਜਾਂਦਾ ਹੈ ਕਿ ਕੀ ਜੈਵਿਕ ਖੇਤੀ ਨਾਲ ਦੁਨੀਆਂ ਦੇ 6 ਅਰਬ ਲੋਕਾਂ ਲਈ ਖੁਰਾਕ ਪੈਦਾ ਕੀਤੀ ਜਾ ਸਕੇਗੀ। ਪਰ ਜਿਸ ਤਰ੍ਹਾਂ ਉਪਰ ਦੱਸਿਆ ਗਿਆ

*ਬਾਕੀ ਸਫ਼ਾ 56 ਉੱਤੇ*

# ਖੁਸ਼ਹਾਲੀ ਦਾ ਆਧਾਰ ਸੁਖੀ ਪਰਿਵਾਰ

ਰਣਜੀਤ ਸਿੰਘ

ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੈ। ਕਿਸੇ ਵੀ ਸਮਾਜ, ਦੇਸ਼ ਤੇ ਕੌਮ ਦੀ ਪ੍ਰਗਤੀ ਅਤੇ ਸਮਾਜਿਕ ਕਦਰਾਂ-ਕੀਮਤਾਂ ਦੀ ਝਲਕ ਉਥੋਂ ਦੇ ਪਰਿਵਾਰਾਂ ਵਿਚੋਂ ਦੇਖੀ ਜਾ ਸਕਦੀ ਹੈ। ਪੰਜਾਬੀ ਦੀ ਇਕ ਅਖਾਣ ਹੈ ਕਿ ਘਰ ਦੇ ਭਾਗ ਵਿਹੜੇ ਵਿਚੋਂ ਨਜ਼ਰ ਆ ਜਾਂਦੇ ਹਨ। ਇਸੇ ਅਖਾਣ ਨੂੰ ਇੰਜ ਵੀ ਆਖਿਆ ਜਾ ਸਕਦਾ ਹੈ ਕਿ ਕਿਸੇ ਵੀ ਰਾਜ ਅਤੇ ਦੇਸ਼ ਦੇ ਭਾਗ ਉਥੇ ਵਸਦੇ ਪਰਿਵਾਰਾਂ ਦੀ ਸਥਿਤੀ ਤੋਂ ਨਜ਼ਰ ਆ ਜਾਂਦੇ ਹਨ। ਸਾਰੀ ਕਾਇਨਾਤ ਵਿਚ ਮਨੁੱਖ ਨੂੰ ਸ਼੍ਰੋਮਣੀ ਮੰਨਿਆ ਗਿਆ ਹੈ। ਮਨੁੱਖ ਕੋਲ ਹੀ ਸ਼ਬਦਾਂ ਦੀ ਸ਼ਕਤੀ ਹੈ। ਇਸੇ ਸ਼ਕਤੀ ਸਦਕਾ ਉਸ ਨੂੰ ਰਿਸ਼ਤਿਆਂ ਦੀ ਪਛਾਣ ਹੋਈ ਹੈ। ਰਿਸ਼ਤਿਆਂ ਦੀ ਪਛਾਣ ਹੀ ਪਰਿਵਾਰ ਦਾ ਆਧਾਰ ਬਣੀ। ਪਰਿਵਾਰ ਹੀ ਮਨੁੱਖ ਦੀ ਮੁੱਢਲੀ ਸ਼ਕਤੀ ਹੈ। ਪਰਿਵਾਰਕ ਸ਼ਕਤੀ ਦੇ ਦੋ ਮੁੱਖ ਆਧਾਰ ਹਨ - ਪਰਿਵਾਰ ਦੀ ਖ਼ੁਸ਼ਹਾਲੀ ਅਤੇ ਏਕਤਾ। ਜੇਕਰ ਸਾਡੇ ਦੇਸ਼ ਦੇ ਪਰਿਵਾਰਾਂ ਵੱਲ ਝਾਤੀ ਮਾਰੀਏ ਤਾਂ ਇਹ ਮੰਨਣਾ ਪਵੇਗਾ ਕਿ ਅੱਧੇ ਪਰਿਵਾਰ ਅਜਿਹੇ ਹਨ ਜਿਨ੍ਹਾਂ ਨੂੰ ਖ਼ੁਸ਼ਹਾਲ ਨਹੀਂ ਆਖਿਆ ਜਾ ਸਕਦਾ। ਇਸੇ ਕਰਕੇ ਦੇਸ਼ ਦੇ ਅੱਧਿਉਂ ਵੱਧ ਬੱਚੇ ਘੱਟ ਭਾਰ ਵਾਲੇ ਹਨ। ਸਾਂਝੇ ਪਰਿਵਾਰ ਤੇਜ਼ੀ ਨਾਲ ਟੁੱਟ ਰਹੇ ਹਨ। ਬਹੁਤ ਘੱਟ ਪਰਿਵਾਰ ਅਜਿਹੇ ਹਨ ਜਿਹੜੇ ਸਾਂਝੇ ਵੀ ਹਨ ਤੇ ਖ਼ੁਸ਼ਹਾਲ ਵੀ। ਸਮਾਜ ਵਿਚ ਵਧ ਰਹੀ ਬੇਚੈਨੀ ਦਾ ਮੁੱਖ ਕਾਰਨ ਟੁੱਟ ਰਹੇ ਪਰਿਵਾਰ ਅਤੇ ਗਰੀਬੀ ਹੀ ਹਨ। ਇਸ ਤੋਂ ਨਵੀਂ ਪੀੜ੍ਹੀ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੀ ਹੈ।

ਜਿਸ ਦੇਸ਼ ਦੇ ਅੱਧੇ ਲੋਕ ਗਰੀਬ ਹੋਣ ਅਤੇ ਜਿਨ੍ਹਾਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਨਾ ਹੁੰਦੀਆਂ ਹੋਣ ਉਥੇ ਮਨੁੱਖ ਦਾ ਸੰਤੁਲਿਤ ਸਰੀਰਕ ਅਤੇ ਮਾਨਸਿਕ ਵਿਕਾਸ ਸੰਭਵ ਨਹੀਂ ਹੈ। ਸਰੀਰਕ ਅਤੇ ਮਾਨਸਿਕ ਤੌਰ ਤੇ ਕਮਜ਼ੋਰ ਬੱਚੇ ਉੱਚੀਆਂ ਸੋਚਾਂ ਨਹੀਂ ਸੋਚ ਸਕਦੇ ਜਿਸ ਕਾਰਨ ਉਹ ਦੇਸ਼ ਦੇ ਵਿਕਾਸ ਵਿਚ ਪੂਰਾ ਯੋਗਦਾਨ ਪਾਉਣ ਤੋਂ ਅਸਮਰੱਥ ਰਹਿੰਦੇ ਹਨ। ਗਰੀਬੀ ਕਾਰਨ ਬੱਚਿਆਂ ਨੂੰ ਪੂਰੀ ਖੁਰਾਕ ਨਹੀਂ ਮਿਲਦੀ ਅਤੇ ਉਹ ਵਿੱਦਿਆ ਤੋਂ ਵਿਹੂਣੇ ਰਹਿ ਜਾਂਦੇ ਹਨ। ਅਨਪੜ੍ਹਤਾ ਅਤੇ ਕਿਸੇ ਹੁਨਰ ਦੀ ਘਾਟ ਬੇਰੁਜ਼ਗਾਰੀ ਦਾ ਕਾਰਨ ਬਣਦੇ ਹਨ। ਬੇਰੁਜ਼ਗਾਰ ਜਵਾਨੀ ਬੇਚੈਨ ਹੁੰਦੀ ਹੈ ਜਾਂ ਫਿਰ ਉਸ ਦੇ ਹਿੱਸੇ ਨਿਰਾਸ਼ਾ ਹੀ ਆਉਂਦੀ ਹੈ।

***ਅਗਲੇ ਦਹਾਕੇ ਦੇ ਅੰਤ ਤਕ ਸਾਡੇ ਦੇਸ਼ ਵਿਚ ਨੌਜਵਾਨਾਂ ਦੀ ਗਿਣਤੀ ਸੰਸਾਰ ਦੇ ਹੋਰ ਕਿਸੇ ਵੀ ਦੇਸ਼ ਨਾਲੋਂ ਵੱਧ ਹੋਵੇਗੀ। ਨੌਜਵਾਨ ਕਿਸੇ ਵੀ ਕੌਮ ਅਤੇ ਦੇਸ਼ ਦਾ ਸਰਮਾਇਆ ਹੁੰਦੇ ਹਨ। ਜੇਕਰ ਇਸ ਸਰਮਾਏ ਦੀ ਯੋਗ ਅਗਵਾਈ ਕਰਕੇ ਇਨ੍ਹਾਂ ਦੀ ਵਰਤੋਂ ਦੇਸ਼ ਦੀ ਉਸਾਰੀ ਵਿਚ ਕੀਤੀ ਜਾਵੇ ਤਾਂ ਉਹ ਦੇਸ਼ ਸੰਸਾਰ ਦੀ ਵੱਡੀ ਸ਼ਕਤੀ ਬਣ ਸਕਦਾ ਹੈ। ਦੇਸ਼ ਦੇ ਸਾਹਮਣੇ ਇਕ ਸੁਨਹਿਰੀ ਮੌਕਾ ਹੈ। ਇਸ ਮੌਕੇ ਦਾ ਲਾਭ ਉਦੋਂ ਹੀ ਉਠਾਇਆ ਜਾ ਸਕਦਾ ਹੈ ਜੇ 'ਸਿੱਖਿਆ ਦਾ ਅਧਿਕਾਰ' ਤੇ ਗਰੀਬੀ ਦੂਰ ਕਰੋ ਪ੍ਰੋਗਰਾਮਾਂ ਨੂੰ ਈਮਾਨਦਾਰੀ ਨਾਲ ਲਾਗੂ ਕੀਤਾ ਜਾਵੇ।***

ਬੱਚਿਆਂ ਵਿਚ ਵਧ ਰਹੀ ਬੇਚੈਨੀ ਦਾ ਦੂਜਾ ਕਾਰਨ ਸਾਂਝੇ ਪਰਿਵਾਰਾਂ ਦਾ ਟੁੱਟਣਾ ਹੈ। ਰੋਜ਼ੀ-ਰੋਟੀ ਦੀਆਂ ਮਜਬੂਰੀਆਂ ਕਾਰਨ ਬਹੁਤੇ ਪਰਿਵਾਰ ਪਿੰਡਾਂ ਤੋਂ ਆ ਕੇ ਸ਼ਹਿਰਾਂ ਵਿਚ ਵਸ ਰਹੇ ਹਨ। ਇਹ ਪਰਿਵਾਰ ਰੱਜਵੀਂ ਰੋਟੀ ਖਾਂਦੇ ਹਨ, ਬੱਚਿਆਂ ਦੀ ਪੜ੍ਹਾਈ ਵੱਲ ਧਿਆਨ ਦਿੰਦੇ ਹਨ ਪਰ ਆਪਣਾ ਸਮਾਂ ਬੱਚਿਆਂ ਨੂੰ ਨਹੀਂ ਦੇ ਪਾਉਂਦੇ। ਜਿਥੇ ਪਤੀ-ਪਤਨੀ ਦੋਵੇਂ ਕੰਮ ਕਰਦੇ ਹਨ, ਉਥੇ ਤਾਂ ਮਸਲਾ ਬਹੁਤ ਹੀ ਗੰਭੀਰ ਬਣ ਗਿਆ ਹੈ। ਬੱਚੇ ਮਾਂ-ਬਾਪ ਦੇ ਪਿਆਰ ਤੋਂ ਵਿਹੂਣੇ ਹੋ ਰਹੇ ਹਨ। ਕਦੇ ਸਕੂਲ ਵਿਚ ਬੱਚੇ ਦਾ ਦਾਖ਼ਲਾ ਸੱਤ ਸਾਲ ਦੀ ਉਮਰ ਵਿਚ ਹੁੰਦਾ ਸੀ। ਫਿਰ ਪਹਿਲੀ ਤੋਂ ਪਹਿਲਾਂ ਦੋ ਜਮਾਤਾਂ ਹੋਰ ਜੋੜ ਦਿਤੀਆਂ ਗਈਆਂ ਹਨ। ਹੁਣ ਚਾਰ ਸਾਲ ਦਾ ਬੱਚਾ ਦਾਖ਼ਲ ਕੀਤਾ ਜਾਣ ਲੱਗ ਪਿਆ ਹੈ। ਟੁੱਟਵੇਂ ਪਰਿਵਾਰਾਂ ਦਾ ਮਾਪਿਆਂ ਦੀ ਮਜਬੂਰੀ ਦਾ ਲਾਭ ਉਠਾਉਂਦਿਆਂ ਇਕ ਹੋਰ ਕਲਾਸ ਨਰਸਰੀ ਸ਼ੁਰੂ ਕਰ ਦਿਤੀ ਗਈ। ਇਸ ਨਾਲ ਵੀ ਤਸੱਲੀ ਨਹੀਂ ਹੋਈ ਤਾਂ ਇਕ ਹੋਰ ਜਮਾਤ ਪ੍ਰੀ-ਨਰਸਰੀ ਸ਼ੁਰੂ ਕਰ ਦਿਤੀ ਗਈ। ਇੰਜ ਦੋ ਸਾਲ ਦੇ ਬੱਚੇ, ਜਿਸ ਨੇ ਅਜੇ ਬੋਲਣਾ ਵੀ ਨਹੀਂ ਸਿੱਖਿਆ ਹੁੰਦਾ, ਨੂੰ ਸਕੂਲ ਭੇਜ ਦਿਤਾ ਜਾਂਦਾ ਹੈ। ਬੱਚੇ ਦੇ ਮੁੱਢਲੇ ਗੁਰੂ ਉਸ ਦੇ ਮਾਪੇ ਹੁੰਦੇ ਹਨ। ਮਾਪਿਆਂ ਦਾ ਪਿਆਰ ਹੀ ਬੱਚੇ ਅੰਦਰ ਪਿਆਰ ਦੀ ਕਮੀ ਨੂੰ ਪੂਰਾ ਕਰਦਾ ਹੈ। ਮਾਪਿਆਂ ਵੱਲੋਂ ਦਿਤੇ ਸੰਸਕਾਰ ਹੀ ਉਸ ਨੂੰ ਚੰਗਾ ਨਾਗਰਿਕ ਬਣਾਉਣ ਵਿਚ ਸਹਾਈ ਹੁੰਦੇ ਹਨ। ਬੱਚੇ ਦਾ ਦੂਜਾ ਗੁਰੂ ਉਸ ਦਾ ਅਧਿਆਪਕ ਹੁੰਦਾ ਹੈ। ਅਧਿਆਪਕਾਂ ਕੋਲ ਵੀ ਸਮੇਂ ਦੀ ਘਾਟ ਹੈ, ਉਹ ਵੀ ਬੱਚਿਆਂ ਵੱਲ ਨਿੱਜੀ ਤਵੱਜੋਂ ਨਹੀਂ ਦੇ ਰਹੇ। ਇੰਜ ਬੱਚੇ ਸੁਚੱਜੀ ਜੀਵਨ ਸੇਧ ਤੋਂ ਬਗੈਰ ਮੀਡੀਆ ਜਾਂ ਦੋਸਤਾਂ ਤੋਂ ਸੇਧ ਲੈਂਦੇ ਹਨ। ਇਹ ਸੇਧ ਬਹੁਤੀ ਵਾਰ ਬੱਚੇ ਨੂੰ ਕੁਰਾਹੇ ਪਾਉਂਦੀ ਹੈ। ਉਨ੍ਹਾਂ ਨੂੰ ਨਸ਼ਿਆਂ ਦਾ ਸ਼ਿਕਾਰ ਬਣਾਉਂਦੀ ਹੈ ਤੇ ਗਲਤ ਕੰਮ ਕਰਨ ਲਈ ਉਕਸਾਉਂਦੀ ਹੈ। ਮਾਪਿਆਂ ਵੱਲੋਂ ਮਿਲੇ ਪਿਆਰ ਦੀ ਘਾਟ ਉਨ੍ਹਾਂ ਨੂੰ ਬੇਚੈਨ ਕਰਦੀ ਹੈ। ਉਹ ਬੋਲਚਾਲ ਦੇ ਸਲੀਕੇ ਤੋਂ ਅਣਜਾਣ ਰਹਿ ਜਾਂਦੇ ਹਨ। ਰਿਸ਼ਤਿਆਂ ਦੀ ਪਛਾਣ ਉਨ੍ਹਾਂ ਨੂੰ ਕਰਵਾਈ ਹੀ ਨਹੀਂ ਜਾਂਦੀ।

ਇੰਜ ਪਰਿਵਾਰਾਂ ਦੀ ਗਰੀਬੀ ਜਾਂ ਇਕਹਿਰੇ ਪਰਿਵਾਰ ਬੱਚਿਆਂ ਦੇ ਸਹੀ ਵਿਕਾਸ ਵਿਚ ਰੁਕਾਵਟ ਬਣਦੇ ਜਾ ਰਹੇ ਹਨ। ਇਸ ਦਾ ਅਸਰ ਬਜ਼ੁਰਗਾਂ ਉਤੇ ਵੀ ਪੈਂਦਾ ਹੈ। ਗਰੀਬ ਘਰਾਂ ਵਿਚ ਉਨ੍ਹਾਂ ਦੀ ਸਹੀ ਦੇਖਭਾਲ ਨਹੀਂ ਹੁੰਦੀ ਅਤੇ ਟੁੱਟਵੇਂ ਪਰਿਵਾਰਾਂ ਕਾਰਨ ਉਹ ਇਕੱਲੇ ਰਹਿ ਜਾਂਦੇ ਹਨ।

ਇੰਜ ਜਿਥੇ ਬੱਚਿਆਂ ਦਾ ਸੰਤੁਲਿਤ ਵਿਕਾਸ ਪਰਿਵਾਰ ਦੀ ਸਥਿਤੀ ਉਤੇ ਨਿਰਭਰ ਕਰਦਾ ਹੈ, ਉਥੇ ਬਜ਼ੁਰਗਾਂ ਦਾ ਬੁਢਾਪਾ ਵੀ ਪਰਿਵਾਰਾਂ ਕਾਰਨ ਹੀ ਰੁਲ ਰਿਹਾ ਹੈ। ਇਹ ਮੰਨਿਆ ਗਿਆ ਹੈ ਕਿ ਜਦੋਂ ਤਕ ਪਰਿਵਾਰਾਂ ਦੀ ਹਾਲਤ ਵਿਚ ਸੁਧਾਰ ਨਹੀਂ ਹੁੰਦਾ, ਉਦੋਂ ਤਕ ਕੋਈ ਵੀ ਕੌਮ ਵਿਕਾਸ ਦੀਆਂ ਮੰਜ਼ਲਾਂ ਤੈ ਨਹੀਂ ਕਰ ਸਕਦੀ। ਸਰਕਾਰ ਅਤੇ ਸਵੈ-ਸੇਵੀ ਸੰਸਥਾਵਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਪਰਿਵਾਰ ਨੂੰ ਆਧਾਰ ਮੰਨ ਕੇ ਆਪਣੇ ਵਿਕਾਸ ਪ੍ਰੋਗਰਾਮਾਂ ਦੀ ਰੂਪਰੇਖਾ ਤਿਆਰ ਕਰਨ। ਜਦੋਂ ਤਕ ਕਿਸੇ ਦੇਸ਼ ਵਿਚ ਅਨਪੜ੍ਹਤਾ ਤੇ ਗਰੀਬੀ ਹੈ ਉਦੋਂ ਤਕ ਗਰੀਬ ਪਰਿਵਾਰਾਂ ਦੀ ਲੁੱਟ ਜਾਰੀ ਰਹੇਗੀ। ਇਹ ਲੁੱਟ ਆਰਥਿਕ, ਸਮਾਜਿਕ ਅਤੇ ਸੀਰਰਕ ਹੋ ਸਕਦੀ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਦੇਸ਼ ਵਿਚੋਂ ਗਰੀਬੀ ਅਤੇ ਅਨਪੜ੍ਹਤਾ ਨੂੰ ਦੂਰ ਕਰਨ ਨੂੰ ਪਹਿਲ ਦਿਤੀ ਜਾਵੇ। ਗਰੀਬ ਪਰਿਵਾਰਾਂ ਲਈ ਰੁਜ਼ਗਾਰ ਦੇ ਵਸੀਲੇ ਬਣਾਏ ਜਾਣ ਅਤੇ ਗਰੀਬ ਬੱਚਿਆਂ ਨੂੰ ਸਿੱਖਿਆ ਦਿਤੀ ਜਾਵੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਦਾ ਬਹੁ-ਪੱਖੀ ਵਿਕਾਸ ਹੋਣਾ ਚਾਹੀਦਾ ਹੈ ਪਰ ਅਜਿਹਾ ਵਿਕਾਸ ਉਦੋਂ ਤਕ ਅਰਥਹੀਣ ਹੈ ਜਦੋਂ ਤਕ ਦੇਸ਼ ਦੇ ਬਹੁਤੇ ਪਰਿਵਾਰ ਗਰੀਬ ਅਤੇ ਅਨਪੜ੍ਹ ਹਨ।

ਇਸ ਦੇ ਨਾਲ ਹੀ ਸਾਂਝੇ ਪਰਿਵਾਰਾਂ ਨੂੰ ਬਣਾਈ ਰੱਖਣ ਵੱਲ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਸਾਂਝੇ ਪਰਿਵਾਰਾਂ ਵਿਚ ਸਮਾਜਿਕ ਸੁਰੱਖਿਆ ਹੁੰਦੀ ਹੈ। ਬੱਚਿਆਂ ਤੇ ਬਜ਼ੁਰਗਾਂ ਦੀ ਠੀਕ ਦੇਖਭਾਲ ਹੁੰਦੀ ਹੈ ਜਿਸ ਨਾਲ ਘਰ ਵਿਚ ਖ਼ੁਸ਼ੀਆਂ ਤੇ ਹਾਸੇ ਆਉਂਦੇ ਹਨ ਪਰ ਹੁਣ ਲੋਕ ਨਿੱਜੀ ਆਜ਼ਾਦੀ ਦੇ ਨਾਂ ਉਤੇ ਨਵੇਂ ਜੋੜੇ ਇਕੱਲੇ ਰਹਿਣ ਨੂੰ ਪਹਿਲ ਦੇਣ ਲੱਗ ਪਏ ਹਨ ਪਰ ਉਹ ਭੁੱਲ ਰਹੇ ਹਨ ਕਿ ਮਨੁੱਖ ਇਕ ਸਮਾਜਿਕ ਜੀਵ ਹੈ। ਇਕੱਲਤਾ ਵਰਦਾਨ ਨਹੀਂ ਸਗੋਂ ਸਰਾਪ ਹੈ। ਜਿਥੇ ਬਜ਼ੁਰਗ ਨਾਲ ਰਹਿੰਦੇ ਹਨ, ਉਥੇ ਸੁਰੱਖਿਆ ਦੀ ਭਾਵਨਾ ਵਧੇਰੇ ਹੁੰਦੀ ਹੈ। ਘਰੇਗੀ ਲੜਾਈ-ਝਗੜੇ ਵੀ ਨਹੀਂ ਹੁੰਦੇ। ਪਰਿਵਾਰ ਵਿਚ ਆਪਸੀ ਪਿਆਰ ਬਣਿਆ ਰਹਿੰਦਾ ਹੈ। ਇਕੱਲੇ ਜੋੜੇ ਆਪਸ ਵਿਚ ਝਗੜਦੇ ਹਨ ਤੇ ਰਿਸ਼ਤੇ ਟੁੱਟਣ ਦੀ ਨੌਬਤ ਆ ਜਾਂਦੀ ਹੈ। ਪਰਿਵਾਰ ਦੀ ਮਜ਼ਬੂਤੀ ਅਤੇ ਖ਼ੁਸ਼ਹਾਲੀ ਹੀ ਸੁਖਾਵੇਂ ਜੀਵਨ ਅਤੇ ਖ਼ੁਸ਼ਹਾਲੀ ਦੇਸ਼ ਦੀ ਨੀਂਹ ਹੈ।

***(ਲੇਖਕ ਸੁਤੰਤਰ ਪੱਤਰਕਾਰ ਹੈ।)***

*ਸਫ਼ਾ 54 ਦੀ ਬਾਕੀ*

ਹੈ ਕਿ ਜੈਵਿਕ ਖੇਤੀ ਤੋਂ ਰਸਾਇਣਕ ਖੇਤੀ ਤੋਂ ਵੱਧ ਉਪਜ ਲਈ ਜਾ ਸਕਦੀ ਹੈ। ਅੱਜ ਦੀ ਜੈਵਿਕ ਖੇਤੀ ਉਹ ਖੇਤੀ ਨਹੀਂ ਜੋ 1950 ਤੋਂ ਪਹਿਲਾਂ ਹੁੰਦੀ ਸੀ। ਹੁਣ ਬਹੁਤ ਸਾਰੀਆਂ ਜੈਵਿਕ ਆਗਤਾਂ ਤਿਆਰ ਹੋ ਗਈਆਂ ਹਨ ਜਿਨ੍ਹਾਂ ਨਾਲ ਵੱਧ ਫ਼ਸਲ ਲਈ ਜਾ ਸਕਦੀ ਹੈ। ਇਸ ਦੇ ਨਾਲ ਹੀ ਪਿਛਲੇ ਸਮਿਆਂ ਵਿਚ ਹੋਈਆਂ ਖੋਜਾਂ ਨੇ ਕਈ ਨਵੀਆਂ ਵਿਧੀਆਂ ਅਤੇ ਢੰਗ ਕੱਢ ਲਏ ਹਨ ਜਿਨ੍ਹਾਂ ਨਾਲ ਪਹਿਲਾਂ ਤੋਂ ਕਿਤੇ ਵੱਧ ਉਪਜ ਲਈ ਜਾ ਸਕਦੀ ਹੈ। ਇਸ ਸੰਬੰਧੀ ਭਾਵੇਂ ਸੰਸਥਾਵਾਂ ਵਿਚ ਲੋੜੀਂਦੀ ਖੋਜ ਨਹੀਂ ਹੋਈ ਪਰ ਫਿਰ ਵੀ ਕੋਸ਼ਿਸ਼ ਨਾਲ ਜਿਹੜੀਆਂ ਵਿਧੀਆਂ ਸਾਹਮਣੇ ਆਈਆਂ ਹਨ ਉਨ੍ਹਾਂ ਵਿਚੋਂ ਕੁਝ ਕੁ ਨੂੰ ਸਰਵ ਪ੍ਰਵਾਨਿਤ ਕੀਤਾ ਗਿਆ ਹੈ।

ਭਾਰਤ ਵਰਗੇ ਛੋਟੀਆਂ ਜੋਤਾਂ ਵਾਲੇ ਦੇਸ਼ ਵਿਚ ਜੈਵਿਕ ਖੇਤੀ ਦੇ ਵਿਰੁੱਧ ਇਹ ਵਿਚਾਰ ਵੀ ਦਿਤਾ ਜਾਂਦਾ ਹੈ ਕਿ ਛੋਟੇ ਕਿਸਾਨਾਂ ਦੇ ਇਹ ਖੇਤੀ ਅਨੁਕੂਲ ਨਹੀਂ ਕਿਉਂਕਿ ਛੋਟੇ ਕਿਸਾਨ ਆਪਣੇ ਫਾਰਮ ਤੋਂ ਲੋੜੀਂਦੀ ਰੂੜੀ ਦੀ ਖਾਦ ਹੀ ਪੈਦਾ ਨਹੀਂ ਸਕਦੇ। ਪਰ ਇਹ ਗੱਲ ਸਾਬਤ ਹੋਈ ਹੈ ਕਿ ਨਵੀਆਂ ਵਿਧੀਆਂ ਨਾਲ ਜਿਹੜੀ ਜੈਵਿਕ ਖੇਤੀ ਅਪਣਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਉਸ ਅਨੁਸਾਰ ਇਕ ਗਾਂ ਦੇ ਮੂਤਰ ਤੋਂ ਹੀ 30 ਏਕੜ ਦੇ ਫਾਰਮ ਲਈ ਜੈਵਿਕ ਖਾਦ ਤਿਆਰ ਕੀਤੀ ਜਾ ਸਕਦੀ ਹੈ ਅਤੇ ਜਿਨ੍ਹਾਂ ਵੱਡੇ ਜੈਵਿਕ ਫਾਰਮਾਂ ਵਿਚ ਇਹ ਵਿਧੀ ਅਪਣਾਈ ਗਈ ਹੈ ਉਹ ਰਸਾਇਣਕ ਫਾਰਮਾਂ ਤੋਂ ਵੱਧ ਉਪਜ ਲੈਂਦੇ ਹਨ ਜੋ ਕਿ ਹੋਰ ਕਿਸਾਨਾਂ ਲਈ ਇਕ ਨਮੂਨਾ ਹਨ। ਖੇਤੀ ਅਤੇ ਡੇਅਰੀ ਦਾ ਗੂੜ੍ਹਾ ਮੇਲ ਹੈ, ਹਰ ਕਿਸਾਨ ਨੇ ਮੱਝਾਂ ਜਾਂ ਗਊਆਂ ਰੱਖੀਆਂ ਹੋਈਆਂ ਹਨ, ਭਾਵੇਂ ਉਹ ਵੱਡਾ ਕਿਸਾਨ ਹੈ ਜਾਂ ਛੋਟਾ। ਇਸ ਲਈ ਇਹ ਵਿਚਾਰ ਕਿ ਛੋਟਾ ਕਿਸਾਨ, ਆਪਣੇ ਫਾਰਮ ਤੋਂ ਜੈਵਿਕ ਖਾਦ ਪੈਦਾ ਨਹੀਂ ਕਰ ਸਕਦਾ, ਬਿਲਕੁਲ ਗਲਤ ਹੈ।

ਜਦੋਂ ਰਸਾਇਣਕ ਖਾਦਾਂ ਦੀ ਵਰਤੋਂ ਛੱਡ ਦਿਤੀ ਜਾਂਦੀ ਹੈ ਤਾਂ ਬਹੁਤ ਸਾਰੇ ਜੀਵ, ਅਤੇ ਕੀੜੇ-ਮਕੌੜੇ ਪੈਦਾ ਹੋ ਜਾਂਦੇ ਹਨ ਜੋ ਉਹ ਕੰਮ ਕਰਦੇ ਹਨ ਜੋ ਰਸਾਇਣਕ ਖਾਦਾਂ ਕਰਦੀਆਂ ਹਨ। ਇਹ ਗੱਲ ਸਾਬਤ ਹੋਈ ਹੈ ਕਿ ਇਨ੍ਹਾਂ ਜੀਵਾਂ ਕਰਕੇ, ਭੂਮੀ ਦੀ ਉਪਜਾਊ ਸ਼ਕਤੀ ਵਧੀ ਹੈ। ਜੈਵਿਕ ਖੇਤੀ ਸੰਬੰਧੀ ਇਹ ਵੀ ਭੁਲੇਖਾ ਪਾਇਆ ਜਾਂਦਾ ਹੈ ਕਿ ਇਹ ਖੇਤੀ ਕਿਫ਼ਾਇਤੀ ਨਹੀਂ ਸਗੋਂ ਘਾਟੇਵੰਦੀ ਹੈ। ਪਰ ਇਸ ਤਰ੍ਹਾਂ ਨਹੀਂ, ਇਸ 'ਤੇ ਰਸਾਇਣਕ ਪਦਾਰਥਾਂ ਦੀ ਵਰਤੋਂ ਨਾ ਹੋਣ ਕਰਕੇ, ਇਸ ਦੀ ਪ੍ਰਤਿ ਇਕਾਈ ਲਾਗਤ ਘਟਦੀ ਹੈ। ਜੈਵਿਕ ਵਸਤੂਆਂ ਦੀਆਂ ਕੀਮਤਾਂ ਰਸਾਇਣਕ ਉਪਜ ਤੋਂ ਵਧ ਮਿਲਦੀਆਂ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਉਪਜ ਹੀ ਨਹੀਂ ਘਟਦੀ ਤਾਂ ਆਮਦਨ ਘਟਣ ਦਾ ਤਾਂ ਕੋਈ ਅਰਥ ਹੀ ਨਹੀਂ ਰਹਿ ਜਾਂਦਾ।

ਉਪਰੋਕਤ ਵਿਚਾਰਾਂ ਨੂੰ ਧਿਆਨ ਵਿਚ ਰਖਦੇ ਹੋਏ ਇਹ ਜ਼ਰੂਰੀ ਬਣਦਾ ਹੈ ਕਿ ਰਸਾਇਣਕ ਖੇਤੀ ਦੀ ਥਾਂ ਜੈਵਿਕ ਖੇਤੀ ਨੂੰ ਅਪਣਾਇਆ ਜਾਵੇ। ਜੈਵਿਕ ਖੇਤੀ ਸੰਬੰਧੀ ਸੰਸਥਾਵਾਂ ਵਿਚ ਖੋਜ ਕੀਤੀ ਜਾਵੇ। ਜੈਵਿਕ ਖਾਦਾਂ, ਉਪਜਾਊ ਸ਼ਕਤੀ ਵਧਾਉਣ ਵਾਲੇ ਪਦਾਰਥਾਂ ਅਤੇ ਢੰਗਾਂ ਨੂੰ ਅਪਣਾਇਆ ਜਾਵੇ ਤਾਂ ਕਿ ਵਾਤਾਵਰਨ ਵਿਚ ਜਿਹੜੇ ਜ਼ਹਿਰ ਪਾਣੀ, ਹਵਾ ਅਤੇ ਧਰਤੀ ਦੇ ਰਾਹੀਂ, ਇਨ੍ਹਾਂ ਰਸਾਇਣਕ ਪਦਾਰਥਾਂ ਦੀ ਵਰਤੋਂ ਕਰਕੇ ਵਧ ਰਹੇ ਹਨ ਉਨ੍ਹਾਂ ਨੂੰ ਰੋਕਿਆ ਜਾਵੇ। ਪਿਛਲੇ ਸਾਲਾਂ ਵਿਚ ਵਿਕਸਤ ਦੇਸ਼ਾਂ ਵਲੋਂ ਇਸ ਸੰਬੰਧੀ ਸੁਚੇਤ ਹੁੰਦਿਆਂ ਹੋਇਆਂ ਹੋਰ ਦੇਸ਼ਾਂ ਤੋਂ ਖੇਤੀ ਵਸਤੂਆਂ ਦੀ ਆਯਾਤ ਇਸ ਕਰਕੇ ਰੋਕ ਦਿਤੀ ਜਾਂਦੀ ਰਹੀ ਹੈ ਕਿਉਂਕਿ ਉਨ੍ਹਾਂ ਵਸਤੂਆਂ ਵਿਚ ਰਸਾਇਣਕ ਪਦਾਰਥਾਂ ਦੇ ਤੱਤ ਰਹਿ ਗਏ ਸਨ। ਜਿਨ੍ਹਾਂ ਦੇਸ਼ਾਂ ਵਿਚ ਵੱਡੀ ਪੱਧਰ 'ਤੇ ਇਹ ਰਸਾਇਣਕ ਪਦਾਰਥ ਵਰਤੇ ਜਾ ਰਹੇ ਹਨ ਉਥੇ ਉਨ੍ਹਾਂ ਦਾ ਵਾਤਾਵਰਨ 'ਤੇ ਕਿੰਨਾ ਬੁਰਾ ਪ੍ਰਭਾਵ ਪੈਦਾ ਹੋਵੇਗਾ। ਇਸ ਸੰਬੰਧੀ ਚੇਤਨਾ ਪੈਦਾ ਕਰਨ ਦੀ ਲੋੜ ਹੈ ਅਤੇ ਉਨ੍ਹਾਂ ਢੰਗਾਂ ਅਤੇ ਵਿਧੀਆਂ ਨੂੰ ਅਪਣਾਉਣਾ ਚਾਹੀਦਾ ਹੈ ਜਿਨ੍ਹਾਂ ਨਾਲ ਉਪਜ ਵੀ ਨਾ ਘਟੇ ਅਤੇ ਵਾਤਾਵਰਨ ਵੀ ਸ਼ੁੱਧ ਬਣਿਆ ਰਹੇ।

*(ਲੇਖਕ ਉੱਘਾ ਅਰਥਸ਼ਾਸਤਰੀ ਹੈ।)*

# ਅਜਿੱਤ ਦੁਰਗਾ 'ਭਾਬੀ'

✍ **ਮਲਵਿੰਦਰ ਜੀਤ ਸਿੰਘ ਵੜੈਚ**

**ਲਾਹੌਰ ਤੋਂ ਦਿੱਲੀ**

2 ਜੂਨ 1930 ਵਾਲੇ ਬੰਬ ਧਮਾਕੇ ਨਾਲ ਪਾਰਟੀ ਨੂੰ ਬਹੁਤ ਵੱਡਾ ਝਟਕਾ ਲੱਗਾ ਤੇ ਸਾਰੀ ਖੇਡ ਹੀ ਵਿਗੜ ਗਈ ਸੀ। ਸਾਥੀਆਂ ਲਈ ਸਿਵਾਏ ਦਿੱਲੀ ਦੇ ਹੋਰ ਕੋਈ ਥਾਂ-ਠਿਕਾਣਾ ਨਹੀਂ ਸੀ। ਪਰ ਦੁਰਗਾ ਦਾ ਲਾਹੌਰ ਤੋਂ ਬਚ ਕੇ ਨਿਕਲਣਾ ਵੀ ਸੌਖਾ ਨਹੀਂ ਸੀ, ਕਿਉਂਕਿ ਹੁਣ ਤਕ ਤਾਂ ਉਸ ਦੇ ਵਾਰੰਟ ਵੀ ਨਿਕਲ ਚੁੱਕੇ ਸਨ। ਪੰਦਰਾਂ ਦਿਨ ਉਹ ਲਾਹੌਰ ਕਿਸੇ ਵਾਕਫ਼ਕਾਰ ਕੋਲ ਠਹਿਰੀ, ਜਿਥੇ ਉਸ ਦਾ ਰਹਿਣਾ ਖ਼ਤਰੇ ਤੋਂ ਖਾਲੀ ਨਹੀਂ ਸੀ, ਕਿਉਂਕਿ ਲਾਹੌਰ ਸਾਜਿਸ਼ ਕੇਸ ਦੀ ਪੈਰਵੀ ਦੌਰਾਨ ਲਗਭਗ ਲਾਹੌਰ ਦੀ ਸਾਰੀ ਪੁਲਿਸ ਨੇ ਉਸ ਨੂੰ ਵੇਖਿਆ ਹੋਇਆ ਸੀ; ਅਖੀਰ ਉਹ ਬੁਰਕਾ ਪਾ ਕੇ ਕਿਸੇ ਨਾ ਕਿਸੇ ਢੰਗ ਨਾਲ ਲਾਹੌਰ ਤੋਂ ਦਿੱਲੀ ਪਹੁੰਚਣ ਵਿਚ ਸਫਲ ਹੋਈ।

'ਭਾਬੀ' ਇਕ ਮਹੀਨਾ ਪਾਰਟੀ ਦੇ ਇਕ ਸਹਿਯੋਗੀ ਦੌਲਤ ਰਾਮ ਪੁਰੀ ਦੇ ਘਰ ਠਹਿਰੀ ਜੋ ਰੇਲਵੇ ਕਰਮਚਾਰੀ ਸੀ ਅਤੇ ਦਿੱਲੀ ਦੇ ਪਹਾੜਗੰਜ ਮੁਹੱਲੇ ਵਿਚ ਰਹਿੰਦਾ ਸੀ। ਆਜ਼ਾਦ ਨਾਲ ਉਸ ਦੀ ਮੁਲਾਕਾਤ ਤਾਂ ਹੁੰਦੀ ਰਹਿੰਦੀ, ਪਰ ਠਿਕਾਣੇ ਵੱਖਰੇ-ਵੱਖਰੇ ਥਾਈਂ ਸਨ। ਧਨਵੰਤਰੀ, ਪ੍ਰੋਫੈਸਰ ਐਨ ਕੇ ਨਿਗਮ, ਵੈਸ਼ਮਪਾਇਨ ਤੇ ਕੁੱਝ ਹੋਰ ਸਾਥੀ ਵੀ ਉਨ੍ਹੀਂ ਦਿਨੀਂ ਦਿੱਲੀ ਹੀ ਸਨ। ਉਸ ਵੇਲੇ ਤਕ 'ਸੈਂਟ੍ਰਲ ਕਮੇਟੀ' ਤਾਂ ਭਗਵਤੀ ਦੀ ਸ਼ਹੀਦੀ ਤੇ ਬਾਕੀਆਂ ਦੇ ਗ੍ਰਿਫ਼ਤਾਰ ਹੋ ਜਾਣ 'ਤੇ ਬੇਮਾਅਨੀ ਹੋ ਚੁੱਕੀ ਸੀ ਤਾਂ ਫਿਰ ਕਮੇਟੀ ਦੀ ਮੀਟਿੰਗ ਦਾ ਸਵਾਲ ਹੀ ਨਹੀਂ ਸੀ। ਸੋ ਪਾਰਟੀ ਦੇ ਤਿੰਨ ਚਾਰ ਗ੍ਰਿਫ਼ਤਾਰੀਓਂ ਬਚੇ ਸਰਗਰਮ ਸਾਥੀ ਹੀ ਮੌਕੇ-ਮੌਕੇ ਸਲਾਹ-ਮਸ਼ਵਰਾ ਕਰ ਲੈਂਦੇ ਕਿਉਂਕਿ, 'ਐਕਸ਼ਨ' ਦੀ ਉਦੋਂ ਕੋਈ ਸੰਭਾਵਨਾ ਨਹੀਂ ਸੀ, ਇਸ ਲਈ ਇਸ ਤਰ੍ਹਾਂ ਹੀ ਕੰਮ ਚਲੀ ਜਾਂਦਾ ਸੀ। ਉਨ੍ਹੀਂ ਦਿਨੀਂ 'ਭਾਬੀ' ਨੂੰ ਹਥਿਆਰ ਆਦਿ ਇਧਰ-ਉਧਰ ਲਿਜਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਜੋ ਉਹ ਬਾਖੂਬੀ ਨਿਭਾਉਂਦੀ ਰਹੀ।

ਭਗਤ ਸਿੰਘ ਅਤੇ ਦੱਤ ਨੂੰ ਛੁਡਾਉਣ 'ਚ ਨਾਕਾਮੀ, ਆਜ਼ਾਦ ਲਈ ਇਕ ਬਹੁਤ ਵੱਡਾ ਝਟਕਾ ਸੀ ਤੇ ਖ਼ਾਸ ਕਰਕੇ ਭਗਵਤੀ 'ਭਾਈ' ਦੇ ਵਿਜੋਗ ਨਾਲ ਉਸ ਨੂੰ ਇੰਜ ਲੱਗ ਰਿਹਾ ਸੀ, ਜਿਵੇਂ ਉਸ ਦੀ ਸੱਜੀ ਬਾਂਹ ਕੱਟੀ ਗਈ ਹੋਵੇ। ਇਹ ਉਸ ਲਈ ਇਕ ਤਰ੍ਹਾਂ ਭਗਤ ਸਿੰਘ ਦੇ ਅਸੈਂਬਲੀ ਐਕਸ਼ਨ ਲਈ ਚਲੇ ਜਾਣ ਦਾ ਹੀ ਦੁਹਰਾਉ ਸੀ, ਪਰ ਆਜ਼ਾਦ ਕੀ ਜੋ ਉਹ ਚੈਨ ਨਾਲ ਬੈਠ ਜਾਏ, ਤੇ ਜਦੋਂ ਫਿਰ ਹਰ ਹਾਲ 'ਚ 'ਭਾਬੀ' ਅਤੇ ਸ਼ਚੀ ਦੀ ਸਾਂਭ-ਸੰਭਾਲ ਉਸ ਦਾ 'ਪਰਮੋ ਧਰਮ' ਸੀ।

ਹੋਰ ਤਾਂ ਹੋਰ ਭਗਵਤੀ ਦੇ ਹੁੰਦਿਆਂ ਪੈਸੇ ਦੀ ਚਿੰਤਾ 'ਭਾਈ' ਅਤੇ 'ਭਾਬੀ' ਦੇ ਜ਼ਿੰਮੇ ਹੁੰਦੀ ਸੀ, ਪਰ ਹੁਣ ਇਕੱਲੀ 'ਭਾਬੀ' ਭਲਾ ਕਰ ਕੀ ਸਕਦੀ ਸੀ। ਕੁਝ ਵੀ ਹੋਵੇ, ਇਕ ਦਿਨ 'ਭਾਬੀ' ਨੇ ਲਾਹੌਰ ਛੱਡ ਦਿੱਲੀ ਆਉਣ ਪਿਛੋਂ ਆਜ਼ਾਦ ਨੂੰ ਡੂੰਘੀ-ਸੋਚੀਂ ਪਿਆ ਵੇਖ ਕੇ ਕਿਆਫ਼ਾ ਲਾਇਆ ਕਿ 'ਭਈਆ' ਪੈਸੇ ਦੀ ਤੰਗੀ ਤੋਂ ਪਰੇਸ਼ਾਨ ਹੈ, ਤਾਂ ਉਸ ਨੇ ਆਜ਼ਾਦ ਅੱਗੇ ਆਪਣੇ ਸਾਰੇ ਗਹਿਣੇ-ਗੱਟੇ ਰੱਖਦਿਆਂ ਕਿਹਾ, 'ਕਿਉਂ ਐਨੀ ਚਿੰਤਾ ਕਰਦੇ ਓ, ਆਹ ਲੋ ਇਹ ਸਭ ਕੁੱਝ, ਜੇ ਇਹ ਹੁਣ ਕੰਮ ਨਾ ਆਏ ਤਾਂ ਹੋਰ ਕਦੋਂ ਆਉਣਗੇ?'

ਆਜ਼ਾਦ ਨੇ ਉਸ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਕਿਹਾ, "ਤੁਸੀ ਘਬਰਾਓ ਨਾ, ਲੋੜ ਪੈਣ 'ਤੇ ਮੈਂ ਇਹ ਵੀ ਲੈ ਲਵਾਂਗਾ। ਉਨੀ ਦੇਰ ਇਸ ਨੂੰ ਪਾਰਟੀ ਦੀ ਅਮਾਨਤ ਸਮਝ ਕੇ ਸੰਭਾਲ ਰੱਖੋ।"

ਭਾਵੇਂ ਕਿ ਹੁਣ ਤੋਂ ਪਹਿਲਾਂ ਆਜ਼ਾਦ ਨੇ 'ਭਾਬੀ' ਨੂੰ ਭਗਤ ਸਿੰਘ ਅਤੇ ਦੱਤ ਵਾਲੇ ਐਕਸ਼ਨ ਵੇਲੇ ਨਾਲ ਚਲਣੋਂ ਵਰਜ ਦਿਤਾ ਸੀ, ਪਰ 'ਭਾਬੀ' ਦੀਆਂ ਅਜਿਹੀਆਂ ਭਾਵਨਾਵਾਂ ਨੂੰ ਸਮਝਣਾ ਹੋਵੇਗਾ। ਭਗਵਤੀ ਨੇ ਵਿਦਾ ਹੋਣ ਵੇਲੇ ਪੱਕੀ ਕੀਤੀ ਸੀ ਕਿ ਉਸ ਦੇ ਵਿਛੋੜੇ ਦੀ ਸਾਥੀਆਂ ਨੂੰ ਛੁਡਾਉਣ ਦੇ ਉਪਰਾਲਿਆਂ 'ਤੇ ਕੋਈ ਆਂਚ ਨਾ ਆਵੇ। ਉਸ ਗਹਿਰ-ਗੰਭੀਰ ਸੂਝਵਾਨ ਦੇ ਸਿਰ 'ਤੇ ਭਗਤ ਸਿੰਘ ਨੂੰ ਜੇਲ੍ਹ ਤੋਂ ਰਿਹਾਅ ਹੁੰਦੇ ਵੇਖਣ ਦੀ ਭਾਵਨਾ ਇਥੋਂ ਤਕ ਸਵਾਰ ਸੀ ਕਿ ਮੰਦਭਾਗੇ ਹਾਦਸੇ ਤੋਂ ਪਹਿਲਾਂ ਉਸ ਦੇ ਦੋਹਾਂ ਸਾਥੀਆਂ ਵਲੋਂ ਉਸ ਦੇ ਅੱਗੇ ਬੰਬ ਅਜਮਾਇਸ਼ ਨੂੰ ਅੱਠ ਪਹਿਰ ਅੱਗੇ ਪਾਉਣ ਲਈ ਕੱਢੇ ਤਰਲਿਆਂ ਅਤੇ ਦਲੀਲਾਂ ਦੀ ਅਣਦੇਖੀ ਕਰਦਿਆਂ ਮੌਤ ਗਲੇ ਲਗਾ ਲਈ ਸੀ, ਜਦ ਕਿ ਬੰਬ ਦੀ ਪਿੰਨ ਢਿੱਲੀ ਹੋਣ ਕਰਕੇ ਇਸ ਖ਼ਤਰੇ ਦਾ ਉਸ ਨੂੰ ਪਹਿਲਾਂ ਹੀ ਪਤਾ ਸੀ, ਤਾਂ ਹੀ ਤਾਂ ਉਸ ਨੇ ਬੰਬ ਦੂਜਿਆਂ ਸਾਥੀਆਂ ਨੂੰ ਕਿਸੇ ਕੀਮਤ 'ਤੇ ਵੀ ਚਲਾਉਣ ਨੂੰ ਨਹੀਂ ਦਿਤਾ। ਧੁਰ ਅੰਦਰੋਂ, ਉਹ ਕਿਸੇ ਕੀਮਤ 'ਤੇ ਵੀ 1 ਜੂਨ 1930 ਵਾਲੀ ਨਿਸ਼ਚਿਤ ਤਾਰੀਖ਼ ਨੂੰ ਅੱਗੇ ਪਾਉਣ ਲਈ ਰਾਜ਼ੀ ਨਹੀਂ ਸੀ, ਹਾਲਾਂਕਿ ਕੋਈ ਇਹੋ ਜਿਹੇ ਹਾਲਾਤ ਵੀ ਨਹੀਂ ਸਨ ਕਿ ਇਕ-ਅੱਧਾ ਹਫ਼ਤਾ ਠਹਿਰ ਜਾਣਾ ਕੋਈ ਵੱਡੀ ਸਮੱਸਿਆ ਸੀ। ਪਰ ਭਗਵਤੀ ਲਈ ਤਾਂ ਉਹ ਪਹਿਲਾਂ ਹੀ ਸੱਤ-ਅੱਠ ਮਹੀਨੇ ਲੇਟ ਹੋ ਚੁੱਕਿਆ ਸੀ, ਕਿਉਂਕਿ ਉਹ ਅਕਤੂਬਰ-ਨਵੰਬਰ 1929 ਵਿਚ ਭਗਤ ਸਿੰਘ ਅਤੇ ਦੱਤ ਨੂੰ ਛੁਡਾਉਣ ਦੇ ਉਪਰਾਲੇ ਵਿਉਂਤ ਰਿਹਾ ਸੀ। ਬੇਸ਼ਕ ਜੇ ਉਹ ਉਸ ਦਿਨ ਸ਼ਹੀਦ ਨਾ ਹੋਇਆ ਹੁੰਦਾ ਤਾਂ ਉਸ ਨੇ ਉਸ ਐਕਸ਼ਨ 'ਚ ਸਭ ਤੋਂ ਅੱਗੇ ਹੋਣਾ ਸੀ।

ਉਧਰ 'ਭਾਬੀ' ਦਾ ਭਗਤ ਸਿੰਘ ਨਾਲ ਲਗਾਉ ਇਸ ਤਰ੍ਹਾਂ ਦਾ ਸੀ ਕਿ ਉਸ ਦਾ ਆਪਣੀ ਇਸ ਧਾਰਨਾ ਤੋਂ ਵਿਸ਼ਵਾਸ ਉਮਰ ਭਰ ਨਹੀਂ ਡੋਲਿਆ ਕਿ ਭਗਤ ਸਿੰਘ ਦੀ ਸ਼ਹੀਦੀ

ਵੇਲੇ ਮਾਤਭੂਮੀ ਨੇ ਇਕ ਹੋਰ 'ਭਗਤ ਸਿੰਘ' ਜਣਿਆ ਹੈ ਅਤੇ ਇਕ ਦਿਨ ਜ਼ਰੂਰ ਆਏਗਾ ਜਦੋਂ ਘਰ-ਘਰ ਭਗਤ ਸਿੰਘ ਦੀਆਂ ਲੋਰੀਆਂ ਗਾਈਆਂ ਜਾਣਗੀਆਂ।

ਸੋ, ਜਦੋਂ ਲਾਹੌਰ ਛਡਣੋਂ ਤਿੰਨ-ਚਾਰ ਮਹੀਨੇ ਪਿਛੋਂ 7 ਅਕਤੂਬਰ 1930 ਨੂੰ ਸਪੈਸ਼ਲ ਟ੍ਰਿਬਿਊਨਲ ਨੇ ਭਗਤ ਸਿੰਘ ਦੇ ਨਾਲ ਰਾਜ ਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, ਜਿਸ ਬਾਰੇ ਕਿਸੇ ਨੂੰ ਕੋਈ ਭੁਲੇਖਾ ਵੀ ਨਹੀਂ ਸੀ, ਤਾਂ 'ਭਾਬੀ' 'ਕੁਝ ਨਾ ਕੁਝ ਕਰਨ ਲਈਂ' ਵਿਆਕੁਲ ਹੋ ਉਠੀ, ਤੇ ਉਸ ਦੇ ਕੋਲ ਉਸ ਵੇਲੇ ਮੌਜੂਦ ਸੁਖਦੇਵ ਰਾਜ ਨੂੰ ਉਸ ਨੇ ਪੈਂਦੀ ਸੱਟੇ ਕਿਹਾ ਕਿ ਅਸੀਂ ਹੁਣ ਮੂਕ-ਦਰਸ਼ਕ ਬਣ ਕੇ ਹੱਥ 'ਤੇ ਹੱਥ ਧਰ ਕੇ ਨਹੀਂ ਬੈਠਾਂਗੇ।"

ਇਸ ਤੋਂ ਕੁਝ ਚਿਰ ਪਹਿਲਾਂ ਹੀ ਆਜ਼ਾਦ ਦਾ ਸੰਪਰਕ ਪ੍ਰਮੁੱਖ ਗ਼ਦਰੀ ਬਾਬਾ ਪ੍ਰਿਥਵੀ ਸਿੰਘ ਆਜ਼ਾਦ ਨਾਲ ਵੀ ਹੋ ਚੁੱਕਾ ਸੀ। ਜਿਸ ਦੀ ਉਸ ਪੜਾਅ 'ਤੇ ਉਸ ਨੂੰ ਬਹੁਤ ਭਾਲ ਸੀ। ਉਨ੍ਹੀਂ ਦਿਨੀਂ ਹੀ ਆਜ਼ਾਦ ਉੱਤਰੀ ਭਾਰਤ ਛੱਡ ਕੇ ਦੱਖਣ ਵੱਲ ਨੂੰ ਚਲੇ ਜਾਣ ਦਾ ਮਨ ਬਣਾ ਰਿਹਾ ਸੀ। ਧਨਵੰਤਰੀ, ਸੁਖਦੇਵ ਰਾਜ ਅਤੇ ਸ਼ੁਸ਼ੀਲਾ 'ਦੀਦੀ' ਨੂੰ ਪੰਜਾਬ ਭੇਜ ਕੇ ਵੈਸ਼ਮਪਾਇਨ ਦੇ ਨਾਲ 'ਭਾਬੀ' ਨੂੰ ਬੰਬਈ ਭੇਜ ਦਿਤਾ ਸੀ। ਬਾਬਾ ਪ੍ਰਿਥਵੀ ਸਿੰਘ ਵੀ ਉਦੋਂ ਬੰਬਈ 'ਚ ਹੀ ਸੀ, ਤੇ ਉਹ ਵੀ ਆਪਣਾ ਇਕ ਛੋਟਾ ਜਿਹਾ ਦਲ ਚਲਾ ਰਿਹਾ ਸੀ, ਇਸ ਬਾਰੇ ਉਸ ਨੇ ਆਪਣੀ 'ਆਤਮ ਕਥਾ' ਵਿਚ ਲਿਖਿਆ ਹੈ :

''ਭਗਤ ਸਿੰਘ ਦੇ ਪਾਰਟੀ ਦੇ ਕੁੱਝ ਸਾਥੀ ਉਸ ਵੇਲੇ ਐਸਾ ਕੁਝ ਕਰ ਵਿਖਾਉਣ ਦੇ ਆਹਰ ਵਿਚ ਸਨ, ਜਿਸ ਦਾ ਪ੍ਰਭਾਵ ਪ੍ਰਸਿੱਧ ਅਸੈਂਬਲੀ ਵਾਲੇ ਬੰਬ ਧਮਾਕੇ ਵਰਗਾ ਹੋਵੇ। ਉਸ ਦੇ ਲਈ ਬੰਬਈ ਦੇ ਲੈਮਿੰਗਟਨ ਰੋਡ ਥਾਣੇ 'ਤੇ ਗੋਲੀਆਂ ਦੀ ਬੁਛਾੜ ਕਰਨਾ ਨਿਸ਼ਚਿਤ ਕੀਤਾ ਗਿਆ, ਜਿਥੇ ਸਾਰੀ ਦੀ ਸਾਰੀ ਪੁਲਿਸ ਫੋਰਸ ਗੋਰੇ ਸਾਰਜੈਂਟਾਂ ਦੀ ਸੀ। ਉਸ ਦੇ ਲਈ ਅਸੀਂ ਇਕ ਕਿਰਾਏ ਦੀ ਕਾਰ ਲੈ ਲਈ, ਜਿਸ ਵਿਚ ਮੈਂ, ਦੁਰਗਾ, ਸੁਖਦੇਵ ਰਾਜ ਅਤੇ ਡਰਾਈਵਰ ਸਵਾਰ ਹੋ ਕੇ ਥਾਣੇ ਵੱਲ ਨੂੰ ਚਲ ਪਏ। ਇਸ ਐਕਸ਼ਨ ਰਾਹੀਂ ਅਸੀਂ ਸਰਕਾਰ ਨੂੰ ਇਹ ਦੱਸ ਦੇਣਾ ਚਾਹੁੰਦੇ ਸੀ ਕਿ ਭਗਤ ਸਿੰਘ ਇਕੱਲਾ ਨਹੀਂ ਹੈ, ਸਗੋਂ ਹਰੇਕ ਨੌਜਵਾਨ ਦੇ ਹਿਰਦੇ ਅੰਦਰ ਵਿਦਰੋਹ ਦੀ ਜਵਾਲਾ ਮਘ ਰਹੀ ਹੈ।

''ਰਾਤ ਦੇ ਕੋਈ ਗਿਆਰ੍ਹਾਂ ਵੱਜੇ ਹੋਣਗੇ, ਸਿਨੇਮਾਂ ਘਰਾਂ ਵਿਚੋਂ ਲੋਕੀ ਫ਼ਿਲਮ ਦੇਖ ਕੇ ਵਾਪਸ ਪਰਤ ਰਹੇ ਸੀ, ਚੰਦ ਦੀ ਚਾਂਦਨੀ ਪਸਰੀ ਹੋਈ ਸੀ, ਅਸੀਂ ਥਾਣੇ ਸਾਹਮਣੇ ਗੱਡੀ ਰੋਕੀ, ਚਾਰ ਗੋਰੇ ਸਾਰਜੈਂਟ ਬਾਹਰ ਆਉਂਦੇ ਵੇਖ ਅਸੀਂ ਉਨ੍ਹਾਂ 'ਤੇ ਗੋਲੀ ਚਲਾ ਦਿਤੀ, ਉਹ ਇਕ ਦਮ ਜ਼ਮੀਨ 'ਤੇ ਲੇਟ ਗਏ, ਤੇ ਅਸੀਂ ਫਾਇਰ ਕਰਦੇ ਰਹੇ, ਐਨੇ ਨੂੰ ਇਕ ਕਾਰ ਉਥੇ ਆ ਕੇ ਰੁਕੀ ਜਿਸ ਵਿਚ ਸਵਾਰ ਵਿਅਕਤੀਆਂ ਨੂੰ ਕੁਝ ਸੁੱਝ ਨਹੀਂ ਸੀ ਰਿਹਾ, ਤੇ ਉਸ ਕਾਰ ਵਿਚੋਂ ਬਾਹਰ ਨਿਕਲ ਰਹੇ ਇਕ ਮਰਦ ਤੇ ਔਰਤ ਵੱਲ ਨੂੰ ਅਸੀਂ ਬਿਨਾਂ ਸੋਚੇ-ਸਮਝੇ ਗੋਲੀ ਚਲਾ ਦਿਤੀ, ਔਰਤ ਨੂੰ ਗੋਲੀ ਲੱਗਣ ਨਾਲ ਉਹ ਹੇਠਾਂ ਸੜਕ 'ਤੇ ਡਿੱਗ ਗਈ। ਉਸ ਨੂੰ ਨਾਲ ਵਾਲਾ ਮਰਦ ਕਾਰ ਵਿਚ ਪਾ ਕੇ ਕਾਰ ਚਲਾ ਕੇ ਉਥੋਂ ਚਲਿਆ ਹੀ ਸੀ ਕਿ ਅਸੀਂ ਆਪਣੇ ਬਚਾਅ ਲਈ ਉਸ ਕਾਰ ਦੇ ਟਾਇਰਾਂ 'ਤੇ ਫਾਇਰ ਕਰਕੇ ਉਹ ਪੈਂਚਰ ਕਰ ਦਿਤੇ, ਤਾਂਕਿ ਸਾਡਾ ਪਿੱਛਾ ਨਾ ਕਰ ਸਕਣ।

''ਇਹ ਸਾਰ ਕੁਝ ਵਾਪਰਦਿਆਂ ਪੰਜ ਕੁ ਮਿੰਟ ਹੀ ਲੱਗੇ ਹੋਣਗੇ, ਪਰ ਸਾਨੂੰ ਇਸ ਨਾਲ ਬਹੁਤ ਠੇਸ ਪਹੁੰਚੀ ਕਿ ਅਸੀਂ ਇਕ ਨਾਰੀ ਨੂੰ ਫਟੜ ਕਰ ਦਿਤਾ ਹੈ, ਤੇ ਅਸੀਂ ਉਥੋਂ ਭੱਜਣ ਦੀ ਕੀਤੀ, ਤੇ ਕਿਉਂਕਿ ਸੜਕਾਂ ਸੁੰਨਸਾਨ ਸਨ, ਸਾਨੂੰ ਅਜਿਹਾ ਕਰਨ ਵਿਚ ਕੋਈ ਦਿੱਕਤ ਨਹੀਂ ਆਈ, ਅਸੀਂ ਕਾਰ ਮਾਲਿਕ ਦੇ ਘਰ ਪਹੁੰਚੇ ਅਤੇ ਉਸ ਨੂੰ ਸਭ ਕੁਝ ਦੱਸ ਦਿਤਾ।

***ਭਾਵੇਂ ਕਿ ਅਸੀਂ ਮੌਕੇ 'ਤੇ ਫੜੇ ਜਾਣ ਤੋਂ ਤਾਂ ਬਚ ਨਿਕਲੇ ਸਾਂ, ਪਰ ਪੁਲਿਸ ਦੀ ਤਫ਼ਤੀਸ਼ੀ ਪੈਰਵੀ ਤੋਂ ਅਵੇਸਲੇ ਨਹੀਂ ਰਹਿ ਸਕਦੇ ਸਾਂ, ਇਸ ਲਈ ਚੇਤੰਨ ਸਾਂ। ਅਸੀਂ ਕਿਸੇ ਹਾਲਾਤ ਵਿਚ ਵੀ ਪੁਲਿਸ ਨਾਲ ਦੋ ਹੱਥ ਕੀਤਿਆਂ ਬਗੈਰ ਕਿਸੇ ਸੂਰਤ ਵਿਚ ਫੜੇ ਜਾਣਾ ਨਹੀਂ ਚਾਹੁੰਦੇ ਸੀ, ਕਿਉਂਕਿ ਲੜ-ਮਰਨ ਲਈ ਤਾਂ ਅਸੀਂ ਉਤਾਵਲੇ ਸਾਂ ਹੀ।***

''ਪੁਲਿਸ ਨੇ ਗੱਡੀ ਦਾ ਨੰਬਰ, ਰੰਗ ਆਦਿ ਤਾਂ ਨੋਟ ਕਰ ਹੀ ਲਿਆ ਸੀ। ਡਰਾਈਵਰ ਨੇ ਨੰਬਰ ਪਲੇਟ ਨਹੀਂ ਬਦਲੀ, ਹਾਲਾਂਕਿ ਸਾਨੂੰ ਉਸ ਨੇ ਕਹਿ ਦਿਤਾ ਕਿ ਬਦਲ ਦਿਤੀ ਗਈ ਹੈ। ਉਹ ਕਾਰ ਛੱਡ ਕੇ ਚਲਾ ਗਿਆ ਹੋਇਆ ਸੀ। ਕਾਰਤੂਸਾਂ ਦੇ ਖੋਲ ਵੀ ਗੱਡੀ ਵਿਚ ਹੀ ਪਏ ਹੋਏ ਸਨ। ਕਾਰ ਦੇ ਨੰਬਰ ਤੋਂ ਪੁਲਿਸ ਕਾਰ ਮਾਲਕ ਤਕ ਪਹੁੰਚੀ, ਜਿਸ ਨੂੰ ਮਜਬੂਰੀ ਵੱਸ ਡਰਾਈਵਰ ਅਤੇ ਜਿਨ੍ਹਾਂ ਦੇ ਕਹਿਣ 'ਤੇ ਉਸ ਨੇ ਗੱਡੀ ਦਿਤੀ ਸੀ, ਦੇ ਨਾਂ ਦੱਸਣੇ ਪਏ। ਉਹ ਸੀ ਤਿੰਨੇ ਬੰਬਈ ਤੋਂ ਵੈਸ਼ਮਪਾਇਨ, ਮਹੋਰੇ ਅਤੇ ਬਾਪਤ (ਡਰਾਈਵਰ), ਜਿਨ੍ਹਾਂ ਨੂੰ ਛੇਤੀ ਹੀ ਫੜ ਲਿਆ ਗਿਆ। ਪੁਲਿਸ ਪੂਰੀ ਵਾਹ ਲਾ ਕੇ ਵੀ ਉਨ੍ਹਾਂ ਕੋਲੋਂ ਸਾਡੇ ਤਿੰਨਾਂ ਵਿਚੋਂ ਕਿਸੇ ਇਕ ਦਾ ਅਸਲੀ ਨਾਂ ਆਦਿ ਨਾ ਹਾਸਲ ਕਰ ਸਕੀ।"

## 'ਭਾਬੀ' ਦਾ ਬੰਬਈ ਤੋਂ ਬਚ ਨਿਕਲਣਾ

ਸੁਖਦੇਵ ਰਾਜ ਅਨੁਸਾਰ, ''ਜਿਉਂ ਹੀ 'ਭਾਬੀ' ਨੂੰ ਆਪਣੇ ਦਿਲ ਦੀ ਭੜਾਸ ਕੱਢ ਲੈਣ ਪਿਛੋਂ ਸਾਹ ਵਿਚ ਸਾਹ ਆਇਆ ਤਾਂ ਮਾਂ ਦੀ ਮਮਤਾ ਉਸ ਉਤੇ ਭਾਰੂ ਹੋ ਖਲੋਤੀ ਤੇ ਉਹ ਸ਼ਚੀ ਦੀ ਭਾਲ ਵਿਚ ਉਥੇ ਦੇ ਸਾਥੀ ਵੈਸ਼ਮਪਾਈਨ ਦੇ ਘਰ ਪਹੁੰਚੀ, ਜਿਸ ਦੇ ਬਾਰੇ ਪਤਾ ਲੱਗਾ ਕਿ ਉਹ ਤਾਂ ਫੜਿਆ ਗਿਆ ਹੈ, ਕਿਉਂਕਿ ਕਾਰ ਲਿਆਉਣ ਵਾਲਿਆਂ ਵਿਚੋਂ ਉਹ ਵੀ ਪੁਲਿਸ ਦੇ ਹੱਥ ਆਇਆ ਸੀ, ਤੇ ਪੁਲਿਸ ਉਸ ਵੇਲੇ ਉਸ ਦੇ ਘਰ ਦੀ ਤਲਾਸ਼ੀ ਲੈ ਰਹੀ ਸੀ, ਉਥੇ ਸਾਨੂੰ ਕਿਸੇ ਗੁਆਂਢਣ ਨੇ ਦੱਸਿਆ ਕਿ ਸ਼ਚੀ ਮਹੋਰੇ ਦੇ ਘਰ ਹੋਵੇਗਾ। ਅਸੀਂ ਮਹੋਰੇ ਦੇ ਘਰ ਪਹੁੰਚੇ, ਉਹ ਵੀ ਫੜਿਆ ਜਾ ਚੁੱਕਾ ਸੀ। ਸਾਨੂੰ ਦੱਸਿਆ ਗਿਆ ਕਿ ਬੱਚਾ ਬਾਪਤ ਡਰਾਈਵਰ ਦੇ ਘਰ ਹੈ। ਬਾਪਤ ਵੀ ਫੜਿਆ ਜਾ ਚੁੱਕਾ ਸੀ, ਪਰ ਚੰਗੇ ਭਾਗਾਂ ਨੂੰ ਅਸੀਂ ਸ਼ਚੀ ਨੂੰ ਉਸ ਦੇ ਘਰ ਦੇ ਨੇੜੇ ਹੀ ਬੱਚਿਆਂ ਨਾਲ ਖੇਡਦੇ ਨੂੰ ਵੇਖ ਲਿਆ। ਮੈਂ ਉਸਨੂੰ ਗੋਦ ਵਿਚ ਲੈ ਕੇ ਫੌਰਨ ਟੈਕਸੀ ਕਰਕੇ ਉਸ ਨੂੰ ਬੰਬਈ ਦੇ ਕਲਿਆਣ ਸਟੇਸ਼ਨ 'ਤੇ ਚਲਣ ਲਈ ਕਹਿ ਦਿਤਾ, ਉਥੋਂ ਮੈਂ ਝਾਂਸੀ ਦੀਆਂ ਢਾਈ ਟਿਕਟਾਂ ਖਰੀਦ ਕੇ ਗੱਡੀ ਫੜਨ ਦੀ ਕੀਤੀ।

'ਗੱਡੀ ਅਜੇ ਬੰਬਈ ਸ਼ਹਿਰ ਦੇ ਚਾਲੀਸਗਾਉਂ ਸਟੇਸ਼ਨ 'ਤੇ ਜਾ ਕੇ ਰੁਕੀ ਹੀ ਸੀ ਕਿ ਵੱਡੀ ਗਿਣਤੀ ਵਿਚ ਪੁਲਿਸ ਤੇ ਕੁਝ ਰੇਲ ਸਟਾਫ਼

ਦਗੜ-ਦਗੜ ਕਰਦੇ ਸਾਡੇ ਡੱਬੇ ਵਿਚ ਆ ਵੜੇ; ਮੇਰੀ ਕੰਨੀਂ 'ਢਾਈ ਟਿਕਟਾਂ ਕਲਿਆਣ ਤੋਂ ਝਾਂਸੀ' ਦੀ ਭਿਣਕ ਪੈ ਗਈ ਤੇ ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ ਸੀ ਰਹਿ ਗਿਆ ਕਿ ਇਹ ਸਾਡੀ ਭਾਲ ਵਿਚ ਹੀ ਭੱਜ-ਨੱਸ ਕਰ ਰਹੇ ਹਨ। ਮੈਂ ਫ਼ੌਰਨ ਆਪਣੀ ਟਿਕਟ 'ਭਾਬੀ' ਤੋਂ ਲੈ ਕੇ ਨਾਲ ਦੇ ਡੱਬੇ 'ਚ ਜਾ ਵੜਿਆ, ਸਾਫ਼ ਦਿਸ ਰਿਹਾ ਸੀ ਕਿ ਪੁਲਿਸ ਨੂੰ ਸਾਡੇ ਬਾਰੇ 'ਢਾਈ ਟਿਕਟਾਂ ਕਲਿਆਣ ਤੋਂ ਝਾਂਸੀ' ਦੇ ਬਗ਼ੈਰ ਹੋਰ ਕੋਈ ਥਹੁ-ਪਤਾ ਨਹੀਂ ਸੀ। ਵਾਰੀ-ਵਾਰੀ ਹਰੇਕ ਡੱਬੇ ਦੀ ਚੈਕਿੰਗ ਕੀਤੀ ਜਾ ਰਹੀ ਸੀ। ਸੋ ਮੈਂ ਆਪਣੇ ਵਾਲੀ ਟਿਕਟ ਤਾਂ ਜੇਬ ਵਿਚ ਸੰਭਾਲ ਲਈ ਤੇ ਟਿਕਟਾਂ ਚੈੱਕ ਕਰ ਰਹੇ ਬਾਬੂ ਨੂੰ ਕਹਿ ਦਿਤਾ ਕਿ ਮੈਂ ਕਾਹਲੀ ਵਿਚ ਟਿਕਟ ਨਹੀਂ ਲੈ ਸਕਿਆ, ਇਸ ਲਈ ਮੇਰੀ ਟਿਕਟ ਕੱਟ ਦੇ।

ਉਸ ਨੇ ਪੁੱਛਿਆ, 'ਕਿੱਥੋਂ ਆ ਰਿਹਾ ਹੈਂ?'

'ਨਾਸਿਕ ਤੋਂ।'

'ਕਿੱਥੇ ਜਾਣਾ ਹੈ?'

'ਕਾਨਪੁਰ।'

"ਟਿਕਟ ਚੈੱਕਰ ਨੇ ਮੇਰੇ ਕੋਲੋਂ ਬਣਦਾ ਕਿਰਾਇਆ ਲੈ ਕੇ ਮੈਨੂੰ ਕਾਨਪੁਰ ਦੀ ਟਿਕਟ ਦੇ ਦਿਤੀ, ਝਾਂਸੀ ਸਟੇਸ਼ਨ ਤਕ ਕੁਝ ਨਹੀਂ ਹੋਇਆ। ਸੋ ਅਸੀ ਤਿੰਨੇ ਬਚਦੇ-ਬਚਾਉਂਦੇ ਕਾਨਪੁਰ ਆਜ਼ਾਦ ਕੋਲ ਜਾ ਪਹੁੰਚੇ, ਜਿਸ ਨੂੰ ਸਾਰੀ ਘਟਨਾ ਦੀ ਜਾਣਕਾਰੀ ਅਖ਼ਬਾਰੀ ਖ਼ਬਰਾਂ ਤੋਂ ਮਿਲ ਚੁੱਕੀ ਹੋਈ ਸੀ। ਸਾਡੇ ਕੋਲੋਂ ਘਟਨਾ ਦਾ ਵੇਰਵਾ ਤੇ ਪੁਲਿਸ ਵਲੋਂ ਸਾਡਾ ਪਿੱਛਾ ਕਰਨ ਦੀ ਵਿਥਿਆ ਸੁਣ ਕੇ ਆਜ਼ਾਦ ਨੇ 'ਭਾਬੀ' ਨੂੰ ਐਸਾ ਡਾਂਟਿਆ ਕਿ ਉਹ ਕਈ ਦਿਨ ਘੋਰ ਨਿਰਾਸ਼ਾ 'ਚ ਰਹੀ ਸੀ।"

### 'ਭਾਬੀ' ਦੇ ਸ਼ਬਦਾਂ 'ਚ

ਬੰਬਈ ਤੋਂ ਚਲਣ ਵੇਲੇ ਅਸੀ ਐਨੇ ਭੈ-ਭੀਤ ਸਾਂ ਕਿ ਭਈਆ ਕੋਲ ਜਾਣ ਦੀ ਹਿੰਮਤ ਨਹੀਂ ਸੀ ਪੈ ਰਹੀ। ਜਿਵੇਂ ਕਿਵੇਂ ਅਸੀ ਕਾਨਪੁਰ ਆ ਪਹੁੰਚੇ। ਭਈਆ ਗੁੱਸੇ ਨਾਲ ਭਰੇ-ਭੀਤੇ ਥਰ-ਥਰ ਕੰਬ ਰਹੇ ਸਾਨੂੰ ਡਾਂਟ-ਡਪਟ ਰਹੇ ਸੀ, ਤੇ ਅਸੀ ਦੋਵੇਂ ਸਾਹ ਰੋਕੀ ਬੁੱਤ ਬਣੇ ਬੈਠੇ ਸਾਂ। ਜੇ ਮੈਂ ਚਾਹੁੰਦੀ ਤਾਂ ਆਪਣੀ ਸਫ਼ਾਈ ਵਿਚ, 7 ਅਕਤੂਬਰ ਦੇ ਫਾਂਸੀ ਦੇ ਹੁਕਮ ਕਾਰਨ, ਇਸ ਨੂੰ 'ਬਦਲਾ-ਲਓ ਕਾਰਵਾਈ' ਵਜੋਂ ਪੇਸ਼ ਕਰ ਸਕਦੀ ਸਾਂ। ਪਰ ਇਸ ਤਰ੍ਹਾਂ ਸ਼ਾਇਦ ਮੈਨੂੰ ਉਹ ਕੁਝ ਕਹਿਣਾ ਪੈ ਸਕਦਾ, ਜੋ ਮੈਂ ਕਿਸੇ ਕੀਮਤ 'ਤੇ ਵੀ ਕਹਿਣ ਨੂੰ ਤਿਆਰ ਨਹੀਂ ਸੀ, ਇਸ ਕਰਕੇ 'ਚੁੱਪ ਵਿਚ ਹੀ ਸੁਖ' ਸਮਝਿਆ।"

*(ਲੇਖਕ ਸੁਤੰਤਰਤਾ ਸੰਗ੍ਰਾਮ ਬਾਰੇ ਉੱਘਾ ਰਚਨਾਕਾਰ ਹੈ।)*

*e-mail :mjswaraich29@gmail.com*

- *ਤੁਸੀਂ ਮੈਨੂੰ ਲਹੂ ਦੇਵੋ, ਮੈਂ ਤੁਹਾਨੂੰ ਆਜ਼ਾਦੀ ਦੇਵਾਂਗਾ (ਸੁਭਾਸ਼ ਚੰਦਰ ਬੋਸ)*
- *ਗੁਲਾਮ ਉਹ ਹੈ, ਜਿਸ ਨੇ ਆਪਣੇ ਵਿਚਾਰਾਂ ਦੀ ਆਜ਼ਾਦੀ ਗੁਆ ਲਈ ਹੈ। (ਅਗਿਆਤ)*
- *ਕਿਸੇ ਦੀ ਮਿਹਰਬਾਨੀ ਮੰਗਣੀ, ਆਪਣੀ ਆਜ਼ਾਦੀ ਗੁਆਉਣਾ ਹੈ। (ਮਹਾਤਮਾ ਗਾਂਧੀ)*
- *ਜੇ ਆਜ਼ਾਦੀ ਹੈ ਤਾਂ ਤੁਹਾਨੂੰ ਰੋਟੀ ਤੇ ਇਨਸਾਫ਼ ਹਾਸਲ ਹੋਵੇਗਾ। (ਗੋਰਕੀ)*
- *ਨੇਕ ਇਨਸਾਨ ਹੀ ਆਜ਼ਾਦੀ ਨੂੰ ਦਿਲੋਂ ਪਿਆਰ ਕਰਦੇ ਹਨ। (ਜੌਨ ਮਿਲਟਨ)*
- *ਜਿਨ੍ਹਾਂ ਨੇ ਸੁਤੰਤਰ ਹੋਣਾ ਹੁੰਦਾ ਹੈ, ਉਨ੍ਹਾਂ ਨੂੰ ਆਪ ਹੀ ਜਤਨ ਕਰਨੇ ਪੈਂਦੇ ਹਨ। (ਬਾਇਰਨ)*
- *ਸੁਤੰਤਰਤਾ ਤਾਕਤ ਨਾਲ ਹੀ ਕਾਇਮ ਰਹਿੰਦੀ ਹੈ। (ਸ਼ਿੱਲਰ)*
- *ਸੁਤੰਤਰਤਾ ਇਕ ਵਿਅਕਤੀਗਤ ਮਾਮਲਾ ਨਹੀਂ ਸਗੋਂ ਸਮਾਜਿਕ ਸੱਚ ਹੈ। ਇਹ ਸਵਾਰਥ ਦੀ ਸਹੂਲਤ ਹੈ। (ਏ.ਜੀ. ਗਾਰਡਨਰ)*
- *ਆਜ਼ਾਦੀ ਜਦੋਂ ਜੜ੍ਹਾਂ ਫੜਨੀਆਂ ਸ਼ੁਰੂ ਕਰਦੀ ਹੈ ਤਾਂ ਬਹੁਤ ਛੇਤੀ ਪੌਦਾ ਬਣ ਜਾਂਦੀ ਹੈ। (ਜਾਰਜ ਵਾਸ਼ਿੰਗਟਨ)*
- *ਸੁਤੰਤਰ ਹੋ ਕੇ ਹੀ ਦੂਜਿਆਂ ਨੂੰ ਸੁਤੰਤਰ ਕਰਵਾ ਸਕਦੇ ਹਾਂ। (ਅਰਵਿੰਦ)*


## ਮੈਂਬਰਸ਼ਿੱਪ ਕੂਪਨ

❑ ਨਵੀਂ ਮੈਂਬਰਸ਼ਿੱਪ ❑ ਨਵੀਨੀਕਰਨ ❑ ਪਤਾ ਬਦਲਣ ਵਾਸਤੇ

(ਜੋ ਲਾਗੂ ਹੁੰਦਾ ਹੋਵੇ ਉਸ ਉਤੇ '✓' ਦਾ ਚਿੰਨ੍ਹ ਲਾਓ।)

ਮੈਂ .................................................. (ਪੱਤ੍ਰਿਕਾ ਦਾ ਨਾਮ ਅਤੇ ਭਾਸ਼ਾ) ਦਾ

❑ ਸਾਲਾਨਾ (` 100) ❑ ਦੋ ਸਾਲ (` 180) ❑ ਤਿੰਨ ਸਾਲ (` 250) ਮੈਂਬਰ ਬਣਨ ਦਾ/ਦੀ ਇੱਛੁਕ ਹਾਂ।

ਡਿਮਾਂਡ ਡਰਾਫ਼ਟ/ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਨੰ: ................................ ਤਾਰੀਖ ................................

ਨਾਮ ................................................................ਵਰਗ ❑ ਵਿਦਿਆਰਥੀ ❑ ਅਧਿਆਪਕ ❑ ਸੰਸਥਾ ❑ ਹੋਰ

ਪਤਾ ..................................................................................................................

..................................................................................................ਪਿਨ..........................................

ਨਵੀਨੀਕਰਨ/ਪਤਾ ਬਦਲਣ ਲਈ ਕ੍ਰਿਪਾ ਕਰਕੇ ਆਪਣਾ ਮੈਂਬਰਸ਼ਿੱਪ ਨੰਬਰ ਇੱਥੇ ਲਿਖੋ ...................................................

ਡਿਮਾਂਡ ਡਰਾਫਟ/ਭਾਰਤੀ ਪੋਸਟਲ ਆਰਡਰ/ਮਨੀ ਆਰਡਰ
**ADG (i/c), Publications Division**
ਦੇ ਨਾਂ 'ਤੇ ਬਣਾ ਕੇ ਕੂਪਨ ਸਮੇਤ ਇਸ ਪਤੇ ਉਤੇ ਭੇਜੋ :

**Business Manager (Circulation & Advertisement),**
**Publications Division, Ministy of I&B**
**East Block-4, Level-7, R.K. Puram, New Delhi-110066**

# ਕਪਾਹ ਦੇ ਟੀਂਡੇ ਤੋੜਨ ਵਾਲੀ ਮਸ਼ੀਨ

ਨਾਤੂਭਾਈ ਆਰ ਵਡੇਰ

ਗੁਜਰਾਤ ਦੇ ਖ਼ੁਸ਼ਕ ਖੇਤਰਾਂ ਵਿਚ ਕਪਾਹ ਦੀ ਖੇਤੀ ਆਮ ਹੈ। ਪਰ ਕੁਝ ਕਿਸਮਾਂ ਵਿਚ ਕਪਾਹ ਦੇ ਟੀਂਡੇ ਫੁੱਟਦੇ ਨਹੀਂ ਅਤੇ ਕਪਾਹ ਸਿੱਧੀ ਨਹੀਂ ਚੁਗੀ ਜਾ ਸਕਦੀ। ਵੜੇਵਿਆਂ ਨੂੰ ਵੱਖ ਕਰਨਾ ਅਤੇ ਕਪਾਹ ਦੇ ਟੀਂਡਿਆਂ ਨੂੰ ਤੋੜਨਾ ਬਹੁਤ ਅਕਾਉਣ ਵਾਲਾ ਕੰਮ ਹੈ ਜਿਸ ਲਈ ਚੋਖੇ ਮਜ਼ਦੂਰਾਂ ਦੀ ਜ਼ਰੂਰਤ ਹੁੰਦੀ ਹੈ। ਇਰਵਾੜਾ (ਸੁਰੇਂਦਰ ਨਗਰ ਜ਼ਿਲ੍ਹਾ, ਗੁਜਰਾਤ) ਦੇ 40 ਸਾਲਾਂ ਦੇ ਕਿਸਾਨ ਨਾਤੂਭਾਈ ਨੇ ਇਸ ਸਮੱਸਿਆ ਦਾ ਸਥਾਈ ਹੱਲ ਆਪਣੇ ਟਰੈਕਟਰ ਨਾਲ ਚੱਲਣ ਵਾਲੀ, ਕਪਾਹ ਦੇ ਟੀਂਡੇ ਤੋੜਨ ਵਾਲੀ ਮਸ਼ੀਨ ਬਣਾ ਕੇ ਕੱਢ ਲਿਆ ਜੋ ਟਰੈਕਟਰ ਦੇ ਪੀ ਟੀ ਓ ਨਾਲ ਚਲਦੀ ਹੈ। ਇਹ ਮਸ਼ੀਨ ਨਾ ਸਿਰਫ਼ ਟੀਂਡੇ ਤੋੜਦੀ ਹੈ ਸਗੋਂ ਟੀਂਡਿਆਂ ਵਿਚੋਂ ਕਪਾਹ ਵੀ ਕੱਢਦੀ ਹੈ।

***ਨਾਤੂਭਾਈ ਰਾਤੂਭਾਈ ਵਡੇਰ ਦੇ ਪਰਿਵਾਰ ਵਿਚ ਉਸ ਦੀ ਮਾਂ, ਪਤਨੀ ਅਤੇ ਦੋ ਬੱਚੇ ਹਨ। ਛੇ ਬੱਚਿਆਂ ਵਿਚੋਂ ਸਭ ਤੋਂ ਛੋਟੇ ਨਾਤੂਭਾਈ ਨੂੰ ਬਚਪਨ ਵਿਚ ਮਾਤਾ-ਪਿਤਾ ਅਤੇ ਭੈਣ-ਭਰਾਵਾਂ ਦਾ ਲਾਡ ਪਿਆਰ ਮਿਲਿਆ। ਇਕ ਬੱਚਾ ਹੁੰਦਿਆਂ ਉਹ ਹਮੇਸ਼ਾ ਇਹ ਜਾਣਨ ਲਈ ਉਤਸੁਕ ਰਹਿੰਦਾ ਕਿ ਮਸ਼ੀਨਾਂ ਕੰਮ ਕਿਵੇਂ ਕਰਦੀਆਂ ਹਨ ਅਤੇ ਇਸੇ ਚੱਕਰ ਵਿਚ ਉਸ ਨੇ ਕਈ ਮਸ਼ੀਨਾਂ ਖਰਾਬ ਕੀਤੀਆਂ। ਉਸ ਦੀ ਇਸੇ ਖਿੱਚ ਅਤੇ ਮਸ਼ੀਨ ਦੇ ਅੰਦਰਲੀ ਕੰਮ ਕਰਨ ਦੀ ਸਮਝ ਨੇ ਉਸ ਕੋਲੋਂ ਕਪਾਹ ਦੇ ਟੀਂਡੇ ਤੋੜਨ ਵਾਲੀ ਮਸ਼ੀਨ ਈਜਾਦ ਕਰਵਾ ਦਿਤੀ।***

ਭਾਰਤ ਦੇ ਦੂਸਰੇ ਕਈ ਸਮਾਜਾਂ ਵਾਂਗ ਨਾਰੋਦਾ ਰਾਜਪੂਤ ਭਾਈਚਾਰੇ ਵਿਚ ਵੀ ਬਾਲ ਵਿਆਹ ਦੀ ਪ੍ਰਥਾ ਪ੍ਰਚਿਲਤ ਹੈ ਅਤੇ ਇਸੇ ਮੁਤਾਬਕ ਕਿਸ਼ੋਰ ਅਵਸਥਾ ਵਿਚ ਹੀ ਨਾਤੂਭਾਈ ਦਾ ਵਿਆਹ ਪੁਸਪਾਬੇਨ ਨਾਲ ਹੋ ਗਿਆ। ਇਕ ਸਾਲ ਬਾਅਦ ਉਸ ਨੂੰ ਕਾਡੀ, ਜ਼ਿਲ੍ਹਾ ਮਹਿਸਾਨਾ ਦੇ ਇਕ ਬੋਰਡਿੰਗ ਸਕੂਲ ਭੇਜ ਦਿਤਾ ਗਿਆ, ਜਿਥੇ ਅੱਜਕੱਲ੍ਹ ਉਸ ਦਾ ਬੇਟਾ ਧਰਮੇਂਦਰ ਪੜ੍ਹ ਰਿਹਾ ਹੈ। ਇਸੇ ਸਮੇਂ ਉਸ ਦੇ ਵੱਡੇ ਭਰਾਵਾਂ ਨੂੰ ਨੌਕਰੀਆਂ ਮਿਲ ਗਈਆਂ ਅਤੇ ਉਹ ਪਿੰਡ ਨੂੰ ਛੱਡ ਗਏ। ਵੱਡਾ ਇਕ ਠੇਕੇਦਾਰ ਹੈ ਅਤੇ ਅਹਿਮਦਾਬਾਦ ਵਿਚ ਆਪਣਾ ਵਪਾਰ ਕਰਦਾ ਹੈ ਜਦ ਕਿ ਛੋਟਾ ਦਸਾਦਾ ਵਿਚ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਹੈ। ਜਦੋਂ ਵੱਡੇ ਭਰਾ ਬਾਹਰ ਚਲੇ ਗਏ ਤਾਂ ਉਨ੍ਹਾਂ ਦੇ ਪਿਤਾ ਨੂੰ ਆਪਣੇ ਸਿਰ 'ਤੇ ਖੇਤੀ ਸਰਗਰਮੀਆਂ ਚਲਾਉਣੀਆਂ ਔਖੀਆਂ ਜਾਪਣ ਲੱਗੀਆਂ। ਫਿਰ ਉਸ ਨੇ ਨਾਤੂਭਾਈ ਨੂੰ ਹੱਥ ਵਟਾਉਣ ਲਈ ਆਖਿਆ ਅਤੇ ਆਗਿਆਕਾਰੀ ਪੁੱਤਰ ਵਾਂਗ ਉਸ ਨੇ ਪੜ੍ਹਾਈ ਛੱਡ ਦਿਤੀ। ਉਸ ਦੇ ਪਿਤਾ ਦਾ ਮੰਨਣਾ ਸੀ ਕਿ ਪੜ੍ਹਾਈ ਦਾ ਇਕੋ-ਇਕ ਮੰਤਵ ਸਿਰਫ਼ ਰੁਜ਼ਗਾਰ ਹਾਸਲ ਕਰਨਾ ਹੀ ਨਹੀਂ ਹੈ ਸਗੋਂ ਇਹ ਇਕ ਵਿਅਕਤੀ ਦੇ ਨਿੱਜੀ ਜੀਵਨ ਵਿਚ ਕਦਰਾਂ-ਕੀਮਤਾਂ ਦਾ ਵਾਧਾ ਕਰਦੀ ਹੈ। ਨਾਤੂਭਾਈ ਦੀ ਸੋਚ ਵੀ ਇਸੇ ਤਰ੍ਹਾਂ ਦੀ ਹੈ। ਨਾਤੂਭਾਈ ਦਾ ਪਿਤਾ ਰਾਤੂਭਾਈ ਪਿੰਡ ਦਾ ਸਤਿਕਾਰਤ ਵਿਅਕਤੀ ਸੀ ਅਤੇ ਉਸ ਕੋਲ 150 ਏਕੜ ਜ਼ਮੀਨ ਸੀ। "ਉਸ ਦੇ ਚੰਗੇ ਤਾਲਮੇਲ ਕਰਕੇ, ਮਜ਼ਦੂਰ ਉਸ ਦੇ ਵਫ਼ਾਦਾਰ ਸਨ ਅਤੇ ਉਨ੍ਹਾਂ ਵਿਚੋਂ ਕੁਝ ਨੇ ਪੂਰੀ ਜ਼ਿੰਦਗੀ ਉਸ ਨਾਲ ਕੰਮ ਕੀਤਾ", ਨਾਤੂਭਾਈ ਨੇ ਦੱਸਿਆ। ਉਸ ਲਈ ਖੇਤੀਬਾੜੀ ਕਿਸੇ ਹੋਰ ਰੁਜ਼ਗਾਰ ਨਾਲੋਂ ਜ਼ਿਆਦਾ ਲਾਹੇਵੰਦ ਹੈ ਅਤੇ ਇਹੀ ਕਾਰਨ ਸੀ ਕਿ ਉਸ ਨੇ ਵਾਹੀ ਨੂੰ ਆਜੀਵਿਕਾ ਦੇ ਵਿਕਲਪ ਵਜੋਂ ਅਪਣਾਇਆ। ਨਾਤੂਭਾਈ ਦੱਸਦਾ ਹੈ ਕਿ ਉਹ ਆਪਣੇ ਅਧਿਆਪਕ ਭਰਾ ਨਾਲੋਂ ਜ਼ਿਆਦਾ ਕਮਾਈ ਕਰ ਰਿਹਾ ਹੈ। ਜਦੋਂ ਉਨ੍ਹਾਂ ਦੇ ਪਿਤਾ ਚੜ੍ਹਾਈ ਕਰ ਗਏ ਤਾਂ ਜੱਦੀ ਜਾਇਦਾਦ ਨੂੰ ਭਰਾਵਾਂ ਵਿਚ ਵੰਡ ਦਿਤਾ ਗਿਆ ਅਤੇ ਨਾਤੂਭਾਈ ਦੇ ਹਿੱਸੇ ਕਾਫ਼ੀ ਆਈ। ਉਹ ਜ਼ਮੀਨ-ਜਾਇਦਾਦ ਦੇ ਦਲਾਲ ਵਜੋਂ ਵੀ ਕੰਮ ਕਰਦਾ ਹੈ। ਬਿਜਾਈ ਦੀ ਰੁੱਤ ਖਤਮ ਹੋਣ ਉਪਰੰਤ ਜ਼ਿਆਦਾਤਰ ਪਿੰਡ ਵਾਸੀ ਰਾਮ ਮੰਦਰ ਵਿਖੇ ਆ ਬਹਿੰਦੇ ਹਨ ਅਤੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕਰਦੇ ਹਨ। ਅਕਸਰ ਉਹ ਸਾਲ ਦੇ ਫ਼ਸਲੀ ਚੱਕਰ ਬਾਰੇ ਵਿਚਾਰਾਂ ਕਰਦੇ ਹਨ। ਨਾਤੂਭਾਈ ਇਸ ਮੌਕੇ ਨੂੰ ਸਮਾਜਿਕ ਅਦਾਨ-ਪ੍ਰਦਾਨ ਦੇ ਆਧਾਰ ਵਜੋਂ ਇਸਤੇਮਾਲ ਕਰਦਾ ਹੈ।

## ਕਪਾਹ ਦੇ ਟੀਂਡੇ ਤੋੜਨ ਵਾਲੀ ਮਸ਼ੀਨ ਦੀ ਉਤਪਤੀ

ਸੁਰੇਂਦਰਨਗਰ, ਅਹਿਮਦਾਬਾਦ ਅਤੇ ਰੰਧਨਪੁਰ, ਜੋ ਕੇਂਦਰੀ ਗੁਜਰਾਤ ਦੇ ਜ਼ਿਲ੍ਹੇ ਹਨ, ਵਿਚ ਕਪਾਹ ਉਗਾਈਆਂ ਜਾਣ ਵਾਲੀਆਂ ਫ਼ਸਲਾਂ ਵਿਚੋਂ ਪ੍ਰਮੁੱਖ ਫ਼ਸਲ ਹੈ। ਪਾਣੀ ਦੀ ਘਾਟ ਅਤੇ ਇਲਾਕੇ ਵਿਚ ਪ੍ਰਚਲਿਤ ਦੂਸਰੇ ਭੂਗੋਲਿਕ ਹਾਲਾਤ ਕਰਕੇ ਕਪਾਹ ਦੀ ਸਥਾਨਕ ਕਿਸਮ ਕਲਿਆਣ ਵੀ-797, ਜਿਸ ਨੂੰ ਸ਼ੰਕਰ ਵੀ ਕਿਹਾ ਜਾਂਦਾ ਹੈ, ਇਸ ਖਿੱਤੇ ਵਿਚ ਵੱਡੇ ਪੱਧਰ 'ਤੇ ਉੱਗਾਈ ਜਾਂਦੀ ਹੈ। ਨਾਤੂਭਾਈ ਦੇ ਪਿੰਡ ਇਰਵਾੜਾ ਵਿਚ ਵੀ ਇਸੇ ਕਿਸਮ ਨੂੰ ਉੱਗਾਇਆ ਜਾਂਦਾ ਹੈ। ਇਹ ਫ਼ਸਲ ਬਾਰਸ਼ 'ਤੇ ਆਧਾਰਤ ਹੈ ਅਤੇ ਪੱਕਣ ਲਈ ਨੌਂ ਤੋਂ ਦਸ ਮਹੀਨੇ ਲੈਂਦੀ ਹੈ। ਇਸ ਦੀ ਬਿਜਾਈ ਮੌਨਸੂਨ ਦੌਰਾਨ ਕੀਤੀ ਜਾਂਦੀ ਹੈ ਅਤੇ ਕਟਾਈ/ਚੁਗਾਈ ਮਾਰਚ ਅਤੇ ਅਪ੍ਰੈਲ ਦੇ ਆਸ-ਪਾਸ ਕੀਤੀ ਜਾਂਦੀ

ਹੈ। ਇਕ ਵਾਰੀ ਫ਼ਸਲ ਤਿਆਰ ਹੋ ਜਾਏ ਤਾਂ ਮਜ਼ਦੂਰਾਂ ਨੂੰ ਕਪਾਹ ਚੁਗਣ ਲਈ ਖੇਤਾਂ ਵਿਚ ਲਾਇਆ ਜਾਂਦਾ ਹੈ। ਇਹ ਬਹੁਤ ਹੀ ਮਜ਼ਦੂਰਾਂ ਦੀ ਗਹਿਨਤਾ ਵਾਲੀ ਸਰਗਰਮੀ ਹੈ ਅਤੇ ਅਕਸਰ ਕਿਸਾਨ ਅਤੇ ਉਨ੍ਹਾਂ ਦੇ ਪਰਿਵਾਰ ਖੇਤਾਂ ਵਿਚੋਂ ਕਪਾਹ ਚੁਗਣ ਲਈ ਮਜ਼ਦੂਰਾਂ ਨਾਲ ਸ਼ਾਮਿਲ ਹੋ ਜਾਂਦੇ ਹਨ। ਕਿਉਂਕਿ ਸਾਰੇ ਖੇਤਰ ਵਿਚ ਚੁਗਾਈ/ਕਟਾਈ ਦਾ ਸਮਾਂ ਇਕੋ ਜਿਹਾ ਹੁੰਦਾ ਹੈ ਤਾਂ ਇਸ ਸਮੇਂ ਦੌਰਾਨ ਮਜ਼ਦੂਰਾਂ ਦੀ ਮੰਗ ਵੀ ਜ਼ਿਆਦਾ ਵਧ ਜਾਂਦੀ ਹੈ। ਪਿੰਡ ਵਿਚੋਂ ਮਜ਼ਦੂਰ ਮਿਲਣੇ ਬਹੁਤ ਮੁਸ਼ਕਿਲ ਹੋ ਜਾਂਦੇ ਹਨ ਅਤੇ ਜੇ ਸਮੇਂ ਸਿਰ ਕਪਾਹ ਨਾ ਚੁਗੀ ਜਾਏ ਤਾਂ ਫ਼ਸਲ ਬਰਬਾਦ ਹੋ ਜਾਂਦੀ ਹੈ। ਮਜ਼ਦੂਰ ਅਕਸਰ ਵੱਧ ਮਜ਼ਦੂਰੀ ਦੀ ਮੰਗ ਕਰਦੇ ਹਨ ਅਤੇ ਥੋੜ੍ਹੇ ਸਮੇਂ ਵਾਸਤੇ ਕੰਮ ਕਰਨ ਲਈ ਰਾਜ਼ੀ ਨਹੀਂ ਹੁੰਦੇ। ਅੱਜਕੱਲ੍ਹ ਇਸ ਖਿੱਤੇ ਵਿਚ ਉਦਯੋਗ ਲੱਗਣੇ ਸ਼ੁਰੂ ਹੋ ਗਏ ਹਨ ਅਤੇ ਬੇਹਤਰ ਤਨਖ਼ਾਹਾਂ ਦੇ ਚਲਦਿਆਂ ਮਜ਼ਦੂਰ ਕਪਾਹ ਦੇ ਖੇਤਾਂ ਦੀ ਬਜਾਇ ਉਦਯੋਗਾਂ ਵਿਚ ਕੰਮ ਕਰਨ ਨੂੰ ਤਰਜੀਹ ਦਿੰਦੇ ਹਨ। ਛੋਟੇ ਅਤੇ ਦਰਮਿਆਨੇ ਦਰਜੇ ਦੇ ਕਿਸਾਨ ਵੱਧ ਮਜ਼ਦੂਰੀ ਦੇਣ ਤੋਂ ਅਸਮਰਥ ਹੁੰਦੇ ਹਨ ਅਤੇ ਉਨ੍ਹਾਂ ਨੂੰ ਬਾਹਰੋਂ ਮਜ਼ਦੂਰ ਲਿਆਉਣੇ ਅਸੰਭਵ ਹੋ ਜਾਂਦੇ ਹਨ। ਜਦ ਕਿ ਇਹ ਕਿਸਾਨਾਂ ਲਈ ਸਾਲ ਵਿਚ ਆਮਦਨ ਦਾ ਇਕੋ-ਇਕ ਮੌਕਾ ਹੁੰਦਾ ਹੈ, ਉਨ੍ਹਾਂ ਨੂੰ ਕਿਸੇ ਵੀ ਤਰੀਕੇ ਕਪਾਹ ਦੀ ਚੁਗਾਈ ਕਰਾਉਣੀ ਪੈਂਦੀ ਹੈ।

ਨਾਤੂਭਾਈ ਦੇ ਪਿਤਾ ਕੋਲ ਅੱਸੀ ਏਕੜ ਜ਼ਮੀਨ ਸੀ। ਉਸ ਨੂੰ ਸਾਰੇ ਫਾਰਮ 'ਤੇ ਮਜ਼ਦੂਰ ਲਾਉਣੇ ਮੁਸ਼ਕਿਲ ਸਨ ਅਤੇ ਇਸੇ ਕਰਕੇ ਨਾਤੂਭਾਈ ਖੇਤਾਂ ਵਿਚ ਮਜ਼ਦੂਰਾਂ ਦੀ ਕਪਾਹ ਚੁਗਣ ਵਿਚ ਮਦਦ ਕਰਦਾ ਸੀ। ਉਸ ਨੇ ਦੇਖਿਆ ਕਿ ਈਮਾਨਦਾਰ ਅਤੇ ਵਫ਼ਾਦਾਰ ਕਾਮਿਆਂ ਦੀ ਇਕ ਵੱਡੀ ਟੀਮ ਹੋਣ ਦੇ ਬਾਵਜੂਦ ਕਪਾਹ ਚੁਗਣ ਦੇ ਸੀਜ਼ਨ ਦੌਰਾਨ ਕਾਮਿਆਂ ਦੀ ਥੋੜ੍ਹ ਰਹਿੰਦੀ ਹੈ। ਇਕ ਵਾਰ ਕੰਮ ਕਰਦਿਆਂ ਉਸ ਦੇ ਦਿਮਾਗ਼ ਵਿਚ ਇਹ ਕੰਮ ਕਰਨ ਲਈ ਮਸ਼ੀਨ ਬਣਾਉਣ ਦਾ ਵਿਚਾਰ ਆਇਆ। ਨਾਤੂਭਾਈ ਕਹਿੰਦਾ ਹੈ, "ਮੈਥੋਂ ਆਪਣੇ ਪਿਤਾ ਅਤੇ ਦੂਜੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਬਰਦਾਸ਼ਤ ਨਹੀਂ ਸੀ ਹੋ ਰਹੀਆਂ। ਕਾਫ਼ੀ ਸਾਰੀ ਕਪਾਹ ਬਰਬਾਦ ਹੋ ਜਾਂਦੀ ਸੀ। ਇਕ ਮਸ਼ੀਨ ਨਿਸ਼ਚਤ ਹੀ ਕੰਮ ਨੂੰ ਅਸਾਨ ਬਣਾ ਦੇਵੇਗੀ।"

ਜਦੋਂ ਨਾਤੂਭਾਈ ਨਮੂਨੇ ਦਾ ਖ਼ਾਕਾ ਮਨ ਵਿਚ ਉਲੀਕ ਰਿਹਾ ਸੀ, ਉਸ ਦੀ ਪਤਨੀ ਦੀ ਇਕ ਹਾਦਸੇ ਵਿਚ ਮੌਤ ਹੋ ਗਈ। ਇਸ ਨੇ ਉਸ ਨੂੰ ਗਹਿਰਾ ਦੁੱਖ ਪਹੁੰਚਾਇਆ। ਬਾਅਦ ਵਿਚ ਉਸ ਦੇ ਪਰਿਵਾਰ ਨੇ, ਉਸੇ ਭਾਈਚਾਰੇ ਦੀ ਇਕ ਵਿਧਵਾ, ਨਾਬੂਬੇਨ ਨਾਲ ਉਸ ਦਾ ਵਿਆਹ ਕਰਵਾ ਦਿਤਾ। ਉਸ ਨੇ ਨਾਤੂਭਾਈ ਅਤੇ ਛੋਟੇ ਧਰਮੇਂਦਰ ਦੀ ਪੂਰੀ ਸੰਭਾਲ ਕੀਤੀ ਅਤੇ ਕੁਝ ਸਾਲਾਂ ਬਾਅਦ ਉਨ੍ਹਾਂ ਦੇ ਘਰ ਰਾਵੀਨਾ ਦਾ ਜਨਮ ਹੋਇਆ।

ਇਸੇ ਸਮੇਂ, ਨਾਤੂਭਾਈ ਨੇ ਚੇਤਕ ਦੀ ਖ਼ਬਰ ਸੁਣੀ – ਸਵੈਚਾਲਿਤ ਕਪਾਹ ਚੁਗਣ ਵਾਲੀ ਮਸ਼ੀਨ, ਜਿਸ ਨੂੰ ਇਕ ਖੋਜੀ ਮਨਸੁਖ ਪਟੇਲ ਨੇ ਬਣਾਇਆ ਸੀ ਜੋ ਨੇੜਲੇ ਇਕ ਪਿੰਡ ਦਾ ਸੀ (ਸ਼ੁਰੂਆਤ ਵਿਚ ਜਿਸ ਨੂੰ ਹਨੀ ਬੀ ਨੈੱਟਵਰਕ ਨੇ ਜੀ ਆਈ ਏ ਐੱਨ ਰਾਹੀਂ ਮਦਦ ਕੀਤੀ)। ਇਸ ਮਸ਼ੀਨ ਨਾਲ ਇਲਾਕੇ ਦੇ ਕਪਾਹ ਉਦਯੋਗ ਵਿਚ ਕ੍ਰਾਂਤੀ ਆ ਗਈ। ਉਸ ਦੀ ਸਫਲਤਾ ਨੇ ਨਾਤੂਭਾਈ ਦੀ ਇਸ ਧਾਰਨਾ ਨੂੰ ਮਜ਼ਬੂਤ ਕੀਤਾ ਕਿ ਉਸ ਦੀ ਮਸ਼ੀਨ ਵੀ ਇਕ ਦਿਨ ਕਪਾਹ ਦੇ ਟੀਂਡੇ ਚੁਗੇਗੀ। ਉਹ ਕਹਿੰਦਾ ਹੈ ਕਿ ਇਸ ਨੇ ਮੇਰੀ ਧਾਰਨਾ ਨੂੰ ਉਤਸ਼ਾਹ ਦਿਤਾ ਕਿ ਮੇਰੀ ਮਸ਼ੀਨ ਵੀ ਕਪਾਹ ਚੁਗ ਸਕਦੀ ਹੈ। ਜਦੋਂ ਉਸ ਨੇ ਸਾਲ ਦਰ ਸਾਲ ਇਸ ਮਸ਼ੀਨ ਨੂੰ ਡਿਜ਼ਾਈਨ ਕਰਨ ਲਈ ਆਪਣੀ ਬਚਤ ਨੂੰ ਨਿਵੇਸ਼ ਕਰਨਾ ਸ਼ੁਰੂ ਕੀਤਾ ਅਤੇ ਚੰਗੇ ਨਤੀਜੇ ਨਹੀਂ ਪ੍ਰਾਪਤ ਹੋ ਰਹੇ ਸਨ ਤਾਂ ਉਸ ਦੀ ਪਤਨੀ ਨੇ ਸ਼ਿਕਾਇਤ ਕਰਨੀ ਸ਼ੁਰੂ ਕਰ ਦਿਤੀ। ਨਾਤੂਭਾਈ ਨੇ ਖੋਜ 'ਤੇਲਗਭਗ 10-12 ਲੱਖ ਰੁਪਏ ਖਰਚ ਕਰ ਦਿਤੇ ਜਿਸ ਕਰਕੇ ਉਹ ਆਪਣੇ ਪਰਿਵਾਰ ਦੀਆਂ ਲੋੜਾਂ ਵੱਲ ਧਿਆਨ ਨਾ ਦੇ ਸਕਿਆ। ਜਦੋਂ ਉਸ ਦਾ ਪਹਿਲਾ ਮਾਡਲ ਅਸਫਲ ਹੋ ਗਿਆ, ਉਸ ਦੀ ਪਤਨੀ ਨੇ ਇਤਰਾਜ਼ ਕੀਤਾ ਅਤੇ ਉਸ ਨੂੰ ਹੋਰ ਨਿਵੇਸ਼ ਨਾ ਕਰਨ ਦੀ ਸਲਾਹ ਦਿਤੀ। ਉਹ ਚਾਹੁੰਦੀ ਸੀ ਕਿ ਨਾਤੂਭਾਈ ਆਪਣੇ ਬੱਚਿਆਂ ਦੀ ਸਿੱਖਿਆ ਅਤੇ ਭਵਿੱਖ ਵੱਲ ਧਿਆਨ ਦੇਵੇ। ਨਾਤੂਭਾਈ ਚੇਤੇ ਕਰਦਾ ਹੈ, "ਕਦੇ-ਕਦੇ ਮੈਂ ਘਰੋਂ ਇਹ ਸੋਚ ਕੇ ਨਿਕਲਦਾ ਕਿ ਮੈਂ ਕਰਿਆਨੇ ਦੀ ਦੁਕਾਨ ਤੋਂ ਤੇਲ ਖਰੀਦਣ ਜਾ ਰਿਹਾ ਹਾਂ। ਪਰ ਮੈਂ ਮਸ਼ੀਨ ਲਈ ਕੁਝ ਲੋਹੇ ਦੇ ਪੁਰਜ਼ੇ ਖਰੀਦ ਕੇ ਘਰ ਮੁੜਦਾ।" ਪਰ ਇਹ ਜ਼ਿਆਦਾ ਦੇਰ ਨਾ ਚੱਲ ਸਕਿਆ। ਉਹ ਪਹਿਲਾਂ ਹੀ 10 ਲੱਖ ਤੋਂ ਵੱਧ ਰੁਪਏ ਨਿਵੇਸ਼ ਕਰ ਚੁੱਕਾ ਸੀ ਅਤੇ ਇਹ ਕੋਈ ਭਰੋਸਾ ਨਹੀਂ ਸੀ ਕਿ ਉਹ ਸਫਲ ਹੋਵੇਗਾ। ਪਰਿਵਾਰ ਦੀ ਆਲੋਚਨਾ ਤੋਂ ਤੰਗ ਆ ਕੇ, ਉਸ ਨੇ ਲਗਭਗ ਤਿੰਨ ਸਾਲ ਇਸ ਮਸ਼ੀਨ 'ਤੇ ਕੰਮ ਕਰਨਾ ਬੰਦ ਕਰ ਦਿਤਾ। 2004 ਵਿਚ ਐੱਸ ਆਰ ਆਈ ਐੱਸ ਟੀ ਆਈ


ਨਾਤੂਭਾਈ ਰਾਤੂਭਾਈ ਵਲੋਂ ਬਣਾਈ ਕਪਾਹ ਦੇ ਟੀਂਡੇ ਤੋੜਣ ਵਾਲੀ ਮਸ਼ੀਨ

ਨੇ ਉਸ ਦੇ ਇਸ ਪ੍ਰਜੈਕਟ ਲਈ ਪੈਸਾ ਲਾਉਣ ਦਾ ਫੈਸਲਾ ਕੀਤਾ ਜਿਸ ਨੇ ਉਸ ਦੀ ਮੱਠੀ ਪਈ ਇੱਛਾ ਨੂੰ ਹਵਾ ਦੇ ਦਿਤੀ। ਸਿੱਟੇ ਵਜੋਂ, ਐੱਨ ਆਈ ਐੱਫ/ਜੀ ਆਈ ਏ ਐੱਨ ਨੇ ਗਰਾਂਟ ਵਧਾ ਕੇ 1,50,000 ਕਰ ਦਿਤੀ। ਫਿਰ ਉਸ ਨੇ ਆਪਣੀ ਮਸ਼ੀਨ ਦਾ ਵਿਕਾਸ ਕਰਨਾ ਸ਼ੁਰੂ ਕੀਤਾ।

ਮਸ਼ੀਨ ਡਿਜ਼ਾਈਨ ਕਰਨ ਲਈ ਨਾਤੂਭਾਈ ਕੋਲ ਕੋਈ ਤਕਨੀਕੀ ਜਾਣਕਾਰੀ ਨਹੀਂ ਸੀ। ਪਰ ਉਹ ਇਰਾਦੇ ਦਾ ਪੱਕਾ ਸੀ ਅਤੇ ਕੰਮ ਕਰਦਿਆਂ ਸਿੱਖਣ ਵਿਚ ਯਕੀਨ ਰੱਖਦਾ ਸੀ। ''ਮੈਂ ਇਸ ਸਚਾਈ ਵਿਚ ਯਕੀਨ ਰੱਖਦਾ ਸਾਂ ਕਿ ਜੇ ਕੋਈ ਈਮਾਨਦਾਰੀ ਨਾਲ ਕਿਸੇ ਕੰਮ ਨੂੰ ਕਰਨ ਦਾ ਇਰਾਦਾ ਕਰ ਲਵੇ ਤਾਂ ਉਸ ਨੂੰ ਸਿੱਖਣ ਲਈ ਰਸਤੇ ਵੀ ਮਿਲ ਜਾਂਦੇ ਹਨ। ਇਸ ਲਈ ਮੈਂ ਘੰਟਿਆਂ ਬੱਧੀ ਖੇਤ ਵਿਚ ਬੈਠਾ ਰਹਿੰਦਾ ਅਤੇ ਸੋਚਦਾ ਕਿ ਕਿਹੜੀ ਤਾਕਤ ਟੀਂਡੇ ਨੂੰ ਡੰਡਲ ਨਾਲੋਂ ਵੱਖ ਕਰ ਸਕਦੀ ਹੈ।

***ਬਾਅਦ ਵਿਚ ਜਦੋਂ ਵਿਚਾਰ ਮੇਰੇ ਦਿਮਾਗ਼ ਵਿਚ ਸਪੱਸ਼ਟ ਹੋ ਗਿਆ ਤਾਂ ਮੈਂ ਡ੍ਰਾਇੰਗ ਬਣਾਈਆਂ। ਮੈਂ ਕੁਝ ਕੱਟਣ, ਛੇਕ ਕਰਨ ਆਦਿ ਦੇ ਔਜ਼ਾਰ ਲਿਆਂਦੇ ਅਤੇ ਡਿਜ਼ਾਈਨ 'ਤੇ ਕੰਮ ਕਰਨਾ ਸ਼ੁਰੂ ਕਰ ਦਿਤਾ।" ਖੇਤ ਵਿਚ ਕੰਮ ਕਰਦਿਆਂ ਉਸ ਨੂੰ ਅਹਿਸਾਸ ਹੋਇਆ ਕਿ ਇਕ ਰਗੜ ਕਰਨ ਵਾਲੀ ਕਿਰਿਆ ਟੀਂਡੇ ਨੂੰ ਡੰਡੀ ਨਾਲੋਂ ਤੋੜਨ ਵਿਚ ਮਦਦ ਕਰੇਗੀ। ਆਪਣੀ ਕਲਪਨਾ ਨੂੰ ਪਰਖਣ ਲਈ ਉਸ ਨੇ ਪੌਦਿਆਂ ਨੂੰ ਠੋਕਰ ਮਾਰਨ ਦੇ ਵੱਖ-ਵੱਖ ਤਰੀਕੇ ਅਜ਼ਮਾਏ ਅਤੇ ਅਖੀਰ ਵਿਚ ਨਿਚੋੜ ਕੱਢਿਆ ਕਿ ਰਗੜ ਪੈਦਾ ਕਰਨ ਵਾਲੀਆਂ ਸੋਟੀਆਂ ਦਾ ਇਕ ਸੈੱਟ ਇਸ ਕੰਮ ਨੂੰ ਕਰ ਸਕੇਗਾ। ਹੌਲੀ-ਹੌਲੀ, ਉਸ ਨੂੰ ਲੋੜੀਂਦਾ ਸਾਜ਼- ਸਾਮਾਨ ਪ੍ਰਾਪਤ ਹੋਣ ਲੱਗਾ ਜੋ ਉਸ ਨੂੰ ਮਸ਼ੀਨ ਬਣਾਉਣ ਅਤੇ ਨਿੱਜੀ ਵਰਕਸ਼ਾਪ ਖੋਲ੍ਹਣ ਲਈ ਚਾਹੀਦਾ ਸੀ।***

ਉਸ ਨੇ ਮਸ਼ੀਨ ਦੇ ਜ਼ਿਆਦਾਤਰ ਹਿੱਸੇ-ਪੁਰਜ਼ੇ ਆਪਣੀ ਵਰਕਸ਼ਾਪ ਵਿਚ ਹੀ ਬਣਾਏ ਸਨ। ਉਹ ਦੱਸਦਾ ਹੈ, ''ਜਦੋਂ ਕਿ ਮੇਰੀ ਵਰਕਸ਼ਾਪ ਵਿਚ ਸਾਮਾਨ ਨਹੀਂ ਸੀ, ਮੈਂ ਕੁਝ ਹਿੱਸੇ-ਪੁਰਜ਼ੇ ਜੀ ਆਈ ਡੀ ਸੀ ਸਮੂਹ ਤੋਂ ਬਣਵਾਏ। ਮੈਂ ਕੰਮ ਕਰਨ ਵਾਲਿਆਂ ਨੂੰ ਉਥੇ ਨਿਰਦੇਸ਼ ਦਿਤੇ ਅਤੇ ਆਪਣੀਆਂ ਲੋੜਾਂ ਵੀ ਸਮਝਾ ਦਿਤੀਆਂ।"

ਨਾਤੂਭਾਈ ਨੇ ਆਪਣੀ ਮਦਦ ਲਈ ਇਕ ਸਹਾਇਕ ਵੀ ਠੇਕੇ 'ਤੇ ਰੱਖ ਲਿਆ ਜਿਸ ਨੂੰ ਉਹ ਲੋੜ ਪੈਣ 'ਤੇ ਬੁਲਾ ਲੈਂਦਾ ਹੈ।" ਕਿਸੇ ਨੂੰ ਨਾਲ ਰੱਖਣਾ ਚੰਗਾ ਲਗਦਾ ਹੈ ਕਿਉਂਕਿ ਇਸ ਨਾਲ ਕੰਮ ਵਧੀਆ ਚਲਦਾ ਹੈ। ਜਦੋਂ ਕਦੇ ਮੈਂ ਫਸ ਜਾਵਾਂ ਤਾਂ ਮੈਂ ਉਸ ਨਾਲ ਸਮੱਸਿਆ 'ਤੇ ਚਰਚਾ ਕਰ ਸਕਦਾ ਹਾਂ", ਨਾਤੂਭਾਈ ਕਹਿੰਦਾ ਹੈ। ਉਸ ਨੂੰ ਆਪਣੇ ਦੋਸਤ ਯਾਸ਼ੀਨਭਾਈ ਕੋਲੋਂ ਸੁਝਾਅ ਅਤੇ ਮਦਦ ਵੀ ਮਿਲੀ। ਮਸ਼ੀਨ ਵਿਚ ਵੱਡੇ ਸੁਧਾਰ ਕਰਦਿਆਂ ਉਸ ਨੂੰ ਦੋ ਸਾਲ ਲੱਗ ਗਏ।

## ਕਪਾਹ ਦੇ ਟੀਂਡੇ ਤੋੜਨ ਵਾਲੀ ਮਸ਼ੀਨ

ਕਪਾਹ ਦੇ ਟੀਂਡੇ ਤੋੜਣ ਵਾਲੀ ਮਸ਼ੀਨ ਆਪਣੇ ਆਪ ਚੱਲਣ ਵਾਲੀ ਹੈ ਜੋ ਇਕ ਵੱਡੇ ਚੈਂਬਰ ਦੀ ਸ਼ਕਲ ਵਿਚ ਹੈ ਜੋ ਕਪਾਹ ਦੇ ਟੀਂਡਿਆਂ ਨੂੰ ਪੌਦੇ ਨਾਲੋਂ ਤੋੜਦੀ ਹੈ। ਇਸ ਨੂੰ ਦੇਸ਼ ਵਿਚ ਵੱਖ-ਵੱਖ ਸਮੇਂ ਪੱਕਣ ਵਾਲੀਆਂ ਕਪਾਹ ਦੀਆਂ ਕਿਸਮਾਂ ਨੂੰ ਧਿਆਨ ਵਿਚ ਰੱਖ ਕੇ ਵਿਕਸਤ ਕੀਤਾ ਗਿਆ ਸੀ ਅਤੇ ਇਹ ਵਾਜਬ ਕੀਮਤ 'ਤੇ ਉਪਲਬਧ ਹੈ।

ਟਰੈਕਟਰ 'ਤੇ ਲਗਾਈ ਗਈ ਮਸ਼ੀਨ ਟਰੈਕਟਰ ਦੇ ਪੀ ਟੀ ਓ ਨਾਲ ਚੱਲਦੀ ਹੈ ਅਤੇ ਹਾਈਡ੍ਰੋਲਿਕ ਪ੍ਰਣਾਲੀ ਦੀ ਮਦਦ ਨਾਲ ਇਸ ਨੂੰ ਜ਼ਮੀਨ ਪੱਧਰ ਤੋਂ ਉੱਚਾ ਨੀਵਾਂ ਕੀਤਾ ਜਾ ਸਕਦਾ ਹੈ। ਇਹ ਆਸਾਨੀ ਨਾਲ ਟਰੈਕਟਰ 'ਤੇ ਫਿੱਟ ਕਰਕੇ ਖੇਤ ਵਿਚ ਲਿਜਾਈ ਜਾ ਸਕਦੀ ਹੈ। ਇਸ ਦੇ ਮੁੱਖ ਤੌਰ ਤੇ ਚਾਰ ਪੁਰਜ਼ੇ ਹੁੰਦੇ ਹਨ - ਕੰਪਨ ਪੈਦਾ ਕਰਨ ਵਾਲਾ ਯੰਤਰ, ਕਨਵੇਅਰ ਟਰੇਅ, ਸਕਸ਼ਨ ਪੰਪ ਅਤੇ ਭੰਡਾਰਨ ਵਾਲਾ ਕੈਬਿਨ। ਹਰ ਵਾਰ ਜਦੋਂ ਕੰਪਨ ਪੈਦਾ ਕਰਨ ਵਾਲੀ ਡਿਸਕ ਘੁੰਮਦੀ ਹੈ ਤਾਂ ਇਹ ਪੌਦੇ ਨੂੰ ਜ਼ੋਰ ਦਾ ਝਟਕਾ ਦਿੰਦੀ ਹੈ ਅਤੇ ਕਪਾਹ ਦੇ ਟੀਂਡੇ ਕਨਵੇਅਰ ਟਰੇਅ ਵਿਚ ਡਿਗ ਪੈਂਦੇ ਹਨ ਜੋ ਇਨ੍ਹਾਂ ਨੂੰ ਇਕੱਠੇ ਕਰ ਕੇ ਮਸ਼ੀਨ ਦੇ ਪਿਛਲੇ ਪਾਸੇ ਲੈ ਜਾਂਦੀ ਹੈ ਜਿਥੋਂ ਇਸ ਨੂੰ ਸਕਸ਼ਨ ਪੰਪ ਦੁਆਰਾ ਭੰਡਾਰਨ ਵਾਲੇ ਹਿੱਸੇ ਵਿਚ ਭੇਜ ਦਿਤਾ ਜਾਂਦਾ ਹੈ। ਜਦੋਂ ਟਰੈਕਟਰ ਅੱਗੇ ਤੁਰਦਾ ਹੈ ਤਾਂ ਕਪਾਹ ਦਾ ਪੌਦਾ ਰਸਤਾ ਦਿਖਾਉਣ ਵਾਲੀਆਂ 'ਗਾਈਡਜ਼' ਦੇ ਵਿਚਕਾਰ ਆ ਜਾਂਦਾ ਹੈ ਜੋ ਪੌਦੇ ਨੂੰ ਟੀਂਡੇ ਤੋੜਨ ਵਾਲੀ ਇਕਾਈ ਵੱਲ ਅੱਗੇ ਧੱਕ ਦਿੰਦੇ ਹਨ। ਕਪਾਹ ਦੇ ਟੀਂਡੇ ਘੁੰਮਦੇ ਹੋਏ ਸਟਾਰ ਚੱਕਰ ਦੁਆਰਾ ਤੋੜ ਲਏ ਜਾਂਦੇ ਹਨ (ਜੋ ਹਰ ਸ਼ਾਫਟ 'ਤੇ 3-4 ਹੁੰਦੇ ਹਨ) ਜੋ ਇਕ ਝੁਕੀ ਹੋਈ ਸ਼ਾਫਟ 'ਤੇ ਫਿੱਟ ਹੁੰਦੇ ਹਨ। ਟੀਂਡੇ ਤੋੜਨ ਵਾਲੀ ਮਸ਼ੀਨ ਦੇ ਹੇਠਾਂ ਦੋਹੀਂ ਪਾਸੀਂ ਘੁੰਮਦੀਆਂ ਹੋਈਆਂ ਰਬੜ ਦੀਆਂ ਬੈਲਟਾਂ ਦਿਤੀਆਂ ਜਾਂਦੀਆਂ ਹਨ ਜੋ ਟੀਂਡਿਆਂ ਨੂੰ ਸਕਸ਼ਨ ਪੰਪ ਤਕ ਲੈ ਜਾਂਦੀਆਂ ਹਨ। ਇਸ ਦੇ ਨਾਲ ਹੀ ਵਾਧੂ ਹਵਾ ਖਿੱਚਣ ਵਾਲੇ ਯੰਤਰ ਵੀ ਲਗਾਏ ਜਾਂਦੇ ਹਨ ਜੋ ਟੀਂਡਿਆਂ ਨੂੰ ਸਕਸ਼ਨ ਪਾਈਪ ਦੇ ਵਿਚੋਂ ਖਿੱਚ ਲੈਂਦੇ ਹਨ। ਇਸ ਮਸ਼ੀਨ ਦੀ ਕਾਰਗੁਜ਼ਾਰੀ ਨੂੰ ਤਸੱਲੀਬਖ਼ਸ਼ ਦੇਖਿਆ ਗਿਆ ਹੈ।

ਮਸ਼ੀਨ ਡੀਜ਼ਲ ਨਾਲ ਚਲਾਈ ਜਾ ਸਕਦੀ ਹੈ ਅਤੇ ਇਕ ਵਿੱਘੇ ਲਈ ਤੇਲ ਦੀ ਖਪਤ ਇਕ ਲਿਟਰ ਹੈ। ਮਸ਼ੀਨ ਨੂੰ ਚਲਾਉਣ ਲਈ ਕਿਸੇ ਵਾਧੂ ਊਰਜਾ ਦੀ ਲੋੜ ਨਹੀਂ ਪੈਂਦੀ। ਇਹ ਟਰੈਕਟਰ ਨਾਲ ਚਲਾਈ ਜਾ ਸਕਦੀ ਹੈ। ਨਾਤੂਭਾਈ ਦਾ ਕਹਿਣਾ ਹੈ, ''ਆਮ ਤੌਰ ਤੇ ਟਰੈਕਟਰ ਲਈ 10 ਹਾਰਸ ਪਾਵਰ ਸ਼ਕਤੀ ਦੀ ਲੋੜ ਹੁੰਦੀ ਹੈ ਅਤੇ ਮਸ਼ੀਨ ਲਗਾਉਣ ਤੋਂ ਬਾਅਦ 5 ਹਾਰਸ ਪਾਵਰ ਦੀ ਵਾਧੂ ਜ਼ਰੂਰਤ ਪੈਂਦੀ ਹੈ ਜਿਸ ਨੂੰ ਟਰੈਕਟਰ ਲਈ ਵਰਤੇ ਜਾਣ ਵਾਲੇ ਤੇਲ ਨਾਲ ਹਾਸਲ ਕੀਤਾ ਜਾ ਸਕਦਾ ਹੈ।"

ਆਈ ਆਈ ਟੀ ਖੜਗਪੁਰ ਦੇ ਖੇਤੀਬਾੜੀ ਅਤੇ ਅਨਾਜ ਵਿਭਾਗ ਵਲੋਂ ਇਸ ਮਸ਼ੀਨ ਦੇ ਪਰਿਚਾਲਣ ਦੀ ਜਾਂਚ ਕੀਤੀ ਗਈ ਹੈ ਅਤੇ ਉਸ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਇਸ ਮਸ਼ੀਨ ਦਾ ਕੰਮ ਜਾਰੀ ਹੈ। ਪਹਿਲਾਂ ਕੀਤੀ ਗਈ ਖੋਜ ਤੋਂ ਪਤਾ ਚਲਦਾ ਹੈ ਕਿ ਨਾਤੂਭਾਈ ਦੁਆਰਾ ਵਿਕਸਤ ਕੀਤੀ ਗਈ ਕਪਾਹ ਦੇ ਟੀਂਡੇ ਤੋੜਨ ਵਾਲੀ ਮਸ਼ੀਨ ਬਾਜ਼ਾਰ ਵਿਚ ਪ੍ਰਚਿਲਤ ਮਸ਼ੀਨਾਂ ਦੇ ਸਿਧਾਂਤ ਨਾਲੋਂ ਬਿਲਕੁਲ ਵੱਖਰੀ ਹੈ ਅਤੇ ਸਥਾਨਕ ਹਾਲਤਾਂ ਦੇ ਅਨੁਕੂਲ ਹੈ। ਐੱਨ ਆਈ ਐੱਫ ਵਲੋਂ ਨਾਤੂਭਾਈ ਦੇ ਨਾਮ 'ਤੇ ਇਸ ਮਸ਼ੀਨ ਨੂੰ ਪੇਟੈਂਟ ਵੀ ਕਰਵਾਇਆ ਜਾ ਰਿਹਾ ਹੈ।

ਵਰਤਮਾਨ ਮਾਡਲ ਬਾਜ਼ਾਰ ਵਿਚ ਚੱਲ ਰਹੇ ਦੂਸਰੇ ਮਾਡਲਾਂ ਨਾਲੋਂ ਕੀਮਤ ਵਿਚ ਵਾਜਬ ਹੈ। ਇਸ ਬਾਰੇ ਗੱਲ ਕਰਦਿਆਂ ਨਾਤੂਭਾਈ ਕਹਿੰਦਾ

ਹੈ ਕਿ ਇਸ ਮਸ਼ੀਨ ਨੂੰ ਟਰੈਕਟਰ ਨਾਲ ਜੋੜ ਕੇ ਇਕ ਘੰਟੇ ਵਿਚ 3 ਵਿੱਘੇ ਜ਼ਮੀਨ ਵਿਚੋਂ ਇਕ ਲਿਟਰ ਡੀਜ਼ਲ ਦੀ ਖਪਤ ਨਾਲ, ਲਗਭਗ 40 ਰੁਪਏ ਦੀ ਲਾਗਤ 'ਤੇ, 600 ਕਿਲੋਗ੍ਰਾਮ ਕਪਾਹ ਦੇ ਟੀਂਡੇ ਤੋੜੇ ਜਾ ਸਕਦੇ ਹਨ ਜਦ ਕਿ ਹੱਥਾਂ ਨਾਲ ਇਕ ਵਿਅਕਤੀ ਵੱਧ ਤੋਂ ਵੱਧ 100 ਕਿਲੋਗ੍ਰਾਮ ਟੀਂਡੇ ਤੋੜ ਸਕਦਾ ਹੈ ਜਿਸ ਦੀ ਲਾਗਤ 30 ਤੋਂ 40 ਰੁਪਏ ਪ੍ਰਤਿ 20 ਕਿਲੋਗ੍ਰਾਮ ਆਉਂਦਾ ਹੈ। ਇਸ ਕਰਕੇ ਸਮੇਂ ਅਤੇ ਲਾਗਤ ਦੇ ਪੱਖੋਂ ਕਟਾਈ ਕਰਦੇ ਸਮੇਂ ਇਹ ਮਸ਼ੀਨ ਲਾਗਤ ਨੂੰ ਘੱਟ ਕਰਨ ਦਾ ਦਾਅਵਾ ਕਰਦੀ ਹੈ। ਨਾਤੂਭਾਈ ਦਾ ਕਹਿਣਾ ਹੈ ਕਿ ਇਹ ਮਸ਼ੀਨ 60 ਤੋਂ 70 ਹਜ਼ਾਰ ਰੁਪਏ ਪ੍ਰਤਿ ਮਸ਼ੀਨ ਬਣਾਈ ਜਾ ਸਕਦੀ ਹੈ ਜੋ ਕਿਸਾਨਾਂ ਲਈ ਲਾਹੇਵੰਦਾ ਸੌਦਾ ਹੈ। ਧਨੀ ਕਿਸਾਨ ਆਪਣੀ ਮਸ਼ੀਨ ਖਰੀਦ ਸਕਦੇ ਹਨ ਦੂਜੇ ਇਸ ਨੂੰ ਟਰੈਕਟਰ ਦੀ ਤਰਜ਼ 'ਤੇ ਸਾਂਝੇ ਜਾਂ ਕਿਰਾਏ 'ਤੇ ਇਸਤੇਮਾਲ ਕਰ ਸਕਦੇ ਹਨ। ਉਹ ਸੋਚਦਾ ਹੈ ਕਿ ਥੋੜ੍ਹੇ ਬਹੁਤੇ ਸੁਧਾਰ ਨਾਲ ਇਸ ਨੂੰ ਬੀ.ਟੀ. ਕਾਟਨ ਦੀ ਕਟਾਈ ਲਈ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ। ਉਸ ਦਾ ਕਹਿਣਾ ਹੈ, ਦਿਮਾਗ ਮੇਂ ਤੋ ਹੈ, ਕਰਨਾ ਪੜੇਗਾ।"

## ਸਮਰਥਨ ਅਤੇ ਮਾਨਤਾ

ਨਾਤੂਭਾਈ ਦੀ ਕਪਾਹ ਦੇ ਟੀਂਡੇ ਤੋੜਨ ਵਾਲੀ ਮਸ਼ੀਨ ਨੇ ਮੀਡੀਆ, ਸਰਕਾਰੀ ਅਧਿਕਾਰੀਆਂ ਅਤੇ ਆਮ ਜਨਤਾ ਦਾ ਧਿਆਨ ਖਿੱਚਿਆ। 2005 ਵਿਚ ਉੱਤਰ ਸੁਜਰਾਤ ਨਰੋਦਾ ਰਾਜਪੂਤ ਸਮਾਜ ਵਲੋਂ ਉਸ ਦੀਆਂ ਮਸ਼ੀਨ ਬਣਾਉਣ ਲਈ ਕੀਤੀਆਂ ਕੋਸ਼ਿਸ਼ਾਂ ਬਦਲੇ ਉਸ ਦਾ ਸਨਮਾਨ ਕੀਤਾ ਗਿਆ। 2006 ਵਿਚ ਜ਼ਿਲ੍ਹੇ ਦੇ ਅਗਾਂਹਵਧੂ ਕਿਸਾਨ ਦੇ ਨਾਤੇ ਉਸ ਨੂੰ ਸਰਦਾਰ ਪਟੇਲ ਕ੍ਰਿਸ਼ੀ ਅਵਾਰਡ ਪ੍ਰਦਾਨ ਕੀਤਾ ਗਿਆ। ਉਸ ਨੇ ਬੈਸਾਖ ਸੁਥ ਤੀਜ ਪ੍ਰੋਗਰਾਮ ਵਿਚ ਵੀ ਭਾਗ ਲਿਆ ਜਿਥੇ ਬਰਸਾਤ ਤੋਂ ਪਹਿਲਾਂ ਕਿਸਾਨਾਂ ਲਈ ਆਪਸ ਵਿਚ ਮਿਲਣ, ਵਿਚਾਰ-ਵਟਾਂਦਰਾ ਕਰਨ ਅਤੇ ਇਕ-ਦੂਜੇ ਤੋਂ ਸਿੱਖਣ ਦਾ ਮੌਕਾ ਬਣਿਆ। ਉਸ ਨੇ ਗੁਜਰਾਤ ਦੇ ਮੁੱਖ ਮੰਤਰੀ ਦਫ਼ਤਰ ਦੇ ਪ੍ਰਤਿਨਿਧੀ ਦਿਲੀਪ ਸੰਘਾਨੀ ਨਾਲ ਵੀ ਮੁਲਾਕਾਤ ਕੀਤੀ ਜਿਥੇ ਕੁਝ ਵਿਗਿਆਨਕ ਵੀ ਮੌਜੂਦ ਸਨ। ਉਨ੍ਹਾਂ ਨੇ ਮਸ਼ੀਨ ਦੇ ਸਫਲ ਨਿਰਮਾਣ ਲਈ ਰਾਜ ਸਰਕਾਰ ਵਲੋਂ ਸਬਸਿਡੀ ਦੇਣ ਦਾ ਭਰੋਸਾ ਦੁਆਇਆ। ਬਾਅਦ ਵਿਚ 2012 ਵਿਚ ਛੇਵੇਂ ਰਾਸ਼ਟਰੀ ਬੀਨੀਅਲ ਪੁਰਸਕਾਰ, ਸਾਲ ਵਿਚ ਦੋ ਵਾਰ ਹੋਣ ਵਾਲੇ ਗੁਜਰਾਤ ਰਾਜ ਦੇ ਨੈਸ਼ਨਲ ਇਨੋਵੇਸ਼ਨ ਫਾਊਂਡੇਸ਼ਨ ਸਨਮਾਨ ਦੀ ਵੀ ਪ੍ਰਾਪਤੀ ਕੀਤੀ।

ਜਿਸ ਸਮੇਂ ਵਿੱਤੀ ਸੰਕਟ ਕਾਰਨ ਨਾਤੂਭਾਈ ਦਾ ਕੰਮ ਰੁਕ ਗਿਆ ਤਾਂ ਇਕ ਸੰਸਥਾ ਐੱਸ ਆਰ ਆਈ ਐੱਸ ਟੀ ਆਈ, ਜੋ ਗੁਜਰਾਤ ਵਿਚ ਜ਼ਮੀਨੀ ਪੱਧਰ 'ਤੇ ਖੋਜ ਕਾਰਜਾਂ ਲਈ ਕੰਮ ਕਰਦੀ ਹੈ, ਨੇ ਉਸ ਦੀ ਮਦਦ ਕੀਤੀ। ਨਾਲ ਹੀ, ਤਕਨੀਕੀ ਅਤੇ ਵਿੱਤੀ ਪੱਧਰ 'ਤੇ ਜੀ ਆਈ ਏ ਐੱਨ/ਐੱਨ ਆਈ ਐੱਫ ਵਲੋਂ ਵੀ ਉਸ ਦੀ ਮਦਦ ਕੀਤੀ ਗਈ। ਜਦੋਂ ਗਰਾਂਟ ਮਨਜ਼ੂਰ ਹੋ ਗਈ ਤਾਂ ਉਸ ਨੇ ਦੋ ਪਾਸੇ ਹਾਈਡ੍ਰੋਲਿਕ ਗੀਅਰ ਲਗਾ ਕੇ ਮਸ਼ੀਨ ਵਿਚ ਸੁਧਾਰ ਕੀਤਾ। ਨਾਤੂਭਾਈ ਦਾ ਕਹਿਣਾ ਹੈ ਕਿ ਗਰਾਂਟ ਦਾ ਜ਼ਿਆਦਾ ਪੈਸਾ ਮਸ਼ੀਨ ਦੇ ਸੁਧਾਰ ਲਈ ਵਰਤਿਆ ਗਿਆ।

ਨੇੜਲੇ ਪਿੰਡਾਂ ਦੇ ਲੋਕ ਨਾਤੂਭਾਈ ਵਲੋਂ ਕਪਾਹ ਚੁਗਣ ਵਾਲੀ ਮਸ਼ੀਨ ਵਿਕਸਤ ਕੀਤੇ ਜਾਣ ਤੋਂ ਜਾਣੂ ਹਨ। ਉਸ ਦੇ ਭਾਈਚਾਰੇ ਦੇ ਲੋਕਾਂ ਨੇ ਉਸ ਦੇ ਯੋਗਦਾਨ ਲਈ ਉਸ ਦਾ ਸਨਮਾਨ ਕੀਤਾ ਹੈ। ਕਿਉਂਕਿ ਨਾਤੂਭਾਈ ਵਿੱਤੀ ਸੰਕਟ ਦਾ ਸਾਹਮਣਾ ਕਰ ਰਿਹਾ ਸੀ, ਉਸ ਦੇ ਭਾਈਚਾਰੇ ਨੇ ਮਦਦ ਦੀ ਪੇਸ਼ਕਸ਼ ਕੀਤੀ। ਕਿਉਂਕਿ ਨਾਤੂਭਾਈ ਆਪਣਾ ਸਵੈ-ਸਨਮਾਨ ਬਰਕਰਾਰ ਰੱਖਣਾ ਚਾਹੁੰਦਾ ਸੀ, ਸੋ ਉਸ ਨੇ ਨਿਮਰਤਾ ਨਾਲ ਇਹ ਪੇਸ਼ਕਸ਼ ਅਸਵੀਕਾਰ ਕਰ ਦਿਤੀ। ਜਿਉਂ ਹੀ ਖੇਤਰ ਵਿਚ ਉਸ ਵਲੋਂ ਕੀਤੀ ਖੋਜ ਦੀ ਖ਼ਬਰ ਫੈਲੀ, ਬਹੁਤ ਲੋਕਾਂ ਨੇ ਇਹ ਮਸ਼ੀਨ ਖਰੀਦਣ ਵਿਚ ਦਿਲਚਸਪੀ ਦਿਖਾਈ। ਪਿੰਡ ਦੇ ਇਕ ਵਸਨੀਕ ਨੇ ਕਿਹਾ, "ਕਪਾਹ ਚੁਗਣਾ ਇਥੋਂ ਦੇ ਕਿਸਾਨਾਂ ਦਾ ਇਕ ਮੁੱਖ ਮੁੱਦਾ ਹੈ ਅਤੇ ਸਾਨੂੰ ਮਜ਼ਦੂਰਾਂ 'ਤੇ ਕਾਫ਼ੀ ਖਰਚ ਕਰਨਾ ਪੈਂਦਾ ਹੈ। ਜੇ ਇਹ ਥੋੜ੍ਹੀ ਮਹਿੰਗੀ ਵੀ ਹੋਵੇ ਤਾਂ ਅਸੀਂ ਇਸ ਨੂੰ ਖਰੀਦ ਲਵਾਂਗੇ ਕਿਉਂਕਿ ਸਮਾਂ ਪਾ ਕੇ ਇਹ ਸਾਡੇ ਧਨ ਦੀ ਬਚਤ ਕਰੇਗੀ।" ਪਿੰਡ ਦੇ ਇਕ ਵਡੇਰਾ ਦਾ ਕਹਿਣਾ ਹੈ ਕਿ ਮਸ਼ੀਨ ਬਣਾਉਣਾ ਬਹੁਤ ਕਠਿਨ ਕੰਮ ਹੈ ਅਤੇ ਇਸ ਲਈ ਬਹੁਤ ਸਮਰਪਣ ਅਤੇ ਦਿਮਾਗ ਲਾਉਣ ਦੀ ਜ਼ਰੂਰਤ ਪੈਂਦੀ ਹੈ। ਸਾਰੇ ਪਿੰਡ ਵਿਚ ਨਾਤੂਭਾਈ ਹੀ ਇਹ ਮਸ਼ੀਨ ਬਣਾ ਸਕਦਾ ਹੈ।"

ਮਸ਼ੀਨ ਬਾਰੇ ਪ੍ਰਤਿਕਿਰਿਆ ਸੰਬੰਧੀ ਗੱਲ ਕਰਦਿਆਂ ਪਿੰਡ ਦਾ ਇਕ ਹੋਰ ਵਡਾਰੂ ਮਦੇਭਾਈ ਵਡੇਰ ਕਹਿੰਦਾ ਹੈ, "ਜੇ ਕੋਈ ਦਿਲੋਂ ਕੋਸ਼ਿਸ਼ ਕਰੇ ਤਾਂ ਕੰਮ ਸਫਲ ਹੋ ਜਾਂਦਾ ਹੈ।" ਉਹ ਅੱਗੇ ਕਹਿੰਦਾ ਹੈ ਕਿ ਜੇ ਕਹਾਣੀ, ਖੁਦਾਈ, ਕਪਾਹ ਪਿੰਜਣ ਆਦਿ ਦੀਆਂ ਮਸ਼ੀਨਾਂ ਬਣ ਚੁੱਕੀਆਂ ਹਨ ਤਾਂ ਕਪਾਹ ਦੇ ਟੀਂਡੇ ਤੋੜਨ ਵਾਲੀ ਕਿਉਂ ਨਹੀਂ ਬਣ ਸਕਦੀ? ਸਫਲ ਨਾ ਹੋਣ ਦਾ ਕੋਈ ਕਾਰਨ ਨਹੀਂ ਅਤੇ ਸਾਰੇ ਉਸ ਕੋਲ ਮਸ਼ੀਨ ਲੈਣ ਆਉਣਗੇ ਕਿਉਂਕਿ ਮੰਗ ਬਹੁਤ ਜ਼ਿਆਦਾ ਹੈ। ਇਕ ਤਰ੍ਹਾਂ ਨਾਲ ਨਾਤੂਭਾਈ ਆਪਣੀ ਅਸਲੀ ਮਸ਼ੀਨ ਲਈ ਬਾਜ਼ਾਰ ਦਾ ਨਿਰਮਾਣ ਕਰ ਰਿਹਾ ਹੈ, ਜੋ ਅੱਗੇ ਵੱਲ ਇਕ ਹੋਰ ਕਦਮ ਹੈ।

ਪ੍ਰਕਾਸ਼ਭਾਈ ਕੇ. ਦੋਧੀਆ, ਜੋ ਫਰਗੂਸਨ ਟਰੈਕਟਰ ਦੇ ਸਾਰੇ ਜ਼ਿਲ੍ਹੇ ਦੇ ਅਧਿਕ੍ਰਿਤ ਵਿਕਰੇਤਾ ਹਨ, ਨੇ ਸਾਨੂੰ ਦੱਸਿਆ ਕਿ ਲੋਕ 1.5 ਲੱਖ ਰੁਪਏ ਜਾਂ ਇਸ ਤੋਂ ਵੱਧ ਵੀ ਮਸ਼ੀਨ ਵਾਸਤੇ ਖਰਚਣ ਲਈ ਤਿਆਰ ਹਨ। ਉਸ ਦਾ ਕਹਿਣਾ ਹੈ ਕਿ ਜੇ ਥਰੈਸ਼ਰ ਲਈ ਕਿਸਾਨ 1.25 ਲੱਖ ਰੁਪਏ ਦੇ ਲਗਭਗ ਖਰਚ ਕਰ ਸਕਦੇ ਹਾਂ ਤਾਂ ਉਹ 2.5 ਲੱਖ ਰੁਪਏ ਵੀ ਖਰਚ ਕਰ ਸਕਦੇ ਹਨ ਕਿਉਂਕਿ ਇਹ ਉਨ੍ਹਾਂ ਦੇ ਸੁਪਨਿਆਂ ਦੀ ਮਸ਼ੀਨ ਹੋਵੇਗੀ। ਇਸ ਦੀ ਲਾਗਤ ਮਜ਼ਦੂਰਾਂ 'ਤੇ ਹੋਣ ਵਾਲੀ ਲਾਗਤ ਤੋਂ ਵਸੂਲ ਹੋ ਜਾਵੇਗੀ।

## ਅਗਲੇਰਾ ਦਾ ਰਸਤਾ

***ਇਕ ਵਾਰੀ ਮਸ਼ੀਨ ਦਾ ਨਮੂਨਾ ਪੂਰਾ ਹੋ ਜਾਵੇ ਤਾਂ ਨਾਤੂਭਾਈ ਦੀ ਆਪਣੇ ਪਿੰਡ ਵਿਚ ਹੀ ਨਿਰਮਾਣ ਇਕਾਈ ਸ਼ੁਰੂ ਕਰਨ ਦੀ ਯੋਜਨਾ ਹੈ। ਕਿਉਂਕਿ ਉਸ ਕੋਲ ਕਾਫ਼ੀ ਜ਼ਮੀਨ ਹੈ ਅਤੇ ਬਿਜਲੀ ਦੀ ਕੋਈ ਸਮੱਸਿਆ ਨਹੀਂ, ਉਹ ਪਿੰਡ ਵਿਚ ਇਕਾਈ ਸਥਾਪਤ ਕਰਨ ਨੂੰ ਸਰਲ ਸਮਝਦਾ ਹੈ। ਉਹ ਮਸ਼ੀਨ ਵਿਚ ਕਪਾਹ ਭੰਡਾਰ ਕਰਨ ਦੀ ਜਗਹ ਬਣਾਉਣ ਬਾਰੇ ਵੀ ਸੋਚ ਰਿਹਾ ਹੈ। ਉਹ ਅਜਿਹਾ ਵਾਹਨ ਬਣਾਉਣ ਦੀ ਇੱਛਾ ਰੱਖਦਾ ਹੈ ਜੋ ਚੁੰਬਕ ਸੰਚਾਲਿਤ ਹੋਵੇ, ਜਿਸ ਬਾਰੇ ਨਾਤੂਭਾਈ ਭਰੋਸਾ ਦਿਵਾਉਂਦਾ ਹੈ ਕਿ ਜਲਦੀ ਹੋ ਜਾਵੇਗਾ।*** ❑❑

# ਹਾਜ਼ੀਆ ਮਰਜ਼ੀਆ – ਕਾਰਗਿਲ ਤੋਂ ਇਕ ਰਾਜਨੀਤਕ ਪ੍ਰੇਰਨਾ

ਅਜ਼ਰਾ ਖ਼ਾਤੂਨ

ਮਸ਼ਹੂਰ ਚਿਹਰਾ, ਸ੍ਰੀਮਤੀ ਇਰਾਨੀ, ਜਿਸ ਨੇ ਹਾਲੀਆ ਅਮੇਠੀ ਲੋਕ ਸਭਾ ਹਲਕੇ ਤੋਂ ਚੋਣ ਲੜੀ ਸੀ, ਰਾਹੁਲ ਗਾਂਧੀ ਨੂੰ ਟੱਕਰ ਦੇ ਕੇ ਸੁਰਖ਼ੀਆਂ ਵਿਚ ਆਈ ਸੀ, ਜਿਸ ਨੂੰ ਕਿ ਇਸ ਹਲਕੇ ਤੋਂ ਨਿਰਵਿਵਾਦ ਵਿਜੇਤਾ ਸਮਝਿਆ ਜਾਂਦਾ ਹੈ। ਪ੍ਰਿਅੰਕਾ ਗਾਂਧੀ ਵਿਰੋਧੀ ਧਿਰ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨੂੰ ਲਗਭਗ ਰੋਜ਼ਾਨਾ ਹੀ ਚੁਨੌਤੀ ਦੇਣ ਕਰਕੇ ਸੁਰਖੀਆਂ ਵਿਚ ਸੀ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਕੁਮਾਰੀ ਮਮਤਾ ਬੈਨਰਜੀ ਨੇ ਇਕੱਲਿਆਂ ਹੀ ਚੋਣ ਕਮਿਸ਼ਨ ਨਾਲ ਮੱਥਾ ਲਾਇਆ। ਜੈਲਲਿਤਾ, ਜੈਰਾਮ, ਸੁਸ਼ਮਾ ਸਵਰਾਜ, ਬਰਿੰਦਾ ਕਰਾਤ, ਸ਼ਾਜੀਆ ਇਲਮੀ, ਉਮਾ ਭਾਰਤੀ, ਮਾਇਆਵਤੀ ... ਸੂਚੀ ਲੰਮੀ ਅਤੇ ਪ੍ਰਭਾਵਸ਼ਾਲੀ ਹੈ। ਇਨ੍ਹਾਂ ਪ੍ਰਸਿੱਧ ਨਾਵਾਂ ਦੀ ਲੜੀ ਵਿਚ ਦੇਸ਼ ਭਰ ਦੀਆਂ ਰਾਜਨੀਤਕ ਪਾਰਟੀਆਂ ਦੀਆਂ ਅਨੇਕ ਔਰਤਾਂ ਹਨ ਜਿਨ੍ਹਾਂ ਨੇ ਮਰਦਾਂ ਦੀ ਸਰਦਾਰੀ ਵਾਲੇ ਖੇਤਰ ਵਿਚ ਨਾਮ ਕਮਾਇਆ ਹੈ। ਉਨ੍ਹਾਂ ਨੇ ਮੀਡੀਆ ਤੇ ਜਨਤਾ ਦੇ ਸਹਿਯੋਗ ਨਾਲ ਆਪਣੀ ਲੜਾਈ ਲੜੀ। ਮਹਾਂਨਗਰਾਂ ਤੋਂ ਹਜ਼ਾਰਾਂ ਮੀਲ ਦੂਰ, ਇਕ ਸ਼ਾਂਤ ਸੰਘਰਸ਼ ਅਨੇਕ ਸਾਲਾਂ ਤੋਂ ਚਲਦਾ ਆ ਰਿਹਾ ਹੈ ਜੋ ਸਮਾਜਿਕ ਨੇਮਾਂ ਜੋ ਕਿ ਹੋਰ ਵੀ ਜਾਤੀਗਤ ਅਤੇ ਕਠੋਰ ਹਨ। ਸੰਘਰਸ਼ ਕਿਸੇ ਸੁਰਖੀਆਂ ਦੀ ਮੰਗ ਨਹੀਂ ਕਰਦਾ ਪਰ ਆਪਣੇ ਲੋਕਾਂ ਦੇ ਸਹਿਯੋਗ ਦੀ ਜ਼ਰੂਰ ਕਾਮਨਾ ਕਰਦਾ ਹੈ।

ਭਾਰਤ ਦੇ ਦੂਰ ਉੱਤਰੀ ਰਾਜ ਜੰਮੂ-ਕਸ਼ਮੀਰ ਦੀ ਗਰਮੀਆਂ ਦੀ ਰਾਜਧਾਨੀ ਸ੍ਰੀਨਗਰ ਤੋਂ 213 ਕਿਲੋਮੀਟਰ ਦੂਰ ਕਾਰਗਿਲ ਹੈ, ਲੱਦਾਖ ਦਾ ਬਰਫ਼ੀਲਾ ਮਾਰੂਥਲ। ਆਮ ਤੌਰ ਤੇ ਮੀਡੀਆ ਦੀਆਂ ਨਜ਼ਰਾਂ ਤੋਂ ਓਹਲੇ ਰਹਿਣ ਵਾਲਾ, ਕਾਰਗਿਲ ਹਾਲੀਆ ਲੋਕ ਸਭਾ ਚੋਣਾਂ ਦੌਰਾਨ ਮੀਡੀਆ ਦੇ ਨਕਸ਼ੇ 'ਤੇ ਉੱਭਰ ਆਇਆ, ਜੋ ਕਿ ਆਸ ਮੁਤਾਬਕ ਚੋਣਾਂ ਤੋਂ ਬਾਅਦ ਨਜ਼ਰਾਂ ਤੋਂ ਦੂਰ ਹੋ ਜਾਵੇਗਾ। ਇਸ ਅੰਦਰੂਨੀ ਭਾਗ ਵਿਚ, ਰਾਜਨੀਤੀ ਅਤੇ ਜਾਤੀਅਤਾ ਦੀ ਆਪਸ ਵਿਚ ਸਾਂਝ ਰਹੀ ਹੈ ਜੋ ਖੁੱਲ੍ਹੇ ਤੌਰ ਤੇ ਔਰਤਾਂ ਲਈ ਬਰਾਬਰੀ ਦੇ ਹੱਕਾਂ ਦੇ ਖ਼ਿਲਾਫ਼ ਰਹੀ ਹੈ। ਸਾਰੇ ਨੇਮਾਂ ਨੂੰ ਇਕ ਪਾਸੇ ਕਰਦਿਆਂ 51 ਸਾਲਾਂ ਦੀ ਹਾਜ਼ੀਆ ਮਰਜ਼ੀਆ ਉਨ੍ਹਾਂ ਔਰਤਾਂ ਦੇ ਮਾਰਗ ਦਰਸ਼ਕਾਂ ਵਿਚੋਂ ਇਕ ਹੈ ਜਿਨ੍ਹਾਂ ਨੇ ਸ਼ਾਸਨ ਦੀ ਚੁਨੌਤੀ ਨੂੰ ਸਵੀਕਾਰ ਕੀਤਾ ਹੈ, ਤੁਮੈਲ ਦੇ ਛੋਟੇ ਜਿਹੇ ਪਿੰਡ, ਜੋ ਕਾਰਗਿਲ ਕਸਬੇ ਤੋਂ 25 ਕਿਲੋਮੀਟਰ ਦੂਰ ਹੈ, ਵਿਚੋਂ ਇਸ ਉਤਸ਼ਾਹੀ ਔਰਤ ਨੇ ਆਪਣੇ ਘਰ ਦੇ ਸੁਰੱਖਿਅਤ ਵਾਤਾਵਰਨ ਵਿਚ ਰਾਜਨੀਤੀ ਦੀ ਦੁਨੀਆਂ ਵਿਚ ਕਦਮ ਰੱਖਣ ਦੀ ਜ਼ੁਰਅਤ ਕੀਤੀ।

ਇਸ ਇਲਾਕੇ ਵਿਚ, ਜੋ 1999 ਦੀ ਜੰਗ ਦੌਰਾਨ ਪ੍ਰਸਿੱਧ ਹੋਇਆ, ਪੰਚਾਇਤਾਂ ਅਤੇ ਹੋਰ ਸਥਾਨਕ ਰਾਜਨੀਤਕ ਸੰਸਥਾਵਾਂ ਵਿਚ ਔਰਤਾਂ ਬਹੁਤ ਘੱਟ ਹੀ ਨਜ਼ਰ ਆਉਂਦੀਆਂ ਸਨ, ਜਦ ਤਕ ਕਿ ਹਾਲ ਹੀ ਵਿਚ ਔਰਤਾਂ ਲਈ ਪੰਚਾਇਤੀ ਚੋਣਾਂ ਵਿਚ ਜ਼ਰੂਰੀ ਰਾਖਵਾਂਕਰਨ ਨਹੀਂ ਕਰ ਦਿਤਾ ਗਿਆ। ਇਸ ਨੂੰ ਇਕ ਮੌਕੇ ਦੀ ਤਰ੍ਹਾਂ ਦੇਖਦਿਆਂ ਹਾਜ਼ੀਆ ਨੇ 2002 ਦੀਆਂ ਪੰਚਾਇਤੀ ਚੋਣਾਂ ਵਿਚ ਤੁਮੈਲ ਕਾਲੋਨੀ ਤੋਂ ਆਪਣੇ-ਆਪ ਨੂੰ ਨਾਮਜ਼ਦ ਕਰ ਦਿਤਾ। ਪਰ ਗ਼ੈਰ ਸਹਾਇਕ ਵਾਤਾਵਰਨ ਅਤੇ ਭੈੜੀ ਇਲਜ਼ਾਮਬਾਜ਼ੀ ਨੇ ਉਸ ਨੂੰ ਆਪਣਾ ਨਾਮ ਵਾਪਸ ਲੈਣ ਲਈ ਮਜਬੂਰ ਕਰ ਦਿਤਾ।

ਉਸ ਦੀਆਂ ਆਸ਼ਾਵਾਂ ਨੂੰ 2003 ਵਿਚ ਇਕ ਨਵੀਂ ਦਿਸ਼ਾ ਮਿਲੀ ਜਦੋਂ ਲੱਦਾਖ ਖੁਦਮੁਖ਼ਤਾਰ ਪਹਾੜੀ ਵਿਕਾਸ ਪਰਿਸ਼ਦ ਚੋਣਾਂ ਦੀ ਕਾਰਗਿਲ ਵਿਚ ਸ਼ੁਰੂਆਤ ਕੀਤੀ ਗਈ। ਵੱਖ-ਵੱਖ ਹਲਕਿਆਂ ਤੋਂ 26 ਕੌਂਸਲਰ ਸਿੱਧੇ ਚੁਣੇ ਜਾਂਦੇ ਹਨ ਜਦ ਕਿ ਚਾਰ ਕੌਂਸਲਰ ਮੁੱਖ ਘੱਟ ਗਿਣਤੀ ਅਤੇ ਔਰਤਾਂ ਵਿਚੋਂ ਨਾਮਜ਼ਦ ਕੀਤੇ ਜਾਂਦੇ ਹਨ। ਖੁਦਮੁਖ਼ਤਾਰ ਪਹਾੜੀ ਵਿਕਾਸ ਪਰਿਸ਼ਦ ਦਾ ਉਦੇਸ਼ ਵਿਕਾਸ ਕੰਮਾਂ ਦੀ ਚੌਕਸ ਨਿਗਰਾਨੀ ਅਤੇ ਜ਼ਿਲ੍ਹਾ ਪ੍ਰਬੰਧਨ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣਾ ਹੈ। ਕੰਮ ਦੀਆਂ ਯੋਜਨਾਵਾਂ ਜ਼ਮੀਨੀ ਪੱਧਰ 'ਤੇ ਬਣਾਈਆਂ ਜਾਂਦੀਆਂ ਹਨ ਜਿਨ੍ਹਾਂ ਤਹਿਤ ਕੌਂਸਲਰਾਂ, ਪੰਚਾਂ ਅਤੇ ਸਰਪੰਚਾਂ ਨੂੰ ਭਰੋਸੇ ਵਿਚ ਲਿਆ ਜਾਂਦਾ ਹੈ ਅਤੇ ਇਨ੍ਹਾਂ ਯੋਜਨਾਵਾਂ ਨੂੰ ਬਲਾਕ, ਹੈੱਡਕੁਆਟਰ ਤੇ ਮੁੱਖ ਕਾਰਜਕਾਰੀ ਕੌਂਸਲਰ ਅਤੇ ਐਗਜ਼ੀਕਿਊਟਿਵ ਕੌਂਸਲਰਾਂ ਦੀ ਹਾਜ਼ਰੀ ਵਿਚ ਇਨ੍ਹਾਂ ਦੀ ਦੁਬਾਰਾ ਸਮੀਖਿਆ ਕੀਤੀ ਜਾਂਦੀ ਹੈ। ਲੇਹ ਜ਼ਿਲ੍ਹੇ ਵਿਚ ਖੁਦਮੁਖ਼ਤਾਰ ਪਹਾੜੀ ਵਿਕਾਸ ਪਰਿਸ਼ਦ ਦਾ ਮਾਡਲ ਦਾਰਜੀਲਿੰਗ ਖੁਦਮੁਖ਼ਤਾਰ ਪਹਾੜੀ ਵਿਕਾਸ ਪਰਿਸ਼ਦ ਦੀ ਤਰਜ਼ 'ਤੇ 1995 ਵਿਚ ਅਪਣਾਇਆ ਗਿਆ ਸੀ। 2003 ਵਿਚ ਕਾਰਗਿਲ ਜ਼ਿਲ੍ਹੇ ਨੂੰ ਵੀ ਲੱਦਾਖ ਖੁਦਮੁਖ਼ਤਾਰ ਪਹਾੜੀ ਵਿਕਾਸ ਪਰਿਸ਼ਦ ਤਹਿਤ, ਖੇਤਰ ਦੇ ਲੋਕਾਂ ਦੇ ਵਧੇਰੇ ਵਿਕਾਸ ਲਈ ਲਿਆਂਦਾ ਗਿਆ। ਹਾਜ਼ੀਆ ਆਪਣੇ ਆਪ ਨੂੰ ਇਸ ਨਵੀਂ ਬਣੀ ਪਰਿਸ਼ਦ ਦਾ ਮੈਂਬਰ ਬਣਨੋਂ ਰੋਕ ਨਾ ਸਕੀ ਕਿਉਂਕਿ ਉਹ ਜਾਣਦੀ ਸੀ ਉਸ ਦੇ ਲਈ ਸਮਾਜ ਵਿਚ ਬਦਲਾਅ ਲਿਆਉਣ ਦਾ ਇਹ ਇਕ ਮੌਕਾ ਹੈ।

''ਜਦੋਂ ਤੁਹਾਡੇ ਕੋਲ ਰਾਜਨੀਤਕ ਤਾਕਤ ਹੋਵੇ ਤਾਂ ਤੁਹਾਡੀ ਸਮਾਜ ਨੂੰ ਇਕ ਵਧੀਆ ਰਹਿਣ ਦੀ ਥਾਂ ਬਣਾਏ ਜਾਣ ਦੀ ਕਾਬਲੀਅਤ 'ਤੇ ਕੋਈ ਸਵਾਲ ਨਹੀਂ ਕਰਦਾ'', ਉਸ ਦਾ ਯਕੀਨ ਹੈ। ਤਾਂ ਵੀ ਉਸ ਦਾ ਸੰਘਰਸ਼ ਜਾਰੀ ਰਿਹਾ ਕਿਉਂਕਿ ਉਸ ਨੂੰ ਲਗਾਤਾਰ ਅਜਿਹੇ ਕਾਰਨਾਂ ਕਰਕੇ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਜਿਨ੍ਹਾਂ ਦਾ ਕੋਈ ਤਰਕਸੰਗਤ ਆਧਾਰ ਨਹੀਂ ਸੀ।

ਦੋ ਨਾਕਾਮਯਾਬੀਆਂ ਹਾਜ਼ੀਆ ਦਾ ਹੌਸਲਾ

ਘੱਟ ਨਾ ਕਰ ਸਕੀਆਂ, ਜਦੋਂ ਉਹ ਇਰਾਨ ਵਿਚ ਕਾਫ਼ੀ ਸਾਲ ਬਿਤਾਉਣ ਉਪਰੰਤ ਭਾਰਤ ਪਹੁੰਚ ਕੇ ਬਹੁਤ ਦੁਖੀ ਹੋਈ ਕਿ ਉਸ ਦੇ ਪਿੰਡ ਵਿਚ ਸਿਰਫ਼ ਇਕ ਪ੍ਰਾਇਮਰੀ ਸਕੂਲ ਹੈ ਅਤੇ ਉਹ ਵੀ ਖ਼ਸਤਾ ਹਾਲਤ ਵਿਚ। ਸਮਾਜ ਸੁਧਾਰ ਲਈ ਆਪਣਾ ਬਣਦਾ ਯੋਗਦਾਨ ਪਾਉਣ ਲਈ ਉਸ ਨੇ ਆਪਣੇ ਘਰ ਦੀ ਜ਼ਮੀਨੀ ਮੰਜ਼ਿਲ ਨੂੰ ਪ੍ਰਾਇਮਰੀ ਸਕੂਲ ਵਿਚ ਬਦਲ ਦਿਤਾ ਜਿਥੇ ਉਸ ਨੇ ਲਗਭਗ 17 ਸਾਲ ਪੜ੍ਹਾਇਆ।

ਇਥੇ ਹੀ ਬਸ ਨਹੀਂ ਸੀ। ਉਹ ਇਸ ਉਪਰਾਲੇ ਵਿਚ ਆਪਣੇ ਭਾਈਚਾਰੇ ਨੂੰ ਵੀ ਸ਼ਾਮਿਲ ਕਰਨਾ ਚਾਹੁੰਦੀ ਸੀ। ਉਸ ਨੇ ਇਕ ਖਾਲੀ ਪਏ ਜ਼ਮੀਨ ਦੇ ਟੁਕੜੇ ਨੂੰ ਪ੍ਰਾਇਮਰੀ ਸਕੂਲ ਦੀ ਉਸਾਰੀ ਵਾਸਤੇ ਦੇਣ ਲਈ ਪਿੰਡ ਵਾਸੀਆਂ ਨੂੰ ਮਨਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਉਸ ਦੇ ਨਿਰੰਤਰ ਸੰਘਰਸ਼ ਦੇ ਬਾਵਜੂਦ, ਉਹ ਸਥਾਨਕ ਪ੍ਰਸ਼ਾਸਨ ਅਤੇ ਪਿੰਡ ਵਾਸੀਆਂ ਨੂੰ ਇਸ ਸੁੱਚੇ ਕੰਮ ਵਾਸਤੇ ਮਦਦ ਲਈ ਨਾ ਮਨਾ ਸਕੀ। "ਲਾ ਇਲਮੀ *(ਜਾਣਕਾਰੀ ਦੀ ਕਮੀ)* – ਦੀ ਕਮੀ ਕਰਕੇ ਸੀ ਕਿ ਲੋਕ ਸਕੂਲ ਅਤੇ ਸਿੱਖਿਆ ਦਾ ਮਹੱਤਵ ਸਮਝ ਨਾ ਸਕੇ", ਉਹ ਦੱਸਦੀ ਹੈ। ਇਹ ਲੱਦਾਖ ਖੁਦਮੁਖ਼ਤਾਰ ਪਹਾੜੀ ਵਿਕਾਸ ਪਰਿਸ਼ਦ, ਲੱਦਾਖ ਦੀਆਂ ਨਵੰਬਰ 2008 ਵਿਚ ਹੋਈਆਂ ਦੂਜੀਆਂ ਆਮ ਚੋਣਾਂ ਦਾ ਸਮਾਂ ਸੀ ਕਿ ਉਸ ਦੀਆਂ ਕੋਸ਼ਿਸ਼ਾਂ ਨੂੰ ਆਖਰ ਨੂੰ ਬੂਰ ਪਿਆ ਅਤੇ ਉਹ ਪਰਿਸ਼ਦ ਦੇ ਇਤਿਹਾਸ ਵਿਚ ਪਹਿਲੀ ਮਾਣਮੱਤੀ ਮਹਿਲਾ ਮੈਂਬਰ ਬਣ ਗਈ।

"ਸਾਰਿਆਂ ਨੂੰ ਰਾਜਨੀਤੀ ਵਿਚ ਭਾਗ ਲੈਣ ਅਤੇ ਆਪਣੇ ਕਾਨੂੰਨੀ ਅਧਿਕਾਰਾਂ ਦੀ ਵਿਵੇਕਪੂਰਨ ਵਰਤੋਂ ਦਾ ਅਧਿਕਾਰ ਹੈ। ਮੈਂ ਕਦੇ ਪਦਾਰਥਵਾਦ ਵਿਚ ਯਕੀਨ ਨਹੀਂ ਕੀਤਾ। ਮੈਂ ਆਪਣਾ ਜੀਵਨ ਹਮੇਸ਼ਾ ਸਮਾਜ ਸੇਵਾ ਅਤੇ ਸਮਾਜ ਵਿਚ ਖੁਸ਼ਹਾਲੀ ਲਿਆਉਣ ਲਈ ਜਾਣਿਆ ਹੈ", ਦ੍ਰਿੜ੍ਹ ਇਰਾਦੇ ਵਾਲੀ ਹਾਜ਼ੀਆ ਕਹਿੰਦੀ ਹੈ, ਜਿਸ ਦੀ ਆਵਾਜ਼ ਵਿਚ ਸਪੱਸ਼ਟ ਤਾਕਤ ਅਤੇ ਜੋਸ਼ ਸੀ।

ਚਾਰ ਸਾਲ ਤੋਂ ਵੱਧ ਕੌਂਸਲਰ ਵਜੋਂ ਕੰਮ ਕਰਨ ਕਰਕੇ ਹਾਜ਼ੀਆ ਨੇ ਇਹ ਨਿਸ਼ਚਤ ਕੀਤਾ ਕਿ ਉਹ ਤਾਕਤ ਵਿਚ ਹੁੰਦੇ ਹੋਏ ਆਪਣੀਆਂ ਕਦਰਾਂ-ਕੀਮਤਾਂ ਪ੍ਰਤਿ ਈਮਾਨਦਾਰ ਰਹੇ। "ਸਾਨੂੰ ਆਪਣੀ ਸਮਰਥਾ ਅਤੇ ਰੁਤਬੇ ਨੂੰ ਕਦੀ ਹਲਕੇ ਵਿਚ ਨਹੀਂ ਲੈਣਾ ਚਾਹੀਦਾ। ਮੈਂ ਆਪਣੇ ਫ਼ਰਜ਼ ਦਾ ਆਦਰ ਕਰਦੀ ਹਾਂ ਅਤੇ ਨਾ ਸਿਰਫ਼ ਇਕ ਅਫ਼ਸਰ ਸਗੋਂ ਇਕ ਈਮਾਨਦਾਰ ਨਾਗਰਿਕ ਵਜੋਂ ਉਸ ਨੂੰ ਉੱਚਿਤ ਠਹਿਰਾਉਣ ਦੀ ਕੋਸ਼ਿਸ਼ ਕਰਦੀ ਹੈਂ", ਹਾਜ਼ੀਆ ਜ਼ੋਰ ਦੇ ਕੇ ਕਹਿੰਦੀ ਹੈ। ਅਨੇਕ ਪਾਣੀ ਦੇ ਝਰਨੇ, ਪੱਕੇ ਫੁੱਟਪਾਥ, ਬਹੁਮੰਤਵੀ ਸਕੂਲਾਂ ਵਿਚ ਕੰਪਿਊਟਰ ਪ੍ਰਯੋਗਸ਼ਾਲਾਵਾਂ, ਔਰਤਾਂ ਲਈ ਰੁਜ਼ਗਾਰ ਦੇ ਮੌਕੇ ਅਤੇ ਅਨੇਕ ਔਰਤਾਂ ਦੇ ਸਵੈ-ਸਹਾਇਤਾ ਕਰਨ ਵਾਲੇ ਸੰਗਠਨਾਂ ਨੂੰ ਉਸ ਦੇ ਕਾਰਜ ਕਾਲ ਦੌਰਾਨ ਵਿੱਤੀ ਸਹਾਇਤਾ ਦਿਤੀ ਗਈ। "ਹਰੇਕ ਕੁੜੀ ਨੂੰ ਮੈਦਾਨ ਵਿਚ ਆਉਣ ਅਤੇ ਸ਼ਾਲੀਨਤਾ ਅਤੇ ਨਿਮਰਤਾ ਨਾਲ ਕੰਮ ਕਰਨ ਅਤੇ ਮਿਸਾਲੀ ਨਾਗਰਿਕ ਬਣਨ ਦਾ ਹੱਕ ਹੈ", ਹਾਜ਼ੀਆ ਖੁੱਲ੍ਹ ਕੇ ਆਖਦੀ ਹੈ।



ਸਥਾਨਕ ਵਸਨੀਕ ਹੁਸੈਨ ਦੱਸਦਾ ਹੈ, "ਉਹ ਇਕੋ-ਇਕ ਮਜ਼ਬੂਤ ਔਰਤ ਹੈ ਜਿਸ ਨੂੰ ਅਸੀ ਵੇਖਿਆ ਹੈ। ਉਹ ਆਪਣੇ ਵਿਚਾਰ ਪ੍ਰਗਟਾਉਣ ਲੱਗਿਆਂ ਝਿਜਕਦੀ ਨਹੀਂ, ਖ਼ਾਸ ਕਰਕੇ ਜਦੋਂ ਦਫ਼ਤਰ ਵਿਚ ਉਹ ਮਰਦਾਂ ਵਿਚਕਾਰ ਘੱਟ ਗਿਣਤੀ ਵਿਚ ਹੁੰਦੀ ਹੈ। ਉਹ ਸਮਾਜ ਭਲਾਈ ਲਈ ਮਜ਼ਬੂਤੀ ਨਾਲ ਸੋਚਦੀ ਹੈ। ਕੋਈ ਵੀ ਉਸ ਨਾਲ ਬਹਿਸ ਕਰਨ ਨੂੰ ਰਾਜ਼ੀ ਨਹੀਂ ਹੁੰਦਾ ਖ਼ਾਸ ਕਰਕੇ ਜਦੋਂ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਹ ਸਹੀ ਉਦੇਸ਼ ਵਾਸਤੇ ਖੜ੍ਹੀ ਹੈ ਅਤੇ ਉਸ ਵਿਚ ਸਮੇਂ ਸਿਰ ਕੰਮ ਕਰਵਾ ਸਕਣ ਦੀ ਯੋਗਤਾ ਹੈ।"

ਭਾਵੇਂ ਕਿ ਉਹ ਕਿਸੇ ਰਾਜਨੀਤਕ ਸਭਾ ਦੀ ਸਰਗਰਮ ਮੈਂਬਰ ਨਹੀਂ ਹੈ ਤਾਂ ਵੀ ਉਹ ਲੋੜਵੰਦ ਵਿਅਕਤੀਆਂ, ਖ਼ਾਸ ਕਰਕੇ ਔਰਤਾਂ ਅਤੇ ਬੱਚਿਆਂ ਦੀ ਮਦਦ ਕਰਦੀ ਹੈ। ਉਹ ਆਪਣੀ ਭੈਣ ਦੇ ਕੱਪੜੇ ਅਤੇ ਦੂਸਰੀਆਂ ਰਵਾਇਤੀ ਚੀਜ਼ਾਂ ਜਿਵੇਂ ਉੱਨ ਦੇ ਦਸਤਾਨੇ ਅਤੇ ਮਫਲਰ ਵੇਚਣ ਦੇ ਵਪਾਰ ਵਿਚ ਵੀ ਮਦਦ ਕਰਦੀ ਹੈ।

ਪਹਿਲਾਂ ਹੀ ਕਾਰਗਿਲ ਦੀਆਂ ਨੌਜਵਾਨ ਲੜਕੀਆਂ ਲਈ ਪ੍ਰੇਰਨਾ ਬਣੀ ਹਾਜ਼ੀਆ ਨੇ ਬਹੁਤ ਸਾਰੇ ਮਰਦਾਂ ਅਤੇ ਔਰਤਾਂ ਦੀ ਇਸ ਝੂਠੀ ਧਾਰਣਾ ਨੂੰ ਗਲਤ ਸਿੱਧ ਕੀਤਾ ਹੈ ਕਿ ਔਰਤਾਂ ਦੀ ਭੂਮਿਕਾ ਬਹੁਤ ਸੀਮਤ ਹੁੰਦੀ ਹੈ, ਜਿਵੇਂ – ਪਰਿਵਾਰਾਂ ਲਈ ਖਾਣਾ ਪਕਾਉਣ ਅਤੇ ਘਰੇਲੂ ਕੰਮ ਕਾਜ ਕਰਨੇ। ਉਸ ਨੇ ਸਿੱਧ ਕੀਤਾ ਹੈ ਕਿ ਜ਼ਿੰਦਗੀ ਦੇ ਹਰ ਖੇਤਰ ਵਿਚ ਔਰਤ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲ ਸਕਦੀ ਹੈ ਅਤੇ ਆਪਣੇ ਮਰਦ ਸਾਥੀਆਂ ਨਾਲੋਂ ਜ਼ਿਆਦਾ ਕੁਸ਼ਲ ਹੋ ਸਕਦੀ ਹੈ। ਉਸ ਨੇ ਕਾਰਗਿਲ ਦੇ ਸਮਾਜ ਲਈ ਜੋ ਹਾਸਲ ਕੀਤਾ ਹੈ, ਉਹ ਬਹੁਤ ਪ੍ਰਸ਼ੰਸਾ ਯੋਗ ਹੈ ਬਨਿਸਬਤ ਜੋ ਅੱਜ ਦੇ ਮੋਹਰੀ ਰਾਜਨੀਤਕ ਵਿਅਕਤੀ ਜਨਤਕ ਤੌਰ ਤੇ ਆਪਣੇ ਰੁਤਬੇ ਅਤੇ ਪ੍ਰਸਿੱਧੀ ਲਈ ਵਾਅਦੇ ਕਰਦੇ ਹਨ।

*(ਲੇਖ ਸੰਜੋਏ ਘੋਸ਼ ਫੈਲੋਸ਼ਿਪ ਤਹਿਤ ਤਿਆਰ ਕੀਤਾ ਗਿਆ ਹੈ।)*

*e-mail :charkha@bol.net.in*

# ਨੇਤਰਹੀਣਾਂ ਦੀ ਮਦਦ ਲਈ ਛੜੀ

ਵਜ਼ੀਰ ਹਯਾਤ

**52** ਵਰ੍ਹਿਆਂ ਦੇ ਵਜ਼ੀਰ ਨੇ ਅਲਾਰਮ ਨਾਲ ਲੈਸ ਅਜਿਹੀ ਛੜੀ ਈਜ਼ਾਦ ਕੀਤੀ ਹੈ ਜੋ ਨੇਤਰਹੀਣ ਵਿਅਕਤੀਆਂ ਨੂੰ ਚੱਲਣ ਵਿਚ ਮਦਦ ਦੇਵੇਗੀ। ਉਸ ਦੀ ਇਸ ਕਾਢ ਦੇ ਕਾਰਗਰ ਅਤੇ ਕਿਫ਼ਾਇਤੀ ਹੋਣ ਕਾਰਨ ਭਾਰਤ ਅਤੇ ਵਿਦੇਸ਼ਾਂ ਵਿਚ ਚੰਗੀ ਮੰਗ ਹੈ।

ਇਕ ਗਰੀਬ ਕਿਸਾਨ ਦੇ ਪੁੱਤਰ ਵਜ਼ੀਰ ਨੂੰ ਪਰਿਵਾਰ ਦੀ ਮਦਦ ਕਾਰਨ ਆਪਣੀ ਪੜ੍ਹਾਈ ਵਿਚਾਲੇ ਹੀ ਛੱਡਣੀ ਪਈ। ਉਸ ਨੇ ਬੋਰਵੈੱਲ ਮਕੈਨਿਕ ਵਜੋਂ ਕੰਮ ਸ਼ੁਰੂ ਕਰ ਕੇ ਫਿਰ ਬਿਜਲੀ ਦੇ ਸਾਜ਼-ਸਾਮਾਨ ਦੀ ਮੁਰੰਮਤ ਸ਼ੁਰੂ ਕੀਤੀ ਅਤੇ 'ਵਾਜ਼ ਤਕਨਾਲੋਜੀ' ਨਾਂ ਦੀ ਦੁਕਾਨ ਖੋਲ੍ਹ ਲਈ। ਇਕ ਦਿਨ ਇਸੇ ਦੁਕਾਨ 'ਤੇ ਕੰਮ ਕਰਦਿਆਂ ਸੜਕ ਦੇ ਦੂਜੇ ਪਾਸੇ ਉਸ ਨੇ ਇਕ ਨੇਤਰਹੀਣ ਵਿਅਕਤੀ ਨੂੰ ਤਿਲਕ ਕੇ ਡੂੰਘੇ ਸੀਵਰ ਦੇ ਟੋਏ ਵਿਚ ਡਿੱਗਦਿਆਂ ਦੇਖਿਆ। ਉਸ ਨੇ ਅਜਿਹੀਆਂ ਘਟਨਾਵਾਂ ਤੋਂ ਬਚਾਅ ਲਈ ਕੁੱਝ ਕਰਨ ਦਾ ਨਿਸ਼ਚਾ ਕੀਤਾ ਜਿਸ ਤਹਿਤ ਉਸ ਨੇ ਇਲੈਕਟ੍ਰਾਨਿਕਸ ਬਾਰੇ ਆਪਣੇ ਤਜਰਬੇ ਨੂੰ ਵਰਤਦਿਆਂ ਅਜਿਹੀ ਛੜੀ ਵਿਕਸਤ ਕਰਨ ਬਾਰੇ ਸੋਚਿਆ ਜੋ ਨੇਤਰਹੀਣ ਵਿਅਕਤੀ ਨੂੰ ਆਸਾਨੀ ਨਾਲ ਚੱਲਣ ਵਿਚ ਸਹਾਇਤਾ ਦੇਵੇਗੀ।

ਇਸ ਉਦੇਸ਼ ਲਈ ਕੰਮ ਕਰਦਿਆਂ ਉਸ ਨੇ ਬੋਲ ਸਕਣ ਵਾਲੀ 'ਕੱਠੀ ਹੋਣ ਵਾਲੀ ਛੜੀ, ਸੰਵੇਦਨਾ ਅਧਾਰਤ 'ਕੱਠੀ ਹੋਣ ਵਾਲੀ ਸਵੈ-ਚਾਲਤ ਛੜੀ ਅਤੇ ਦੂਹਰੀ ਸੰਵੇਦਨਾ ਆਧਾਰਤ ਆਵਾਜ਼ ਕਰ ਸਕਣ ਵਾਲੀ 'ਕੱਠੀ ਹੁੰਦੀ ਛੜੀ ਤਿਆਰ ਕੀਤੀ। ਚਾਰਜ ਹੋਣ ਵਾਲੀਆਂ ਬੈਟਰੀਆਂ ਨਾਲ ਚੱਲਣ ਵਾਲੀਆਂ ਇਨ੍ਹਾਂ ਛੜੀਆਂ ਵਿਚ ਆਵਾਜ਼ ਰਿਕਾਰਡ ਸਿਲਸਿਲਾ ਲੱਗਾ ਹੋਇਆ ਹੈ ਜੋ ਅੱਗੇ ਕਿਸੇ ਰੁਕਾਵਟ ਜਾਂ ਪਾਣੀ ਆਦਿ ਤੋਂ ਚੌਕਸ ਕਰਦਾ ਹੈ। ਸੈਂਸਰ ਵਲੋਂ ਪਾਣੀ ਦੀ ਟੋਹ ਲੈਂਦਿਆਂ ਹੀ ਨਿਯੰਤ੍ਰਣ ਵੱਲ ਸੰਕੇਤ ਚਲਾ ਜਾਂਦਾ ਹੈ ਜੋ ਆਵਾਜ਼ ਪੈਦਾ ਕਰਨ ਵਾਲੇ ਸਿਲਸਿਲੇ ਨੂੰ ਸਰਗਰਮ ਕਰ ਦਿੰਦਾ ਹੈ। ਭੀੜ ਵਾਲੀਆਂ ਥਾਵਾਂ 'ਤੇ ਵਰਤੋਂਕਾਰ ਸਿਰਫ਼ ਇਕ ਬਟਨ ਦਬਾ ਕੇ, 'ਕਿਰਪਾ ਕਰਕੇ ਮੈਨੂੰ ਰਸਤਾ ਦੇ ਦਿਓ' ਜਿਹੇ ਚੌਕਸੀ ਬੋਲ ਜਾਰੀ ਕਰ ਸਕਦਾ ਹੈ। ਸੈਂਸਰ ਅਤੇ ਚੌਕਸੀ ਸਿਲਸਿਲੇ ਦੇ ਲੱਗੇ ਹੋਣ ਕਾਰਨ ਇਸ ਛੜੀ ਨੂੰ ਲੈ ਕੇ ਚੱਲਣ ਵਾਲੇ ਨੇਤਰਹੀਣ ਵਿਅਕਤੀ ਦੇ ਕਿਸੇ ਹਾਦਸੇ ਦਾ ਸ਼ਿਕਾਰ ਹੋਣ ਦੇ ਮੌਕੇ ਕਾਫ਼ੀ ਘਟ ਜਾਂਦੇ ਹਨ।



ਇਸ ਜੰਤਰ ਦਾ ਅਹਿਮਦਾਬਾਦ ਵਿਖੇ ਨੇਤਰਹੀਣ ਵਿਅਕਤੀਆਂ ਦੀ ਐਸੋਸੀਏਸ਼ਨ ਦੀ ਮਦਦ ਨਾਲ ਪਰੀਖਣ ਕੀਤਾ ਗਿਆ ਅਤੇ 15 ਨੇਤਰਹੀਣਾਂ ਦੇ ਅਨੁਭਵਾਂ ਨੂੰ ਦਰਜ ਕੀਤਾ ਗਿਆ। ਇਨ੍ਹਾਂ ਵਿਅਕਤੀਆਂ ਨੇ 'ਆਵਾਜ਼ ਚੌਕਸੀ' ਸਹੂਲਤ ਦੀ ਪ੍ਰਸ਼ੰਸਾ ਕੀਤੀ ਅਤੇ ਇਸੇ ਉਦੇਸ਼ ਲਈ 'ਵਾਇਬਰੇਸ਼ਨ ਮੋਡ' ਦਾ ਵੀ ਸੁਝਾਅ ਦਿਤਾ।

ਪਹਿਲਾਂ 'ਆਰਟ ਸਰਚ' ਨੇ ਅਜਿਹੀਆਂ ਛੜੀਆਂ ਤਿਆਰ ਕੀਤੀਆਂ ਸਨ ਪਰ ਉਹ ਇਸ ਛੜੀ ਵਾਂਗ ਬਹੁ-ਉਦੇਸ਼ੀ ਕਾਰਜ ਨਿਭਾਉਣ ਦੇ ਸਮਰੱਥ ਨਹੀਂ ਸਨ ਅਤੇ ਮਹਿੰਗੀਆਂ ਵੀ ਸਨ। ਐੱਨ ਆਈ ਐੱਫ ਨੇ ਵਜ਼ੀਰ ਦੇ ਨਾਂ 'ਤੇ (2244/ਸੀ ਐਚ ਈ/2008) ਪੇਟੈਂਟ ਦਰਜ ਕਰਾਇਆ। ਪਹਿਲਾਂ ਐੱਨ ਆਈ ਐੱਫ ਨੇ ਅਜਿਹੀ ਛੜੀ ਦੀ ਧਾਰਨਾ ਦੇ ਦਸਤਾਵੇਜ਼ੀ ਕਰਨ ਵਜੋਂ 2005 ਦੇ ਆਪਣੇ ਤੀਜੇ ਰਾਸ਼ਟਰੀ ਮੁਕਾਬਲੇ ਵਿਚ ਦੋ ਵਿਦਿਆਰਥੀਆਂ ਸੰਕੇਤ ਅਤੇ ਪ੍ਰਸ਼ਾਂਤ ਨੂੰ ਸਨਮਾਨ ਵੀ ਦਿਤਾ ਸੀ। ਵਜ਼ੀਰ ਨੂੰ ਆਪਣੀਆਂ ਛੜੀਆਂ ਦੇ ਵਪਾਰਕ ਵਰਤੋਂ ਦਾ ਮਾਨਤਾ ਬਦਲੇ ਐੱਨ ਆਈ ਐੱਫ ਦਾ 2012 ਦਾ ਛੇਵਾਂ ਰਾਸ਼ਟਰੀ ਸਨਮਾਨ ਦਿਤਾ ਗਿਆ।

ਐੱਨ ਆਈ ਐੱਫ ਨੇ ਇਨ੍ਹਾਂ ਛੜੀਆਂ ਦੇ ਵਪਾਰੀਕਰਨ ਲਈ 'ਬਹੁਤ ਛੋਟੇ ਨਵੀਨ ਉੱਦਮ ਫ਼ੰਡ' ਸਕੀਮ ਤਹਿਤ ਵਜ਼ੀਰ ਦੀ ਮਦਦ ਵੀ ਕੀਤੀ। ਵਜ਼ੀਰ ਭਾਰਤ ਵਿਚ ਅਤੇ ਵਿਦੇਸ਼ਾਂ ਵਿਚ ਵੀ ਇਕ ਹਜ਼ਾਰ ਤੋਂ ਵੱਧ ਅਜਿਹੀਆਂ ਛੜੀਆਂ ਦੀ ਵਿੱਕਰੀ ਕਰ ਚੁੱਕਾ ਹੈ। ਦੂਜਿਆਂ ਦੇ ਮੁਕਾਬਲੇ ਉਸ ਦੀ ਛੜੀ ਦੀ ਵਿਸ਼ੇਸ਼ ਗੱਲ ਇਸ ਦਾ ਤਿੰਨ ਤਰ੍ਹਾਂ ਦਾ ਅਤੇ ਸਸਤਾ (900 ਤੋਂ 2400 ਰੁਪਏ) ਹੋਣਾ ਅਤੇ ਬਾਜ਼ਾਰ ਵਿਚਲੀ ਕੀਮਤ (>3500 ਰੁਪਏ) ਤੋਂ ਕਾਫ਼ੀ ਘੱਟ ਹੋਣਾ ਹੈ। ❑❑

# ਦਿਲ ਦਾ ਦੌਰਾ ਤੇ ਸਾਵਧਾਨੀਆਂ

ਡਾ. ਮਨਜੀਤ ਸਿੰਘ ਬੱਲ

ਦੁਨੀਆਂ ਭਰ ਵਿਚ ਦਿਲ ਦੇ ਦੌਰੇ ਕਾਰਨ ਸਭ ਤੋਂ ਵੱਧ ਜਾਨਾਂ ਚਲੀਆਂ ਜਾਂਦੀਆਂ ਹਨ। ਹਰ ਸਾਲ ਅੰਦਾਜ਼ਨ ਸਾਢੇ ਬਾਰਾਂ ਮਿਲੀਅਨ ਵਿਅਕਤੀ ਇਸ ਦੀ ਬਲੀ ਚੜ੍ਹ ਜਾਂਦੇ ਹਨ। ਜਾਗਰੂਕਤਾ ਸਦਕਾ ਪਿਛਲੇ ਸਾਲਾਂ ਦੌਰਾਨ ਦਿਲ ਦੇ ਦੌਰੇ ਸੰਬੰਧੀ ਮਾਮਲਿਆਂ ਦੀ ਗਿਣਤੀ ਘਟੀ ਹੈ। ਫਿਰ ਵੀ ਵਿਕਾਸਸ਼ੀਲ ਦੇਸ਼ਾਂ ਅਤੇ ਭਾਰਤ ਵਿਚ ਇਹ ਇਕ ਵੱਡੀ ਸਮੱਸਿਆ ਹੈ। ਭਾਰਤੀਆਂ ਵਿਚ ਇਹ ਰੋਗ ਹੋਣ ਦੇ ਵਧੇਰੇ ਮੌਕੇ ਹੁੰਦੇ ਹਨ। ਭਾਰਤ ਵਿਚ ਅਮਰੀਕੀਆਂ ਨਾਲੋਂ 3.4 ਗੁਣਾ, ਚੀਨੀਆਂ ਨਾਲੋਂ 6 ਗੁਣਾ ਅਤੇ ਜਪਾਨੀਆਂ ਨਾਲੋਂ 20 ਗੁਣਾ ਵਧੇਰੇ ਦਿਲ ਦੇ ਦੌਰੇ ਪੈਣ ਦੀ ਸੰਭਾਵਨਾ ਹੁੰਦੀ ਹੈ।

ਦਿਲ ਇਕ ਅਜਿਹਾ ਜ਼ਬਰਦਸਤ ਪੰਪ ਹੈ ਜੋ ਬਿਨਾਂ ਥੱਕੇ ਅਤੇ ਬਿਨਾਂ ਆਰਾਮ ਕੀਤਿਆਂ ਵਿਅਕਤੀ ਲਈ ਪੂਰੀ ਉਮਰ ਕੰਮ ਕਰਦਾ ਹੈ। ਇਹ ਪੰਪ ਹਰੇਕ ਮਿੰਟ ਵਿਚ 5 ਤੋਂ 6 ਲਿਟਰ ਖ਼ੂਨ ਨੂੰ ਪੰਪ ਕਰ ਕੇ ਅੱਗੇ ਭੇਜਦਾ ਹੈ ਜੋ ਸਰੀਰ ਦੇ ਸਾਰੇ ਅੰਗਾਂ ਅਤੇ ਤੰਤੂਆਂ ਨੂੰ ਆਕਸੀਜਨ ਤੇ ਤਾਕਤ ਪ੍ਰਦਾਨ ਕਰਦਾ ਹੈ ਜਿਸ ਵਿਚ ਦਿਲ ਦੇ ਪੱਠੇ ਵੀ ਸ਼ਾਮਿਲ ਹਨ। ਵਧਦੀ ਉਮਰ ਨਾਲ ਖ਼ੂਨ ਦੀਆਂ ਨਾੜੀਆਂ ਦੇ ਅੰਦਰ ਚਰਬੀ ਦੀ ਇਕ ਪੇਪੜੀ ਜੰਮ ਜਾਂਦੀ ਹੈ ਜਿਸ ਨਾਲ ਨਾੜੀ ਦਾ ਬੋਰ ਤੰਗ ਹੋ ਜਾਂਦਾ ਹੈ, ਇਸ ਨੂੰ ਹੀ 'ਐਥਰੋਸਕਲੀਰੋਸਿਸ' ਕਿਹਾ ਜਾਂਦਾ ਹੈ। ਇਹ ਚਰਬੀ ਜਦੋਂ ਦਿਲ ਦੇ ਪੱਠਿਆਂ ਨੂੰ ਖ਼ੂਨ ਸਪਲਾਈ ਕਰਨ ਵਾਲੀਆਂ ਨਾੜੀਆਂ ਵਿਚ ਜੰਮਦੀ ਹੈ ਤਾਂ ਦਿਲ ਨੂੰ ਖ਼ੁਦ ਨੂੰ ਪੂਰੀ ਤਾਕਤ ਨਹੀਂ ਮਿਲਦੀ। ਇਸ ਨੂੰ ਕੋਰੋਨਾਰੀ ਆਰਟਰੀ ਡਿਸੀਜ਼ ਕਿਹਾ ਜਾਂਦਾ ਹੈ। ਲੋਕਾਂ ਦੀ ਧਾਰਨਾ ਹੈ ਕਿ ਇਹ ਚਰਬੀ ਵਡੇਰੀ ਉਮਰ ਵਿਚ ਹੀ ਜੰਮਦੀ ਹੈ ਜਦਕਿ ਅਸਲ ਵਿਚ ਇਹ ਬਚਪਨ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਦਿਮਾਗ ਦੀ ਨਾੜੀ ਵਿਚ ਪੇਪੜੀ ਜੰਮ ਜਾਵੇ ਤਾਂ ਸਟਰੋਕ, ਦਿਲ ਦੀ ਨਾੜੀ ਵਿਚ ਹੋਵੇ ਤਾਂ ਛਾਤੀ ਵਿਚ ਦਰਦ, ਦਿਲ ਦਾ ਦੌਰਾ/ ਅਚਾਨਕ ਮੌਤ ਅਤੇ ਲੱਤਾਂ ਦੀਆਂ ਨਾੜੀਆਂ ਵਿਚ ਹੋਵੇ ਤਾਂ ਉਂਗਲਾਂ ਕਾਲੀਆਂ ਹੋ ਕੇ ਝੜ ਜਾਂਦੀਆਂ ਹਨ (ਗੈਂਗਰੀਨ)।

***ਕੋਰੋਨਾਰੀ ਆਰਟਰੀ ਡਿਸੀਜ਼ :*** ਹੋ ਸਕਦਾ ਹੈ ਕਿ ਕਾਫ਼ੀ ਸਮਾਂ ਕੋਈ ਵੀ ਸਮੱਸਿਆ ਨਾ ਹੋਵੇ ਜਾਂ ਪੌੜੀਆਂ ਚੜ੍ਹਨ ਜਾਂ ਭਾਰਾ ਕੰਮ ਕਰਨ ਵੇਲੇ ਛਾਤੀ ਵਿਚ ਪੀੜ ਹੁੰਦੀ ਹੋਵੇ ਜਾਂ ਫਿਰ ਦਿਲ ਦਾ ਦੌਰਾ ਪੈ ਜਾਵੇ ਅਤੇ ਇਲਾਜ ਨਾਲ ਵਿਅਕਤੀ ਠੀਕ ਹੋ ਜਾਵੇ ਤੇ ਜਾਂ ਫਿਰ ਵੱਡਾ ਦੌਰਾ ਪਵੇ ਤੇ ਅਚਾਨਕ ਮੌਤ ਹੋ ਜਾਵੇ। ਦੁਨੀਆਂ ਭਰ ਵਿਚ ਦਿਲ ਦੇ ਦੌਰੇ ਕਾਰਨ ਸਭ ਤੋਂ ਵੱਧ ਜਾਨਾਂ ਚਲੀਆਂ ਜਾਂਦੀਆਂ ਹਨ। ਹਰ ਸਾਲ ਅੰਦਾਜ਼ਨ ਸਾਢੇ ਬਾਰਾਂ ਮਿਲੀਅਨ ਵਿਅਕਤੀ ਇਸ ਦੀ ਬਲੀ ਚੜ੍ਹ ਜਾਂਦੇ ਹਨ। ਭਾਵੇਂ ਜਾਗਰੂਕਤਾ ਕਰਕੇ ਪਿਛਲੇ ਕੁਝ ਸਾਲਾਂ ਦੌਰਾਨ ਦਿਲ ਦੇ ਦੌਰੇ ਸੰਬੰਧੀ ਮਾਮਲਿਆਂ ਦੀ ਗਿਣਤੀ ਘਟੀ ਹੈ ਪਰ ਫਿਰ ਵੀ ਵਿਕਾਸਸ਼ੀਲ ਦੇਸ਼ਾਂ ਅਤੇ ਭਾਰਤ ਵਿਚ ਇਕ ਵੱਡੀ ਸਮੱਸਿਆ ਹੈ।

***ਦਿਲ ਦਾ ਦੌਰਾ ਤੇ ਭਾਰਤੀ ਲੋਕ :*** ਭਾਰਤੀਆਂ ਵਿਚ ਇਹ ਰੋਗ ਹੋਣ ਦੇ ਵਧੇਰੇ ਮੌਕੇ ਹੁੰਦੇ ਹਨ। ਭਾਰਤ ਵਿਚ ਅਮਰੀਕੀਆਂ ਨਾਲੋਂ 3.4 ਗੁਣਾ, ਚੀਨੀਆਂ ਨਾਲੋਂ 6 ਗੁਣਾ ਅਤੇ ਜਪਾਨੀਆਂ ਨਾਲੋਂ 20 ਗੁਣਾ ਵਧੇਰੇ ਐਥਰੋਸਕੀਰੋਸਿਸ/ ਦਿਲ ਦੇ ਦੌਰੇ ਹੁੰਦੇ ਹਨ। ਖ਼ੂਨ ਵਿਚ ਘੱਟ ਕੋਲੈਸਟਰੋਲ ਨਾਲ ਵੀ ਇਹ ਤਹਿ ਜੰਮ ਜਾਂਦੀ ਹੈ। ਭਾਰਤੀਆਂ ਵਿਚ ਇਹ ਮੁਕਾਬਲਤਨ ਛੋਟੀ ਉਮਰ ਵਿਚ ਹੋ ਜਾਂਦੀ ਹੈ। ਬਾਕੀਆਂ ਦੇ ਮੁਕਾਬਲੇ 5 ਤੋਂ 10 ਸਾਲ ਘੱਟ ਉਮਰ ਵਿਚ ਦੂਜਿਆਂ ਨਾਲੋਂ ਭਾਰਤੀਆਂ ਵਿਚ ਵੱਧ ਖ਼ਤਰਨਾਕ ਹੁੰਦੀ ਹੈ ਤੇ ਦੂਜੇ ਅਟੈਕ ਦਾ ਖ਼ਤਰਾ 3 ਗੁਣਾ ਵਧੇਰੇ ਹੁੰਦਾ ਹੈ। ਮੌਤਾਂ ਦੀ ਗਿਣਤੀ ਵੀ ਗੋਰਿਆਂ ਨਾਲੋਂ ਦੋ ਗੁਣਾ ਜ਼ਿਆਦਾ ਹੁੰਦੀ ਹੈ।

***ਦਿਲ ਦਾ ਦੌਰਾ ਪੈਣ ਦੇ ਕਾਰਨ :*** ਘਿਓ, ਮੱਖਣ, ਚਰਬੀ, ਮਿਠਾਈਆਂ ਅਤੇ ਹੋਰ ਭੋਜਨ ਖਾਣ ਵੇਲੇ ਨਾ ਤਾਂ ਅਸੀ ਕਿਸੇ ਤਰ੍ਹਾਂ ਦਾ ਹਿਸਾਬ ਰੱਖਦੇ ਹਾਂ ਅਤੇ ਨਾ ਹੀ ਬਲੱਡ ਪ੍ਰੈਸ਼ਰ, ਸ਼ੂਗਰ ਤੇ ਮੋਟਾਪੇ ਨੂੰ ਗੰਭੀਰਤਾ ਨਾਲ ਲੈਂਦੇ ਹਾਂ। ਸਾਡਾ ਮਾਹੌਲ ਹੀ ਕੁਝ ਅਜਿਹਾ ਹੋ ਗਿਆ ਹੈ ਕਿ ਅਸੀਂ ਖਾਂਦੇ ਤਾਂ ਰਹਿੰਦੇ ਹਾਂ ਪਰ ਵਰਜਿਸ਼ ਵੇਲੇ ਟਾਲਾ ਵੱਟ ਜਾਂਦੇ ਹਾਂ। ਸ਼ਹਿਰੀਕਰਨ ਇਸ ਦਾ ਇਕ ਹੋਰ ਕਾਰਨ ਹੈ ਜਿਸ ਨਾਲ ਸਾਡਾ ਜੀਵਨ-ਢੰਗ ਬਦਲ ਗਿਆ ਹੈ।

***ਕਿਵੇਂ ਵਧਦਾ ਹੈ ਖ਼ਤਰਾ? :*** ਭਾਵੇਂ ਤੁਹਾਡੀ ਉਮਰ (ਔਰਤਾਂ ਦੀ 45 ਸਾਲ ਤੋਂ ਅਤੇ ਮਰਦਾਂ ਦੀ 55 ਸਾਲ ਤੋਂ ਵਡੇਰੀ), ਤੁਹਾਡਾ ਮਰਦ ਜਾਂ ਔਰਤ ਹੋਣਾ, ਤੁਹਾਡੀ ਪਰਿਵਾਰਿਕ ਪਿੱਠ-ਭੂਮੀ ਤੇ ਤੁਹਾਡੀ ਜੀਨਸ 'ਤੇ ਨਿਰਭਰ ਕਰਦਾ ਹੈ ਪਰ ਹਾਈ ਕੋਲੈਸਟਰੋਲ, ਤੰਬਾਕੂਨੋਸ਼ੀ, ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਮੋਟਾਪਾ, ਸ਼ਰਾਬ ਦਾ ਸੇਵਨ, ਵਰਜਿਸ਼ ਕਰਨਾ ਤਾਂ ਤੁਹਾਡੇ ਹੱਥ ਵਿਚ ਹੈ। ਦਰਅਸਲ, ਕੋਲੈਸਟਰੋਲ ਸਾਡੇ ਭੋਜਨ (ਮੀਟ-ਮੁਰਗਾ, ਆਂਡਾ, ਦੁੱਧ ਆਦਿ) ਵਿਚੋਂ ਆਉਂਦਾ ਹੈ ਅਤੇ ਕੁਝ ਸਰੀਰ ਦੇ ਅੰਦਰ ਬਣਦਾ ਹੈ। ਸਰੀਰ ਲਈ ਨੁਕਸਾਨਦੇਹ ਕੋਲੈਸਟਰੋਲ ਨੂੰ ਐਲ ਡੀ ਐਲ (ਲੋਅ ਡੈਨਸਿਟੀ ਲਾਇਪੋਪ੍ਰੋਟੀਨ) ਕਿਹਾ ਜਾਂਦਾ ਹੈ ਜੋ ਐਥਰੋਸਕਲੀਰੋਸਿਸ ਪੈਦਾ ਕਰਕੇ ਦਿਲ ਦਾ ਦੁਸ਼ਮਣ ਬਣਦਾ ਹੈ ਜਦ ਕਿ ਐਚ ਡੀ ਐਲ (ਹਾਈ ਡੈਨਸਿਟੀ ਲਾਇਪੋਪ੍ਰੋਟੀਨ) ਸਾਡੇ ਲਈ ਲਾਹੇਵੰਦ ਹੈ ਅਤੇ ਦਿਲ ਨੂੰ ਕਾਇਮ ਰੱਖਣ ਵਿਚ ਸਹਾਈ ਹੁੰਦਾ ਹੈ। ਜਿਨ੍ਹਾਂ ਲੋਕਾਂ ਦਾ ਭਾਰ ਜ਼ਿਆਦਾ ਹੈ (ਸਾਧਾਰਨ ਭਾਰ ਤੋਂ 10-30

ਕਿਲੋ ਵਧੇਰੇ), ਉਨ੍ਹਾਂ ਨੂੰ ਦਿਲ ਦੀ ਸਮੱਸਿਆ 206 ਗੁਣਾ ਵਧੇਰੇ ਹੁੰਦੀ ਹੈ। 'ਵੇਸਟ ਅਤੇ ਹਿੱਪ' ਦਾ ਨਾਰਮਲ ਅਨੁਪਾਤ ਔਰਤਾਂ ਵਿਚ 0.85 ਅਤੇ ਪੁਰਸ਼ਾਂ ਵਿਚ 0.95 ਹੋਣਾ ਚਾਹੀਦਾ ਹੈ।

***ਸਿਗਰਟਨੋਸ਼ੀ :*** ਇਹ ਬਲੱਡ ਪ੍ਰੈਸ਼ਰ ਵਧਾਉਂਦੀ ਹੈ, ਐਚ ਡੀ ਐਲ ਘਟਾਉਂਦੀ ਹੈ, ਖ਼ੂਨ ਦੀਆਂ ਨਾੜੀਆਂ ਅਤੇ ਸੈੱਲਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਦਿਲ ਦੇ ਦੌਰੇ ਦੀ ਦਰ ਨੂੰ ਵਧਾਉਂਦੀ ਹੈ। ਸਿਗਰਟ ਧੂੰਏਂ ਵਿਚ 4000 ਤੋਂ ਵੀ ਵਧੇਰੇ ਰਸਾਇਣਕ ਹੁੰਦੇ ਹਨ ਜਿਨ੍ਹਾਂ ਵਿਚੋਂ 200 ਬੇਹੱਦ ਖ਼ਤਰਨਾਕ ਹਨ।

***ਕੋਲੈਸਟਰੋਲ :*** ਕੋਲੈਸਟਰੋਲ ਦਾ ਪੱਧਰ ਕੁਝ ਵੀ ਹੋਵੇ, ਜੇ ਵਿਅਕਤੀ ਨੂੰ ਸ਼ੂਗਰ ਰੋਗ ਹੈ ਤਾਂ ਦਿਲ ਦੇ ਦੌਰੇ ਜਾਂ ਬ੍ਰੇਨ ਸਟਰੋਕ ਦਾ ਖ਼ਤਰਾ ਦੋ ਗੁਣਾ ਜਾਂ ਤਿੰਨ ਗੁਣਾ ਹੋ ਜਾਂਦਾ ਹੈ। ਸਾਧਾਰਨ ਵਿਅਕਤੀ ਨਾਲੋਂ ਸ਼ੂਗਰ ਦਾ ਮਰੀਜ਼ ਕਈ ਗੁਣਾ ਵਧੇਰੇ ਦਿਲ ਦਾ ਰੋਗੀ ਬਣਦਾ ਹੈ। ਸ਼ੂਗਰ ਦੇ ਤਕਰੀਬਨ 80 ਰੋਗੀਆਂ ਦੀ ਦਿਲ ਦੇ ਦੌਰੇ ਕਾਰਨ ਮੌਤ ਹੁੰਦੀ ਹੈ। ਸਵੇਰੇ ਉੱਠ ਕੇ ਸੈਰ ਕਰਨ ਦੀ ਆਦਤ ਪਾਉਣ ਦੀ ਲੋੜ ਹੈ ਜੋ ਦਿਲ ਦੇ ਰੋਗਾਂ ਨੂੰ ਘੱਟ ਕਰਨ ਵਿਚ ਸਹਾਇਕ ਬਣਦੀ ਹੈ।

## ਦਿਲ ਦਾ ਦੌਰਾ ਅਤੇ ਬਚਾਅ

***ਫਾਰਮੂਲਾ ਨੰਬਰ-1 :*** ਵੱਖ-ਵੱਖ ਤਰ੍ਹਾਂ ਦੇ ਫਲ ਅਤੇ ਸਲਾਦ ਖਾਓ, ਹੋ ਸਕੇ ਤਾਂ ਦਿਨ ਵਿਚ ਤਿੰਨ-ਚਾਰ ਵਾਰ ਇਨ੍ਹਾਂ ਦੀ ਵਰਤੋਂ ਕਰੋ। ਇਨ੍ਹਾਂ ਵਿਚ ਵਿਟਾਮਿਨਾਂ, ਖਣਿਜ ਅਤੇ ਐਂਟੀਆਕਸੀਡੈਂਟ ਬਹੁਤ ਹੁੰਦੇ ਹਨ ਅਤੇ ਚਰਬੀ ਅਲਪ ਮਾਤਰਾ ਜਾਂ ਕਹਿ ਲਓ ਕਿ ਹੁੰਦੀ ਹੀ ਨਹੀਂ ਹੈ। ਘੱਟ ਚਰਬੀ ਜਾਂ ਚਰਬੀ ਰਹਿਤ (ਸਕਿਮਡ ਜਾਂ ਟੋਨਡ) ਦੁੱਧ ਦੀ ਵਰਤੋਂ ਕਰੋ। ਰੈੱਡ ਮੀਟ ਤੋਂ ਪਰਹੇਜ਼ ਕਰੋ। ਮੱਛੀ ਅਤੇ ਕੁਝ ਹੱਦ ਤਕ ਚਿਕਨ ਲਾਹੇਵੰਦ ਹੋ ਸਕਦੇ ਹਨ। ਅਨਾਜ ਵੀ ਅਲੱਗ-ਅਲੱਗ ਤਰ੍ਹਾਂ ਦੇ ਖਾਓ। ਛਾਣ-ਬੂਰੇ (ਸੂੜ੍ਹੇ) ਵਾਲੇ ਆਟੇ ਦੀਆਂ ਰੋਟੀਆਂ ਸਿਹਤ ਲਈ ਚੰਗੀਆਂ ਹਨ। ਲੂਣ ਦੀ ਵਰਤੋਂ ਘੱਟ ਕਰ ਦਿਓ। ਦਿਨ ਵਿਚ 6 ਗ੍ਰਾਮ ਦੀ ਵਰਤੋਂ ਹੀ ਕਾਫ਼ੀ ਹੈ। ਜਿੰਨਾ ਹੋ ਸਕੇ ਸ਼ਰਾਬ ਦੀ ਵਰਤੋਂ ਨਾ ਕਰੋ ਜਾਂ ਬਹੁਤ ਹੀ ਸੰਕੋਚ ਨਾਲ ਕਰੋ। ਇਕੋ ਵਾਰ ਜ਼ਿਆਦਾ ਖਾਣਾ ਬੰਦ ਕਰ ਦਿਓ। ਘੱਟ ਪੌਸ਼ਟਿਕਤਾ ਅਤੇ ਵਧੇਰੇ ਕੈਲਰੀਜ਼ ਵਾਲੀਆਂ ਵਸਤਾਂ ਜਿਵੇਂ ਸੌਫਟ ਡਰਿੰਕਸ, ਜੈਮ, ਜੈਲੀਜ਼ ਤੇ ਹੋਰ ਜ਼ੰਕ ਫੂਡ ਨਾ ਲਓ ਤਾਂ ਚੰਗਾ ਹੈ। ਮਲਾਈ, ਪਰੌਂਠੇ, ਆਈਸਕਰੀਮ, ਸਮੋਸੇ, ਕਚੌੜੀਆਂ, ਰਬੜੀ, ਮੱਖਣ, ਪਨੀਰ, ਦੇਸੀ ਘਿਓ ਆਦਿ ਦਾ ਸੇਵਨ ਘੱਟ ਕਰਨਾ ਫ਼ਾਇਦੇਮੰਦ ਹੈ। ਅੰਡੇ ਦਾ ਪੀਲਾ ਭਾਗ, ਬੱਕਰੇ, ਭੇਡੂ ਆਦਿ ਦਾ (ਰੈੱਡ) ਮੀਟ, ਬਟਰ ਚਿਕਨ, ਬਟਰ-ਫਰਾਈਡ ਮੱਛੀ, ਪੂਰੀ ਚਰਬੀ ਵਾਲਾ ਦੁੱਧ, ਦੇਸੀ ਘਿਓ, ਮਲਾਈ, ਆਈਸਕਰੀਮ, ਰਬੜੀ, ਮੱਖਣ ਆਦਿ ਵਿਚ ਜ਼ਿਆਦਾ ਕੋਲੈਸਟਰੋਲ ਤੇ ਸੈਚੂਰੇਟਡ ਫੈਟ ਹੁੰਦੇ ਹਨ। ਬੇਕਰੀ ਦੇ ਬਿਸਕੁਟ ਪੈਟੀਜ਼, ਕੇਕ ਅਤੇ ਪੇਸਟਰੀਆਂ ਵਿਚ ਵੀ ਕਾਫ਼ੀ ਚਰਬੀ ਹੁੰਦੀ ਹੈ। ਦਾਲ, ਸਬਜ਼ੀ ਨੂੰ ਤੜਕਾ ਲਾਉਣ ਲਈ ਸੈਚੂਰੇਟਡ ਫੈਟੀ ਏਸਿਡਜ਼ ਜਿਵੇਂ ਬਨਸਪਤੀ ਘਿਓ, ਨਾਰੀਅਲ ਅਤੇ ਪਾਮ ਆਇਲ ਦਿਲ ਲਈ ਮਾੜੇ ਹਨ। ਇਨ੍ਹਾਂ ਵਿਚ ਕੋਲੈਸਟਰੋਲ ਵਧੇਰੇ ਹੁੰਦਾ ਹੈ। ਇਨ੍ਹਾਂ ਤੋਂ ਪਰਹੇਜ਼ ਕਰੋ। ਮੋਨੋ-ਅਨਸੈਚੂਰੇਟਡ ਫੈਟੀ ਏਸਿਡਜ਼ (ਮੂਫਾ) ਦਿਲ ਲਈ ਚੰਗੇ ਹਨ। ਆਂਵਲੇ ਦਾ ਤੇਲ, ਮੂੰਗਫਲੀ, ਕਨੋਲਾ ਅਤੇ ਸਰ੍ਹੋਂ ਦਾ ਤੇਲ, ਪੂਫਾ ਸੂਰਜਮੁਖੀ ਦਾ ਤੇਲ, ਸੋਇਆਬੀਨ ਦਾ ਤੇਲ ਅਤੇ ਓਮੇਗਾ 3-ਫੈਟੀ ਏਸਿਡਜ਼ ਦਿਲ ਲਈ ਚੰਗੇ ਹਨ। ਅਲੱਗ-ਅਲੱਗ ਚੰਗੇ ਤੇਲਾਂ ਨੂੰ ਬਦਲ-ਬਦਲ ਕੇ ਵਰਤੋ। ਲਸਣ ਦੀ ਵਰਤੋਂ ਲਾਵੇਵੰਦ ਹੈ।

***ਫਾਰਮੂਲਾ ਨੰਬਰ-2 :*** ਜ਼ਰੂਰੀ ਨਹੀਂ ਕਿ ਤੁਸੀਂ ਵਰਜਿਸ਼ ਵਾਸਤੇ ਜਿੰਮ ਹੀ ਜਾਓ ਸਗੋਂ 30 ਤੋਂ 45 ਮਿੰਟ ਦੀ ਰੋਜ਼ਾਨਾ ਸੈਰ ਤੇ ਰੋਜ਼ਮਰਾ ਦੀ ਜ਼ਿੰਦਗੀ ਵਿਚ ਵਧੇਰੇ ਕਿਰਿਆਸ਼ੀਲ ਰਹਿਣ ਵਾਲੇ ਕੰਮ ਮੋਟਾਪਾ ਘਟਾਉਂਦੇ ਹਨ, ਚੁਸਤ ਦਰੁਸਤ ਰੱਖਦੇ ਹਨ, ਕੋਲੈਸਟਰੋਲ ਘਟਾਉਂਦੇ ਹਨ ਤੇ ਸ਼ੂਗਰ ਤੇ ਬਲੱਡ ਪ੍ਰੈਸ਼ਰ ਨੂੰ ਨਿਯੰਤ੍ਰਣ ਕਰਨ ਵਿਚ ਸਹਾਈ ਰਹਿੰਦੇ ਹਨ।

***ਫਾਰਮੂਲਾ ਨੰਬਰ-3 :*** ਜੇ ਤੁਸੀਂ ਸਿਗਰਟ ਜਾਂ ਤੰਬਾਕੂ ਦਾ ਸੇਵਨ ਕਰਦੇ ਹੋ ਤਾਂ ਅੱਜ ਹੀ ਇਸ ਨੂੰ ਛੱਡਣ ਦਾ ਫ਼ੈਸਲਾ ਕਰ ਲਓ। ਇਸ ਨੂੰ ਛੱਡਣ ਤੋਂ ਬਾਅਦ 24 ਘੰਟੇ ਦੇ ਅੰਦਰ ਹੀ ਦਿਲ ਦੇ ਦੌਰੇ ਦਾ ਖ਼ਤਰਾ ਘਟਣਾ ਸ਼ੁਰੂ ਹੋ ਜਾਂਦਾ ਹੈ। ਦੋ ਸਾਲਾਂ ਪਿੱਛੇ ਜਦ ਸਿਗਰਟ ਪੀਣ ਵਾਲੇ ਨੌਨ-ਸਮੋਕਰ ਵਾਂਗ ਹੋ ਜਾਂਦੇ ਹਨ ਤਾਂ 'ਕੋਰੋਨਰੀ ਆਰਟਰੀ ਡਿਸੀਜ਼' ਦਾ ਖ਼ਤਰਾ ਕਾਫੀ ਘਟ ਜਾਂਦਾ ਹੈ। ਮੂੰਹ ਦੀ ਬਦਬੂ ਅਤੇ ਸਵਾਦ ਤਕਰੀਬਨ ਇਕ ਹਫ਼ਤੇ ਵਿਚ ਠੀਕ ਹੋ ਜਾਂਦੇ ਹਨ ਤੇ ਆਮ ਸਿਗਰਟਨੋਸ਼ਾਂ ਵਿਚ 'ਸਮੋਕਰਜ਼' ਵਾਲੀ ਖੰਘ ਤਿੰਨ ਮਹੀਨਿਆਂ ਵਿਚ ਹਟ ਜਾਂਦੀ ਹੈ।

***ਫਾਰਮੂਲਾ ਨੰਬਰ-4 :*** ਇਹ ਨੰਬਰ ਚੇਤੇ ਰੱਖੋ 200 100 40 200। ਇਹ ਕੋਈ ਮੋਬਾਈਲ ਨੰਬਰ ਨਹੀਂ ਹੈ ਸਗੋਂ ਇਹ ਹੈ – ਕੋਲੈਸਟ੍ਰੋਲ ਬ200 ਮਿਲੀਗ੍ਰਾਮ, ਐਲ ਡੀ ਐਲ (ਲੋਅ ਡੈਨਸਿਟੀ ਲਾਇਪੋਪ੍ਰੋਟੀਨ) ਬ100 ਮਿਲੀਗ੍ਰਾਮ, ਐਚ ਡੀ ਐਲ (ਹਾਈ ਡੈਨਸਿਟੀ ਲਾਇਪੋਪ੍ਰੋਟੀਨ) ਬ40 ਮਿਲੀਗ੍ਰਾਮ ਤੇ ਟ੍ਰਾਈਲਸਿਰਾਇਡ ਬ200 ਮਿਲੀਗ੍ਰਾਮ ਅਰਥਾਤ ਭੋਜਨ, ਵਰਜਿਸ਼ ਤੇ ਕੰਮ-ਕਾਜ ਦੌਰਾਨ ਕਿਰਿਆਸ਼ੀਲ ਰਹਿਣ ਨਾਲ ਇਨ੍ਹਾਂ ਦੇ ਪੱਧਰ ਉਕਤ ਦੌਰਾਨ ਕਿਰਿਆਸ਼ੀਲ ਰਹਿਣ ਨਾਲ ਇਨ੍ਹਾਂ ਦੇ ਲੈਵਲ ਉਕਤ ਅਨੁਸਾਰ ਘੱਟ ਰੱਖਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਸੰਬੰਧਿਤ ਜਾਂਚ ਕਰਵਾਉਂਦੇ ਰਹਿਣ ਨਾਲ ਇਨ੍ਹਾਂ ਦਾ ਪੱਧਰ ਚੈੱਕ ਹੁੰਦਾ ਰਹਿੰਦਾ ਹੈ।

***ਬਲੱਡ ਪ੍ਰੈਸ਼ਰ ਨੂੰ ਨਿਯੰਤ੍ਰਣ 'ਚ ਰੱਖਣਾ :*** ਆਰੰਭ ਵਿਚ ਹਾਈ ਬਲੱਡ ਪ੍ਰੈਸ਼ਰ ਦੇ ਕੋਈ ਲੱਛਣ ਨਹੀਂ ਹੁੰਦੇ। ਇਸ ਲਈ ਪ੍ਰੈਸ਼ਰ ਚੈੱਕ ਕਰਵਾਉਂਦੇ ਰਹਿਣਾ ਚਾਹੀਦਾ ਹੈ। ਬੀ.ਪੀ. ਵੀ ਸਾਡੀ ਜੀਵਨ ਸ਼ੈਲੀ, ਆਹਾਰ, ਵਰਜਿਸ਼, ਸਰੀਰ ਦੇ ਭਾਰ ਅਤੇ ਨਮਕ ਦੀ ਮਾਤਰਾ 'ਤੇ ਨਿਰਭਰ ਕਰਦਾ ਹੈ। ਜਿਹੜੇ ਵਿਅਕਤੀ ਬਲੱਡ ਪ੍ਰੈਸ਼ਰ ਦੇ ਮਰੀਜ਼ ਹਨ, ਉਨ੍ਹਾਂ ਨੂੰ ਨਿਰੰਤਰ ਪਰਹੇਜ਼, ਕਸਰਤ ਅਤੇ ਬਾਕਾਇਦਾ ਦਵਾਈ ਲੈਣੀ ਚਾਹੀਦੀ ਹੈ ਤੇ ਡਾਕਟਰ ਦੀ ਸਲਾਹ ਤੋਂ ਬਿਨਾਂ ਆਪਣੇ-ਆਪਣੇ ਇਲਾਜ ਬਦਲਣਾ ਜਾਂ ਬੰਦ ਨਹੀਂ ਕਰਨਾ ਚਾਹੀਦਾ।

***ਜੇਕਰ ਦਿਲ ਦਾ ਰੋਗ ਹੋਵੇ :*** ਵਿਗਿਆਨ ਨੇ ਬੜੀ ਤਰੱਕੀ ਕਰ ਲਈ ਹੈ। ਜੇਕਰ ਤੁਹਾਨੂੰ ਜਾਂ ਤੁਹਾਡੇ ਕਿਸੇ ਪਰਿਵਾਰਕ ਮੈਂਬਰ ਜਾਂ ਦੋਸਤ-ਮਿੱਤਰ ਨੂੰ ਦਿਲ ਦਾ ਰੋਗ ਹੋਵੇ ਤਾਂ ਆਪਣੇ ਡਾਕਟਰ ਦੀ ਸਲਾਹ ਮੰਨੋ ਅਤੇ ਓਹੀ ਦਵਾਈਆਂ ਖਾਓ ਜੋ ਡਾਕਟਰ ਨੇ ਦੱਸੀਆਂ ਹਨ। ਆਪਣੀ ਮਰਜ਼ੀ ਨਾ ਕਰੋ। ਕਾਫ਼ੀ ਹਾਲਤਾਂ ਵਿਚ ਦਿਲ ਦੇ ਦੌਰੇ ਨੂੰ ਟਾਲਿਆ ਜਾ ਸਕਦਾ ਹੈ। ਆਪਣੀ ਜੀਵਨ ਸ਼ੈਲੀ ਨੂੰ ਪਰਹੇਜ਼ਾਂ ਵਿਚ ਢਾਲ ਲਓ ਤਾਂ ਕਿ ਤੁਸੀਂ ਸਾਲਾਂਬੱਧੀ ਤੰਦਰੁਸਤ ਜ਼ਿੰਦਗੀ ਬਿਤਾ ਸਕੋ।

*(ਲੇਖਕ ਪ੍ਰੋਫ਼ੈਸਰ ਤੇ ਮੁਖੀ ਪੈਥਾਲੋਜੀ ਵਿਭਾਗ, ਸਰਕਾਰੀ ਮੈਡੀਕਲ ਕਾਲਜ ਤੇ ਰਾਜਿੰਦਰਾ ਹਸਪਤਾਲ, ਪਟਿਆਲਾ ਹੈ।)*

## ਬੀ.ਪੀ. ਐੱਲ. ਪਰਿਵਾਰਾਂ ਲਈ ਸਿਹਤ ਬੀਮਾ ਯੋਜਨਾ

ਕੇਂਦਰੀ ਖਾਣ, ਇਸਪਾਤ ਅਤੇ ਰੁਜ਼ਗਾਰ ਰਾਜ ਮੰਤਰੀ ਸ੍ਰੀ ਵਿਸ਼ਨੂੰ ਦੇਵ ਸਾਯ ਨੇ ਕਿਹਾ ਹੈ ਕਿ ਇਕ ਅਕਤੂਬਰ, 2007 ਨੂੰ ਸ਼ੁਰੂ ਕੀਤੀ ਗਈ ਰਾਸ਼ਟਰੀ ਸਿਹਤ ਬੀਮਾ ਯੋਜਨਾ ਦੇ ਹੇਠ ਗ਼ੈਰ ਸੰਗਠਿਤ ਖੇਤਰ ਦੇ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਾਂ ਜਿਸ ਵਿਚ ਇਕ ਪਰਿਵਾਰ ਦੇ ਪੰਜ ਮੈਂਬਰ ਹੋਣ ਨੂੰ, ਹਰੇਕ ਵਰ੍ਹੇ 30 ਹਜ਼ਾਰ ਰੁਪਏ ਮੁੱਲ ਦੀ ਕੈਸ਼ਲੈਸ ਸਿਹਤ ਬੀਮਾ ਸੁਰੱਖਿਆ ਸਮਾਰਟ ਕਾਰਡ ਉਪਲਬਧ ਕਰਵਾਏਗੀ। ਇਹ ਯੋਜਨਾ 1 ਅਪ੍ਰੈਲ, 2008 ਤੋਂ ਲਾਗੂ ਹੋਈ ਸੀ। ਇਸ ਯੋਜਨਾ ਦਾ ਪ੍ਰੀਮੀਅਮ ਕੇਂਦਰ ਅਤੇ ਰਾਜ ਸਰਕਾਰਾਂ ਵਿਚਾਲੇ ਕ੍ਰਮਵਾਰ 75 ਅਨੁਪਾਤ 25 ਦੇ ਆਧਾਰ ਉਤੇ ਖਰਚ ਕੀਤਾ ਜਾਂਦਾ ਹੈ। ਉੱਤਰ ਪੂਰਵ ਰਾਜਾਂ ਅਤੇ ਜੰਮੂ-ਕਸ਼ਮੀਰ ਦੇ ਮਾਮਲੇ ਵਿਚ ਇਹ ਪ੍ਰੀਮੀਅਮ ਲੜੀਵਾਰ 90 ਅਨੁਪਾਤ 10 ਹੁੰਦਾ ਹੈ। ਬੀ.ਪੀ.ਐੱਲ ਨੂੰ ਯੋਜਨਾ ਕਮਿਸ਼ਨ ਦੀ ਪਰਿਭਾਸ਼ਾ ਅਨੁਸਾਰ ਤੈ ਕੀਤਾ ਜਾਂਦਾ ਹੈ। ਰਾਸ਼ਟਰੀ ਸਿਹਤ ਬੀਮਾ ਯੋਜਨਾ ਫਿਲਹਾਲ 26 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਲਾਗੂ ਹੈ ਜਿਸ ਹੇਠ 3,85,15411 ਪਰਿਵਾਰ ਸ਼ਾਮਿਲ ਹਨ। ਰਾਜ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁਤਾਬਿਕ ਅਮਲ ਦੀ ਸਥਿਤੀ ਅਨੈਕਸਚਰ ਇਕ ਵਿਚ ਦੱਸੀ ਗਈ ਹੈ।

ਲੋਕ ਸਭਾ ਵਿਚ ਸ੍ਰੀ ਵਿਸ਼ਨੂਦੇਵ ਸਾਯ ਨੇ ਹੋਰ ਕਿਹਾ ਕਿ ਰਾਸ਼ਟਰੀ ਸਿਹਤ ਬੀਮਾ ਯੋਜਨਾ ਨੂੰ ਪੜਾਅਬਧ ਤੌਰ ਤੇ ਸਾਰੇ ਗੈਰ ਸੰਗਠਿਤ ਕਰਮਚਾਰੀਆਂ ਤਕ ਪਹੁੰਚਾਉਣਾ ਸਰਕਾਰ ਦੇ ਯਤਨਾਂ ਨਾਲ ਹੀ ਸੰਭਵ ਹੋਇਆ ਹੈ। ਅਮਲ ਦੇ ਦੌਰਾਨ ਬੀ.ਪੀ. ਐੱਲ ਪਰਿਵਾਰਾਂ ਦੇ ਇਲਾਵਾ ਆਰ ਐਸ ਬੀ ਵਾਈ ਸੁਰੱਖਿਆ ਨੂੰ ਭਵਨ ਅਤੇ ਦੂਜੇ ਕਾਰਜਾਂ ਵਿਚ ਲੱਗੇ, ਲਾਇਸੰਸ ਧਾਰਕ ਰੇਲਵੇ ਕੁਲੀਆਂ, ਗਲੀਆਂ ਵਿਚ ਸਾਮਾਨ ਵੇਚਣ ਵਾਲਿਆਂ, ਮਨਰੇਗਾ ਕਰਮਚਾਰੀਆਂ ਜਿਨ੍ਹਾਂ ਪਿਛਲੇ ਵਿੱਤੀ ਵਰ੍ਹੇ ਦੌਰਾਨ 15 ਤੋਂ ਵੱਧ ਦਿਨ ਤਕ ਕੰਮ ਕੀਤਾ ਹੈ, ਬੀੜੀ ਬਣਾਉਣ ਵਾਲੇ ਮਜ਼ਦੂਰ, ਘਰੇਲੂ ਨੌਕਰਾਂ, ਖਾਨ ਕਿਰਤੀਆਂ, ਸਫਾਈ ਕਰਮਚਾਰੀਆਂ, ਰਿਕਸ਼ਾ ਵਾਲਿਆਂ, ਕਚਰਾ ਚੁੱਕਣ ਵਾਲਿਆਂ ਅਤੇ ਆਟੋ ਟੈਕਸੀ ਡਰਾਇਵਰਾਂ ਆਦਿ ਦੂਜੇ ਵਰਗਾਂ ਨੂੰ ਇਸ ਯੋਜਨਾ ਦੇ ਦਾਇਰੇ ਵਿਚ ਲਿਆਂਦਾ ਗਿਆ ਹੈ।

## ਗਰੀਬੀ ਰੇਖਾ ਹੇਠ ਰਹਿ ਰਹੇ ਪਰਿਵਾਰਾਂ ਲਈ ਰਸੋਈ ਗੈਸ ਕੁਨੈਕਸ਼ਨ

ਪੈਟਰੋਲੀਅਮ ਅਤੇ ਕੁਦਰਤੀ ਗੈਸ ਰਾਜ ਮੰਤਰੀ ਸ੍ਰੀ ਧਰਮੇਂਦਰ ਪ੍ਰਧਾਨ ਨੇ ਲੋਕ ਸਭਾ ਵਿਚ ਇਕ ਸਵਾਲ ਦੇ ਲਿਖਤੀ ਜਵਾਬ ਵਿਚ ਦੱਸਿਆ ਕਿ ਰਾਜੀਵ ਗਾਂਧੀ ਪੇਂਡੂ ਰਸੋਈ ਗੈਸ ਵੰਡ ਯੋਜਨਾ ਚਲਾਈ ਜਾ ਰਹੀ ਹੈ। ਇਸ ਦੇ ਹੇਠ ਨਵੇਂ ਘਰੇਲੂ ਰਸੋਈ ਗੈਸ ਕੁਨੈਕਸ਼ਨ ਜਾਰੀ ਕਰਨ ਲਈ ਪੇਂਡੂ ਖੇਤਰਾਂ ਵਿਚ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰਨ ਵਾਲੇ ਪਰਿਵਾਰਾਂ ਨੂੰ ਇਕ ਮੁਸ਼ਤ ਸਬਸਿਡੀ ਦਿਤੀ ਜਾਂਦੀ ਹੈ। ਸਕੀਮ ਹੇਠ ਗਰੀਬੀ ਰੇਖਾ ਹੇਠ ਰਹਿ ਰਹੇ ਬੀ.ਪੀ.ਐੱਲ ਕਾਰਡ ਧਾਰਕਾਂ ਨੂੰ ਨਵੇਂ ਰਸੋਈ ਗੈਸ ਕੁਨੈਕਸ਼ਨ ਲਈ ਵੰਡ ਇਥੇ ਰਜਿਸਟਰਡ ਕਰਾਉਣਾ ਹੁੰਦਾ ਹੈ। ਪ੍ਰਮਾਣਿਤ ਲਈ ਉਸ ਨੂੰ ਵੰਡ ਸਥਾਨਕ ਪ੍ਰਸ਼ਾਸਨ ਕੋਲ ਭੇਜਦਾ ਹੈ। ਪ੍ਰਸ਼ਾਸਨ ਤੋਂ ਪ੍ਰਮਾਣਿਤ ਸੂਚੀ ਪ੍ਰਾਪਤ ਹੋਣ ਤੋਂ ਬਾਅਦ ਬੀ.ਪੀ.ਐੱਲ. ਕਾਰਡ ਧਾਰਕ ਨੂੰ ਪੱਤਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ। ਪਹਿਲੀ ਜੂਨ, 2014 ਤਕ ਤੇਲ ਮੰਡੀ ਕੰਪਨੀਆਂ ਹੇਠ ਸੀ ਆਰ ਐੱਸ ਫ਼ੰਡ ਤੋਂ 76 ਕਰੋੜ 38 ਲੱਖ ਰੁਪਏ ਦੀ ਵਰਤੋਂ ਨਾਲ 5 ਲੱਖ 82 ਹਜ਼ਾਰ 573 ਨਵੇਂ ਰਸੋਈ ਗੈਸ ਕੁਨੈਕਸ਼ਨ ਜਾਰੀ ਕਰ ਦਿਤੇ ਹਨ।

## ਮਿੱਡ ਡੇ ਮੀਲ ਯੋਜਨਾ ਵਿਚ ਸੁਧਾਰ

ਦੇਸ਼ ਵਿਚ ਵਿਚ ਰਾਜ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਮਿਡ ਡੇ ਮੀਲ ਯੋਜਨਾ ਹੇਠ 25 ਲੱਖ 70 ਹਜ਼ਾਰ ਰਸੋਈਆਂ, ਸਹਾਇਕਾਂ ਨੂੰ ਕੰਮ ਦਿਤਾ ਗਿਆ ਹੈ। ਇਨ੍ਹਾਂ ਸਹਾਇਕਾਂ ਨੂੰ ਇਸ ਕੰਮ ਲਈ ਤਨਖ਼ਾਹ ਵਿਚ ਸੋਧ ਕਰਕੇ 1 ਦਸੰਬਰ 2009 ਵਿਚ ਇਕ ਹਜ਼ਾਰ ਪ੍ਰਤਿ ਮਹੀਨਾ ਕਰ ਦਿਤਾ ਗਿਆ ਅਤੇ ਹਰ ਸਾਲ ਵਿਚ ਘੱਟੋ-ਘੱਟ 10 ਮਹੀਨੇ ਕੰਮ ਦਿਤਾ ਗਿਆ। ਇਸ ਕੰਮ ਲਈ ਰਸੋਈ ਸਹਾਇਕਾਂ ਨੂੰ ਦਿਤੀ ਜਾਣ ਵਾਲੀ ਤਨਖ਼ਾਹ ਦਾ ਖਰਚ ਕੇਂਦਰ ਅਤੇ ਪੂਰਵ ਉੱਤਰ ਰਾਜਾਂ ਵਿਚ 90:10 ਦੇ ਔਸਤ ਵਿਚ ਚੁੱਕਿਆ ਗਿਆ, ਜਦ ਕਿ ਦੂਜੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਕੇਂਦਰ ਵਿਚਾਲੇ ਇਹ ਔਸਤ 25:27 ਤੈ ਕੀਤਾ ਗਿਆ। ਜੇਕਰ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ ਚਾਹੁਣ ਤਾਂ ਇਸ ਕੰਮ ਉਤੇ ਕੀਤੇ ਜਾਣ ਵਾਲੇ ਖਰਚ ਵਿਚ ਯੋਗਦਾਨ ਮਿੱਥੇ ਅਨੁਪਾਤ ਤੋਂ ਵੱਧ ਕਰ ਸਕਦੇ ਹਨ। ਇਸ ਯੋਜਨਾ ਨੂੰ ਸਾਲ 2009-10 ਵਿਚ ਸੋਧ ਕੀਤਾ ਗਿਆ ਹੈ। ਯੋਜਨਾ ਹੇਠ ਭੋਜਨ ਤਿਆਰ ਕਰਨ ਲਈ ਸਾਲ 2010-11 ਤੋਂ ਹਰੇਕ ਸਾਲ ਖਰਚ ਵਿਚ ਸਾਢੇ 7 ਪ੍ਰਤਿਸ਼ਤ ਵਾਧੇ ਦੀ ਵਿਵਸਥਾ ਕੀਤੀ ਗਈ। ਇਸ ਖਰਚ ਵਿਚ ਅੰਤਿਮ ਵਾਰ 1 ਜੁਲਾਈ, 2014 ਤੋਂ ਵਾਧਾ ਕੀਤਾ ਗਿਆ। ਇਹ ਜਾਣਕਾਰੀ ਮਨੁੱਖੀ ਵਸੀਲਾ ਵਿਕਾਸ ਮੰਤਰੀ ਸ੍ਰੀਮਤੀ ਸਮਰਿਤੀ ਇਰਾਨੀ ਨੇ ਇਕ ਲਿਖਤੀ ਜਵਾਬ ਵਿਚ ਦਿਤੀ।

## ਰਾਸ਼ਟਰੀ ਖੁਰਾਕ ਡੱਬਾਬੰਦੀ ਮਿਸ਼ਨ ਤਹਿਤ 180 ਕਰੋੜ ਰੁਪਏ ਵੰਡੇ

ਸਾਲ 2014-15 ਦੌਰਾਨ ਵੱਖ-ਵੱਖ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ 180 ਕਰੋੜ ਰੁਪਏ ਵੰਡੇ ਗਏ। ਸਭ ਤੋਂ ਵੱਧ ਵੰਡ ਪ੍ਰਾਪਤ ਕਰਨ ਵਾਲੇ ਰਾਜਾਂ ਵਿਚ ਉੱਤਰ ਪ੍ਰਦੇਸ਼ 16 ਕਰੋੜ 43 ਲੱਖ ਰੁਪਏ, ਮਹਾਂਰਾਸ਼ਟਰ 13 ਕਰੋੜ 36 ਲੱਖ ਕਰੋੜ ਰੁਪਏ, ਰਾਜਸਥਾਨ 11 ਕਰੋੜ 84 ਲੱਖ ਰੁਪਏ, ਮੱਧ ਪ੍ਰਦੇਸ਼ 11 ਕਰੋੜ 40 ਲੱਖ ਰੁਪਏ, ਆਂਧਰ ਪ੍ਰਦੇਸ਼ 11 ਕਰੋੜ 38 ਲੱਖ ਰੁਪਏ ਸ਼ਾਮਿਲ ਹਨ। ਹਰੇਕ ਰਾਜ/ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਵਿਚ ਹਰ ਰਕਮ ਖੁਰਾਕ ਡੱਬਾਬੰਦੀ ਸੱਨਅਤ ਦੇ ਮੰਡੀਕਰਨ, ਸੰਸਥਾਪਨ, ਆਧੁਨਿਕੀਕਰਨ ਤਕਨਾਲੋਜੀ ਯੋਜਨਾ ਸਹਿਤ ਰਾਸ਼ਟਰੀ ਖੁਰਾਕ ਡੱਬਾਬੰਦੀ ਮਿਸ਼ਨ ਲਈ ਹਨ। ਜਿਸ ਹੇਠ ਇੱਛਕ ਉੱਦਮੀਆਂ ਵਲੋਂ ਦੇਸ਼ ਵਿਚ ਖੁਰਾਕ ਡੱਬਾਬੰਦੀ ਇਕਾਈਆਂ ਸਥਾਪਤ ਕੀਤੀਆਂ ਜਾ ਸਕਦੀਆਂ ਹਨ। ਸੱਨਅਤਾਂ ਦੇ ਸਾਲਾਨਾ ਸਰਵੇਖਣ 2011-12 ਅਨੁਸਾਰ ਦੇਸ਼ ਵਿਚ 36 ਹਜ਼ਾਰ 881 ਰਜਿਸਟਡ ਖੁਰਾਕ ਡੱਬਾਬੰਦੀ ਇਕਾਈਆਂ ਸਨ। ਖੇਤੀ ਅਤੇ ਖੁਰਾਕ ਡੱਬਾਬੰਦ ਸੱਨਅਤ ਰਾਜ ਮੰਤਰੀ ਡਾ. ਸੰਜੀਵ ਕੁਮਾਰ ਬਾਲਯਾਨ ਨੇ ਇਹ ਜਾਣਕਾਰੀ ਲੋਕ ਸਭਾ ਵਿਚ ਦਿਤੀ।

*- ਪੀ.ਆਈ.ਬੀ. ਜਲੰਧਰ*

# ਪੁਸਤਕ ਪੜਚੋਲ

**ਪੁਸਤਕ : ਕੰਧਾਂ ਹੁੰਗਾਰਾ ਨਹੀਂ ਭਰਦੀਆਂ**
**ਲੇਖਕ : ਭੂਪਿੰਦਰ ਉਸਤਾਦ**
**ਪੰਨੇ : 160, ਮੁੱਲ : 150 ਰੁਪਏ**
**ਛਾਪਕ: ਵਾਈਟ ਕ੍ਰਾਸ ਪ੍ਰਿੰਟਰਜ਼, ਜਲੰਧਰ।**

ਭੁਪਿੰਦਰ ਉਸਤਾਦ ਕੋਲ ਜ਼ਿੰਦਗੀ ਦਾ ਡੂੰਘਾ ਅਨੁਭਵ ਹੈ ਜੋ ਕਸੇ ਵੀ ਕਲਮਕਾਰ ਦਾ ਬਹੁਮੁੱਲਾ ਖਜ਼ਾਨਾ ਹੁੰਦਾ ਹੈ। ਇਸ ਲੇਖਕ ਨੇ ਦੇਸ-ਵਿਦੇਸ ਵਿਚੋਂ ਤੰਗੀਆਂ ਅਤੇ ਬਹੁਤ ਸਾਰੀਆਂ ਮੁਸ਼ਕਿਲਾਂ ਨੂੰ ਆਪਣੇ ਹੱਡਾਂ ਉਤੇ ਹੰਢਾਇਆ ਹੈ। ਇਨ੍ਹਾਂ ਮੁਸ਼ਕਿਲਾਂ ਨੇ ਲੇਖਕ ਦੇ ਹੱਥ ਜੋਬਨ ਰੁੱਤ ਤੋਂ ਹੇਠਾਂ ਉਤਰਦਿਆਂ ਕਲਮ ਫੜਾ ਦਿਤੀ ਜਿਸ ਨਾਲ 'ਉਸਤਾਦ' ਨੇ ਆਪਣੇ ਪਾਠਕਾਂ ਨੂੰ ਕੀਲ ਰੱਖਿਆ ਹੈ।

ਹਥਲੇ ਨਵੇਂ ਕਹਾਣੀ ਸੰਗ੍ਰਹਿ ਵਿਚੋਂ ਪਹਿਲਾਂ 'ਭਰੋਸਾ' ਕਹਾਣੀ ਪੜ੍ਹੀ। ਜੋ ਮੈਨੂੰ ਬੇ-ਹੱਦ ਖ਼ੂਬਸੂਰਤ ਲੱਗੀ। ਕਾਰਨ ਇਹ ਕਿ ਜਦੋਂ ਮਨੁੱਖ ਆਪਣੇ ਅੰਦਰ ਵਿਸ਼ਵਾਸ ਪੈਦਾ ਕਰ ਲੈਂਦਾ ਹੈ ਤਾਂ ਹਰ ਮੁਸ਼ਕਿਲ ਨੂੰ 'ਸਰ' ਕਰ ਸਕਦਾ ਹੈ। 'ਭਰੋਸਾ' ਹੀ ਹੈ ਜੋ ਜ਼ਿੰਦਗੀ ਵਿਚ ਮਨੁੱਖ ਨੂੰ ਹਰ ਮੁਸ਼ਕਿਲ ਵਿਚ ਜਿੱਤ ਦਾ ਅਹਿਸਾਸ ਕਰਾਉਂਦਾ ਹੈ। ਕਹਾਣੀ ਵਿਚਲਾ 'ਅੰਕਲ' ਪਾਤਰ ਦੁਆਲੇ ਸਾਰੀ ਕਥਾ ਚਲਦੀ ਹੈ। 'ਅੰਕਲ' ਨੂੰ ਨਾ ਲਾਲਚ ਹੈ ਨਾ ਬੇਸਬਰੀ, ਉਹ ਆਪਣੇ ਕੰਮ ਦੇ ਓਨੇ ਹੀ ਪੈਸੇ ਲੈ ਕੇ ਖ਼ੁਸ਼ ਹੁੰਦਾ ਹੈ ਜਿੰਨੇ ਦਾ ਉਸ ਨੇ ਕੰਮ ਕੀਤਾ ਹੋਵੇ। ਵਾਧੂ ਲੈਣ ਤੋਂ ਉਹ ਗੁਰੇਜ਼ ਕਰਦਾ ਹੈ। ਜਦੋਂ ਰੋਜ਼ਾਨਾ ਗੁਜ਼ਾਰੇ ਜੋਗੇ ਪੈਸੇ ਆ ਜਾਣ ਤਾਂ ਕੰਮ ਤੋਂ ਛੁੱਟੀ ਕਰ, ਆਪਣੇ ਸਮੇਂ ਨੂੰ ਹੋਰ ਪਾਸੇ ਲਾਉਂਦਾ ਹੈ। ਇਉਂ ਸਬਰ ਸਬੂਰੀ ਵਾਲੀ ਜ਼ਿੰਦਗੀ ਜੀਉਣਾ ਉਸ ਦੇ ਜੀਵਨ ਦਾ ਟੀਚਾ ਹੈ। ਜਦੋਂ ਕਦੇ ਰੋਜ਼ਾਨਾ ਖਰਚੇ ਤੋਂ ਘੱਟ ਪੈਸੇ ਹੋਣ ਤਾਂ ਦੇਰ ਰਾਤ ਤਕ ਵੀ ਆਪਣੀ ਦੁਕਾਨ ਖੋਲ੍ਹ ਕੇ ਇਕੱਲਾ ਗਾਹਕਾਂ ਦੀ ਉਡੀਕ ਕਰਦਾ ਰਹਿੰਦਾ ਹੈ।

ਕਹਾਣੀ 'ਧੁਰ ਤਕ ਦਾ ਸਾਥ' ਵਿਚ ਪਹਿਲਾਂ-ਪਹਿਲ ਅਤਿਕਥਨੀ ਨਜ਼ਰ ਆਉਂਦੀ ਹੈ। ਕੋਈ ਵੀ ਕੁੜੀ ਇਸ ਤਰ੍ਹਾਂ ਕਿਸੇ ਰਾਹ ਜਾਂਦੇ ਨੂੰ ਨਹੀਂ ਅਪਣਾ ਸਕਦੀ ਮੇਰੀ ਸੋਚ ਅਨੁਸਾਰ। ਪਰ ਇਨ੍ਹਾਂ ਦੋਹਾਂ ਪਾਤਰਾਂ, ਪ੍ਰੀਤ ਅਤੇ ਭੱਜੀ ਨੇ ਜਿਉਂ ਹੀ ਇਕ ਦੀ ਬਾਂਹ ਫੜੀ ਮੁੜ ਕੇ ਪਿੱਛੇ ਨਹੀਂ ਦੇਖਿਆ। ਇਸ ਗੱਲ ਦਾ ਕਾਰਨ ਵੀ ਸਾਫ਼ ਸੀ ਕਿ ਦੋਵੇਂ ਬੇਸਹਾਰਾ ਸਨ। 'ਜ਼ਮਾਨੇ' ਨੇ ਦੋਹਾਂ ਨੂੰ ਇਕੱਲਿਆਂ ਸਮਝ ਕੇ ਖ਼ੂਬ ਲਤਾੜਿਆ ਤੇ ਕੰਡਿਆਂ ਉਤੇ ਘਸੀਟਿਆ ਸੀ।

ਖ਼ੈਰ, ਭੱਜੀ ਅਤੇ ਪ੍ਰੀਤ ਨੇ ਜਦੋਂ ਆਪਣੀ ਦੁਨੀਆਂ ਵਸਾ ਲਈ ਤਾਂ ਮਿਹਨਤ ਅਤੇ ਲਗਨ ਨਾਲ ਘਰ ਬਾਰ ਸਭ ਕੁਝ ਬਣਾ ਲਿਆ। ਬੱਚਿਆਂ ਨੂੰ ਵੀ ਪਾਲਪੋਸ ਕੇ ਵੱਡਾ ਕੀਤਾ, ਲਿਖਾਇਆ-ਪੜ੍ਹਾਇਆ ਤੇ ਉਨ੍ਹਾਂ ਦੇ 'ਕਾਰਜ' ਕਰ ਉਨ੍ਹਾਂ ਨੂੰ ਸਹੀ ਜ਼ਿੰਦਗੀ ਜੀਉਣ ਦੀ ਸੇਧ ਦਿਤੀ। ਸਭ ਕੁਝ ਠੀਕ ਚੱਲ ਰਿਹਾ ਸੀ। ਪਰ ਹੋਣੀ ਨੂੰ ਕੌਣ ਟਾਲੇ। ਆਖ਼ਰ ਤਾਂ ਇਕ ਦਿਨ ਇਕ ਦੂਜੇ ਤੋਂ ਵਿਛੜਨਾ ਹੀ ਹੁੰਦਾ ਹੈ। ਪਰ ਇਸ ਕਹਾਣੀ ਵਿਚ ਜਦੋਂ ਭੱਜੀ ਨੂੰ ਬਿਜਲੀ ਦਾ ਕਰੰਟ ਲੱਗ ਜਾਂਦਾ ਹੈ ਤੇ ਉਸ ਦੇ ਜੀਵਨ ਦੀ ਜੋਤ ਬੁਝ ਜਾਂਦੀ ਹੈ ਤਾਂ 'ਪ੍ਰੀਤ' ਇਸ ਸਦਮੇ ਨੂੰ ਸਹਿਣ ਨਹੀਂ ਕਰ ਸਕੀ ਤੇ ਇਹ ਕਹਿੰਦੀ ਉਸ ਦੀ ਲਾਸ਼ ਉਤੇ ਡਿੱਗ ਪਈ ਕਿ ''ਤੂੰ ਤਾਂ ਧੁਰ ਤਕ ਦਾ ਸਾਥ ਦੇਣ ਦਾ ਕਰਾਰ ਕੀਤਾ ਸੀ, ਰਾਹ 'ਚ ਕਿਵੇਂ ਛੱਡ ਚੱਲਿਆ?" ਇਹ ਕਹਿੰਦਿਆਂ ਪ੍ਰੀਤ ਨੇ ਵੀ ਪ੍ਰਾਣ ਤਿਆਗ ਦਿਤੇ।

ਅਗਲੀ ਕਹਾਣੀ ਜੋ ਮੈਂ ਪੜ੍ਹੀ ਉਹ ਹੈ 'ਕੰਧਾਂ ਹੁੰਗਾਰਾ ਨਹੀਂ ਭਰਦੀਆਂ' ਭਾਵ ਇਸ ਕਹਾਣੀ ਸੰਗ੍ਰਹਿ ਦੀ ਮੁੱਖ ਕਹਾਣੀ। ਇਸ ਕਹਾਣੀ ਦਾ ਵਿਸ਼ਾ ਵਸਤੂ ਲੇਖਕ ਨੇ ਬਹੁਤ ਵਧੀਆ ਚੁਣਿਆ ਹੈ। ਜੋ ਸਾਡੇ ਸਮਾਜ ਦੀ ਅਜੋਕੀ ਜ਼ਿੰਦਗੀ ਦੀ ਇਕ ਮੁੱਖ ਸਮੱਸਿਆ ਦੀ ਤਰਜਮਾਨੀ ਕਰਦਾ ਹੈ। ਅੱਜਕੱਲ੍ਹ ਸਾਡੇ ਸਮਾਜ ਵਿਚ ਬੱਚੇ ਮਾਂ-ਪਿਓ ਨਾਲ ਉਥੋਂ ਤਕ ਹੀ ਗੱਲਬਾਤ ਕਰਦੇ ਹਨ ਜਿਥੋਂ ਤਕ ਮਾਂ ਪਿਉ ਨਾਲ ਗੱਲ ਕਰਕੇ ਉਨ੍ਹਾਂ ਦੀ ਗਰਜ਼ ਪੂਰੀ ਹੁੰਦੀ ਹੈ।

ਲੇਖਕ ਦਾ ਸੁਝਾਅ ਮੈਨੂੰ ਬਹੁਤ ਚੰਗਾ ਲੱਗਿਆ ਕਿ ਜੇਕਰ ਉਸ ਦੇ ਐਸੇ ਇਕੱਲੇਪਣ ਵਿਚ ਉਸ ਨੂੰ ਕੋਈ ਸੱਚਾ ਸਾਥੀ ਮਿਲ ਜਾਵੇ ਤਾਂ ਉਸ ਦਾ ਸਾਥ ਉਸ ਨੂੰ ਲੈ ਲੈਣਾ ਹੀ ਚਾਹੀਦਾ ਹੈ। ਲੇਖਕ ਦੀ ਇਸ ਸੋਚ ਨਾਲ ਅਜੋਕੇ ਇਕੱਲ ਭੋਗਦੇ ਬੰਦਿਆਂ ਨੂੰ ਬਹੁਤ ਰਾਹਤ ਮਿਲਦੀ ਹੈ। ਜਿਵੇਂ ਕਿ ਇਸ ਕਹਾਣੀ ਦੀ ਮੁੱਖ ਪਾਤਰ ਰਾਧਾ ਰਾਣੀ ਕਰਦੀ ਹੈ। ਇਸ ਕਹਾਣੀ ਦੇ 'ਵਿਸ਼ੇ ਚੋਣ' ਲਈ ਮੈਂ ਲੇਖਕ ਨੂੰ ਮੁਬਾਰਕਬਾਦ ਕਹਿੰਦੀ ਹਾਂ।

ਹੋਰ ਕਹਾਣੀਆਂ ਜਿਵੇਂ 'ਮੁਹੱਬਤ 'ਚ ਸ਼ਰਤ ਨਹੀਂ ਹੁੰਦੀ', 'ਲਾਲਸਾ', 'ਕੁੱਤੇ ਦੀ ਪੂਛ', 'ਮੋਹ', 'ਘਰ' ਆਦਿ ਕਹਾਣੀਆਂ ਕਾਫੀ ਚੰਗੀਆਂ ਹਨ। ਵਿਸ਼ੇ ਵੀ ਲੇਖਕ ਨੇ ਚੰਗੇ ਚੁਣੇ ਹਨ। ਕਹਾਣੀ ਨੂੰ ਯਥਾਰਥ ਨਾਲ ਹਮੇਸ਼ਾ ਜੁੜੀ ਹੋਈ ਹੋਣਾ ਚਾਹੀਦਾ ਹੈ। ਕਿਉਂਕਿ ਸਾਹਿਤ ਅਜਿਹੀ ਕਲਾ ਹੈ ਜੋ ਜੀਵਨ ਦੀ ਵਿਆਖਿਆ ਕਰਦੀ ਹੈ। ਸਾਹਿਤ ਭਾਵੇਂ ਕਿਸੇ ਵੀ 'ਕਾਲ' ਭੂਤ, ਭਵਿੱਖ ਜਾਂ ਵਰਤਮਾਨ ਨਾਲ ਜੁੜਿਆ ਹੋਵੇ ਉਸ ਵਿਚੋਂ ਜੀਵਨ ਦਾ ਸੱਚ ਜ਼ਰੂਰ ਉੱਘੜਨਾ ਚਾਹੀਦਾ ਹੈ ਜੋ ਭੁਪਿੰਦਰ ਉਸਤਾਦ ਦੀਆਂ ਕਹਾਣੀਆਂ ਵਿਚ ਪੂਰੀ ਤਰ੍ਹਾਂ ਸ਼ਾਮਿਲ ਹੈ। ਭੁਪਿੰਦਰ ਉਸਤਾਦ ਨੂੰ ਉਸ ਦੇ ਇਸ ਕਹਾਣੀ ਸੰਗ੍ਰਹਿ 'ਕੰਧਾਂ ਹੁੰਗਾਰਾ ਨਹੀਂ ਭਰਦੀਆਂ' ਲਈ ਮੁਬਾਰਕਬਾਦ।

**– ਬਚਿੰਤ ਕੌਰ**

**ਪੁਸਤਕ : ਪਿਆਸ (ਕਾਵਿ-ਸੰਗ੍ਰਹਿ)**
**ਲੇਖਕ : ਅਮਰਜੀਤ ਕੌਂਕੇ**
**ਪ੍ਰਕਾਸ਼ਕ: ਪ੍ਰਤੀਕ ਪਬਲੀਕੇਸ਼ਨਜ਼,**
**ਪੰਨੇ :160, ਮੁੱਲ : 200 ਰੁਪਏ**

ਲੰਮੇ ਅਰਸੇ ਮਗਰੋਂ ਅਮਰਜੀਤ ਕੌਂਕੇ ਦਾ ਨਵਾਂ ਕਾਵਿ-ਸੰਗ੍ਰਹਿ 'ਪਿਆਸ' ਸਾਹਮਣੇ ਆਇਆ ਹੈ। 'ਸਿਮਰਤੀਆਂ ਦੀ ਲਾਲਟੈਨ', 'ਸ਼ਬਦ ਰਹਿਣਗੇ ਕੋਲ' ਜਿਹੇ ਕਾਵਿ-ਸੰਗ੍ਰਹਿਆਂ ਨੇ ਅਮਰਜੀਤ ਕੌਂਕੇ ਨੂੰ ਪੰਜਾਬੀ ਕਾਵਿ ਦਾ ਸਥਾਪਿਤ ਹਸਤਾਖਰ ਬਣਾ ਦਿਤਾ। ਇਸੇ ਕਰਕੇ ਕੌਂਕੇ ਦੀਆਂ ਕਵਿਤਾਵਾਂ ਦੀ ਉਡੀਕ ਸਾਹਿਤ ਪ੍ਰੇਮੀਆਂ ਨੂੰ ਰਹਿਣ ਲੱਗੀ। ਅਨੁਵਾਦ, ਸੰਪਾਦਨ ਤੇ ਹੋਰ ਰੁਝੇਵਿਆਂ ਕਾਰਨ ਅਮਰਜੀਤ ਦੀ ਪ੍ਰਮੁੱਖ ਵਿਧਾ ਉਤੇ ਬਹੁਤ ਅਸਰ ਹੋਇਆ, ਤਦੇ ਹੀ 2002 ਮਗਰੋਂ ਉਸ ਦਾ ਨਵੀਨ ਕਾਵਿ-ਸੰਗ੍ਰਹਿ 'ਪਿਆਸ' 2013 ਵਿਚ ਆਇਆ।

ਹਥਲੇ ਸੰਗ੍ਰਹਿ ਵਿਚ ਬਹੁ-ਵੰਨਗੀ ਦੀਆਂ ਕਵਿਤਾਵਾਂ ਸ਼ਾਮਿਲ ਹਨ। ਜੇ ਵਿਸ਼ੇ ਪੱਖੋਂ ਵੰਡੀਏ

ਤਾਂ ਇਸ ਦਾ ਬਹੁਤ ਵੱਡਾ ਹਿੱਸਾ ਪਿਆਰ-ਕਵਿਤਾਵਾਂ ਨਾਲ ਸੰਬੰਧਿਤ ਹੈ। ਨਾਲ ਹੀ ਕਵਿਤਾ ਦੀ ਆਮਦ ਤੇ ਰਵਾਨੀ ਨਾਲ ਸੰਬੰਧਿਤ ਕੁਝ ਕਵਿਤਾਵਾਂ ਹਨ। ਸੰਗ੍ਰਹਿ ਦੀਆਂ ਕਾਫ਼ੀ ਕਵਿਤਾਵਾਂ ਆਲੇ-ਦੁਆਲੇ ਵਾਪਰਦੀਆਂ ਘਟਨਾਵਾਂ ਨੂੰ ਆਪਣੇ ਘੇਰੇ ਵਿਚ ਲਿਆਉਂਦੀਆਂ ਹਨ, ਜੋ ਸਮਾਜਿਕ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿਚੋਂ ਪ੍ਰਮੁੱਖ ਹਨ - ਮੁਹੱਬਤ, ਬਸ ਦੇ ਸਫ਼ਰ ਵਿਚ, ਪਛਾਣ, ਬੱਸ ਵਿਚ ਗੀਤ ਗਾਉਂਦੀ ਕੁੜੀ, ਮੰਗਲਵਾਰ ਜਿਹੀਆਂ ਕਵਿਤਾਵਾਂ ਵਿਚੋਂ ਪ੍ਰਗਟ ਹੁੰਦਾ ਹੈ ਕਿ ਕਵੀ ਕਿੰਨਾ ਸੰਵੇਦਨਸ਼ੀਲ ਹੈ। ਉਹ ਖ਼ੁਸ਼ੀ ਦੇ ਮੌਕੇ, ਵੱਡੇ-ਵੱਡੇ ਪੁਲਾਂ ਤੋਂ ਵੱਡੀਆਂ ਗੱਡੀਆਂ ਵਿਚੋਂ ਲੰਘਦੇ ਹੋਏ, ਹਸਪਤਾਲ ਆਦਿ ਥਾਵਾਂ ਤੋਂ ਬਾਰੀਕਬੀਨੀ ਨਜ਼ਰ ਨਾਲ ਉਹ ਸਭ ਗ੍ਰਹਿਣ ਕਰਦਾ ਹੈ ਜੋ ਆਮ ਲੋਕਾਂ ਦੀ ਨਜ਼ਰ ਨਹੀਂ ਕਰ ਪਾਉਂਦੀ।

'ਬੱਸ ਵਿਚ ਗਾਉਂਦੀ ਕੁੜੀ' ਦਾ ਆਤਮ ਵਿਸ਼ਵਾਸ ਕਵੀ ਨੂੰ ਦਿਸਦਾ ਹੈ ਜੋ ਗਾ-ਵਜਾ ਕੇ ਹੀ ਸਹੀ, ਪਰ ਇੱਜ਼ਤ ਨਾਲ ਆਪਣੇ ਪਰਿਵਾਰ ਲਈ ਸ਼ਾਮ ਦੀ ਰੋਟੀ ਦਾ ਜੁਗਾੜ ਕਰਦੀ ਹੈ। 'ਵੱਡੇ-ਵੱਡੇ ਪੈਲਸਾਂ ਵਿਚ' ਵਿਆਹ-ਸ਼ਾਦੀਆਂ ਦੇ ਮੌਕੇ ਮੌਜ਼-ਮਸਤੀ ਕਰਨ ਦੇ ਇਰਾਦੇ ਨਾਲ ਗਏ ਲੋਕ ਉਥੋਂ ਦੀਆਂ ਰੌਣਕਾਂ ਵਿਚ ਹੀ ਗੁਆਚ ਜਾਂਦੇ ਹਨ, ਜਦ ਕਿ ਕਵੀ ਉਥੇ ਸੇਵਾ ਕਰਦੇ ਛੋਟੇ-ਛੋਟੇ ਬੱਚਿਆਂ ਤੇ ਕਿਸ਼ੋਰਾਂ ਨੂੰ ਨੀਝ ਲਗਾ ਕੇ ਦੇਖਦਾ ਹੈ ਕਿ ਪੜ੍ਹਨ-ਖੇਡਣ ਵਾਲੀ ਉਮਰ ਵਿਚ ਉਹ ਬੱਚੇ ਕੰਮ-ਧੰਦੇ ਵਿਚ ਲੱਗੇ ਹੋਏ ਹਨ। 'ਉੱਤਰ-ਆਧੁਨਿਕ ਮੁਹੱਬਤ' ਕਵਿਤਾ ਵਿਚ ਸ਼ਰਤਾਂ ਵਾਲੀ ਮੁਹੱਬਤ ਸਚਮੁਚ ਹੀ ਉੱਤਰ ਆਧੁਨਿਕਤਾਵਾਦ ਦਾ ਨਮੂਨਾ ਹੈ, ਪਰ ਕੀ ਉਨ੍ਹਾਂ ਸੰਬੰਧਾਂ ਵਿਚ ਮੁਹੱਬਤ ਹੈ? ਇਸ ਬਾਰੇ ਸੋਚਣਾ ਪਏਗਾ।

'ਮਾਂ' ਨੂੰ ਸਮਰਪਿਤ ਸੱਤ ਕਵਿਤਾਵਾਂ ਭਾਵਪੂਰਤ ਹਨ। ਮਾਂ ਨੂੰ ਗਵਾਉਣ ਦਾ ਦੁੱਖ ਸੌਖਿਆਂ ਭੁਲਾਇਆਂ ਨਹੀਂ ਭੁੱਲਦਾ। ਨਿੱਜੀਪਨ ਤੇ ਉਸ ਦੀ ਉਦਾਸੀ, ਜੋ ਉਸ ਦੇ ਦੁੱਖ ਨੂੰ ਕਾਫ਼ੀ ਗਹਿਰਾ ਕਰਦੀਆਂ ਹਨ। ਉਸ ਦਾ ਸੁਖ-ਚੈਨ ਖੋਹ, ਬੇਚੈਨ ਕਰਦੀਆਂ ਹਨ ਤਦੇ ਹੀ ਉਹ 'ਪੰਛੀਆਂ ਵਰਗਾ ਆਦਮੀ' ਬਣਨਾ ਚਾਹੁੰਦਾ ਹੈ ਤਾਂ ਕਿ ਪੰਛੀਆਂ ਦਾ ਦੋਸਤ ਬਣ ਸਕੇ ਤੇ ਉਨ੍ਹਾਂ ਨੂੰ ਆਪਣੇ ਹੱਥੀਂ ਚੋਗ ਚੁਗਾ ਸਕੇ।

ਕੱਟੇ ਹੋਏ ਅੰਗੂਠੇ, ਇਤਿਹਾਸ, ਟੋਏ ਪੁੱਟਣ ਵਾਲੇ, ਆਧੁਨਿਕ ਤਕਨੀਕ, ਬੇਕਾਬੂ ਜੰਗਲ, ਜੰਗਲ-ਰਾਜ, ਕੌਣ ਨੇ ਇਹ, ਅਮਨ ਦਾ ਪ੍ਰਤੀਕ, ਜੇ ਤੂੰ ਆਦਿ ਕਵਿਤਾਵਾਂ ਅਜਿਹੀਆਂ ਹਨ ਜੋ ਭ੍ਰਿਸ਼ਟ ਤੇ ਨਿਘਾਰਵਾਦੀ ਵਿਵਸਥਾ ਵੱਲ ਉਂਗਲ ਚੁੱਕਦੀਆਂ ਹਨ। ਇਸ ਵਿਵਸਥਾ ਵਿਚ ਸਿਰਫ਼ ਤਗੜੇ, ਸ਼ਕਤੀਸ਼ਾਲੀ, ਤਾਕਤਵਰ ਤੇ ਅਮੀਰ ਸ਼੍ਰੇਣੀ ਦਾ ਹੀ ਬੋਲਬਾਲਾ ਹੈ, ਇਹ ਸ਼੍ਰੇਣੀ ਇਤਿਹਾਸ ਆਪਣੀ ਮਰਜ਼ੀ ਦਾ ਲਿਖਵਾਉਂਦੀ ਹੈ। ਜੰਗਲ ਰਾਜ ਪੈਦਾ ਕਰ ਦੰਗੇ ਫਸਾਦ ਤੇ ਸੰਪ੍ਰਦਾਇਕਤਾ ਦਾ ਜਾਲ ਫੈਲਾਉਂਦੀ ਹੈ। ਪਰ ਕਵੀ ਦਾ ਮੰਨਣਾ ਹੈ ਕਿ ਕਦੇ ਤਾਂ ਇਸ ਸ਼੍ਰੇਣੀ ਨੂੰ ਆਪਣੀਆਂ ਕੁਚਾਲਾਂ ਤੇ ਸ਼ਤਰੰਜੀ ਚਾਲਾਂ ਲਈ ਕੱਟੇ ਹੋਏ ਅੰਗੂਠੇ ਵਾਲੇ ਇਕਲਵਿਆਂ ਦੇ ਸਵਾਲਾਂ ਦੇ ਜਵਾਬ ਦੇਣੇ ਹੀ ਪੈਣਗੇ।

'ਪਿਆਸ' ਸਿਰਲੇਖ ਵਾਲੀ ਕਵਿਤਾ ਲੰਮੀ ਕਵਿਤਾ ਹੈ ਜੋ ਹਰ ਤਰ੍ਹਾਂ ਦੀ ਪਿਆਸ ਦੀ ਗੱਲ ਕਰਦੀ ਹੈ। ਕਰਾਮਾਤ, ਪਿਆਰ ਤੇਰਾ, ਤਾਂ ਪੂਰੀ ਹੋਵੇਗੀ ਦੁਨੀਆਂ, ਪਹਿਲਾ ਪਿਆਰ ਨਹੀਂ ਪਰਤਦਾ, ਸਿਖਰ, ਦੱਸ ਕਿਉਂ? ਨਹੀਂ ਸੀ ਚਾਹੁੰਦਾ, ਮੇਰੇ ਕੋਲ ਕੁਝ ਨਹੀਂ, ਮੈਨੂੰ ਪਤਾ ਹੈ ਤੇ ਹੋਰ ਕਾਫ਼ੀ ਕਵਿਤਾਵਾਂ ਪਿਆਰ ਨਾਲ ਸੰਬੰਧਿਤ ਕਵਿਤਾਵਾਂ ਹਨ। ਇਨ੍ਹਾਂ ਵਿਚ ਪਿਆਰ ਦੇ ਕਈ ਰੰਗ ਦੇਖੇ ਜਾ ਸਕਦੇ ਹਨ।

ਥੋੜ੍ਹੇ ਵਿਚ ਕਿਹਾ ਜਾ ਸਕਦਾ ਹੈ ਕਿ ਨਵੀਂ ਕਾਵਿ-ਸੰਗ੍ਰਹਿ ਕੌਂਕੇ ਦੀ ਉਸ ਵਿਚਾਰਧਾਰਾ ਨੂੰ ਵਿਖਾਉਂਦਾ ਹੈ ਜੋ ਸੰਵੇਦਨਾ, ਪਿਆਰ ਤੇ ਸਮਾਜਿਕ ਸਰੋਕਾਰਾਂ ਨਾਲ ਜੁੜਿਆ ਹੋਇਆ ਹੈ।

- ਜਸਵਿੰਦਰ ਕੌਰ ਬਿੰਦਰਾ

**ਪੁਸਤਕ : ਕਾਵਿ ਤ੍ਰਿਵੇਣੀ**
**(ਕਵਿਤਾ ਸੰਗ੍ਰਹਿ)**
**ਸੰਪਾਦਕ : ਕ੍ਰਿਸ਼ਨਾ ਬੇਦੀ**
**ਪ੍ਰਕਾਸ਼ਕ: ਪੰਜਾਬੀ ਸਦਭਾਵਨਾ ਮੰਚ, ਨਵੀਂ ਦਿੱਲੀ।**
**ਪੰਨੇ : 128, ਮੁੱਲ : 200 ਰੁਪਏ**

'ਕਾਵਿ ਤ੍ਰਿਵੇਣੀ' ਵਿਲੱਖਣ ਸਾਹਿਤਕ ਵਿਰਾਸਤ ਨੂੰ ਪ੍ਰਵਾਹਮਾਨ ਕਰ ਰਹੀ ਲੇਖਿਕਾ ਕ੍ਰਿਸ਼ਨਾ ਬੇਦੀ ਦੁਆਰਾ ਸੰਪਾਦਿਤ ਕਾਵਿ-ਸੰਗ੍ਰਹਿ ਹੈ। ਪੁਸਤਕ ਵਿਚ 44 ਕਵੀਆਂ ਦੀਆਂ ਚੋਣਵੀਆਂ ਦੋ-ਦੋ ਕਾਵਿ ਰਚਨਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ। ਇਹ ਕਾਵਿ ਰਚਨਾਵਾਂ ਖੁੱਲ੍ਹੀ ਕਵਿਤਾ, ਗੀਤ, ਪ੍ਰਗੀਤ, ਗ਼ਜ਼ਲ ਅਤੇ ਛੰਦਬਧ ਕਵਿਤਾ ਦੇ ਰੂਪ ਵਿਚ ਹਨ। ਇਨ੍ਹਾਂ ਕਵਿਤਾਵਾਂ ਦੇ ਰਚੇਤਾ ਬਹੁਤੇ ਉਹ ਕਵੀ ਹਨ ਜਿਨ੍ਹਾਂ ਦੀ ਕਾਵਿ-ਰਚਨਾਤਮਕ ਪ੍ਰਤਿਭਾ ਅਤੇ ਸੰਵੇਦਨਾ ਤਾਂ ਪਰਪੱਕ ਅਤੇ ਸਾਰਥਕ ਅਰਥ-ਬੋਧ ਦੀ ਸੂਚਕ ਹੈ, ਪਰ ਕੁਝ ਵਿਦਵਾਨਾਂ ਅਤੇ ਆਲੋਚਕਾਂ ਵਲੋਂ ਇਨ੍ਹਾਂ ਨੂੰ ਬਹੁਤ ਘੱਟ ਗੌਲਿਆ ਗਿਆ ਹੈ।

ਸੰਪਾਦਕ ਕ੍ਰਿਸ਼ਨਾ ਬੇਦੀ ਦੀ ਦ੍ਰਿਸ਼ਟੀ ਤੇ ਚੋਣ ਨਿਆਰੀ ਹੈ ਜਿਸ ਸਦਕਾ ਅਜਿਹੀ ਵਿਚਾਰਧਾਰਾ ਵਾਲੀ ਅਤੇ ਰੂਪ ਦੇ ਪੱਖੋਂ ਪ੍ਰਬੀਨ ਕਵਿਤਾ ਪਾਠਕਾਂ ਸਾਹਮਣੇ ਆ ਸਕੀ ਹੈ। ਪੁਸਤਕ ਦੇ ਮੁੱਢਲੇ ਨਿਬੰਧ ਕ੍ਰਿਸ਼ਨਾ ਬੇਦੀ, ਡਾ. ਅਜੀਤ ਸਿੰਘ ਅਤੇ ਬਲਵੰਤ ਸਿੰਘ ਬੈਂਸ ਦੁਆਰਾ ਰਚਿਤ ਹਨ, ਜੋ ਡਾ. ਕਾਲਾ ਸਿੰਘ ਬੇਦੀ (ਕ੍ਰਿਸ਼ਨਾ ਬੇਦੀ ਦੇ ਪਿਤਾ) ਦੀ ਸ਼ਖ਼ਸੀਅਤ ਦੇ ਵਿਭਿੰਨ ਪੱਖਾਂ ਨੂੰ ਉਘਾੜਦੇ ਹਨ। ਡਾ. ਹਰਬੰਸ ਸਿੰਘ ਚਾਵਲਾ ਨੇ ਪੁਸਤਕ ਬਾਰੇ ਪ੍ਰਸ਼ੰਸਾ ਭਰੇ ਪਰ ਮੁੱਲੰਕਣੀ ਸ਼ਬਦ ਲਿਖੇ ਹਨ।

'ਕਾਵਿ ਤ੍ਰਿਵੇਣੀ' ਵਿਚ ਅੰਕਿਤ ਕਵਿਤਾਵਾਂ ਪੰਜਾਬ-ਪਿਆਰ, ਪੰਜਾਬੀਅਤ ਦੀ ਪਛਾਣ, ਸਭਿਆਚਾਰ ਦਾ ਪੁਰਾਤਨ ਅਤੇ ਮੌਜੂਦਾ ਮੁਹਾਂਦਰਾ, ਵਿਰਸੇ ਦੀ ਨਿਸ਼ਾਨਦੇਹੀ ਕਰਦੀਆਂ ਕਦਰਾਂ-ਕੀਮਤਾਂ, ਆਦਮੀ ਤੋਂ ਇਨਸਾਨੀਅਤ ਵੱਲ ਵਧਣ ਵਾਲੀਆਂ ਕਦਰਾਂ-ਕੀਮਤਾਂ ਨੂੰ ਪ੍ਰਗਟ ਕਰਨ ਵਾਲੇ ਵਿਸ਼ਿਆਂ ਨਾਲ ਸੰਬੰਧਿਤ ਤਾਂ ਹੈ ਹੀ ਹਨ, ਨਾਲ ਦੀ ਨਾਲ ਮਨੁੱਖ ਨਾਲ ਸੰਬੰਧਿਤ ਵਿਸ਼ਵ ਵਿਆਪੀ ਮਸਲਿਆਂ, ਦੁਸ਼ਵਾਰੀਆਂ, ਅਕੀਦਿਆਂ ਆਦਿ ਦੀ ਵੀ ਭਰਵੀਂ ਪੜਚੋਲ ਕਰਦੀਆਂ ਹਨ। ਵਿਸ਼ਵ ਪੱਧਰ 'ਤੇ ਆਦਮੀ 'ਚੋਂ ਆਦਮੀ ਮਨਫ਼ੀ ਹੁੰਦਾ ਜਾ ਰਿਹਾ ਹੈ। ਖਪਤਕਾਰੀ ਰੁਚੀਆਂ ਹੱਦੋਂ ਵੱਧ ਵਧ ਚੁੱਕੀਆਂ ਹਨ। ਨਾਰੀ ਜਾਤੀ ਦਾ ਅਪਮਾਨ ਹੋ ਰਿਹਾ ਹੈ, ਬੱਚਿਆਂ ਨੂੰ ਚੰਗੀ ਸੇਧ ਪ੍ਰਵਾਨ ਨਹੀਂ। ਬੁਢਾਪੇ ਵਿਚ ਜ਼ਿੰਦਗੀ ਬਸਰ ਕਰ ਰਹੀ ਸ਼੍ਰੇਣੀ ਵਿਆਕੁਲ ਹੈ। ਭੰਗ ਦੇ ਭਾੜੇ ਜਾਨਾਂ ਜਾ ਰਹੀਆਂ ਹਨ। ਜੰਮਣ ਤੋਂ ਪਹਿਲਾਂ (ਭਰੂਣ ਹੱਤਿਆ ਰਾਹੀਂ ਬੱਚੀਆਂ ਦਾ ਖਾਤਮਾ ਕੀਤਾ ਜਾ ਰਿਹਾ ਹੈ। ਆਰਥਿਕਤਾ ਨੂੰ ਖੋਰਾ ਲੱਗ ਰਿਹਾ ਹੈ। ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ ਆਦਿ ਵਿਸ਼ੇ ਇਨ੍ਹਾਂ ਕਵਿਤਾਵਾਂ ਵਿਚ ਬਾਖੂਬੀ ਨਿਭਾਏ

ਗਏ ਹਨ।

ਰਾਜਸੀ ਅਤੇ ਪ੍ਰਸ਼ਾਸਨਿਕ ਪੱਧਰ ਦੇ ਉਸਾਰੂ ਸਰੋਕਾਰ, ਸੇਵਾ ਦੀਆਂ ਭਾਵਨਾਵਾਂ, ਮਿਲਣ ਯੋਗ ਸਹੂਲਤਾਂ ਅਤੇ ਅਧਿਕਾਰਾਂ ਉਤੇ ਜ਼ੋਰਾਵਰਾਂ ਦੀ ਲਾਠੀ ਕਾਇਮ ਹੈ, ਆਦਿ ਵਿਚਾਰਾਂ ਨੂੰ ਵੀ, ਇਹ ਕਵਿਤਾਵਾਂ ਸੁੰਦਰ ਸ਼ਬਦ-ਜੜਤ, ਰਸਕ-ਸ਼ੈਲੀ, ਅਲੰਕਾਰਿਕ ਭਾਸ਼ਾਈ ਸੰਚਾਰ ਜ਼ਰੀਏ ਪ੍ਰਗਟ ਕਰਦੀਆਂ ਹਨ। ਗ਼ਜ਼ਲਾਂ, ਗੀਤ ਅਤੇ ਕਵਿਤਾਵਾਂ ਇੰਨੀਆਂ ਰੋਚਕ ਅਤੇ ਸਰਲ ਹਨ ਕਿ ਸਾਧਾਰਨ ਪਾਠਕ ਤੋਂ ਲੈ ਕੇ ਗੰਭੀਰ ਚਿੰਤਕ ਦੇ ਚੇਤਿਆਂ ਵਿਚ ਘਰ ਕਰ ਜਾਣ ਦੇ ਸਮਰੱਥ ਹਨ। ਕੋਈ ਕਵੀ ਭਾਵੇਂ 'ਤੂੰ ਤੇ ਮੈਂ' ਦੀ ਗੱਲ ਕਰਦਾ ਹੈ। ਆਦਮੀ ਜਾਂ ਮਨੁੱਖ ਦੀ ਹੋਂਦ-ਸਥਿਤੀ ਦਾ ਵਰਣਨ ਕਰਦਾ ਹੈ। ਵਿਰਸੇ ਨੂੰ ਖੋਰੇ ਦੀ ਗੱਲ ਕਰਦਾ ਹੈ, ਪੰਜਾਬ ਤੇ ਸੰਤਾਪ ਦੀ ਗੱਲ ਕਰਦਾ ਹੈ। ਨਸ਼ਿਆਂ ਤੇ ਬੇਰੁਜ਼ਗਾਰੀ ਦੀ ਗੱਲ ਕਰਦਾ ਹੈ। ਗੁਰੂ ਨਾਨਕ, ਮਹਾਤਮਾ ਬੁੱਧ ਅਤੇ ਡਾ. ਭੀਮ ਦੀ ਗੱਲ ਕਰਦਾ ਹੈ ਜਾਂ 'ਐ ਨਾਰੀ' ਦੀ ਗੱਲ ਕਰਦਾ ਹੈ, ਵਕਤ ਤਿਲਕ ਨਾ ਜਾਏ ਦਾ ਸੰਦੇਸ਼ ਦਿੰਦਾ ਹੈ ਜਾਂ ਕੱਚ ਦੀਆਂ ਵਾੜਾਂ ਕਵਿਤਾ ਜ਼ਰੀਏ ਜੀਵਨ ਦੇ ਗੁੱਝੇ ਭੇਦਾਂ ਨੂੰ ਖੋਲ੍ਹਦਾ ਹੈ ਜਾਂ ਮਾਪੇ ਨਹੀਂ ਲੱਭਣੇ, ਇਹ ਕੇਹੀ ਤਰੱਕੀ ਹੈ, ਬਦਲਿਆ ਜ਼ਮਾਨਾ, ਇੱਜ਼ਤ ਨਾ ਰੋਲੀਏ , ਵਸਦਾ ਪੰਜਾਬ ਰਹੇ, ਕੁੱਖ ਵਿਚ ਕਤਲ ਕਰਨ ਤੋਂ ਗੁਰੇਜ਼ ਕਰਨ ਲਈ ਆਖਦਾ ਹੈ, ਸਭ ਰਚਨਾਵਾਂ ਮਾਨਵੀ ਮੁੱਲਾਂ ਦੇ ਉਸਾਰੂ ਰੂਪ ਦੀਆਂ ਧਾਰਨਾਵਾਂ ਦੇ ਮੰਤਵ ਨੂੰ ਪ੍ਰਗਟ ਕਰਦੀਆਂ ਹਨ।

ਸਮੂਹ ਕਵੀਆਂ ਦਾ ਸੰਦੇਸ਼ ਹੈ ਕਿ ਮਾਨਵ ਨਿਰਪੱਖ ਸੋਚ ਦਾ ਧਾਰਨੀ ਬਣੇ, ਸਮਾਜਿਕ ਮਤ-ਭੇਦਾਂ ਤੋਂ ਰਹਿਤ ਹੋਵੇ, ਮਹਾਂਪੁਰਖਾਂ ਦੀਆਂ ਸਿੱਖਿਆਵਾਂ 'ਤੇ ਅਮਲ ਕਰੇ, ਭ੍ਰਿਸ਼ਟਾਚਾਰ ਅਤੇ ਵਾਤਾਵਰਨ ਦੇ ਪ੍ਰਦੂਸ਼ਨ ਤੋਂ ਮੁਕਤ ਸਮਾਜ ਸਿਰਜੇ ਅਤੇ ਮਿਆਰੀ ਜੀਵਨ ਜਾਚ ਨੂੰ ਧਾਰਨ ਕਰੇ, ਧਰਤੀ, ਆਕਾਸ਼, ਪਤਾਲ ਆਦਿ ਉਤੇ ਖ਼ੁਸ਼ੀਆਂ-ਖੇੜਿਆਂ ਅਤੇ ਹਰਿਆਵਲ ਦਾ ਪਸਾਰਾ ਕਰੇ। ਅਜਿਹੇ ਮੁੱਲਵਾਨ ਸੁਨੇਹੇ ਨੂੰ ਪ੍ਰਗਟ ਕਰਦੀਆਂ ਕਵਿਤਾਵਾਂ ਦੀ ਚੋਣ ਕਰਨੀ ਕੋਈ ਸੌਖਾ ਕਾਰਜ ਨਹੀਂ ਹੁੰਦਾ, ਸਗੋਂ ਸੰਪਾਦਨ ਕਲਾ ਦੀ ਸ੍ਰੇਸ਼ਟਤਾ ਦਾ ਪ੍ਰਤਿਮਾਨ ਹੁੰਦਾ ਹੈ। ਇਸ ਵਿਲੱਖਣ ਕਾਰਜ ਵਾਸਤੇ ਕ੍ਰਿਸ਼ਨਾ ਬੇਦੀ ਦੀ ਇਹ ਰਚਨਾ ਸਲਾਹੁਣਯੋਗ ਹੈ।

*– ਜਗੀਰ ਸਿੰਘ ਨੂਰ*

### *ਆਪਣੇ ਲੇਖ ਸਾਨੂੰ ਈ-ਮੇਲ ਕਰੋ*

*ਤੁਸੀਂ ਸਾਨੂੰ ਆਪਣੇ ਲੇਖ ਤੇ ਚਿੱਠੀਆਂ ਈ-ਮੇਲ ਵੀ ਕਰ ਸਕਦੇ ਹੋ। ਈ-ਮੇਲ ਕਰਨ ਲਈ ਪੰਜਾਬੀ ਦਾ ਕੋਈ ਵੀ ਫੌਂਟ ਇਸਤੇਮਾਲ ਕਰ ਸਕਦੇ ਹੋ ਅਤੇ ਓਪਨ ਫਾਈਲ ਯੋਜਨਾ (ਪੰਜਾਬੀ) ਲਈ yojanapunjabi@yahoo.com ਉਤੇ ਭੇਜੋ। ਇਕ ਤੋਂ ਵੱਧ ਲੇਖਕਾਂ ਦੇ ਨਾਂ ਸਿਰਫ਼ ਵਿਸ਼ੇਸ਼ ਖੋਜ ਲੇਖਾਂ ਉਤੇ ਹੀ ਦਿਓ। ਜਿਨ੍ਹਾਂ ਰਚਨਾਵਾਂ ਦੇ ਨਾਲ ਮੌਲਿਕਤਾ ਦਾ ਪ੍ਰਮਾਣ ਪੱਤਰ ਨਹੀਂ ਲੱਗਾ ਹੋਵੇਗਾ, ਉਹ ਸਵੀਕਾਰ ਨਹੀਂ ਕੀਤੀਆਂ ਜਾ ਸਕਣਗੀਆਂ। ਰਚਨਾ ਦੇ ਪ੍ਰਕਾਸ਼ਨ ਸੰਬੰਧੀ ਕਿਸੇ ਤਰ੍ਹਾਂ ਦਾ ਪੱਤਰ-ਵਿਵਹਾਰ ਜਾਂ ਫ਼ੋਨ ਨਾ ਕਰੋ। ਵਿਸ਼ੇਸ਼ ਮੌਕਿਆਂ ਲਈ ਲੇਖ ਤਿੰਨ ਮਹੀਨੇ ਪਹਿਲਾਂ ਪ੍ਰਾਪਤ ਹੋ ਜਾਣੇ ਚਾਹੀਦੇ ਹਨ। ਰਚਨਾਵਾਂ ਦੇ ਨਾਲ ਸੰਭਵ ਹੋਵੇ ਤਾਂ ਚਿੱਤਰ ਵੀ ਭੇਜੋ। ਡਾਕ ਰਾਹੀਂ ਭੇਜੇ ਜਾਣ ਵਾਲੇ ਲੇਖਾਂ ਦੀ ਜਿਥੋਂ ਤਕ ਸੰਭਵ ਹੋਵੇ ਇਕ ਕਾਪੀ ਸੀ.ਡੀ. ਵਿਚ ਵੀ ਭੇਜੋ। ਵਾਪਸੀ ਵਾਸਤੇ ਕਿਰਪਾ ਕਰਕੇ ਟਿਕਟ ਲੱਗਿਆ ਅਤੇ ਪਤਾ ਲਿਖਿਆ ਹੋਇਆ ਲਿਫ਼ਾਫ਼ਾ ਨਾਲ ਨੱਥੀ ਕਰੋ।*

*– ਸੰਪਾਦਕ*

## ਯੋਜਨਾ (ਪੰਜਾਬੀ)

## ਦੇ
## ਅਗਲੇ
## ਅੰਕ

- **ਸਤੰਬਰ 2014 – ਇਹ ਅੰਕ *ਸ਼ਹਿਰੀ ਯੋਜਨਾਬੰਦੀ* ਉੱਤੇ ਕੇਂਦਰਿਤ ਹੋਵੇਗਾ।**
- **ਅਕਤੂਬਰ 2014 – ਇਹ ਅੰਕ *ਅਸੰਗਠਿਤ ਖੇਤਰ* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : `100, ਦੋ ਸਾਲ : `180, ਤਿੰਨ ਸਾਲ : `250***

***ਸਾਰਕ ਦੇਸ਼ਾਂ ਲਈ ਸਾਲਾਨਾ `530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ `730***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫ਼ਟ ਰਾਹੀ *ADG(i/c), Publications Division* ਦੇ ਨਾਂ 'ਤੇ ਬਣਾ ਕੇ ਹੇਠ ਲਿਖੇ ਪਤੇ 'ਤੇ ਭੇਜੋ**

**Business Manager**
**(Advertisement & Circulation )**

**Publications Division, Ministry of Information and Broadcasting**

**East Block-IV, Level-VII, R.K. Puram**

**New Delhi-110066. (Tel.011-26100207)**

*email-pdjucir@gmail.com*

# ADVERTISEMENT UNIT
# PUBLICATIONS DIVISION
# MINISTRY OF INFORMATION & BROADCASTINGS

## COMMERCIAL ADVERTISEMENT RATES FOR DPD JOURNALS
## (w.e.f 1st June ,2013)

| Sl. No. | Name of Journal | Inside Text Page | | | | Back Cover | 2nd Cover page | 3rd cover page |
|---|---|---|---|---|---|---|---|---|
| | (Rate for each Journals for one edition) | Colour (Full Page) | Colour (Half Page) | Black & White (Full Page) | Black & White (Half Page) | Full Page | Full Page | Full Page |
| 1 | Yojana (English & Hindi) | 25000 | 15000 | 18000 | 11000 | 75000 | 50000 | 50000 |
| 2 | Kurukshetra (English & Hindi) | 20000 | 12000 | | | 30000 | 27000 | 25000 |
| 3 | Ajkal (Hindi & Urdu) | 10000 | 6000 | 7000 | 5000 | 15000 | 12000 | 11000 |
| 4 | Yojana ( Urdu/Punjabi/ Oriya/ Assamese/ Kannada/ Malayalam ) | 7000 | 4500 | 5000 | 3000 | 10000 | 9000 | 8000 |
| 5 | Bal Bharti, | 22000 | 13000 | | | 30000 | 27000 | 25000 |
| 6 | Yojana (Bengali/ Telgu/ Marathi/ Tamil/Gujrati) | 13000 | 8000 | 10000 | 6000 | 20000 | 17000 | 15000 |

COMMERCIAL ADVERTISEMENT RATES FOR INDIA/BHARAT

| | India | | Bharat | |
|---|---|---|---|---|
| | Colour | Black & White | Colour | Black & White |
| Full Page | 30000 | 20000 | 20000 | 10000 |
| 2nd Cover page | 60000 | | 50000 | |
| 3rd Cover page | 50000 | | 40000 | |

Note :

(i) Special issue - Yojana-(January, March, August & December), Kurukshetra – (October Annual Number)

ii) 2nd cover page of magazines will be reserved for the DAVP and Government Organizations. The above rate are only for PSU advertisement received directly.

iii) * 2% extra discount on each additional insertion of advertisement subject to maximum discount of 40%.

**Mechanical Details**

| | Yojana | Ajkal/Kurukshetra | Bal Bharti |
|---|---|---|---|
| Overall Size | 19.5 x 27 cms | 21 x 28 cms | 18 x 24 cms |
| Print Area | 17 x 23 cms | 17 x 24 cms | 15 x 19.5 cms |
| | Advertisement material - Artpull/Artwork/CD/Positives | | |

**Full advance payment by D.D. in favour of ADG(I/c), Publications Division, M/o I&B payable at New Delhi.** Advertisement material and payment to be sent to the Business Manager (Advt.), Advertisement Unit, Publications Division, East Block 4, Level 7, R.K. Puram, New Delhi 110 066 26105590/26175516/26108979 Fax 26175516/26100207 Email: pdjucir@gmail.com


YOJANA (Punjabi) August - 2014 (Total Pages 72+IV) Regd. RNI 43033/85


# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ





ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ




ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ




ਪੁਸਤਕ : ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ




ਪੁਸਤਕ :ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
ਲੇਖਕ : ਸਤੀਸ਼ ਅਗਰਵਾਲ
ਪੰਨੇ : 268, ਮੁੱਲ : 175 ਰੁਪਏ




ਪੁਸਤਕ : ਪੰਜਾਬ ਦੇ ਲੋਕ ਨਾਚ
ਲੇਖਕ : ਡਾ. ਜਗੀਰ ਸਿੰਘ ਨੂਰ
ਪੰਨੇ : 167, ਮੁੱਲ : 180 ਰੁਪਏ




ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

### ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) • 'ਏ' ਵਿੰਗ, ਰਾਜਾਜੀ ਭਵਨ, ਬੇਸੈਂਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐੱਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੈਂਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823)• ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455)• ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਡੀ, ਅਹਿਮਦਾਬਾਦ -380 007 (ਫ਼ੋਨ-26588669) • ਨੌਜਨ ਰੋਡ, ਉੱਜਾਨ ਬਜ਼ਾਰ, ਗੁਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003


Printed & Published by Ira Joshi, Additional Director General & Head on behalf of Publications Division,Soochna Bhawan, C.G.O. Complex, Lodhi Road, New Delhi-110003. Printed at M/s Viba Press Pvt. Ltd., C-66/3, Okhla Industrial Area, Phase-II, New Delhi-110020, Editor : Balbir Madhopuri.